Watch
PUNJAB MAIL USA
TV Channel
On IP box, App, Website
For Advertisment
916-320-9444

A Voice of NRI's
ਸੈਕਰਾਮੈਂਟੋ ਤੋਂ ਪ੍ਰਕਾਸ਼ਤ ਹੋਣ ਵਾਲਾ ਪਹਿਲਾ ਪੰਜਾਬੀ ਅਖ਼ਬਾਰ

# ਪੰਜਾਬ ਮੇਲ

ਯੂ. ਐੱਸ. ਏ.
Chief Editor: Gurjatinder Singh Randhawa
Punjab Mail USA




Vol. 19, Issue- 921, 27th Aug. to 02nd Sep., 2026, Ph: 916-320-9444, E-mail: punjabmailusa@yahoo.com, Web: punjabmailusa.com

## ਸਤੰਬਰ 2026 ਦੇ ਵੀਜ਼ਾ ਬੁਲੇਟਿਨ 'ਚ ਭਾਰਤੀ ਪਰਿਵਾਰਕ ਕੇਸਾਂ ਨੂੰ ਵੱਡੀ ਰਾਹਤ

**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕੀ ਵਿਦੇਸ਼ ਵਿਭਾਗ ਵੱਲੋਂ ਜਾਰੀ ਕੀਤੇ ਗਏ ਸਤੰਬਰ 2026 ਦੇ ਵੀਜ਼ਾ ਬੁਲੇਟਿਨ ਵਿਚ ਭਾਰਤ ਨਾਲ ਸਬੰਧਤ ਕਈ ਪਰਿਵਾਰਕ ਇਮੀਗ੍ਰੇਸ਼ਨ ਸ਼੍ਰੇਣੀਆਂ ਦੀਆਂ ਤਰੀਕਾਂ ਵਿਚ ਵੱਡਾ ਵਾਧਾ ਕੀਤਾ ਗਿਆ ਹੈ। ਖ਼ਾਸ ਤੌਰ 'ਤੇ ਐੱਫ-1, ਐੱਫ-2ਏ, ਐੱਫ-2ਬੀ ਅਤੇ ਐੱਫ-3 ਸ਼੍ਰੇਣੀਆਂ ਅਗਸਤ ਦੇ ਮੁਕਾਬਲੇ ਅੱਗੇ ਵਧੀਆਂ ਹਨ। ਦੂਜੇ ਪਾਸੇ, ਅਮਰੀਕੀ ਨਾਗਰਿਕਾਂ ਵੱਲੋਂ ਆਪਣੇ ਭੈਣ-ਭਰਾਵਾਂ ਲਈ ਦਾਇਰ ਕੀਤੀਆਂ ਐੱਫ-4 ਪਟੀਸ਼ਨਾਂ ਵਿਚ ਕੋਈ ਤਬਦੀਲੀ ਨਹੀਂ ਹੋਈ। ਐੱਫ-4 ਦੀ ਫਾਈਨਲ ਐਕਸ਼ਨ ਤਰੀਕ ਪਹਿਲੀ ਨਵੰਬਰ 2006 ਉੱਤੇ ਹੀ ਰੁਕੀ ਹੋਈ ਹੈ।

ਫਾਈਨਲ ਐਕਸ਼ਨ ਤਰੀਕ ਉਹ ਹੱਦ ਹੁੰਦੀ ਹੈ, ਜਿਸ ਤੋਂ ਪਹਿਲਾਂ ਦੀ ਤਰਜੀਹੀ ਤਰੀਕ ਵਾਲੇ ਯੋਗ ਕੇਸਾਂ ਵਿਚ ਇਮੀਗ੍ਰੈਂਟ ਵੀਜ਼ਾ ਜਾਰੀ ਜਾਂ ਗ੍ਰੀਨ ਕਾਰਡ ਮਨਜ਼ੂਰ ਕੀਤਾ ਜਾ ਸਕਦਾ ਹੈ। ਭਾਰਤ ਲਈ ਐੱਫ-1 ਸ਼੍ਰੇਣੀ, ਜਿਸ ਅਧੀਨ ਅਮਰੀਕੀ ਨਾਗਰਿਕਾਂ ਦੇ 21 ਸਾਲ ਜਾਂ ਇਸ ਤੋਂ

■ **ਚਾਰ ਸ਼੍ਰੇਣੀਆਂ ਅੱਗੇ ਵਧੀਆਂ ਪਰ ਐੱਫ-4 ਵਿਚ ਕੋਈ ਤਬਦੀਲੀ ਨਹੀਂ**




ਵੱਧ ਉਮਰ ਦੇ ਅਣਵਿਆਹੇ ਪੁੱਤਰ-ਧੀਆਂ ਆਉਂਦੇ ਹਨ, ਦੀ ਫਾਈਨਲ ਐਕਸ਼ਨ ਤਰੀਕ 22 ਜਨਵਰੀ 2020 ਹੋ ਗਈ ਹੈ। ਅਗਸਤ 2026 ਦੇ ਬੁਲੇਟਿਨ ਵਿਚ ਇਹ 15 ਦਸੰਬਰ 2018 ਸੀ। ਇਸ ਤਰ੍ਹਾਂ ਇੱਕ ਮਹੀਨੇ ਵਿਚ ਲਗਭਗ 13 ਮਹੀਨਿਆਂ ਦੀ ਤਰੱਕੀ ਹੋਈ ਹੈ। ਜਨਵਰੀ 2026 ਵਿਚ ਇਹ ਤਰੀਕ 8 ਨਵੰਬਰ 2016 ਸੀ, ਜਿਸ ਦਾ ਮਤਲਬ ਹੈ ਕਿ ਜਨਵਰੀ ਤੋਂ ਸਤੰਬਰ ਤੱਕ ਐੱਫ-1 ਲਗਭਗ ਤਿੰਨ ਸਾਲ ਦੋ ਮਹੀਨੇ ਅੱਗੇ ਵਧੀ ਹੈ।

■ **ਬਾਕੀ ਖਬਰ ਸਫਾ 31 'ਤੇ**

### ਭਾਰਤੀਆਂ ਦੀਆਂ ਈਬੀ-1 ਤੋਂ ਈਬੀ-5 ਤੱਕ ਗ੍ਰੀਨ ਕਾਰਡ ਸ਼੍ਰੇਣੀਆਂ ਨੂੰ ਕੋਈ ਰਾਹਤ ਨਹੀਂ

**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕੀ ਵਿਦੇਸ਼ ਵਿਭਾਗ ਵੱਲੋਂ ਜਾਰੀ ਸਤੰਬਰ 2026 ਦੇ ਵੀਜ਼ਾ ਬੁਲੇਟਿਨ ਵਿਚ ਭਾਰਤੀ ਰੁਜ਼ਗਾਰ-ਆਧਾਰਿਤ ਗ੍ਰੀਨ ਕਾਰਡ ਬਿਨੈਕਾਰਾਂ ਨੂੰ ਕੋਈ ਵੱਡੀ ਰਾਹਤ ਨਹੀਂ ਮਿਲੀ। ਜ਼ਿਆਦਾਤਰ ਈਬੀ ਸ਼੍ਰੇਣੀਆਂ ਦੀਆਂ ਫਾਈਨਲ ਐਕਸ਼ਨ ਤਾਰੀਖ਼ਾਂ ਅਗਸਤ ਦੇ ਮੁਕਾਬਲੇ ਬਦਲੀਆਂ ਨਹੀਂ, ਜਦਕਿ ਈਬੀ-4 ਵਿਚ ਦੋ ਮਹੀਨਿਆਂ ਦੀ ਤਰੱਕੀ ਹੋਈ ਹੈ। ਭਾਰਤ ਲਈ ਈਬੀ-1 ਦੀ ਫਾਈਨਲ ਐਕਸ਼ਨ ਤਾਰੀਖ 15 ਅਕਤੂਬਰ 2022 ਉੱਤੇ ਕਾਇਮ ਹੈ। ਇਸ ਵਿਚ ਉੱਚ ਯੋਗਤਾ ਵਾਲੇ ਵਿਅਕਤੀ, ਪ੍ਰਸਿੱਧ ਖੋਜਕਾਰ, ਪ੍ਰੋਫੈਸਰ ਅਤੇ ਬਹੁ-ਰਾਸ਼ਟਰੀ ਕੰਪਨੀਆਂ ਦੇ ਪ੍ਰਬੰਧਕ ਸ਼ਾਮਲ ਹੁੰਦੇ ਹਨ। ਵਿਭਾਗ ਨੇ ਚਿਤਾਵਨੀ ਦਿੱਤੀ ਹੈ ਕਿ ਵਧੀ ਮੰਗ ਕਾਰਨ ਵਿੱਤੀ ਸਾਲ ਖ਼ਤਮ ਹੋਣ ਤੋਂ ਪਹਿਲਾਂ ਭਾਰਤ ਦੀ ਈਬੀ-1 ਸ਼੍ਰੇਣੀ ਅਸਥਾਈ ਤੌਰ 'ਤੇ ਬੰਦ ਵੀ ਹੋ ਸਕਦੀ ਹੈ। ਈਬੀ-2 ਭਾਰਤ ਦੀ ਫਾਈਨਲ ਐਕਸ਼ਨ ਸਥਿਤੀ "ਯੂ" ਅਰਥਾਤ ਅਣਉਪਲਬਧ ਹੈ। ਇਸਦਾ ਮਤਲਬ ਸਤੰਬਰ ਦੌਰਾਨ ਇਸ ਸ਼੍ਰੇਣੀ ਵਿਚ ਨਵੇਂ ਗ੍ਰੀਨ ਕਾਰਡ ਨੰਬਰ ਜਾਰੀ ਨਹੀਂ ਕੀਤੇ ਜਾਣਗੇ। ਹਾਲਾਂਕਿ ਇਸਦੀ ਡੇਟ ਫਾਰ ਫਾਈਲਿੰਗ 15 ਜਨਵਰੀ 2015 ਹੈ। ਈਬੀ-3 ਸਕਿਲਡ ਵਰਕਰ ਅਤੇ ਪ੍ਰੋਫੈਸ਼ਨਲ ਸ਼੍ਰੇਣੀ ਦੀ ਫਾਈਨਲ ਐਕਸ਼ਨ ਤਾਰੀਖ 1 ਜਨਵਰੀ 2014 ਅਤੇ ਡੇਟ ਫਾਰ ਫਾਈਲਿੰਗ 15 ਜਨਵਰੀ 2015 ਉੱਤੇ ਕਾਇਮ ਹੈ। ਈਬੀ-3 ਅਦਰ ਵਰਕਰਜ਼ ਦੀਆਂ ਤਾਰੀਖ਼ਾਂ ਵੀ ਇਹੀ ਹਨ। ਈਬੀ-4 ਸਪੈਸ਼ਲ ਇਮੀਗ੍ਰੈਂਟ ਅਤੇ ਧਾਰਮਿਕ ਕਰਮਚਾਰੀ ਸ਼੍ਰੇਣੀ ਦੀ ਫਾਈਨਲ ਐਕਸ਼ਨ ਤਾਰੀਖ 15 ਅਕਤੂਬਰ 2022 ਤੋਂ ਅੱਗੇ ਵਧ ਕੇ 15 ਦਸੰਬਰ 2022 ਹੋ ਗਈ ਹੈ। ਡੇਟ ਫਾਰ ਫਾਈਲਿੰਗ 1 ਜਨਵਰੀ 2023 ਹੈ। ਭਾਰਤ ਦੀ ਈਬੀ-5 ਅਨਰਿਜ਼ਰਵਡ ਨਿਵੇਸ਼ਕ ਸ਼੍ਰੇਣੀ ਵੀ "ਯੂ" ਅਰਥਾਤ ਅਣਉਪਲਬਧ ਹੈ, ਪਰ ਇਸਦੀ ਡੇਟ ਫਾਰ ਫਾਈਲਿੰਗ 1 ਮਈ 2024 ਹੈ। ਦੂਜੇ ਪਾਸੇ ਪੇਂਡੂ ਖੇਤਰ, ਵੱਧ ਬੇਰੁਜ਼ਗਾਰੀ ਵਾਲੇ ਖੇਤਰ ਅਤੇ ਬੁਨਿਆਦੀ ਢਾਂਚੇ ਨਾਲ ਸਬੰਧਿਤ ਈਬੀ-5 ਰਿਜ਼ਰਵਡ ਸ਼੍ਰੇਣੀਆਂ ਪੂਰੀ ਤਰ੍ਹਾਂ ਕਰੰਟ ਹਨ। ਨਵਾਂ ਵਿੱਤੀ ਸਾਲ 1 ਅਕਤੂਬਰ ਤੋਂ ਸ਼ੁਰੂ ਹੋਵੇਗਾ, ਜਿਸ ਤੋਂ ਬਾਅਦ ਨਵੇਂ ਵੀਜ਼ਾ ਨੰਬਰ ਉਪਲਬਧ ਹੋਣਗੇ, ਪਰ ਤਾਰੀਖ਼ਾਂ ਅੱਗੇ ਵਧਣ ਦੀ ਕੋਈ ਗਾਰੰਟੀ ਨਹੀਂ ਹੈ।

## ਅਮਰੀਕਾ ਦੋ ਲੱਖ ਟੂਰਿਸਟ ਵੀਜ਼ਾ ਕਰੇਗਾ ਰੱਦ

**ਵਾਸ਼ਿੰਗਟਨ, (ਪੰਜਾਬ ਮੇਲ)-** ਟਰੰਪ ਪ੍ਰਸ਼ਾਸਨ ਅਮਰੀਕਾ ਦੇ ਇਤਿਹਾਸ ਵਿਚ ਵੀਜ਼ੇ ਰੱਦ ਕਰਨ ਦੀ ਸਭ ਤੋਂ ਵੱਡੀ ਸਮੂਹਿਕ ਕਾਰਵਾਈ ਕਰਨ ਦੀ ਤਿਆਰੀ ਕਰ ਰਿਹਾ ਹੈ। ਇਸ ਯੋਜਨਾ ਅਧੀਨ ਸਾਲ 2016 ਤੋਂ 2026 ਵਿਚਕਾਰ ਜਾਰੀ ਕੀਤੇ ਗਏ ਦੋ ਲੱਖ ਤੱਕ ਬੀ-1 ਕਾਰੋਬਾਰੀ ਅਤੇ ਬੀ-2 ਸੈਲਾਨੀ ਵੀਜ਼ੇ ਰੱਦ ਹੋ ਸਕਦੇ ਹਨ। ਇਹ ਕਾਰਵਾਈ ਉਨ੍ਹਾਂ ਵਿਦੇਸ਼ੀ ਨਾਗਰਿਕਾਂ ਵਿਰੁੱਧ ਹੋਵੇਗੀ, ਜਿਨ੍ਹਾਂ ਨੇ ਸੈਲਾਨੀ ਜਾਂ ਕਾਰੋਬਾਰੀ ਵੀਜ਼ੇ ਉੱਤੇ ਅਮਰੀਕਾ ਆਉਣ ਤੋਂ ਬਾਅਦ ਪਨਾਹ ਲਈ ਅਰਜ਼ੀ ਦਿੱਤੀ ਹੈ ਜਾਂ ਇਸ ਵੇਲੇ ਪਨਾਹ ਮੰਗ ਰਹੇ ਹਨ। ਐਸੋਸੀਏਟਡ ਪ੍ਰੈੱਸ ਵੱਲੋਂ ਪ੍ਰਾਪਤ ਵਿਦੇਸ਼ ਵਿਭਾਗ ਦੇ ਦਸਤਾਵੇਜ਼ਾਂ ਅਤੇ ਦੋ ਅਮਰੀਕੀ ਅਧਿਕਾਰੀਆਂ ਦੇ ਹਵਾਲੇ ਨਾਲ ਦੱਸਿਆ ਗਿਆ ਹੈ ਕਿ ਜੇ ਯੋਜਨਾ ਵਿਚ ਕੋਈ ਤਬਦੀਲੀ ਨਾ ਹੋਈ ਜਾਂ ਅਦਾਲਤੀ ਰੋਕ ਨਾ ਲੱਗੀ, ਤਾਂ ਵਿਦੇਸ਼ ਵਿਭਾਗ ਆਉਣ ਵਾਲੇ




ਹਫ਼ਤਿਆਂ ਵਿਚ ਇਸਦਾ ਰਸਮੀ ਐਲਾਨ ਕਰ ਸਕਦਾ ਹੈ। ਇਹ ਕਾਰਵਾਈ ਗ੍ਰਹਿ ਸੁਰੱਖਿਆ ਵਿਭਾਗ ਨਾਲ ਮਿਲ ਕੇ ਕੀਤੀ ਜਾਵੇਗੀ।


ਵਿਦੇਸ਼ ਵਿਭਾਗ ਦੇ ਬੁਲਾਰੇ ਟੌਮੀ ਪਿਗੌਟ ਅਨੁਸਾਰ ਵਿਭਾਗ ਉਨ੍ਹਾਂ ਵਿਅਕਤੀਆਂ ਦੀ ਪਛਾਣ ਕਰਨ ਲਈ ਗ੍ਰਹਿ ਸੁਰੱਖਿਆ ਵਿਭਾਗ ਨਾਲ ਤਾਲਮੇਲ ਕਰ ਰਿਹਾ ਹੈ, ਜਿਹੜੇ ਥੋੜ੍ਹੇ ਸਮੇਂ ਲਈ ਅਮਰੀਕਾ ਆਉਣ ਦਾ ਦਾਅਵਾ ਕਰਕੇ ਦਾਖ਼ਲ ਹੋਏ ਪਰ ਬਾਅਦ ਵਿਚ ਪੱਕੇ ਤੌਰ 'ਤੇ ਰਹਿਣ ਲਈ ਪਨਾਹ ਦੀ ਅਰਜ਼ੀ ਦੇ ਦਿੱਤੀ।

■ **ਬਾਕੀ ਖਬਰ ਸਫਾ 31 'ਤੇ**

## ਇਮੀਗ੍ਰੇਸ਼ਨ ਨੂੰ ਚੋਣਾਂ ਦਾ ਮੁੱਖ ਮੁੱਦਾ ਬਣਾਏਗੀ ਰਿਪਬਲਿਕਨ ਪਾਰਟੀ

**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕਾ ਦੀਆਂ 3 ਨਵੰਬਰ 2026 ਨੂੰ ਹੋਣ ਵਾਲੀਆਂ ਮੱਧਕਾਲੀ ਚੋਣਾਂ ਤੋਂ ਪਹਿਲਾਂ ਰਿਪਬਲਿਕਨ ਪਾਰਟੀ ਨੇ ਰਾਸ਼ਟਰਪਤੀ ਡੋਨਾਲਡ ਟਰੰਪ ਦੀਆਂ ਇਮੀਗ੍ਰੇਸ਼ਨ ਅਤੇ ਸਰਹੱਦੀ ਸੁਰੱਖਿਆ ਨੀਤੀਆਂ ਨੂੰ ਆਪਣੇ ਚੋਣ ਪ੍ਰਚਾਰ ਦੇ ਕੇਂਦਰ ਵਿਚ ਲਿਆਉਣ ਦੀ ਤਿਆਰੀ ਕਰ ਲਈ ਹੈ। ਤਾਜ਼ਾ ਰਿਪੋਰਟ ਅਨੁਸਾਰ ਪਾਰਟੀ 9 ਅਤੇ 10 ਸਤੰਬਰ ਨੂੰ ਡੈਲਸ, ਟੈਕਸਸ ਵਿਚ ਆਪਣੀ ਵਿਸ਼ੇਸ਼ ਮੱਧਕਾਲੀ ਕਨਵੈਨਸ਼ਨ ਕਰੇਗੀ। ਇਹ ਆਪਣੀ ਕਿਸਮ ਦੀ ਪਹਿਲੀ ਰਿਪਬਲਿਕਨ ਕੌਮੀ ਕਨਵੈਨਸ਼ਨ ਹੋਵੇਗੀ, ਜੋ ਰਾਸ਼ਟਰਪਤੀ ਚੋਣਾਂ ਦੀ ਥਾਂ ਮੱਧਕਾਲੀ ਚੋਣਾਂ ਲਈ ਕਰਵਾਈ ਜਾ ਰਹੀ ਹੈ।

ਕਨਵੈਨਸ਼ਨ ਦੌਰਾਨ ਟਰੰਪ ਪ੍ਰਸ਼ਾਸਨ ਵੱਲੋਂ ਦੱਖਣੀ ਸਰਹੱਦ ਉੱਤੇ ਕੀਤੀ ਸਖ਼ਤੀ, ਆਈਸ ਦੀਆਂ ਕਾਰਵਾਈਆਂ, ਡਿਪੋਰਟੇਸ਼ਨ, ਗ਼ੈਰਕਾਨੂੰਨੀ ਦਾਖ਼ਲੇ ਰੋਕਣ ਅਤੇ ਇਮੀਗ੍ਰੇਸ਼ਨ ਨਿਯਮਾਂ ਦੀ ਸਖ਼ਤ




ਪਾਲਣਾ ਨੂੰ ਵੱਡੀਆਂ ਪ੍ਰਾਪਤੀਆਂ ਵਜੋਂ ਪੇਸ਼ ਕੀਤਾ ਜਾਵੇਗਾ। ਇਸਦੇ ਨਾਲ ਟੈਕਸ ਕਟੌਤੀਆਂ, ਦਵਾਈਆਂ ਦੀਆਂ ਕੀਮਤਾਂ ਘਟਾਉਣ ਅਤੇ ਆਰਥਿਕ ਨੀਤੀਆਂ ਦਾ ਵੀ ਪ੍ਰਚਾਰ ਹੋਵੇਗਾ। ਰਿਪਬਲਿਕਨ ਪਾਰਟੀ ਡੈਮੋਕ੍ਰੇਟਿਕ ਪਾਰਟੀ ਨੂੰ ਸਰਹੱਦੀ ਸੁਰੱਖਿਆ ਅਤੇ ਗ਼ੈਰਕਾਨੂੰਨੀ ਇਮੀਗ੍ਰੇਸ਼ਨ ਦੇ ਮਾਮਲੇ ਵਿਚ ਕਮਜ਼ੋਰ ਦਿਖਾਉਣ ਦੀ ਕੋਸ਼ਿਸ਼ ਕਰੇਗੀ। ਉਪ ਰਾਸ਼ਟਰਪਤੀ ਜੇ.ਡੀ. ਵੈਂਸ 9 ਸਤੰਬਰ ਨੂੰ ਸੰਬੋਧਨ ਕਰਨਗੇ, ਜਦਕਿ ਰਾਸ਼ਟਰਪਤੀ ਟਰੰਪ 10 ਸਤੰਬਰ ਨੂੰ ਮੁੱਖ ਭਾਸ਼ਣ ਦੇਣਗੇ। ਟਰੰਪ ਮੰਤਰੀ ਮੰਡਲ ਦੇ ਜ਼ਿਆਦਾਤਰ ਮੈਂਬਰਾਂ ਅਤੇ ਸਖ਼ਤ ਮੁਕਾਬਲੇ ਵਾਲੀਆਂ ਚੋਣਾਂ ਵਿਚ ਉਤਰੇ ਕਈ ਰਿਪਬਲਿਕਨ ਉਮੀਦਵਾਰਾਂ ਦੇ ਵੀ ਸ਼ਾਮਲ ਹੋਣ ਦੀ ਸੰਭਾਵਨਾ ਹੈ। ਪ੍ਰਬੰਧਕਾਂ ਨੂੰ ਲਗਭਗ 30 ਹਜ਼ਾਰ ਲੋਕਾਂ ਦੇ ਪਹੁੰਚਣ ਦੀ ਉਮੀਦ ਹੈ ਅਤੇ ਸਮਾਗਮ ਲਈ ਕਰੀਬ 42 ਮਿਲੀਅਨ ਡਾਲਰ ਇਕੱਠੇ ਕੀਤੇ ਜਾਣ ਦਾ ਦਾਅਵਾ ਕੀਤਾ ਗਿਆ ਹੈ।

ਰਿਪਬਲਿਕਨ ਆਗੂਆਂ ਦਾ ਮੰਨਣਾ ਹੈ ਕਿ ਟਰੰਪ ਆਪਣੇ ਸਮਰਥਕਾਂ ਨੂੰ ਵੋਟ ਪਾਉਣ ਲਈ ਉਤਸ਼ਾਹਿਤ ਕਰ ਸਕਦੇ ਹਨ। ਇਸ ਵੇਲੇ ਪ੍ਰਤੀਨਿਧੀ ਸਭਾ ਅਤੇ ਸੈਨੇਟ ਵਿਚ ਪਾਰਟੀ ਕੋਲ ਘੱਟ ਬਹੁਮਤ ਹੈ। ਜੇ ਡੈਮੋਕ੍ਰੇਟਿਕ ਪਾਰਟੀ ਕਿਸੇ ਇੱਕ ਸਦਨ ਉੱਤੇ ਕਬਜ਼ਾ ਕਰ ਲੈਂਦੀ ਹੈ, ਤਾਂ ਉਹ ਟਰੰਪ ਦੇ ਵਿਧਾਨਕ ਪ੍ਰੋਗਰਾਮ ਨੂੰ ਰੋਕਣ ਦੇ ਨਾਲ ਪ੍ਰਸ਼ਾਸਨ ਵਿਰੁੱਧ ਜਾਂਚਾਂ ਵੀ ਸ਼ੁਰੂ ਕਰ ਸਕਦੀ ਹੈ।

■ **ਬਾਕੀ ਖਬਰ ਸਫਾ 31 'ਤੇ**

## ਅਮਰੀਕਾ ਅੰਦਰ ਹਵਾਈ ਅੱਡਿਆਂ 'ਤੇ ਵਧੀ ਆਈਸ ਦੀ ਕਾਰਵਾਈ

**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕਾ ਵਿਚ ਬਿਨਾਂ ਪੱਕੇ ਕਾਨੂੰਨੀ ਇਮੀਗ੍ਰੇਸ਼ਨ ਦਰਜੇ ਦੇ ਰਹਿ ਰਹੇ ਲੋਕਾਂ ਲਈ ਘਰੇਲੂ ਹਵਾਈ ਸਫ਼ਰ ਹੁਣ ਪਹਿਲਾਂ ਨਾਲੋਂ ਕਾਫ਼ੀ ਜੋਖ਼ਮ ਭਰਿਆ ਹੋ ਸਕਦਾ ਹੈ। ਅਮਰੀਕੀ ਗ੍ਰਹਿ ਸੁਰੱਖਿਆ ਵਿਭਾਗ ਨੇ ਕਿਹਾ ਹੈ ਕਿ ਰਾਸ਼ਟਰਪਤੀ ਡੋਨਾਲਡ ਟਰੰਪ ਦਾ ਪ੍ਰਸ਼ਾਸਨ ਅਜਿਹੇ ਲੋਕਾਂ ਨੂੰ ਅਮਰੀਕਾ ਦੇ ਇੱਕ ਸ਼ਹਿਰ ਤੋਂ ਦੂਜੇ ਸ਼ਹਿਰ ਤੱਕ ਜਹਾਜ਼ ਰਾਹੀਂ ਯਾਤਰਾ ਕਰਨ ਤੋਂ ਰੋਕਣ ਲਈ ਕਾਰਵਾਈ ਕਰ ਰਿਹਾ ਹੈ, ਜਿਨ੍ਹਾਂ ਕੋਲ ਦੇਸ਼ ਵਿਚ ਰਹਿਣ ਦਾ ਕਾਨੂੰਨੀ ਅਧਿਕਾਰ ਨਹੀਂ ਹੈ। ਵਿਭਾਗ ਮੁਤਾਬਕ ਅਜਿਹੇ ਵਿਅਕਤੀ ਹਵਾਈ ਯਾਤਰਾ ਕੇਵਲ ਅਮਰੀਕਾ ਛੱਡਣ ਜਾਂ ਆਪਣੀ ਮਰਜ਼ੀ ਨਾਲ ਵਾਪਸ ਜਾਣ ਲਈ ਕਰ ਸਕਣਗੇ। ਤਾਜ਼ਾ ਰਿਪੋਰਟਾਂ ਅਨੁਸਾਰ ਆਈਸ ਅਧਿਕਾਰੀ ਹਵਾਈ ਅੱਡਿਆਂ ਉੱਤੇ ਯਾਤਰੀਆਂ ਦੀ ਪਛਾਣ ਕਰਨ ਅਤੇ ਉਨ੍ਹਾਂ ਨੂੰ




ਹਿਰਾਸਤ ਵਿਚ ਲੈਣ ਲਈ ਹਵਾਈ ਕੰਪਨੀਆਂ ਦੇ ਕਰਮਚਾਰੀਆਂ ਅਤੇ ਯਾਤਰੀ ਜਾਣਕਾਰੀ ਦੀ ਮਦਦ ਲੈ ਰਹੇ ਹਨ। ਕੋਲੋਰਾਡੋ, ਟੈਕਸਸ ਅਤੇ ਐਰੀਜ਼ੋਨਾ ਸਮੇਤ ਕਈ ਰਾਜਾਂ ਦੇ ਹਵਾਈ ਅੱਡਿਆਂ ਉੱਤੇ ਸੰਘੀ ਅਧਿਕਾਰੀਆਂ ਵੱਲੋਂ ਯਾਤਰੀਆਂ ਦੀ ਉਡਾਣ ਸੰਖਿਆ, ਰਵਾਨਗੀ ਦਾ ਸਮਾਂ ਅਤੇ ਤਸਵੀਰ ਮੰਗਣ ਦੀਆਂ ਘਟਨਾਵਾਂ ਸਾਹਮਣੇ ਆਈਆਂ ਹਨ।

■ **ਬਾਕੀ ਖਬਰ ਸਫਾ 31 'ਤੇ**

## ਐਰੀਜ਼ੋਨਾ 'ਚ ਇਮੀਗ੍ਰੈਂਟ ਟਰੱਕ ਡਰਾਈਵਰਾਂ 'ਤੇ ਬਾਰਡਰ ਪੈਟਰੋਲ ਦੀ ਸਖ਼ਤੀ

**ਐਰੀਜ਼ੋਨਾ, (ਪੰਜਾਬ ਮੇਲ)-** ਅਮਰੀਕਾ ਵਿਚ ਇਮੀਗ੍ਰੇਸ਼ਨ ਸਬੰਧੀ ਸਖ਼ਤੀ ਹੁਣ ਕਮਰਸ਼ੀਅਲ ਟਰੱਕ ਡਰਾਈਵਰਾਂ ਉੱਤੇ ਵੀ ਵਧਦੀ ਦਿਖਾਈ ਦੇ ਰਹੀ ਹੈ। 23 ਅਗਸਤ ਨੂੰ ਸਾਹਮਣੇ ਆਈ ਐਰੀਜ਼ੋਨਾ ਰਿਪਬਲਿਕ ਦੀ ਜਾਂਚ ਰਿਪੋਰਟ ਅਨੁਸਾਰ ਯੂ.ਐੱਸ. ਬਾਰਡਰ ਪੈਟਰੋਲ ਐਰੀਜ਼ੋਨਾ ਦੇ ਇੰਟਰਸਟੇਟ-40 ਨੇੜੇ ਕਿੰਗਮੈਨ ਅਤੇ ਇੰਟਰਸਟੇਟ-10 ਨੇੜੇ ਯੂਮਾ ਖੇਤਰ ਵਿਚ ਇਮੀਗ੍ਰੈਂਟ ਕਮਰਸ਼ੀਅਲ ਡਰਾਈਵਰਾਂ ਨੂੰ ਰੋਕ ਕੇ ਉਨ੍ਹਾਂ ਦੇ ਇਮੀਗ੍ਰੇਸ਼ਨ ਸਟੇਟਸ, ਵਰਕ ਪਰਮਿਟ ਅਤੇ ਕਮਰਸ਼ੀਅਲ ਡਰਾਈਵਰਜ਼ ਲਾਇਸੈਂਸ ਦੀ ਜਾਂਚ ਕਰ ਰਹੀ ਹੈ। ਖਾਸ ਕਰਕੇ "ਗੈਰ-ਨਿਵਾਸੀ ਸੀ.ਡੀ.ਐੱਲ" ਰੱਖਣ ਵਾਲੇ ਡਰਾਈਵਰ ਇਸ ਕਾਰਵਾਈ ਨਾਲ ਵੱਧ ਪ੍ਰਭਾਵਿਤ ਹੋ ਰਹੇ ਹਨ।

■ **ਪੰਜਾਬੀ ਡਰਾਈਵਰਾਂ ਵਿਚ ਵੀ ਚਿੰਤਾ**




ਰਿਪੋਰਟ ਮੁਤਾਬਕ ਟੈਂਪਰੇਰੀ ਇਮੀਗ੍ਰੇਸ਼ਨ ਸਟੇਟਸ ਜਾਂ ਵੱਖ-ਵੱਖ ਕਿਸਮ ਦੇ ਵਰਕ ਆਥੋਰਾਈਜ਼ੇਸ਼ਨ ਦੇ ਆਧਾਰ 'ਤੇ ਅਮਰੀਕਾ ਵਿਚ ਰਹਿ ਰਹੇ ਕੁਝ ਡਰਾਈਵਰਾਂ ਨੂੰ ਵੀ ਰੋਕਿਆ ਗਿਆ ਹੈ। ਇਨ੍ਹਾਂ ਵਿਚ ਪੈਂਡਿੰਗ ਅਸਾਇਲਮ ਐਪਲੀਕੇਸ਼ਨਾਂ, ਟੈਂਪਰੇਰੀ ਪ੍ਰੋਟੈਕਟਿਡ ਸਟੇਟਸ ਯਾਨੀ ਟੀ.ਪੀ.ਐੱਸ. ਅਤੇ DACA ਨਾਲ ਜੁੜੇ ਕੁਝ ਲੋਕ ਸ਼ਾਮਲ ਹੋ ਸਕਦੇ ਹਨ। ਅਧਿਕਾਰੀਆਂ ਦਾ ਕਹਿਣਾ ਹੈ ਕਿ ਸਿਰਫ਼ ਵਰਕ ਪਰਮਿਟ ਜਾਂ ਸੀ.ਡੀ.ਐੱਲ ਹੋਣਾ ਆਪਣੇ ਆਪ ਕਿਸੇ ਵਿਅਕਤੀ ਨੂੰ ਕਾਨੂੰਨੀ ਇਮੀਗ੍ਰੇਸ਼ਨ ਸਟੇਟਸ ਨਹੀਂ ਦਿੰਦਾ ਅਤੇ ਹਰ ਵਿਅਕਤੀ ਦਾ ਇਮੀਗ੍ਰੇਸ਼ਨ ਰਿਕਾਰਡ ਵੱਖਰੇ ਤੌਰ 'ਤੇ ਜਾਂਚਿਆ ਜਾ ਸਕਦਾ ਹੈ।

■ **ਬਾਕੀ ਖਬਰ ਸਫਾ 31 'ਤੇ**

## ਗੋਲਡੀ ਬਰਾੜ ਨੇ ਕਥਿਤ ਆਡੀਓ 'ਚ ਹਰਦੀਪ ਸਿੰਘ ਨਿੱਝਰ ਦਾ ਕਤਲ ਕਰਵਾਉਣ ਦਾ ਕੀਤਾ ਦਾਅਵਾ

ਚੰਡੀਗੜ੍ਹ/ਸਰੀ, (ਪੰਜਾਬ ਮੇਲ)- ਕੈਨੇਡਾ ਵਿਚ ਜੂਨ 2023 ਦੌਰਾਨ ਹੋਏ ਹਰਦੀਪ ਸਿੰਘ ਨਿੱਝਰ ਕਤਲ ਮਾਮਲੇ ਵਿਚ ਇੱਕ ਨਵਾਂ ਅਤੇ ਗੰਭੀਰ ਮੋੜ ਸਾਹਮਣੇ ਆਇਆ ਹੈ। ਸੋਸ਼ਲ ਮੀਡੀਆ ਉੱਤੇ ਵਾਇਰਲ ਹੋ ਰਹੀ ਇੱਕ ਕਥਿਤ ਆਡੀਓ ਗੱਲਬਾਤ ਵਿਚ ਵਿਦੇਸ਼ ਬੈਠੇ ਗੈਂਗਸਟਰ ਸਤਿੰਦਰਜੀਤ ਸਿੰਘ ਉਰਫ਼ ਗੋਲਡੀ ਬਰਾੜ ਦੀ ਆਵਾਜ਼ ਦੱਸੀ ਜਾ ਰਹੀ ਹੈ। ਇਸ ਆਡੀਓ ਵਿਚ ਉਹ ਨਿੱਝਰ ਦਾ ਕਤਲ ਕਰਵਾਉਣ ਦੀ ਜ਼ਿੰਮੇਵਾਰੀ ਲੈਣ ਵਰਗਾ ਦਾਅਵਾ ਕਰਦਾ ਸੁਣਾਈ ਦਿੰਦਾ ਹੈ। ਹਾਲਾਂਕਿ ਕਿਸੇ ਕੈਨੇਡੀਅਨ



ਜਾਂ ਅਮਰੀਕੀ ਜਾਂਚ ਏਜੰਸੀ ਨੇ ਅਜੇ ਤੱਕ ਇਸ ਆਡੀਓ ਦੀ ਪ੍ਰਮਾਣਿਕਤਾ ਦੀ ਸਰਕਾਰੀ ਤੌਰ ਉੱਤੇ ਪੁਸ਼ਟੀ ਨਹੀਂ ਕੀਤੀ।

ਮੀਡੀਆ ਰਿਪੋਰਟਾਂ ਅਨੁਸਾਰ ਇਹ ਕਥਿਤ ਗੱਲਬਾਤ ਗੋਲਡੀ ਬਰਾੜ ਅਤੇ ਬਰਤਾਨੀਆ ਵਿਚ ਰਹਿੰਦੇ ਖਾਲਿਸਤਾਨ ਸਮਰਥਕ ਪਰਮਜੀਤ ਸਿੰਘ ਪੰਮਾ ਵਿਚਕਾਰ ਹੋਈ ਦੱਸੀ ਜਾ ਰਹੀ ਹੈ। ਆਡੀਓ ਵਿਚ ਬਰਾੜ ਕਥਿਤ ਤੌਰ ਉੱਤੇ ਦਾਅਵਾ ਕਰਦਾ ਹੈ ਕਿ ਨਿੱਝਰ ਵੱਲੋਂ ਪੰਜਾਬੀ ਨੌਜਵਾਨਾਂ ਨੂੰ ਨਸ਼ਿਆਂ, ਹਥਿਆਰਾਂ ਅਤੇ ਅਪਰਾਧਿਕ ਸਰਗਰਮੀਆਂ ਵਿਚ ਸ਼ਾਮਲ ਕਰਨ ਵਾਲੇ ਲੋਕਾਂ ਦੀ ਮਦਦ ਕੀਤੀ ਜਾਂਦੀ ਸੀ। ਇਹ ਸਾਰੇ ਦੋਸ਼ ਬਰਾੜ ਵੱਲੋਂ ਕੀਤੇ ਦਾਅਵੇ ਹਨ ਅਤੇ ਇਨ੍ਹਾਂ ਦੀ ਸੁਤੰਤਰ ਪੁਸ਼ਟੀ ਨਹੀਂ ਹੋਈ। ਆਡੀਓ ਜਾਰੀ ਕਰਨ ਵਾਲੇ ਸਰੋਤ ਅਤੇ ਇਸ ਦੀ ਰਿਕਾਰਡਿੰਗ ਦਾ ਸਮਾਂ ਵੀ ਸਪੱਸ਼ਟ ਨਹੀਂ ਹੈ।

■ **ਬਾਕੀ ਖਬਰ ਸਫਾ 23 'ਤੇ**

 ਪੰਜਾਬ ਮੇਲ USA

# ਸਿਆਟਲ 'ਚ ਦੋ ਮਹੀਨੇ ਚੱਲਿਆ ਖੇਡ ਕੈਂਪ ਸ਼ਾਨਦਾਰ ਢੰਗ ਨਾਲ ਸੰਪੰਨ

## 1 ■ ਚਾਰ ਸਾਲ ਤੋਂ ਲੈ ਕੇ 80 ਸਾਲ ਤੱਕ ਦੇ ਖਿਡਾਰੀਆਂ ਨੇ ਲਿਆ ਹਿੱਸਾ



ਗੁਰਚਰਨ ਸਿੰਘ ਢਿੱਲੋਂ
206-412-1559






ਗੁਰਦੀਪ ਸਿੰਘ ਸਿੱਧੂ
206-697-8155











Copyright@Punjab Mail USA











# ਸਿਆਟਲ ’ਚ ਦੋ ਮਹੀਨੇ ਚੱਲਿਆ ਖੇਡ ਕੈਂਪ ਸ਼ਾਨਦਾਰ ਢੰਗ ਨਾਲ ਸੰਪੰਨ

## 2 ■ ਚਾਰ ਸਾਲ ਤੋਂ ਲੈ ਕੇ 80 ਸਾਲ ਤੱਕ ਦੇ ਖਿਡਾਰੀਆਂ ਨੇ ਲਿਆ ਹਿੱਸਾ





















Copyright@Punjab Mail USA

# ਸਿਆਟਲ 'ਚ ਦੋ ਮਹੀਨੇ ਚੱਲਿਆ ਖੇਡ ਕੈਂਪ ਸ਼ਾਨਦਾਰ ਢੰਗ ਨਾਲ ਸੰਪੰਨ

## 3 ■ ਚਾਰ ਸਾਲ ਤੋਂ ਲੈ ਕੇ 80 ਸਾਲ ਤੱਕ ਦੇ ਖਿਡਾਰੀਆਂ ਨੇ ਲਿਆ ਹਿੱਸਾ













Copyright@Punjab Mail USA



**ਕੈਂਟ (ਸਿਆਟਲ), (ਪੰਜਾਬ ਮੇਲ)**- ਵਾਸ਼ਿੰਗਟਨ ਸਟੇਟ ਦੇ ਸਿਆਟਲ 'ਚ ਸਥਿਤ ਕੈਂਟ ਸ਼ਹਿਰ ਵਿਖੇ ਪੰਜਾਬੀ ਭਾਈਚਾਰੇ ਵੱਲੋਂ ਬੱਚਿਆਂ, ਨੌਜਵਾਨਾਂ, ਔਰਤਾਂ ਅਤੇ ਬਜ਼ੁਰਗਾਂ ਨੂੰ ਖੇਡਾਂ ਤੇ ਸਿਹਤਮੰਦ ਜੀਵਨ-ਜਾਚ ਨਾਲ ਜੋੜਨ ਲਈ ਲਗਾਇਆ ਗਿਆ ਦੋ ਮਹੀਨੇ ਦਾ ਸਾਲਾਨਾ ਖੇਡ ਕੈਂਪ ਸ਼ਾਨਦਾਰ ਢੰਗ ਨਾਲ ਸੰਪੰਨ ਹੋ ਗਿਆ। ਖੇਡ ਕੈਂਪ ਦੇ ਪ੍ਰਬੰਧਕ ਗੁਰਦੀਪ ਸਿੰਘ ਸਿੱਧੂ ਅਤੇ ਉਨ੍ਹਾਂ ਦੀ ਸਮੁੱਚੀ ਟੀਮ ਨੇ ਇਸ ਦੇ ਸਫਲ ਆਯੋਜਨ ਲਈ ਅਹਿਮ ਭੂਮਿਕਾ ਨਿਭਾਈ। ਇਸ ਉਪਰਾਲੇ ਦੀ ਸ਼ੁਰੂਆਤ ਗੁਰਚਰਨ ਸਿੰਘ ਢਿੱਲੋਂ ਵੱਲੋਂ ਕੀਤੀ ਗਈ ਸੀ, ਜਿਸ ਨੂੰ ਅੱਜ ਪੂਰੇ ਪੰਜਾਬੀ ਭਾਈਚਾਰੇ ਦਾ ਵੱਡਾ ਸਹਿਯੋਗ ਮਿਲ ਰਿਹਾ ਹੈ।

ਪ੍ਰਬੰਧਕਾਂ ਅਨੁਸਾਰ ਇਸ ਵਾਰ ਚਾਰ ਸਾਲ ਦੇ ਬੱਚਿਆਂ ਤੋਂ ਲੈ ਕੇ 80 ਸਾਲ ਤੱਕ ਦੀ ਉਮਰ ਦੇ ਖਿਡਾਰੀਆਂ ਅਤੇ ਖੇਡ ਪ੍ਰੇਮੀਆਂ ਨੇ ਕੈਂਪ ਵਿਚ ਹਿੱਸਾ ਲਿਆ। ਗਰਮੀਆਂ ਦੀਆਂ ਛੁੱਟੀਆਂ ਦੌਰਾਨ ਕਰਵਾਇਆ ਜਾਣ ਵਾਲਾ ਇਹ ਕੈਂਪ ਬੱਚਿਆਂ ਅਤੇ ਨੌਜਵਾਨਾਂ ਨੂੰ ਖੇਡਾਂ ਨਾਲ ਜੋੜਨ ਦਾ ਪ੍ਰਭਾਵਸ਼ਾਲੀ ਮੰਚ ਬਣ ਚੁੱਕਾ ਹੈ। ਲੰਮੇ ਸਮੇਂ ਤੋਂ ਨਿਰੰਤਰ ਚੱਲ ਰਹੇ ਇਸ ਖੇਡ ਕੈਂਪ ਦੀ ਲੋਕ ਹਰ ਸਾਲ ਬੇਸਬਰੀ ਨਾਲ ਉਡੀਕ ਕਰਦੇ ਹਨ।

ਦੋ ਮਹੀਨਿਆਂ ਦੌਰਾਨ ਵੱਖ-ਵੱਖ ਉਮਰ ਵਰਗਾਂ ਦੇ ਖਿਡਾਰੀਆਂ ਨੂੰ ਫੁੱਟਬਾਲ, ਵਾਲੀਬਾਲ ਅਤੇ ਅਥਲੈਟਿਕਸ ਸਮੇਤ ਕਈ ਖੇਡਾਂ ਦੀ ਸਿਖਲਾਈ ਦਿੱਤੀ ਗਈ। ਸਰੀਰਕ ਤੰਦਰੁਸਤੀ ਅਤੇ ਮਾਨਸਿਕ ਸੰਤੁਲਨ ਲਈ ਯੋਗ ਅਭਿਆਸ ਵੀ ਕਰਵਾਏ ਗਏ, ਜਿਨ੍ਹਾਂ ਵਿਚ ਵੱਡੀ ਗਿਣਤੀ ਵਿਚ ਔਰਤਾਂ ਨੇ ਵੀ ਉਤਸ਼ਾਹ ਨਾਲ ਹਿੱਸਾ ਲਿਆ। ਇਸ ਉਪਰਾਲੇ ਨੇ ਬੱਚਿਆਂ ਦੇ ਨਾਲ-ਨਾਲ ਬਾਲਗਾਂ ਅਤੇ ਬਜ਼ੁਰਗਾਂ ਨੂੰ ਵੀ ਸਿਹਤਮੰਦ ਜੀਵਨ-ਜਾਚ ਅਪਣਾਉਣ ਲਈ ਪ੍ਰੇਰਿਤ ਕੀਤਾ।

ਕੈਂਪ ਦੀ ਸਭ ਤੋਂ ਵੱਡੀ ਵਿਸ਼ੇਸ਼ਤਾ ਇਹ ਰਹੀ ਕਿ ਇਸ ਨੂੰ ਸਫਲ ਬਣਾਉਣ ਵਿਚ ਸਮੁੱਚੇ ਭਾਈਚਾਰੇ ਨੇ ਵੱਧ-ਚੜ੍ਹ ਕੇ ਯੋਗਦਾਨ ਪਾਇਆ। ਕਿਸੇ ਨੇ ਖਾਣ-ਪੀਣ ਦੀਆਂ ਵਸਤਾਂ ਦੀ ਸੇਵਾ ਕੀਤੀ, ਕਿਸੇ ਨੇ ਖਿਡਾਰੀਆਂ ਲਈ ਰੰਗ-ਬਰੰਗੇ ਖੇਡ ਪਹਿਰਾਵੇ ਭੇਟ ਕੀਤੇ ਅਤੇ ਕਈ ਸਹਿਯੋਗੀਆਂ ਨੇ ਆਰਥਿਕ ਮਦਦ ਦਿੱਤੀ। ਵੱਖ-ਵੱਖ ਸਹਿਯੋਗੀਆਂ ਵੱਲੋਂ ਮਿਲੇ ਸਮਰਥਨ ਕਾਰਨ ਇੰਨੇ ਵੱਡੇ ਪੱਧਰ ਦਾ ਕੈਂਪ ਸੁਚੱਜੇ ਢੰਗ ਨਾਲ ਕਰਵਾਉਣਾ ਸੰਭਵ ਹੋ ਸਕਿਆ।

ਕੈਂਪ ਦੇ ਸਮਾਪਤੀ ਸਮਾਰੋਹ ਮੌਕੇ ਖਿਡਾਰੀਆਂ ਦੇ ਨਾਲ-ਨਾਲ ਵੱਡੀ ਗਿਣਤੀ ਵਿਚ ਖੇਡ ਪ੍ਰੇਮੀ ਅਤੇ ਭਾਈਚਾਰੇ ਦੇ ਪਤਵੰਤੇ ਪਹੁੰਚੇ। ਹਰੇ-ਭਰੇ ਮੈਦਾਨ ਵਿਚ ਰੰਗ-ਬਰੰਗੇ ਖੇਡ ਪਹਿਰਾਵਿਆਂ ਵਿਚ ਖਿਡਾਰੀਆਂ ਦੀ ਹਾਜ਼ਰੀ ਬਹੁਤ ਹੀ ਮਨਮੋਹਕ ਦ੍ਰਿਸ਼ ਪੇਸ਼ ਕਰ ਰਹੀ ਸੀ। ਸਮਾਗਮ ਦੌਰਾਨ ਖਿਡਾਰੀਆਂ ਨੇ ਆਪਣੀ ਖੇਡ ਪ੍ਰਤਿਭਾ, ਅਨੁਸ਼ਾਸਨ ਅਤੇ ਸਰੀਰਕ ਸਮਰੱਥਾ ਦਾ ਪ੍ਰਭਾਵਸ਼ਾਲੀ ਪ੍ਰਦਰਸ਼ਨ ਕੀਤਾ। ਹਾਜ਼ਰ ਲੋਕਾਂ ਲਈ ਸੁਆਦਲੇ ਖਾਣੇ ਦਾ ਵਿਸ਼ੇਸ਼ ਪ੍ਰਬੰਧ ਵੀ ਕੀਤਾ ਗਿਆ ਸੀ। ਇਸ ਦੀ ਸੇਵਾ ਪਿੰਟੂ ਬਾਠ, ਸੈਮ ਵਿਰਕ, ਮਨਜੀਤ ਸਿੰਘ, ਗੁਰਦੀਪ ਸਿੰਘ ਅਤੇ ਸਾਥੀਆਂ ਵੱਲੋਂ ਕੀਤੀ ਗਈ। ਜਿਸ ਦੀ ਸਾਰਿਆਂ ਵੱਲੋਂ ਭਰਪੂਰ ਸ਼ਲਾਘਾ ਕੀਤੀ ਗਈ।

ਇਸ ਸਮਾਗਮ ਵਿਚ ਮਹਿੰਦਰ ਸਿੰਘ ਚਾਹਲ ਮੁੱਖ ਮਹਿਮਾਨ ਵਜੋਂ ਹਾਜ਼ਰ ਹੋਏ। ਇਸ ਮੌਕੇ ਮਨਮੋਹਨ ਸਿੰਘ ਧਾਲੀਵਾਲ, ਦਿਆਵੀਰ ਸਿੰਘ (ਪਿੰਟੂ ਬਾਠ), ਹਰਦੀਪ ਸਿੰਘ ਗਿੱਲ, ਗੁਰਦੀਪ ਸਿੰਘ ਸਿੱਧੂ, ਪਰਮਜੀਤ ਸਿੰਘ ਖਹਿਰਾ, ਮੁੱਖ ਸਪਾਂਸਰ ਅਮਰੀਕ ਸਿੰਘ ਰੰਧਾਵਾ, ਕਰਨਲ ਹਰਦਿਆਲ ਸਿੰਘ ਵਿਰਕ, ਡਾ. ਸਰਬਜੀਤ ਸਿੰਘ ਵਿਰਕ, ਜਗਰੂਪ ਸਿੰਘ ਜਰਖੜ, ਗੁਰਮੀਤ ਸਿੰਘ ਨਿੱਝਰ, ਪਾਲ ਮੁਲਤਾਨੀ, ਝੂਟੀ ਬ੍ਰਦਰਜ਼, ਸੁੱਚਾ ਸਿੰਘ ਧਾਲੀਵਾਲ, ਹਰਦੀਪ ਸਿੰਘ ਸਿੱਧੂ, ਸਰਬਜੀਤ ਸਿੰਘ ਝੱਲੀ, ਇੰਦਰਜੀਤ ਸਿੰਘ ਪੰਨੂ, ਮਹਿੰਦਰ ਸਿੰਘ ਨਿੱਜਰ, ਕਮਲਜੀਤ ਸਿੰਘ, ਜਸਵਿੰਦਰ ਸਿੰਘ, ਦਰਸ਼ਨ ਸਿੰਘ ਬੱਬੀ, ਕੁਲਵੰਤ ਸ਼ਾਹ, ਸੈਮ ਵਿਰਕ, ਜਗਦੇਵ ਸਿੰਘ ਸੰਧੂ, ਬਲਜੀਤ ਸਿੰਘ ਸੈਂਹਬੀ, ਕਰਨੈਲ ਸਿੰਘ ਕੈਲ, ਜਸਵਿੰਦਰ ਸਿੰਘ ਛੀਨਾ, ਗੁਰਪ੍ਰੀਤ ਸਿੰਘ ਧੰਜੂ, ਖਹਿਰਾ ਬਾਈ, ਹਰਮੇਲ ਸਿੰਘ, ਗੁਰਲਾਲਪ੍ਰੀਤ ਸਿੰਘ ਜਰਖੜ, ਪ੍ਰਿਤਪਾਲ ਸਿੰਘ ਤੋਂ ਇਲਾਵਾ ਬੱਚਿਆਂ ਨੂੰ ਖੇਡ ਕੈਂਪ ਵਿਚ ਆਪਣੀਆਂ ਵਧੀਆ ਸੇਵਾਵਾਂ ਨਿਭਾਉਣ ਵਾਲੇ ਗੁਰਦੇਵ ਸਿੰਘ ਸਮਰਾ, ਜਸਵਿੰਦਰ ਸਿੰਘ ਹੁੰਦਲ, ਯੋਗਰਾਜ ਸਿੰਘ ਬਰਾੜ, ਗੁਰਸ਼ਾਨ ਸਿੰਘ, ਕੋਚ ਜੋਰਾ ਸਿੰਘ, ਯੋਗਾ ਕੋਚ ਸਸ਼ੀ ਪਰਾਸ਼ਰ, ਹੋਰ ਸਿਆਟਲ ਭਾਈਚਾਰੇ ਦੇ ਪਤਵੰਤੇ, ਸਤਿਕਾਰਯੋਗ ਸ਼ਖਸੀਅਤਾਂ, ਬੀਬੀਆਂ ਅਤੇ ਬੱਚੇ ਵੱਡੀ ਗਿਣਤੀ ਵਿਚ ਹਾਜ਼ਰ ਸਨ।

ਸਮਾਪਤੀ ਸਮਾਰੋਹ ਦੌਰਾਨ ਮੰਚ ਸੰਚਾਲਨ ਦੀ ਜ਼ਿੰਮੇਵਾਰੀ ਪ੍ਰਬੰਧਕ ਗੁਰਦੀਪ ਸਿੰਘ ਸਿੱਧੂ ਨੇ ਬਾਖ਼ੂਬੀ ਨਿਭਾਈ। ਉਨ੍ਹਾਂ ਕਿਹਾ ਕਿ ਗੁਰਚਰਨ ਸਿੰਘ ਢਿੱਲੋਂ ਵੱਲੋਂ ਲਾਇਆ ਗਿਆ ਇਹ ਬੂਟਾ ਅੱਜ ਇੱਕ ਵਿਸ਼ਾਲ ਬਿਰਖ ਦਾ ਰੂਪ ਧਾਰ ਚੁੱਕਾ ਹੈ। ਭਾਈਚਾਰੇ ਦੇ ਸਹਿਯੋਗ ਅਤੇ ਪ੍ਰਬੰਧਕ ਟੀਮ ਦੀ ਮਿਹਨਤ ਨਾਲ ਇਹ ਖੇਡ ਕੈਂਪ ਹਰ ਸਾਲ ਹੋਰ ਵੱਡੇ ਪੱਧਰ 'ਤੇ ਪ੍ਰਫੁੱਲਿਤ ਹੋ ਰਿਹਾ ਹੈ। ਉਨ੍ਹਾਂ ਸਮੂਹ ਸਹਿਯੋਗੀਆਂ, ਖਿਡਾਰੀਆਂ, ਮਾਪਿਆਂ ਅਤੇ ਖੇਡ ਪ੍ਰੇਮੀਆਂ ਦਾ ਧੰਨਵਾਦ ਕਰਦਿਆਂ ਭਵਿੱਖ ਵਿਚ ਇਸ ਉਪਰਾਲੇ ਨੂੰ ਹੋਰ ਵਿਸ਼ਾਲ ਬਣਾਉਣ ਦਾ ਭਰੋਸਾ ਦਿੱਤਾ।

ਕੁੱਲ ਮਿਲਾ ਕੇ ਦੋ ਮਹੀਨੇ ਤੱਕ ਚੱਲਿਆ ਇਹ ਖੇਡ ਕੈਂਪ ਖੇਡ ਭਾਵਨਾ, ਤੰਦਰੁਸਤੀ, ਆਪਸੀ ਸਾਂਝ ਅਤੇ ਭਾਈਚਾਰਕ ਏਕਤਾ ਦਾ ਸੁੰਦਰ ਸੰਦੇਸ਼ ਦਿੰਦਿਆਂ ਯਾਦਗਾਰੀ ਢੰਗ ਨਾਲ ਸੰਪੰਨ ਹੋਇਆ।

# ਪੰਜਾਬੀਆਂ ਦੀ ਸਿਆਟਲ ਵਿਚ ਪਹਿਚਾਣ ਵੱਖਰੀ

## ‘ਸਿੱਖ ਫਾਰ ਸਿਆਟਲ’ ਸੰਸਥਾ ਵੱਲੋਂ ਲਗਾਏ 2 ਮਹੀਨੇ ਦੇ ਖੇਡ ਕੈਂਪ ਦੀ ਸ਼ਾਨਦਾਰ ਸਮਾਪਤੀ












**ਸਿਆਟਲ, (ਜਗਰੂਪ ਸਿੰਘ ਜਰਖੜ/ਪੰਜਾਬ ਮੇਲ)**- ਸਿਆਟਲ ਸ਼ਹਿਰ ਦੇ ਵਿਲਸਨ ਸਿਟੀ ਇਲਾਕੇ ਵਿਚ ਪੰਜਾਬੀ ਭਾਈਚਾਰੇ ਵੱਲੋਂ ਬਣਾਈ ਗਈ ਸੰਸਥਾ ‘ਸਿੱਖ ਫਾਰ ਸਿਆਟਲ’ ਵੱਲੋਂ ਬੱਚਿਆਂ, ਨੌਜਵਾਨਾਂ, ਔਰਤਾਂ ਅਤੇ ਬਜ਼ੁਰਗਾਂ ਨੂੰ ਖੇਡਾਂ ਤੇ ਸਿਹਤਮੰਦ ਜੀਵਨ ਸ਼ੈਲੀ ਨਾਲ ਜੋੜਨ ਦੇ ਉਦੇਸ਼ ਨਾਲ ਲਗਾਇਆ ਗਿਆ ਲਗਭਗ 2 ਮਹੀਨੇ ਦਾ ਖੇਡ ਕੈਂਪ ਬੀਤੇ ਦਿਨੀਂ 23 ਅਗਸਤ ਨੂੰ ਉਤਸ਼ਾਹਪੂਰਵਕ ਸਮਾਪਤ ਹੋ ਗਿਆ।

ਇਸ ਕੈਂਪ ਵਿਚ ਲਗਭਗ 7 ਸਾਲ ਦੀ ਉਮਰ ਤੋਂ ਲੈ ਕੇ 75 ਸਾਲ ਤੱਕ ਦੇ ਬਜ਼ੁਰਗਾਂ ਨੇ ਉਤਸ਼ਾਹ ਨਾਲ ਹਿੱਸਾ ਲਿਆ। ਕੈਂਪ ਦੌਰਾਨ ਹਰ ਰੋਜ਼ ਵੱਖ-ਵੱਖ ਉਮਰ ਵਰਗਾਂ ਲਈ ਕਸਰਤ, ਫਿਟਨੈੱਸ ਅਤੇ ਖੇਡਾਂ ਦੀਆਂ ਗਤੀਵਿਧੀਆਂ ਕਰਵਾਈਆਂ ਜਾਂਦੀਆਂ ਰਹੀਆਂ। ਬੱਚਿਆਂ ਨੂੰ ਵੱਖ-ਵੱਖ ਉਮਰ ਵਰਗਾਂ ਵਿਚ ਫੁੱਟਬਾਲ ਦੀ ਸਿਖਲਾਈ ਦਿੱਤੀ ਗਈ, ਜਦਕਿ ਨੌਜਵਾਨਾਂ ਨੇ ਵਾਲੀਬਾਲ ਦਾ ਅਭਿਆਸ ਕੀਤਾ। ਇਸ ਤੋਂ ਇਲਾਵਾ ਬੀਬੀਆਂ ਲਈ ਯੋਗਾ ਸਮੇਤ ਹੋਰ ਸਿਹਤਮੰਦ ਅਤੇ ਮਨੋਰੰਜਕ ਗਤੀਵਿਧੀਆਂ ਵੀ ਕਰਵਾਈਆਂ ਗਈਆਂ।

ਕੈਂਪ ਦਾ ਮੁੱਖ ਉਦੇਸ਼ ਬੱਚਿਆਂ ਅਤੇ ਨੌਜਵਾਨਾਂ ਨੂੰ ਮੋਬਾਈਲ ਅਤੇ ਹੋਰ ਗੈਰ-ਸਰਗਰਮ ਗਤੀਵਿਧੀਆਂ ਤੋਂ ਦੂਰ ਕਰਕੇ ਖੇਡ ਮੈਦਾਨ ਨਾਲ ਜੋੜਨਾ ਅਤੇ ਹਰ ਉਮਰ ਵਰਗ ਵਿਚ ਸਰੀਰਕ ਤੰਦਰੁਸਤੀ ਪ੍ਰਤੀ ਜਾਗਰੂਕਤਾ ਪੈਦਾ ਕਰਨਾ ਸੀ। ਇਸ ਦੌਰਾਨ ਬੱਚਿਆਂ ਵਿਚ ਖੇਡਾਂ ਪ੍ਰਤੀ ਖਾਸ ਉਤਸ਼ਾਹ ਦੇਖਣ ਨੂੰ ਮਿਲਿਆ ਅਤੇ ਮਾਪਿਆਂ ਨੇ ਵੀ ਸੰਸਥਾ ਦੇ ਇਸ ਉਪਰਾਲੇ ਦੀ ਸ਼ਲਾਘਾ ਕੀਤੀ।

ਸਮਾਪਤੀ ਸਮਾਗਮ ਦੌਰਾਨ ਮਾਹੌਲ ਪੂਰੀ ਤਰ੍ਹਾਂ ਖੇਡਮਈ ਅਤੇ ਉਤਸ਼ਾਹ ਭਰਿਆ ਰਿਹਾ। ਸਟੇਜ ਦਾ ਸੰਚਾਲਨ ਗੁਰਦੀਪ ਸਿੰਘ ਸਿੱਧੂ ਨੇ ਬਾਖੂਬੀ ਕਰਦਿਆਂ ਸਮਾਗਮ ਨੂੰ ਸੁਚੱਜੇ ਢੰਗ ਨਾਲ ਅੱਗੇ ਵਧਾਇਆ ਅਤੇ ਇਸ ਕੈਂਪ ਦੇ ਨਿਰਮਾਤਾ ਗੁਰਚਰਨ ਸਿੰਘ ਢਿੱਲੋਂ ਦੀਆਂ ਦਿੱਤੀਆਂ ਸੇਵਾਵਾਂ ਦੀ ਵੀ ਸ਼ਲਾਘਾ ਕੀਤੀ।

ਇਸ ਮੌਕੇ ਬੇਕਰਜ਼ਫੀਲਡ ਤੋਂ ਉੱਘੇ ਐਡਵੋਕੇਟ ਨਰਿੰਦਰ ਪਾਲ ਸਿੰਘ ਚਾਹਿਲ ਮੁੱਖ ਮਹਿਮਾਨ ਵਜੋਂ ਵਿਸ਼ੇਸ਼ ਤੌਰ ’ਤੇ ਪਹੁੰਚੇ। ਇਸੇ ਤਰ੍ਹਾਂ ਖੇਡ ਪ੍ਰਮੋਟਰ ਅਤੇ ਖੇਡ ਲੇਖਕ ਜਗਰੂਪ ਸਿੰਘ ਜਰਖੜ ਨੇ ਵਿਸ਼ੇਸ਼ ਮਹਿਮਾਨ ਵਜੋਂ ਸ਼ਿਰਕਤ ਕੀਤੀ। ਸ. ਚਾਹਿਲ ਨੇ ਕੈਂਪ ਵਿਚ ਹਿੱਸਾ ਲੈਣ ਵਾਲੇ ਬੱਚਿਆਂ, ਨੌਜਵਾਨਾਂ, ਬੀਬੀਆਂ ਅਤੇ ਬਜ਼ੁਰਗਾਂ ਦੀ ਹੌਂਸਲਾ ਅਫਜ਼ਾਈ ਕੀਤੀ ਅਤੇ ‘ਸਿੱਖ ਫਾਰ ਸਿਆਟਲ’ ਵੱਲੋਂ ਕੀਤੇ ਜਾ ਰਹੇ ਇਸ ਉਪਰਾਲੇ ਦੀ ਪ੍ਰਸ਼ੰਸਾ ਕੀਤੀ।

ਇਸ ਕੈਂਪ ਦੀਆਂ ਪ੍ਰਾਪਤੀਆਂ ਨੂੰ ਕੈਨੇਡਾ ਵੱਸਦੇ ਉੱਘੇ ਫੋਟੋ ਕਲਾਕਾਰ ਸੰਤੋਖ ਸਿੰਘ ਮੰਡੇਰ ਨੇ ਆਪਣੇ ਕੈਮਰੇ ਵਿਚ ਕੈਦ ਕੀਤਾ।

ਇਸ ਮੌਕੇ ਮਨਮੋਹਨ ਸਿੰਘ ਧਾਲੀਵਾਲ, ਹਰਦੀਪ ਸਿੰਘ ਗਿੱਲ, ਗੁਰਦੀਪ ਸਿੰਘ ਸਿੱਧੂ, ਦਿਆਵੀਰ ਸਿੰਘ ਉਰਫ ਪਿੰਟੂ ਬਾਠ, ਹਰਦੇਵ ਸਿੰਘ ਜੱਜ, ਪਰਮਜੀਤ ਸਿੰਘ ਖਹਿਰਾ, ਗੁਰਮੀਤ ਸਿੰਘ ਨਿੱਝਰ, ਕੁਲਵੰਤ ਸ਼ਾਹ, ਸੈਮ ਵਿਰਕ, ਜਗਦੇਵ ਸਿੰਘ ਸੰਧੂ, ਮੁੱਖ ਸਪਾਂਸਰ ਅਮਰੀਕ ਸਿੰਘ ਰੰਧਾਵਾ, ਗੁਰਦੀਪ ਸਿੰਘ, ਮਨਜੀਤ ਸਿੰਘ, ਸੁਖ ਅਟਵਾਲ, ਬਲਜੀਤ ਸਿੰਘ ਸੈਂਹਬੀ, ਕਰਨੈਲ ਸਿੰਘ ਕੈਲ, ਇੰਦਰਜੀਤ ਸਿੰਘ ਪੰਨੂ, ਜਸਵਿੰਦਰ ਸਿੰਘ ਛੀਨਾ, ਗੁਰਪ੍ਰੀਤ ਸਿੰਘ ਧੰਜੂ, ਖਹਿਰਾ ਬਾਈ, ਹਰਮੇਲ ਸਿੰਘ ਬਾਪਲਾ, ਗੁਰਲਾਲਪ੍ਰੀਤ ਸਿੰਘ ਜਰਖੜ, ਪ੍ਰਿਤਪਾਲ ਸਿੰਘ ਤੋਂ ਇਲਾਵਾ ਬੱਚਿਆਂ ਨੂੰ ਖੇਡ ਕੈਂਪ ਵਿਚ ਆਪਣੀਆਂ ਵਧੀਆ ਸੇਵਾਵਾਂ ਨਿਭਾਉਣ ਵਾਲੇ ਗੁਰਦੇਵ ਸਿੰਘ ਸਮਰਾ, ਜਸਵਿੰਦਰ ਸਿੰਘ ਹੁੰਦਲ, ਯੋਗਰਾਜ ਸਿੰਘ ਬਰਾੜ, ਗੁਰਸ਼ਾਨ ਸਿੰਘ, ਯੋਗਾ ਕੋਚ ਸਸ਼ੀ ਪਰਾਸ਼ਰ, ਹੋਰ ਸਿਆਟਲ ਭਾਈਚਾਰੇ ਦੇ ਪਤਵੰਤੇ, ਸਤਿਕਾਰਯੋਗ ਸ਼ਖਸੀਅਤਾਂ, ਬੀਬੀਆਂ ਅਤੇ ਬੱਚੇ ਵੱਡੀ ਗਿਣਤੀ ਵਿਚ ਹਾਜ਼ਰ ਸਨ। ਇਸ ਮੌਕੇ ਬੱਚਿਆਂ ਨੂੰ ਵੱਖ-ਵੱਖ ਖੇਤਰਾਂ ਵਿਚ ਲੀਡਰਸ਼ਿਪ ਆਫ ਕੁਆਲਿਟੀ ਦੇਣ ਲਈ ਸੰਸਥਾ ਵੱਲੋਂ “ਸੇਵਾ ਨੈਸ਼ਨਲ ਅਲਾਇੰਸ” ਬਣਾਉਣ ਦਾ ਵੀ ਐਲਾਨ ਕੀਤਾ, ਤਾਂ ਜੋ ਪੰਜਾਬੀ ਭਾਈਚਾਰੇ ਦੇ ਬੱਚਿਆਂ ਨੂੰ ਅਮਰੀਕਾ ਦੇ ਵਿਚ ਵਧੀਆ ਹੁਨਰ, ਉੱਚ ਮੁਕਾਮ ਹਾਸਲ ਹੋ ਸਕੇ। ਇਸ ਮੌਕੇ ਸ. ਗੁਰਦੀਪ ਸਿੰਘ ਸਿੱਧੂ ਨੇ ਆਏ ਮਹਿਮਾਨਾਂ, ਮਾਪਿਆਂ ਅਤੇ ਬੱਚਿਆਂ ਦਾ ਕੋਟ-ਕੋਟ ਧੰਨਵਾਦ ਕਰਦਿਆਂ ਅਗਲੇ ਵਰ੍ਹੇ ਫਿਰ ਮਿਲਣ ਦੇ ਵਾਅਦੇ ਦੀ “ਗੁਰੂ ਫਤਿਹ ਬੁਲਾਈ”। ਇਸ ਮੌਕੇ ਸਮੂਹ ਸੰਗਤਾਂ ਵਾਸਤੇ ਗੁਰੂ ਦਾ ਅਤੁੱਟ ਲੰਗਰ ਵਰਤਾਇਆ ਗਿਆ।

# ਅਮਰੀਕੀ ਕਰਜ਼ਾ ਤੇਜ਼ੀ ਨਾਲ ਵਧਣ ਕਾਰਨ ਲੰਬੇ ਸਮੇਂ ਦੀਆਂ ਵਿਆਜ ਦਰਾਂ ਉੱਚੀਆਂ ਰਹਿਣ ਦਾ ਖਤਰਾ

**ਵਾਸ਼ਿੰਗਟਨ, (ਪੰਜਾਬ ਮੇਲ)**- ਅਮਰੀਕਾ ਦਾ ਸਰਕਾਰੀ ਕਰਜ਼ਾ ਆਰਥਿਕ ਵਿਕਾਸ ਨਾਲੋਂ ਤੇਜ਼ੀ ਨਾਲ ਵਧਣ ਕਾਰਨ ਲੰਬੇ ਸਮੇਂ ਦੀਆਂ ਵਿਆਜ ਦਰਾਂ ਉੱਚੀਆਂ ਰਹਿਣ ਦਾ ਖ਼ਤਰਾ ਵਧ ਰਿਹਾ ਹੈ। ਰਾਇਟਰਜ਼ ਦੇ ਤਾਜ਼ਾ ਵਿਸ਼ਲੇਸ਼ਣ ਅਨੁਸਾਰ ਦੇਸ਼ ਦਾ ਸਾਲਾਨਾ ਬਜਟ ਘਾਟਾ ਕੁੱਲ ਘਰੇਲੂ ਉਤਪਾਦ ਦੇ ਲਗਭਗ 6 ਫ਼ੀਸਦੀ ਦੇ ਨੇੜੇ ਹੈ। ਆਮ ਤੌਰ ਉੱਤੇ ਇੰਨਾ ਵੱਡਾ ਘਾਟਾ ਮੰਦੀ ਜਾਂ ਕਿਸੇ ਕੌਮੀ ਸੰਕਟ ਦੌਰਾਨ ਦੇਖਿਆ ਜਾਂਦਾ ਹੈ, ਪਰ ਇਸ ਵੇਲੇ ਅਰਥਵਿਵਸਥਾ ਵਿਚ ਵਾਧਾ ਹੋਣ ਦੇ ਬਾਵਜੂਦ ਸਰਕਾਰੀ ਖ਼ਰਚੇ ਅਤੇ ਆਮਦਨ ਵਿਚਕਾਰ ਵੱਡਾ ਅੰਤਰ ਬਣਿਆ ਹੋਇਆ ਹੈ।

ਵਿਸ਼ਲੇਸ਼ਣ ਮੁਤਾਬਕ ਸਮਾਜਿਕ ਸੁਰੱਖਿਆ, ਮੈਡੀਕੇਅਰ, ਬਜ਼ੁਰਗ ਆਬਾਦੀ ਨਾਲ ਜੁੜੇ ਖ਼ਰਚਿਆਂ ਅਤੇ ਸਰਕਾਰੀ ਕਰਜ਼ੇ ਦੇ ਵਿਆਜ ਵਿਚ ਲਗਾਤਾਰ ਵਾਧਾ ਹੋ ਰਿਹਾ ਹੈ। ਟਰੰਪ ਦੇ ਪਹਿਲੇ ਅਤੇ ਮੌਜੂਦਾ ਕਾਰਜਕਾਲ ਦੌਰਾਨ ਪਾਸ ਹੋਈਆਂ ਟੈਕਸ ਕਟੌਤੀਆਂ ਨੇ ਵੀ ਸਰਕਾਰੀ ਆਮਦਨ ਉੱਤੇ ਦਬਾਅ ਪਾਇਆ ਹੈ। ਜਦੋਂ ਸਰਕਾਰ ਖ਼ਰਚੇ ਪੂਰੇ ਕਰਨ ਲਈ ਹੋਰ ਬੌਂਡ ਵੇਚਦੀ ਹੈ, ਤਾਂ ਨਿਵੇਸ਼ਕਾਂ ਨੂੰ ਆਕਰਸ਼ਿਤ ਕਰਨ ਵਾਸਤੇ ਵਧੇਰੇ ਵਿਆਜ ਦੇਣਾ ਪੈ ਸਕਦਾ ਹੈ।

ਫਿਲਹਾਲ ਨਿਵੇਸ਼ਕ ਅਮਰੀਕੀ ਖ਼ਜ਼ਾਨਾ ਬੌਂਡਾਂ ਨੂੰ ਦੁਨੀਆਂ ਦੇ ਸਭ ਤੋਂ ਸੁਰੱਖਿਅਤ ਨਿਵੇਸ਼ਾਂ ਵਿਚੋਂ ਇੱਕ ਮੰਨਦੇ ਹਨ। ਅਮਰੀਕੀ ਕਰਜ਼ੇ ਦੀ ਕੋਈ ਨਵੀਂ ਦਰਜਾ-ਕਟੌਤੀ ਨਹੀਂ ਹੋਈ ਅਤੇ ਸਰਕਾਰੀ ਡਿਫਾਲਟ ਤੋਂ ਬਚਾਅ ਦੀ ਲਾਗਤ ਵੀ ਅਚਾਨਕ ਨਹੀਂ ਵਧੀ। ਇਸ ਲਈ ਰਿਪੋਰਟ ਕਿਸੇ ਤੁਰੰਤ ਵਿੱਤੀ ਸੰਕਟ ਜਾਂ ਅਮਰੀਕੀ ਸਰਕਾਰ ਵੱਲੋਂ ਕਰਜ਼ਾ ਨਾ ਚੁਕਾ ਸਕਣ ਦੀ ਘੋਸ਼ਣਾ ਨਹੀਂ ਕਰਦੀ।

ਅਸਲ ਚਿੰਤਾ ਲੰਬੇ ਸਮੇਂ ਦੀ ਹੈ। ਵੱਧ ਸਰਕਾਰੀ ਉਧਾਰੀ, ਦੁਨੀਆਂ ਭਰ ਵਿਚ ਉੱਚੀਆਂ ਵਿਆਜ ਦਰਾਂ ਅਤੇ ਨਿੱਜੀ ਤਕਨਾਲੋਜੀ ਕੰਪਨੀਆਂ ਵੱਲੋਂ ਵੱਡੇ ਪੱਧਰ ਉੱਤੇ ਕਰਜ਼ਾ ਇਕੱਠਾ ਕਰਨ ਕਾਰਨ ਨਿਵੇਸ਼ਕਾਂ ਦੇ ਪੈਸੇ ਲਈ ਮੁਕਾਬਲਾ ਵਧ ਰਿਹਾ ਹੈ। ਰਾਇਟਰਜ਼ ਮੁਤਾਬਕ ਵੱਡੀਆਂ ਕ੍ਰਿਤ੍ਰਿਮ ਬੁੱਧੀ (ਏ.ਆਈ.) ਅਤੇ ਜਾਣਕਾਰੀ ਕੇਂਦਰ ਕੰਪਨੀਆਂ ਨੇ ਇਸ ਸਾਲ ਲਗਭਗ 220 ਅਰਬ ਡਾਲਰ ਦਾ ਕਰਜ਼ਾ ਜਾਰੀ ਕੀਤਾ ਹੈ।

ਜੇ ਲੰਬੇ ਸਮੇਂ ਵਾਲੇ ਸਰਕਾਰੀ ਬੌਂਡਾਂ ਦੀ ਵਿਆਜ ਦਰ ਉੱਚੀ ਰਹਿੰਦੀ ਹੈ, ਤਾਂ ਘਰਾਂ ਦੇ ਕਰਜ਼ਿਆਂ, ਕਾਰ ਕਰਜ਼ਿਆਂ, ਕਾਰੋਬਾਰੀ ਉਧਾਰੀ ਅਤੇ ਕ੍ਰੈਡਿਟ ਕਾਰਡਾਂ ਦੀ ਲਾਗਤ ਉੱਤੇ ਵੀ ਦਬਾਅ ਪੈ ਸਕਦਾ ਹੈ। ਹਾਲਾਂਕਿ ਗਿਰਵੀ ਕਰਜ਼ਿਆਂ ਦੀਆਂ ਦਰਾਂ ਸਿੱਧੇ ਤੌਰ ਉੱਤੇ ਸਰਕਾਰੀ ਕਰਜ਼ੇ ਨਾਲ ਨਿਰਧਾਰਤ ਨਹੀਂ ਹੁੰਦੀਆਂ, ਪਰ ਲੰਬੇ ਸਮੇਂ ਦੀਆਂ ਬੌਂਡ ਦਰਾਂ ਉਨ੍ਹਾਂ ਉੱਤੇ ਮਹੱਤਵਪੂਰਨ ਅਸਰ ਪਾਉਂਦੀਆਂ ਹਨ।

# ਇਰਾਨ ਜੰਗ ਦੌਰਾਨ ਖਾਲੀ ਕਰਵਾਏ ਦੂਤਾਵਾਸਾਂ ’ਚ ਅਮਰੀਕੀ ਅਧਿਕਾਰੀਆਂ ਦੀ ਵਾਪਸੀ ਦੀ ਤਿਆਰੀ


**ਵਾਸ਼ਿੰਗਟਨ, (ਪੰਜਾਬ ਮੇਲ)**- ਅਮਰੀਕੀ ਵਿਦੇਸ਼ ਵਿਭਾਗ ਇਰਾਨ ਨਾਲ ਚੱਲ ਰਹੀ ਜੰਗ ਦੌਰਾਨ ਸੁਰੱਖਿਆ ਕਾਰਨਾਂ ਕਰਕੇ ਖਾਲੀ ਕਰਵਾਏ ਜਾਂ ਘੱਟ ਸਟਾਫ਼ ਨਾਲ ਚਲਾਏ ਜਾ ਰਹੇ ਮੱਧ ਪੂਰਬ ਦੇ ਕਈ ਅਮਰੀਕੀ ਦੂਤਾਵਾਸਾਂ ਵਿਚ ਆਪਣੇ ਅਧਿਕਾਰੀਆਂ ਨੂੰ ਮੁੜ ਭੇਜਣ ਦੀ ਤਿਆਰੀ ਕਰ ਰਿਹਾ ਹੈ। ਨਿਊਯਾਰਕ ਟਾਈਮਜ਼ ਵੱਲੋਂ ਪ੍ਰਾਪਤ ਇੱਕ ਅੰਦਰੂਨੀ ਵਿਦੇਸ਼ ਵਿਭਾਗੀ ਦਸਤਾਵੇਜ਼ ਦੇ ਹਵਾਲੇ ਨਾਲ ਇਹ ਜਾਣਕਾਰੀ ਸਾਹਮਣੇ ਆਈ ਹੈ।

ਰਿਪੋਰਟ ਅਨੁਸਾਰ ਇਜ਼ਰਾਈਲ, ਲੈਬਨਾਨ, ਸਾਊਦੀ ਅਰਬ, ਕਤਰ, ਜਾਰਡਨ, ਓਮਾਨ, ਇਰਾਕ ਅਤੇ ਕੁਵੈਤ ਸਥਿਤ ਅਮਰੀਕੀ ਦੂਤਾਵਾਸਾਂ ਅਤੇ ਕੂਟਨੀਤਕ ਦਫ਼ਤਰਾਂ ਵਿਚ ਕਰਮਚਾਰੀਆਂ ਦੀ ਗਿਣਤੀ ਮੁੜ ਵਧਾਈ ਜਾ ਸਕਦੀ ਹੈ। ਵਿਦੇਸ਼ ਸੇਵਾ ਦੇ ਅਧਿਕਾਰੀਆਂ ਦੀ ਵਾਪਸੀ ਅਤੇ ਦੂਤਾਵਾਸਾਂ ਉੱਤੇ ਲਾਗੂ ਐਮਰਜੈਂਸੀ ਪ੍ਰਬੰਧਾਂ ਨੂੰ ਘਟਾਉਣ ਦੀ ਕਾਰਵਾਈ ਇਸੇ ਹਫ਼ਤੇ ਸ਼ੁਰੂ ਹੋਣ ਦੀ ਸੰਭਾਵਨਾ ਦੱਸੀ ਗਈ ਹੈ।

ਇਰਾਨ ਜੰਗ ਸ਼ੁਰੂ ਹੋਣ ਤੋਂ ਪਹਿਲਾਂ ਅਤੇ ਉਸਦੇ ਸ਼ੁਰੂਆਤੀ ਦੌਰ ਦੌਰਾਨ ਅਮਰੀਕਾ ਨੇ ਖੇਤਰ ਵਿਚ ਵਧਦੇ ਮਿਜ਼ਾਈਲ ਅਤੇ ਡਰੋਨ ਹਮਲਿਆਂ ਦੇ ਖ਼ਤਰੇ ਕਾਰਨ ਕਈ ਦੂਤਾਵਾਸਾਂ ਵਿਚੋਂ ਗ਼ੈਰ-ਜ਼ਰੂਰੀ ਕਰਮਚਾਰੀਆਂ ਅਤੇ ਉਨ੍ਹਾਂ ਦੇ ਪਰਿਵਾਰਕ ਮੈਂਬਰਾਂ ਨੂੰ ਬਾਹਰ ਕੱਢ ਲਿਆ ਸੀ। ਕੁਝ ਦੂਤਾਵਾਸ ਸੀਮਤ ਸਟਾਫ਼ ਨਾਲ ਕੰਮ ਕਰ ਰਹੇ ਸਨ, ਜਿਸ ਕਾਰਨ ਕੌਂਸਲਰ ਸੇਵਾਵਾਂ, ਵੀਜ਼ਾ ਕਾਰਵਾਈ ਅਤੇ ਹੋਰ ਕੂਟਨੀਤਕ ਕੰਮ ਵੀ ਪ੍ਰਭਾਵਿਤ ਹੋਏ ਸਨ।

ਅਮਰੀਕੀ ਵਿਦੇਸ਼ ਵਿਭਾਗ ਨੇ ਰਿਪੋਰਟ ਵਿਚ ਦਿੱਤੀ ਗਈ ਪੂਰੀ ਸੂਚੀ ਅਤੇ ਵਾਪਸੀ ਦੀ ਸਮਾਂ-ਸਾਰਣੀ ਦੀ ਸਿੱਧੀ ਪੁਸ਼ਟੀ ਨਹੀਂ ਕੀਤੀ। ਵਿਭਾਗ ਨੇ ਸਿਰਫ਼ ਇਹ ਕਿਹਾ ਹੈ ਕਿ ਦੁਨੀਆਂ ਭਰ ਵਿਚ ਅਮਰੀਕੀ ਦੂਤਾਵਾਸਾਂ ਦੀ ਸੁਰੱਖਿਆ ਸਥਿਤੀ ਦੀ ਲਗਾਤਾਰ ਸਮੀਖਿਆ ਕੀਤੀ ਜਾਂਦੀ ਹੈ। ਤਾਜ਼ਾ ਸੁਰੱਖਿਆ ਮੁਲਾਂਕਣ ਦੇ ਆਧਾਰ ਉੱਤੇ ਕੁਝ ਥਾਵਾਂ ਉੱਤੇ ਕਰਮਚਾਰੀਆਂ ਦੀ ਗਿਣਤੀ ਬਦਲੀ ਜਾ ਰਹੀ ਹੈ, ਤਾਂ ਜੋ ਅਮਰੀਕੀ ਵਿਦੇਸ਼ ਨੀਤੀ ਦੇ ਉਦੇਸ਼ ਅੱਗੇ ਵਧਾਉਂਦਿਆਂ ਅਧਿਕਾਰੀਆਂ ਦੀ ਸੁਰੱਖਿਆ ਵੀ ਯਕੀਨੀ ਬਣਾਈ ਜਾ ਸਕੇ।

ਰਾਇਟਰਜ਼ ਨੇ ਵੀ ਸਪੱਸ਼ਟ ਕੀਤਾ ਹੈ ਕਿ ਉਹ ਅੰਦਰੂਨੀ ਦਸਤਾਵੇਜ਼ ਦੀ ਸੁਤੰਤਰ ਤੌਰ ਉੱਤੇ ਪੁਸ਼ਟੀ ਨਹੀਂ ਕਰ ਸਕਿਆ। ਅਧਿਕਾਰੀਆਂ ਦੀ ਸੰਭਾਵਿਤ ਵਾਪਸੀ ਨੂੰ ਇਰਾਨ ਜੰਗ ਖ਼ਤਮ ਹੋਣ ਜਾਂ ਖੇਤਰ ਪੂਰੀ ਤਰ੍ਹਾਂ ਸੁਰੱਖਿਅਤ ਹੋਣ ਦਾ ਸੰਕੇਤ ਨਹੀਂ ਮੰਨਿਆ ਜਾ ਸਕਦਾ। ਇਹ ਸਿਰਫ਼ ਅਮਰੀਕੀ ਸਰਕਾਰ ਵੱਲੋਂ ਆਪਣੀ ਕੂਟਨੀਤਕ ਮੌਜੂਦਗੀ ਮੁੜ ਵਧਾਉਣ ਦੀ ਸੰਭਾਵਿਤ ਤਿਆਰੀ ਹੈ।


IAPW
INTERNATIONAL ASSOCIATION of PUNJABI WOMEN
Teeyah DA MELA
28th Annual One n One Only Yuba City
Since 1999
Mela Melna Da
Jasmeen Akhtar
PARM TAKHAR (HOST)
LIVE IN YUBA CITY
6th SEPT 2026
11AM TO 7PM
YUBA SUTTER FAIR GROUNDS
442 FRANKLIN AVE YUBA CITY, CA 95991
FOR PARTICIPATION, BOOTH BOOKINGS N SPONSORSHIP, PLEASE CONTACT
PARM TAKHAR - (530) 845-4800
PUNJAB MAIL USA TV Channel
SPACE SPONSORED BY GURJATINDER SINGH RANDHAWA,
PUNJAB MAIL USA TV 916-320-9444

# ਟਰੰਪ ਸਰਕਾਰ ਦੀ ਸਖਤੀ ਹੁਣ ਕਾਨੂੰਨੀ ਇਮੀਗ੍ਰੇਸ਼ਨ ਤੱਕ ਵੀ

### ਫੈਮਿਲੀ ਤੇ ਰੁਜ਼ਗਾਰ ਆਧਾਰਿਤ ਗ੍ਰੀਨ ਕਾਰਡਾਂ ਉੱਤੇ ਵਧੀ ਜਾਂਚ

**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕਾ ਵਿਚ ਟਰੰਪ ਸਰਕਾਰ ਦੀ ਇਮੀਗ੍ਰੇਸ਼ਨ ਨੀਤੀ ਹੁਣ ਸਿਰਫ਼ ਗੈਰ-ਕਾਨੂੰਨੀ ਤਰੀਕੇ ਨਾਲ ਰਹਿ ਰਹੇ ਲੋਕਾਂ ਦੀ ਗ੍ਰਿਫ਼ਤਾਰੀ ਅਤੇ ਡਿਪੋਰਟੇਸ਼ਨ ਤੱਕ ਸੀਮਤ ਨਹੀਂ ਰਹੀ। 17 ਅਗਸਤ 2026 ਨੂੰ ਪ੍ਰਕਾਸ਼ਿਤ ਇੱਕ ਨਵੀਂ ਵਿਸਥਾਰਤ ਵਿਸ਼ਲੇਸ਼ਣ ਮੁਤਾਬਕ ਪਰਿਵਾਰ-ਪ੍ਰਾਯੋਜਿਤ ਗ੍ਰੀਨ ਕਾਰਡ, ਰੁਜ਼ਗਾਰ-ਅਧਾਰਤ ਇਮੀਗ੍ਰੇਸ਼ਨ ਅਤੇ ਹੋਰ ਕਾਨੂੰਨੀ ਇਮੀਗ੍ਰੇਸ਼ਨ ਪਾਥਵੇਅਜ਼ ਉੱਤੇ ਵੀ ਕਈ ਤਰ੍ਹਾਂ ਦੀਆਂ ਪਾਬੰਦੀਆਂ ਅਤੇ ਵਧੀ ਹੋਈ ਜਾਂਚ ਦਾ ਅਸਰ ਪੈ ਰਿਹਾ ਹੈ।



ਇਸਦਾ ਅਸਰ ਖਾਸ ਤੌਰ 'ਤੇ ਉਨ੍ਹਾਂ ਅਮਰੀਕੀ ਨਾਗਰਿਕਾਂ ਅਤੇ ਗ੍ਰੀਨ ਕਾਰਡ ਹੋਲਡਰਾਂ ਉੱਤੇ ਪੈ ਸਕਦਾ ਹੈ ਜੋ ਆਪਣੇ ਪਤੀ ਜਾਂ ਪਤਨੀ, ਬੱਚਿਆਂ, ਮਾਪਿਆਂ ਜਾਂ ਹੋਰ ਯੋਗ ਪਰਿਵਾਰਕ ਮੈਂਬਰਾਂ ਨੂੰ ਅਮਰੀਕਾ ਲਿਆਉਣਾ ਚਾਹੁੰਦੇ ਹਨ। ਇਸਦੇ ਨਾਲ ਅਮਰੀਕੀ ਕੰਪਨੀਆਂ ਰਾਹੀਂ ਕਾਨੂੰਨੀ ਤੌਰ 'ਤੇ ਆਉਣ ਵਾਲੇ ਵਿਦੇਸ਼ੀ ਕਾਮਿਆਂ ਅਤੇ ਰੁਜ਼ਗਾਰ-ਆਧਾਰਿਤ ਗ੍ਰੀਨ ਕਾਰਡ ਬਿਨੈਕਾਰਾਂ ਵੀ ਵਧੀ ਪੜਤਾਲ ਦਾ ਸਾਹਮਣਾ ਕਰ ਰਹੇ ਹਨ। ਇਸੇ ਮਹੀਨੇ ਯੂ.ਐੱਸ.ਸੀ.ਆਈ.ਐੱਸ. ਨੇ ਇਮੀਗ੍ਰੇਸ਼ਨ ਐਪਲੀਕੇਸ਼ਨਾਂ ਵਿਚ ਸਬੂਤ ਪੇਸ਼ ਕਰਨ ਦੇ ਨਿਯਮਾਂ ਨੂੰ ਹੋਰ ਸਖ਼ਤੀ ਨਾਲ ਲਾਗੂ ਕਰਨ ਬਾਰੇ ਵੀ ਸਪੱਸ਼ਟੀਕਰਨ ਦਿੱਤਾ ਹੈ। ਯੂ.ਐੱਸ.ਸੀ.ਆਈ.ਐੱਸ. ਦਾ ਕਹਿਣਾ ਹੈ ਕਿ ਬਿਨੈਕਾਰ ਉੱਤੇ ਆਪਣੀ ਯੋਗਤਾ ਸਾਬਤ ਕਰਨ ਦੀ ਜ਼ਿੰਮੇਵਾਰੀ ਹੈ ਅਤੇ ਜੇ ਅਰਜ਼ੀ ਨਾਲ ਲੋੜੀਂਦੇ ਮੁੱਢਲੇ ਸਬੂਤ ਨਹੀਂ ਦਿੱਤੇ ਜਾਂਦੇ, ਤਾਂ ਏਜੰਸੀ ਕੁਝ ਹਾਲਾਤਾਂ ਵਿਚ ਸਬੂਤ ਲਈ ਬੇਨਤੀ ਦੇਣ ਤੋਂ ਬਿਨਾਂ ਵੀ ਕੇਸ ਉੱਤੇ ਫੈਸਲਾ ਕਰ ਸਕਦੀ ਹੈ।

ਇਸਦੇ ਨਾਲ ਪਬਲਿਕ ਚਾਰਜ ਦੇ ਮਾਮਲੇ ਵਿਚ ਵੀ ਯੂ.ਐੱਸ.ਸੀ.ਆਈ.ਐੱਸ. ਨੇ 18 ਅਗਸਤ ਨੂੰ ਨਵੀਂ ਗਾਈਡੈਂਸ ਜਾਰੀ ਕੀਤੀ ਹੈ। ਗ੍ਰੀਨ ਕਾਰਡ ਦੇ ਕੁਝ ਕੇਸਾਂ ਵਿਚ ਅਧਿਕਾਰੀ ਬਿਨੈਕਾਰ ਦੀ ਉਮਰ, ਸਿਹਤ, ਪਰਿਵਾਰਕ ਹਾਲਤ, ਵਿੱਤੀ ਸਰੋਤ, ਸਿੱਖਿਆ ਅਤੇ ਹੁਨਰ ਵਰਗੇ ਕਾਰਕਾਂ ਨੂੰ ਵੇਖ ਸਕਦੇ ਹਨ।

ਨੈਸ਼ਨਲ ਫਾਊਂਡੇਸ਼ਨ ਫਾਰ ਅਮੈਰੀਕਨ ਪਾਲਿਸੀ ਦੀ ਇੱਕ ਵਿਸ਼ਲੇਸ਼ਣ ਦਾ ਅੰਦਾਜ਼ਾ ਹੈ ਕਿ ਟਰੰਪ ਸਰਕਾਰ ਦੀਆਂ ਮੌਜੂਦਾ ਨੀਤੀਆਂ ਚਾਰ ਸਾਲਾਂ ਦੌਰਾਨ ਕਾਨੂੰਨੀ ਇਮੀਗ੍ਰੇਸ਼ਨ ਨੂੰ 33 ਤੋਂ 50 ਫੀਸਦੀ ਤੱਕ ਘਟਾ ਸਕਦੀਆਂ ਹਨ, ਜੋ ਲਗਭਗ 15 ਲੱਖ ਤੋਂ 24 ਲੱਖ ਘੱਟ ਕਾਨੂੰਨੀ ਇਮੀਗ੍ਰੈਂਟਸ ਦੇ ਬਰਾਬਰ ਹੋ ਸਕਦਾ ਹੈ। ਇਹ ਇੱਕ ਸੁਤੰਤਰ ਅਨੁਮਾਨ ਹੈ, ਸਰਕਾਰੀ ਅੰਕੜਾ ਨਹੀਂ।

ਇੱਥੇ ਇੱਕ ਗੱਲ ਬਹੁਤ ਸਪੱਸ਼ਟ ਹੈ—ਅਮਰੀਕਾ ਨੇ ਸਾਰੇ ਪਰਿਵਾਰਕ ਜਾਂ ਰੁਜ਼ਗਾਰ ਗ੍ਰੀਨ ਕਾਰਡ ਬੰਦ ਨਹੀਂ ਕੀਤੇ। ਇਹ ਕੈਟਾਗਿਰੀਆਂ ਕਾਨੂੰਨ ਵਿਚ ਅਜੇ ਵੀ ਮੌਜੂਦ ਹਨ ਅਤੇ ਯੂ.ਐੱਸ.ਸੀ.ਆਈ.ਐੱਸ. ਅਗਸਤ 2026 ਲਈ ਪਰਿਵਾਰ-ਪ੍ਰਾਯੋਜਿਤ ਅਤੇ ਰੁਜ਼ਗਾਰ-ਆਧਾਰਿਤ ਐਡਜਸਮੈਂਟ ਆਫ ਸਟੇਟਸ ਅਰਜ਼ੀਆਂ ਦੀ ਫਾਈਲਿੰਗ ਇਨਫੋਰਮੇਸ਼ਨ ਵੀ ਜਾਰੀ ਕਰ ਰਿਹਾ ਹੈ।

ਇਸ ਲਈ ਸਹੀ ਖ਼ਬਰ ਇਹ ਹੈ ਕਿ ਕਾਨੂੰਨੀ ਇਮੀਗ੍ਰੇਸ਼ਨ ਬੰਦ ਨਹੀਂ ਹੋਈ, ਪਰ ਕਈ ਕੈਟਾਗਿਰੀਆਂ ਵਿਚ ਜਾਂਚ, ਦਸਤਾਵੇਜ਼ ਅਤੇ ਯੋਗਤਾ ਮਿਆਰ ਹੋਰ ਸਖ਼ਤ ਹੋ ਰਹੇ ਹਨ। ਗ੍ਰੀਨ ਕਾਰਡ ਜਾਂ ਹੋਰ ਇਮੀਗ੍ਰੇਸ਼ਨ ਅਰਜ਼ੀ ਦਾਖ਼ਲ ਕਰਨ ਵਾਲਿਆਂ ਲਈ ਆਪਣੇ ਦਸਤਾਵੇਜ਼ ਅਤੇ ਸਬੂਤ ਪੂਰੇ ਰੱਖਣਾ ਪਹਿਲਾਂ ਨਾਲੋਂ ਹੋਰ ਮਹੱਤਵਪੂਰਨ ਬਣ ਗਿਆ ਹੈ।

# ਡਿਪੋਰਟੇਸ਼ਨ ਕੇਸਾਂ 'ਚ 30 ਦਿਨਾਂ ਦੀ ਅਪੀਲ ਡੈੱਡਲਾਈਨ ਬਾਰੇ ਵੱਡਾ ਫੈਸਲਾ

### ਖਾਸ ਹਾਲਾਤਾਂ ਵਿਚ ਦੇਰੀ ਨੂੰ ਮਿਲ ਸਕਦੀ ਹੈ ਰਾਹਤ




**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕਾ ਵਿਚ ਡਿਪੋਰਟੇਸ਼ਨ ਜਾਂ ਰਿਮੂਵਲ ਕੇਸ ਦਾ ਸਾਹਮਣਾ ਕਰ ਰਹੇ ਲੋਕਾਂ ਲਈ ਇੱਕ ਮਹੱਤਵਪੂਰਨ ਅਦਾਲਤੀ ਫੈਸਲਾ ਸਾਹਮਣੇ ਆਇਆ ਹੈ। ਚੌਥੇ ਸਰਕਟ ਲਈ ਯੂ.ਐੱਸ. ਕੋਰਟ ਆਫ ਅਪੀਲਸ ਨੇ 11 ਅਗਸਤ 2026 ਨੂੰ ਨੈਵਾਰੋ ਸੇਰੀਟੋਸ ਬਨਾਮ ਬਲੈਂਚ ਕੇਸ ਵਿਚ ਫੈਸਲਾ ਦਿੱਤਾ ਕਿ ਫੈਡਰਲ ਕੋਰਟ ਵਿਚ ਰੀਵਿਊ ਲਈ ਪਟੀਸ਼ਨ ਦਾਖ਼ਲ ਕਰਨ ਲਈ ਕਾਨੂੰਨ ਵਿਚ ਦਿੱਤੀ 30 ਦਿਨਾਂ ਦੀ ਡੈਡਲਾਈਨ ਕੁਝ ਖਾਸ ਹਾਲਾਤਾਂ ਵਿਚ "ਇਕੁਇਟੇਬਲ ਟੌਲਿੰਗ" ਦੇ ਅਧੀਨ ਹੋ ਸਕਦੀ ਹੈ।

ਇਹ ਮਾਮਲਾ ਜੈਮੀ ਡੈਨੀਅਲ ਨਵਾਰੋ ਸੇਰੀਟੋਸ ਨਾਲ ਸਬੰਧਤ ਹੈ, ਜੋ ਅਲ ਸਲਵਾਡੋਰ ਦਾ ਨਾਗਰਿਕ ਹੈ। ਅਦਾਲਤੀ ਰਿਕਾਰਡ ਮੁਤਾਬਕ ਉਹ ਐੱਮ.ਐੱਸ.-13 ਗੈਂਗ ਵੱਲੋਂ ਹਿੰਸਾ ਅਤੇ ਧਮਕੀਆਂ ਦਾ ਸਾਹਮਣਾ ਕਰਨ ਤੋਂ ਬਾਅਦ ਅਮਰੀਕਾ ਆਇਆ ਸੀ। ਉਸਨੂੰ ਪਹਿਲਾਂ ਅਮਰੀਕਾ ਤੋਂ ਡਿਪੋਰਟ ਕੀਤਾ ਗਿਆ ਸੀ, ਪਰ ਅਲ ਸਲਵਾਡੋਰ ਵਾਪਸ ਜਾਣ ਤੋਂ ਬਾਅਦ ਵੀ ਖ਼ਤਰੇ ਦਾ ਸਾਹਮਣਾ ਕਰਨ ਦਾ ਦਾਅਵਾ ਕਰਦਿਆਂ ਉਹ ਮੁੜ ਅਮਰੀਕਾ ਆ ਗਿਆ। 2021 ਵਿਚ ਡੀ.ਐੱਚ.ਐੱਸ. ਨੇ ਉਸਦਾ ਪੁਰਾਣਾ ਰਿਮੂਵਲ ਆਰਡਰ ਦੁਬਾਰਾ ਲਾਗੂ ਕੀਤਾ। ਉਸਨੇ ਡਿਪੋਰਟੇਸ਼ਨ ਰੋਕਣ ਅਤੇ ਕਨਵੈਨਸ਼ਨ ਅਗੇਂਸਟ ਟਾਰਚਰ ਤਹਿਤ ਸੁਰੱਖਿਆ ਮੰਗੀ, ਪਰ ਇਮੀਗ੍ਰੇਸ਼ਨ ਜੱਜ ਅਤੇ ਬਾਅਦ ਵਿਚ ਬੋਰਡ ਆਫ਼ ਇਮੀਗ੍ਰੇਸ਼ਨ ਅਪੀਲਸ ਨੇ ਉਸਦੀ ਮੰਗ ਰੱਦ ਕਰ ਦਿੱਤੀ।

ਇਸ ਤੋਂ ਬਾਅਦ ਨਵਾਰੋ ਨੇ ਚੌਥੇ ਸਰਕਟ ਵਿਚ ਸਮੀਖਿਆ ਲਈ ਪਟੀਸ਼ਨ ਦਾਖ਼ਲ ਕੀਤੀ। ਸਰਕਾਰ ਨੇ ਦਲੀਲ ਦਿੱਤੀ ਕਿ ਉਸਦੀ ਪਟੀਸ਼ਨ ਕਾਨੂੰਨੀ 30 ਦਿਨਾਂ ਦੀ ਮਿਆਦ ਤੋਂ ਬਾਹਰ ਸੀ ਅਤੇ ਅਦਾਲਤ ਕੋਲ ਇਸਨੂੰ ਸੁਣਨ ਦਾ ਅਧਿਕਾਰ ਨਹੀਂ ਸੀ। ਪਰ ਚੌਥੇ ਸਰਕਟ ਦੀ ਬਹੁਮਤ ਬੈਂਚ ਨੇ ਸਰਕਾਰ ਦੀ ਇਹ ਦਲੀਲ ਨਹੀਂ ਮੰਨੀ।

ਅਦਾਲਤ ਨੇ ਕਿਹਾ ਕਿ 30 ਦਿਨਾਂ ਦੀ ਇਹ ਡੈਡਲਾਈਨ ਅਜਿਹੀ ਪੂਰਨ ਅਧਿਕਾਰ ਖੇਤਰ ਰੋਕ ਨਹੀਂ ਹੈ, ਜਿਸ ਵਿਚ ਕਿਸੇ ਵੀ ਹਾਲਤ ਵਿਚ ਰਾਹਤ ਨਾ ਮਿਲ ਸਕੇ। ਅਦਾਲਤ ਨੇ ਇਸ ਖਾਸ ਕੇਸ ਦੇ ਹਾਲਾਤਾਂ ਨੂੰ ਦੇਖਦਿਆਂ ਡੈਡਲਾਈਨ ਨੂੰ ਇਕੁਇਟੇਬਲੀ ਟੋਲ ਕੀਤਾ, ਨਵਾਰੋ ਦੀ ਪਟੀਸ਼ਨ ਸੁਣੀ ਅਤੇ ਆਖ਼ਰਕਾਰ ਉਸਦੇ ਹੱਕ ਵਿਚ ਪਟੀਸ਼ਨ ਗਰਾਂਟ ਕਰਕੇ ਬੀ.ਆਈ.ਏ. ਦਾ ਫੈਸਲਾ ਹਿੱਸੇ ਵਿਚ ਰੱਦ ਕਰਦਿਆਂ ਮਾਮਲਾ ਅੱਗੇ ਦੀ ਕਾਰਵਾਈ ਲਈ ਵਾਪਸ ਭੇਜ ਦਿੱਤਾ। ਪਰ ਇਸ ਫੈਸਲੇ ਦਾ ਮਤਲਬ ਇਹ ਬਿਲਕੁਲ ਨਹੀਂ ਹੈ ਕਿ ਹੁਣ ਹਰ ਵਿਅਕਤੀ 30 ਦਿਨਾਂ ਤੋਂ ਬਾਅਦ ਵੀ ਡਿਪੋਰਟੇਸ਼ਨ ਅਪੀਲ ਦਾਖ਼ਲ ਕਰ ਸਕਦਾ ਹੈ। ਇਕੁਟੇਬਲ ਟੌਲਿੰਗ ਸਿਰਫ਼ ਖਾਸ ਹਾਲਾਤਾਂ ਵਿਚ ਮਿਲਣ ਵਾਲੀ ਕਾਨੂੰਨੀ ਰਾਹਤ ਹੈ। ਇਸ ਤੋਂ ਇਲਾਵਾ ਇਹ ਚੌਥੇ ਸਰਕਟ ਦਾ ਫੈਸਲਾ ਹੈ, ਜਿਸਦੇ ਅਧੀਨ ਮੈਰੀਲੈਂਡ, ਵਰਜੀਨੀਆ, ਵੈਸਟ ਵਰਜੀਨੀਆ, ਉੱਤਰੀ ਕੈਰੋਲੀਨਾ ਅਤੇ ਦੱਖਣੀ ਕੈਰੋਲੀਨਾ ਆਉਂਦੇ ਹਨ। ਦੂਜੇ ਫੈਡਰਲ ਸਰਕਟਸ ਵਿਚ ਕਾਨੂੰਨੀ ਸਥਿਤੀ ਵੱਖਰੀ ਹੋ ਸਕਦੀ ਹੈ।

# ਗ੍ਰੀਨ ਕਾਰਡ ਲਈ ਫਾਰਮ ਆਈ-485 'ਚ ਬਦਲਾਅ

### 18 ਸਤੰਬਰ ਤੋਂ ਪੁਰਾਣਾ ਫਾਰਮ ਭੇਜਿਆ ਤਾਂ ਯੂ.ਐੱਸ.ਸੀ.ਆਈ.ਐੱਸ. ਕਰੇਗਾ ਰੱਦ

**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕਾ ਵਿਚ ਗ੍ਰੀਨ ਕਾਰਡ ਲਈ ਅਰਜ਼ੀ ਦੇਣ ਵਾਲੇ ਲੋਕਾਂ ਲਈ ਯੂ.ਐੱਸ.ਸੀ.ਆਈ.ਐੱਸ. ਨੇ ਇੱਕ ਬਹੁਤ ਮਹੱਤਵਪੂਰਨ ਅਪਡੇਟ ਜਾਰੀ ਕੀਤੀ ਹੈ। ਯੂ.ਐੱਸ. ਸਿਟੀਜ਼ਨਸ਼ਿਪ ਐਂਡ ਇਮੀਗ੍ਰੇਸ਼ਨ ਸਰਵਿਸਿਜ਼ ਨੇ ਐਲਾਨ ਕੀਤਾ ਹੈ ਕਿ 18 ਸਤੰਬਰ 2026 ਨੂੰ ਫਾਰਮ ਆਈ-485 ਦਾ ਨਵਾਂ ਵਰਜਨ ਜਾਰੀ ਕੀਤਾ ਜਾਵੇਗਾ। ਇਸ ਨਵੇਂ ਫਾਰਮ ਦੀ ਐਡੀਸ਼ਨ ਮਿਤੀ 09/18/26 ਹੋਵੇਗੀ। ਫਾਰਮ ਆਈ-485 ਦੀ ਵਰਤੋਂ ਮੁੱਖ ਤੌਰ 'ਤੇ ਉਨ੍ਹਾਂ ਲੋਕਾਂ ਵੱਲੋਂ ਕੀਤੀ ਜਾਂਦੀ ਹੈ, ਜੋ ਅਮਰੀਕਾ ਦੇ ਅੰਦਰ ਰਹਿੰਦੇ ਹੋਏ ਆਪਣਾ ਸਟੇਟਸ ਬਦਲ ਕੇ ਸਥਾਈ ਨਿਵਾਸੀ, ਯਾਨੀ ਗ੍ਰੀਨ ਕਾਰਡ ਧਾਰਕ, ਬਣਨ ਲਈ ਅਰਜ਼ੀ ਦਿੰਦੇ ਹਨ।

ਸਭ ਤੋਂ ਜ਼ਰੂਰੀ ਗੱਲ ਇਹ ਹੈ ਕਿ ਯੂ.ਐੱਸ.ਸੀ.ਆਈ.ਐੱਸ. ਨੇ ਇਸ ਵਾਰ ਪੁਰਾਣੇ ਫਾਰਮ ਆਈ-485 ਲਈ ਕੋਈ ਗ੍ਰੇਸ ਪੀਰੀਅਡ ਨਹੀਂ ਦਿੱਤਾ। ਯੂ.ਐੱਸ.ਸੀ.ਆਈ.ਐੱਸ. ਮੁਤਾਬਕ 18 ਸਤੰਬਰ 2026 ਜਾਂ ਉਸ ਤੋਂ ਬਾਅਦ ਪ੍ਰਾਪਤ ਹੋਣ ਵਾਲੀ ਆਈ-485 ਐਪਲੀਕੇਸ਼ਨ ਜੇ ਪੁਰਾਣੇ ਐਡੀਸ਼ਨ ਉੱਤੇ ਹੋਵੇਗੀ, ਤਾਂ ਉਸਨੂੰ ਰੱਦ ਕਰ ਦਿੱਤਾ ਜਾਵੇਗਾ। ਇਸ ਲਈ ਸਿਰਫ਼ ਇਹ ਦੇਖਣਾ ਕਾਫ਼ੀ ਨਹੀਂ ਕਿ ਤੁਸੀਂ ਐਪਲੀਕੇਸ਼ਨ ਕਦੋਂ ਤਿਆਰ ਕੀਤੀ ਜਾਂ ਡਾਕ ਰਾਹੀਂ ਕਦੋਂ ਭੇਜੀ; ਯੂ.ਐੱਸ.ਸੀ.ਆਈ.ਐੱਸ. ਦੀਆਂ ਫਾਈਲਿੰਗ ਹਿਦਾਇਤਾਂ ਨੂੰ ਧਿਆਨ ਨਾਲ ਫੋਲੋ ਕਰਨਾ ਬਹੁਤ ਜ਼ਰੂਰੀ ਹੈ।

ਇਹ ਨਵਾਂ ਫਾਰਮ ਆਈ-485 ਉਸੇ ਦਿਨ ਆ ਰਿਹਾ ਹੈ, ਜਿਸ ਦਿਨ ਪਬਲਿਕ ਚਾਰਜ ਨਾਲ ਸਬੰਧਤ ਨਵਾਂ ਨਿਯਮ 18 ਸਤੰਬਰ ਤੋਂ ਪ੍ਰਭਾਵੀ ਹੋਵੇਗਾ। ਯੂ.ਐੱਸ.ਸੀ.ਆਈ.ਐੱਸ. ਨੇ ਪਬਲਿਕ ਚਾਰਜ ਬਾਰੇ ਆਪਣੀ ਪਾਲਿਸੀ ਮੈਨੂਅਲ ਗਾਈਡੈਂਸ ਵੀ ਅਪਡੇਟ ਕੀਤੀ ਹੈ। ਇਸ ਲਈ ਨਵੇਂ ਆਈ-485 ਵਿਚ ਪਬਲਿਕ ਚਾਰਜ ਨਾਲ ਜੁੜੇ ਸਵਾਲਾਂ ਅਤੇ ਜਾਣਕਾਰੀ ਨੂੰ ਨਵੀਂ ਨੀਤੀ ਮੁਤਾਬਕ ਤਿਆਰ ਕੀਤਾ ਜਾ ਰਿਹਾ ਹੈ। ਜਿਹੜੇ ਲੋਕ ਇਸ ਸਮੇਂ ਪਰਿਵਾਰ-ਆਧਾਰਿਤ, ਰੁਜ਼ਗਾਰ-ਆਧਾਰਿਤ ਜਾਂ ਕਿਸੇ ਹੋਰ ਯੋਗ ਕੈਟਾਗਰੀ ਰਾਹੀਂ ਐਡਜਸਮੈਂਟ ਆਫ ਸਟੇਟਸ ਲਈ ਆਈ-485 ਤਿਆਰ ਕਰ ਰਹੇ ਹਨ, ਉਨ੍ਹਾਂ ਲਈ 18 ਸਤੰਬਰ ਦੀ ਤਾਰੀਖ ਬਹੁਤ ਮਹੱਤਵਪੂਰਨ ਹੈ।

# ਅਮਰੀਕੀ ਬੀ-1/ਬੀ-2 ਵੀਜ਼ੇ ਲਈ 750 ਡਾਲਰ ਦੇ ਕੇ 10 ਕੰਮਕਾਜੀ ਦਿਨਾਂ ਅੰਦਰ ਇੰਟਰਵਿਊ ਲੈਣ ਦੀ ਨਵੀਂ ਯੋਜਨਾ

**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕੀ ਵਿਦੇਸ਼ ਵਿਭਾਗ ਨੇ 18 ਅਗਸਤ 2026 ਨੂੰ ਵਿਜ਼ਟਰ ਵੀਜ਼ਾ ਲੈਣ ਵਾਲਿਆਂ ਲਈ ਇੱਕ ਨਵਾਂ ਪੇਡ ਐਕਸਪੀਡਿਡ ਅਪਾਇੰਟਮੈਂਟ ਪਾਇਲਟ ਪ੍ਰੋਗਰਾਮ ਸ਼ੁਰੂ ਕੀਤਾ ਹੈ। ਇਸ ਯੋਜਨਾ ਤਹਿਤ ਯੋਗ ਬੀ ਸ਼੍ਰੇਣੀ ਦੇ ਬਿਜ਼ਨਸ ਜਾਂ ਟੂਰਿਸਟ ਵੀਜ਼ਾ ਬਿਨੈਕਾਰ ਵਾਧੂ 750 ਡਾਲਰ ਫੀਸ ਦੇ ਕੇ, ਜੇ ਸਮਾਂ ਉਪਲਬਧ ਹੋਵੇ, 10 ਕੰਮਕਾਜੀ ਦਿਨਾਂ ਦੇ ਅੰਦਰ ਵੀਜ਼ਾ ਇੰਟਰਵਿਊ ਲੈ ਸਕਦੇ ਹਨ। ਇਹ ਯੋਜਨਾ ਫਿਲਹਾਲ ਚੁਣੀਆਂ ਹੋਈਆਂ ਅਮਰੀਕੀ ਅੰਬੈਸੀਆਂ ਅਤੇ ਕੌਂਸਲੇਟਾਂ ਵਿਚ ਟੈਸਟ ਵਜੋਂ ਚਲਾਈ ਜਾ ਰਹੀ ਹੈ ਅਤੇ 31 ਦਸੰਬਰ 2026 ਤੱਕ ਜਾਰੀ ਰਹੇਗੀ।





ਇਹ 750 ਡਾਲਰ ਦੀ ਫੀਸ ਆਮ 185 ਡਾਲਰ ਐੱਮ.ਆਰ.ਵੀ. ਵੀਜ਼ਾ ਅਰਜ਼ੀ ਫੀਸ ਤੋਂ ਵੱਖਰੀ ਅਤੇ ਵਾਧੂ ਹੋਵੇਗੀ। ਬਿਨੈਕਾਰ ਨੂੰ ਪਹਿਲਾਂ ਆਮ ਤਰੀਕੇ ਨਾਲ ਫੀਸ ਭਰ ਕੇ ਆਪਣਾ ਰੈਗੂਲਰ ਇੰਟਰਵਿਊ ਬੁੱਕ ਕਰਨਾ ਪਵੇਗਾ। ਜੇ ਉਸਦੇ ਦੇਸ਼ ਵਿਚ ਪੇਡ ਐਕਸਪੀਡਿਡ ਦੀ ਸਹੂਲਤ ਅਤੇ ਅਪਾਇੰਟਮੈਂਟ ਉਪਲਬਧ ਹੋਵੇ, ਤਾਂ ਉਹ ਵਾਧੂ ਫੀਸ ਦੇ ਕੇ ਪਹਿਲਾਂ ਦੀ ਤਾਰੀਖ ਲੈ ਸਕੇਗਾ।

ਵਿਦੇਸ਼ ਵਿਭਾਗ ਨੇ ਸਾਫ਼ ਕੀਤਾ ਹੈ ਕਿ 750 ਡਾਲਰ ਦੇਣ ਨਾਲ ਵੀਜ਼ਾ ਮਿਲਣ ਦੀ ਕੋਈ ਗਾਰੰਟੀ ਨਹੀਂ ਹੈ। ਇਸ ਨਾਲ ਸਿਰਫ਼ ਇੰਟਰਵਿਊ ਦੀ ਤਾਰੀਖ ਜਲਦੀ ਮਿਲੇਗੀ। ਵੀਜ਼ਾ ਸਕਰੀਨਿੰਗ ਅਤੇ ਮਨਜ਼ੂਰੀ ਦੇ ਸਾਰੇ ਨਿਯਮ ਪਹਿਲਾਂ ਵਾਂਗ ਹੀ ਰਹਿਣਗੇ। ਇਹ ਫੀਸ ਵਾਪਸ ਨਹੀਂ ਹੋਵੇਗੀ ਅਤੇ ਪੇਡ ਐਕਸਪੀਡਿਡ ਅਪਾਇੰਟਮੈਂਟ ਨੂੰ ਬਾਅਦ ਵਿਚ ਬਦਲਿਆ ਵੀ ਨਹੀਂ ਜਾ ਸਕੇਗਾ। ਇੰਟਰਵਿਊ ਮਿਸ ਹੋਣ 'ਤੇ 750 ਡਾਲਰ ਦੀ ਰਕਮ ਵੀ ਖਤਮ ਹੋ ਜਾਵੇਗੀ।

18 ਅਗਸਤ ਤੋਂ ਕੈਨੇਡਾ, ਬੋਗੋਟਾ, ਗੁਆਟੇਮਾਲਾ ਸਿਟੀ, ਸੈਨਹੋਜ਼ੇ ਅਤੇ ਟੇਗੂਸਿਗਾਲਪਾ ਵਿਚ ਇਹ ਸਹੂਲਤ ਸ਼ੁਰੂ ਹੋਈ ਹੈ। ਮੈਕਸੀਕੋ ਵਿਚ ਇਹ ਪਾਇਲਟ ਪਹਿਲਾਂ ਹੀ 21 ਜੁਲਾਈ ਤੋਂ ਚੱਲ ਰਿਹਾ ਹੈ। ਵਿਦੇਸ਼ ਵਿਭਾਗ ਨੇ ਕਿਹਾ ਹੈ ਕਿ ਆਉਣ ਵਾਲੇ ਸਮੇਂ ਵਿਚ ਹੋਰ ਦੇਸ਼ ਵੀ ਇਸ ਯੋਜਨਾ ਵਿਚ ਸ਼ਾਮਲ ਕੀਤੇ ਜਾ ਸਕਦੇ ਹਨ। ਭਾਰਤ ਇਸ ਵੇਲੇ ਜਾਰੀ ਕੀਤੀ ਗਈ ਸੂਚੀ ਵਿਚ ਸ਼ਾਮਲ ਨਹੀਂ ਹੈ।

# ਜੱਗੂ ਭਗਵਾਨਪੁਰੀਆ ਗੈਂਗ ਨਾਲ ਜੁੜਿਆ ਮੇਜਰ ਸਿੰਘ ਐੱਫ.ਬੀ.ਆਈ. ਦੀ ਵਾਂਟੇਡ ਸੂਚੀ 'ਚ

**ਚੰਡੀਗੜ੍ਹ/ਲਾਸ ਏਂਜਲਸ, (ਪੰਜਾਬ ਮੇਲ)-** ਅਮਰੀਕਾ ਦੀ ਸੰਘੀ ਜਾਂਚ ਏਜੰਸੀ ਐੱਫ.ਬੀ.ਆਈ. ਨੇ ਭਾਰਤੀ ਨਾਗਰਿਕ ਮੇਜਰ ਸਿੰਘ ਨੂੰ ਆਪਣੀ ਵਾਂਟੇਡ ਸੂਚੀ ਵਿਚ ਸ਼ਾਮਲ ਕੀਤਾ ਹੈ। ਐੱਫ.ਬੀ.ਆਈ. ਦਾ ਦੋਸ਼ ਹੈ ਕਿ ਮੇਜਰ ਸਿੰਘ ਦਾ ਸਬੰਧ ਪੰਜਾਬ ਤੋਂ ਸ਼ੁਰੂ ਹੋਏ ਜੱਗੂ ਭਗਵਾਨਪੁਰੀਆ ਆਰਗੇਨਾਈਜ਼ਡ ਕ੍ਰਾਈਮ ਗਰੁੱਪ ਨਾਲ ਹੈ, ਜਿਸ ਦੀਆਂ ਸਰਗਰਮੀਆਂ ਅਮਰੀਕਾ ਸਮੇਤ ਕਈ ਦੇਸ਼ਾਂ ਤੱਕ ਫੈਲੀਆਂ ਹੋਣ ਦਾ ਦਾਅਵਾ ਕੀਤਾ ਗਿਆ ਹੈ।



ਐੱਫ.ਬੀ.ਆਈ. ਦੀ ਅਧਿਕਾਰਤ ਜਾਣਕਾਰੀ ਮੁਤਾਬਕ ਮੇਜਰ ਸਿੰਘ ਉੱਤੇ ਸੰਗਠਿਤ ਅਪਰਾਧ ਨਾਲ ਜੁੜੀ ਸਾਜ਼ਿਸ਼ ਅਤੇ ਬਿਨਾਂ ਲਾਇਸੈਂਸ ਹਥਿਆਰਾਂ ਦਾ ਕਾਰੋਬਾਰ ਕਰਨ ਦੀ ਸਾਜ਼ਿਸ਼ ਸਮੇਤ ਦੋਸ਼ ਲਗਾਏ ਗਏ ਹਨ। ਜਾਂਚ ਏਜੰਸੀ ਨੇ ਉਸ ਨੂੰ ਨਸ਼ੀਲੇ ਪਦਾਰਥਾਂ ਦੀ ਵੰਡ ਨਾਲ ਜੁੜੀਆਂ ਕਥਿਤ ਸਰਗਰਮੀਆਂ ਨਾਲ ਵੀ ਜੋੜਿਆ ਹੈ। 25 ਜੂਨ 2026 ਨੂੰ ਲਾਸ ਏਂਜਲਸ ਸਥਿਤ ਅਮਰੀਕੀ ਫੈਡਰਲ ਅਦਾਲਤ ਵੱਲੋਂ ਉਸ ਖ਼ਿਲਾਫ਼ ਗ੍ਰਿਫ਼ਤਾਰੀ ਵਾਰੰਟ ਜਾਰੀ ਕੀਤਾ ਗਿਆ ਸੀ। ਅਮਰੀਕੀ ਨਿਆਂ ਵਿਭਾਗ ਮੁਤਾਬਕ ਜੱਗੂ ਭਗਵਾਨਪੁਰੀਆ ਗਰੁੱਪ ਖ਼ਿਲਾਫ਼ ਚੱਲੀ ਵੱਡੀ ਕਾਰਵਾਈ ਵਿਚ 17 ਲੋਕਾਂ ਖ਼ਿਲਾਫ਼ ਫੈਡਰਲ ਦੋਸ਼ ਲਗਾਏ ਗਏ ਹਨ। ਜਾਂਚ ਏਜੰਸੀਆਂ ਦਾ ਦਾਅਵਾ ਹੈ ਕਿ ਇਸ ਨੈੱਟਵਰਕ ਨਾਲ ਦੁਨੀਆਂ ਭਰ ਵਿਚ ਇੱਕ ਹਜ਼ਾਰ ਤੋਂ ਵੱਧ ਮੈਂਬਰ ਜਾਂ ਸਹਿਯੋਗੀ ਜੁੜੇ ਹੋ ਸਕਦੇ ਹਨ ਅਤੇ ਅਮਰੀਕਾ ਵਿਚ ਵੀ ਇਸ ਦੇ 100 ਤੋਂ ਵੱਧ ਮੈਂਬਰ ਜਾਂ ਸਾਥੀ ਹੋਣ ਦਾ ਦੋਸ਼ ਹੈ। ਗਰੁੱਪ ਉੱਤੇ ਫਿਰੌਤੀ, ਹਥਿਆਰਾਂ ਦੀ ਤਸਕਰੀ, ਨਸ਼ਿਆਂ ਦੀ ਤਸਕਰੀ, ਅਗਵਾ ਅਤੇ ਕਤਲ ਲਈ ਸਾਜ਼ਿਸ਼ ਵਰਗੇ ਗੰਭੀਰ ਦੋਸ਼ ਲਗਾਏ ਗਏ ਹਨ। ਇਸ ਤੋਂ ਪਹਿਲਾਂ ਵੀ ਨੀਤਿਸ਼ ਕੌਸ਼ਲ ਅਤੇ ਹਰਮਨਵੀਰ ਸਿੰਘ ਸਮੇਤ ਜੱਗੂ ਭਗਵਾਨਪੁਰੀਆ ਨੈੱਟਵਰਕ ਨਾਲ ਕਥਿਤ ਤੌਰ 'ਤੇ ਜੁੜੇ ਹੋਰ ਵਿਅਕਤੀਆਂ ਦੇ ਨਾਂ ਐੱਫ.ਬੀ.ਆਈ. ਦੀ ਵਾਂਟੇਡ ਸੂਚੀ ਵਿਚ ਸਾਹਮਣੇ ਆ ਚੁੱਕੇ ਹਨ। ਐੱਫ.ਬੀ.ਆਈ. ਨੇ ਲੋਕਾਂ ਨੂੰ ਅਪੀਲ ਕੀਤੀ ਹੈ ਕਿ ਜੇ ਕਿਸੇ ਕੋਲ ਮੇਜਰ ਸਿੰਘ ਬਾਰੇ ਜਾਣਕਾਰੀ ਹੋਵੇ, ਤਾਂ ਉਹ ਏਜੰਸੀ ਨਾਲ ਸੰਪਰਕ ਕਰੇ। ਇਹ ਸਾਰੇ ਦੋਸ਼ ਜਾਂਚ ਏਜੰਸੀਆਂ ਅਤੇ ਅਦਾਲਤੀ ਦਸਤਾਵੇਜ਼ਾਂ ਵਿਚ ਲਗਾਏ ਗਏ ਹਨ; ਮੇਜਰ ਸਿੰਘ ਨੂੰ ਅਦਾਲਤ ਵੱਲੋਂ ਦੋਸ਼ੀ ਕਰਾਰ ਦਿੱਤੇ ਜਾਣ ਤੱਕ ਕਾਨੂੰਨੀ ਤੌਰ 'ਤੇ ਬੇਕਸੂਰ ਮੰਨਿਆ ਜਾਵੇਗਾ।

# ਗ੍ਰੀਨ ਕਾਰਡ ਕੇਸਾਂ ਲਈ ਯੂ.ਐੱਸ.ਸੀ.ਆਈ.ਐੱਸ. ਦੀ ਨਵੀਂ ਪਬਲਿਕ ਚਾਰਜ ਗਾਈਡੈਂਸ ਜਾਰੀ

**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕਾ ਵਿਚ ਗ੍ਰੀਨ ਕਾਰਡ ਲਈ ਅਰਜ਼ੀ ਦੇਣ ਵਾਲਿਆਂ ਵਾਸਤੇ ਮਹੱਤਵਪੂਰਨ ਨਵੀਂ ਅਪਡੇਟ ਸਾਹਮਣੇ ਆਈ ਹੈ। ਯੂ.ਐੱਸ. ਸਿਟੀਜ਼ਨਸ਼ਿਪ ਐਂਡ ਇਮੀਗ੍ਰੇਸ਼ਨ ਸਰਵਿਸਿਜ਼ (ਯੂ.ਐੱਸ.ਸੀ.ਆਈ.ਐੱਸ.) ਨੇ ਪਬਲਿਕ ਚਾਰਜ ਦੇ ਆਧਾਰ 'ਤੇ ਕਿਸੇ ਵਿਅਕਤੀ ਨੂੰ ਅਮਰੀਕਾ ਵਿਚ ਪੱਕੀ ਰਿਹਾਇਸ਼ ਲਈ ਅਯੋਗ ਮੰਨਿਆ ਜਾ ਸਕਦਾ ਹੈ ਜਾਂ ਨਹੀਂ, ਇਸ ਬਾਰੇ ਆਪਣੀ ਪਾਲਿਸੀ ਮੈਨੂਅਲ ਵਿਚ ਨਵੀਂ ਗਾਈਡੈਂਸ ਜਾਰੀ ਕੀਤੀ ਹੈ।

ਇਹ ਅਪਡੇਟ ਖਾਸ ਤੌਰ 'ਤੇ ਉਨ੍ਹਾਂ ਲੋਕਾਂ ਲਈ ਮਹੱਤਵਪੂਰਨ ਹੈ, ਜੋ ਐਡਜਸਮੈਂਟ ਆਫ ਸਟੇਟਸ




ਰਾਹੀਂ ਗ੍ਰੀਨ ਕਾਰਡ ਲੈਣ ਦੀ ਪ੍ਰਕਿਰਿਆ ਵਿਚ ਹਨ। ਯੂ.ਐੱਸ.ਸੀ.ਆਈ.ਐੱਸ. ਅਧਿਕਾਰੀ ਪਬਲਿਕ ਚਾਰਜ ਦਾ ਫੈਸਲਾ ਕਰਦੇ ਸਮੇਂ ਸਿਰਫ਼ ਇੱਕ ਗੱਲ ਦੇ ਆਧਾਰ 'ਤੇ ਫੈਸਲਾ ਨਹੀਂ ਕਰਨਗੇ, ਸਗੋਂ ਕਾਨੂੰਨ ਅਧੀਨ ਲਾਗੂ ਹਾਲਾਤਾਂ ਨੂੰ ਇਕੱਠੇ ਦੇਖ ਕੇ ਫੈਸਲਾ ਕਰਨਗੇ। ਇਹ ਨਵੀਂ ਗਾਈਡੈਂਸ ਉਸ ਵੱਡੇ ਬਦਲਾਅ ਦਾ ਹਿੱਸਾ ਹੈ, ਜਿਸ ਵਿਚ ਡੀ.ਐੱਚ.ਐੱਸ. ਪਹਿਲਾਂ ਹੀ 2022 ਵਾਲਾ ਪਬਲਿਕ ਚਾਰਜ ਨਿਯਮ ਰੱਦ ਕਰਨ ਦਾ ਐਲਾਨ ਕਰ ਚੁੱਕਾ ਹੈ।

ਇਸ ਕਰਕੇ ਗ੍ਰੀਨ ਕਾਰਡ ਦੀ ਅਰਜ਼ੀ ਦੇਣ ਵਾਲਿਆਂ ਲਈ ਆਪਣੀ ਅਰਜ਼ੀ ਅਤੇ ਲੋੜੀਂਦੇ ਸਬੂਤ ਪੂਰੇ ਅਤੇ ਸਹੀ ਤਰੀਕੇ ਨਾਲ ਦੇਣਾ ਹੋਰ ਵੀ ਜ਼ਰੂਰੀ ਹੋ ਜਾਂਦਾ ਹੈ। ਹਰ ਵਿਅਕਤੀ ਦਾ ਕੇਸ ਵੱਖਰਾ ਹੋ ਸਕਦਾ ਹੈ, ਇਸ ਲਈ ਕਿਸੇ ਸਰਕਾਰੀ ਮਦਦ ਜਾਂ ਲਾਭ ਦੀ ਵਰਤੋਂ ਨੂੰ ਆਪਣੇ ਆਪ ਗ੍ਰੀਨ ਕਾਰਡ ਰੱਦ ਹੋਣ ਦੇ ਬਰਾਬਰ ਨਹੀਂ ਸਮਝਣਾ ਚਾਹੀਦਾ।

# ਏਅਰਪੋਰਟਾਂ 'ਤੇ ਆਈਸ ਦੀਆਂ ਕਾਰਵਾਈਆਂ 'ਤੇ ਵਿਵਾਦ


ਵਾਸ਼ਿੰਗਟਨ, (ਪੰਜਾਬ ਮੇਲ)- ਅਮਰੀਕਾ ਦੇ ਏਅਰਪੋਰਟਾਂ 'ਤੇ ਇਮੀਗ੍ਰੇਸ਼ਨ ਐਂਡ ਕਸਟਮਜ਼ ਐਨਫੋਰਸਮੈਂਟ, ਯਾਨੀ ਆਈਸ, ਦੀਆਂ ਕਾਰਵਾਈਆਂ ਨੂੰ ਲੈ ਕੇ ਸਿਆਸੀ ਵਿਵਾਦ ਹੋਰ ਤੇਜ਼ ਹੋ ਗਿਆ ਹੈ। ਨੇਵਾਡਾ ਤੋਂ ਡੈਮੋਕ੍ਰੇਟਿਕ ਸੈਨੇਟਰ ਜੈਕੀ ਰੋਜ਼ਨ ਨੇ ਹੋਰ ਸੈਨੇਟਰਾਂ ਨਾਲ ਮਿਲ ਕੇ ਟਰੰਪ ਪ੍ਰਸ਼ਾਸਨ ਤੋਂ ਸਪੱਸ਼ਟ ਜਵਾਬ ਮੰਗਿਆ ਹੈ ਕਿ ਏਅਰਪੋਰਟਾਂ ਉੱਤੇ ਆਈਸ ਅਤੇ ਟਰਾਂਸਪੋਰਟੇਸ਼ਨ ਸਕਿਓਰਿਟੀ ਐਡਮਿਨਿਸਟ੍ਰੇਸ਼ਨ (ਟੀ.ਐੱਸ.ਏ.) ਵਿਚਕਾਰ ਕਿਸ ਤਰ੍ਹਾਂ ਦਾ ਤਾਲਮੇਲ ਹੈ ਅਤੇ ਯਾਤਰੀਆਂ ਬਾਰੇ ਕਿਹੜੀ ਜਾਣਕਾਰੀ ਇੱਕ ਏਜੰਸੀ ਤੋਂ ਦੂਜੀ ਏਜੰਸੀ ਨਾਲ ਸਾਂਝੀ ਕੀਤੀ ਜਾ ਰਹੀ ਹੈ।

20 ਅਗਸਤ ਨੂੰ ਸਾਹਮਣੇ ਆਈ ਰਿਪੋਰਟ ਮੁਤਾਬਕ ਸੈਨੇਟਰ ਰੋਜ਼ਨ ਅਤੇ ਉਨ੍ਹਾਂ ਦੇ ਸਾਥੀ ਸੈਨੇਟਰਾਂ ਨੇ ਹੋਮਲੈਂਡ ਸਕਿਓਰਿਟੀ ਸੈਕਟਰੀ ਮਾਰਕਵੇਨ ਮੁਲਿਨ, ਐਕਟਿੰਗ ਆਈਸ ਡਾਇਰੈਕਟਰ ਡੇਵਿਡ ਵੇਂਚੁਰੇਲਾ ਅਤੇ ਟੀ.ਐੱਸ.ਏ.

**ਸੈਨੇਟਰ ਜੈਕੀ ਰੋਜ਼ਨ ਨੇ ਡੀ.ਐੱਚ.ਐੱਸ. ਤੋਂ ਮੰਗੇ ਜਵਾਬ**

ਐਡਮਿਨਿਸਟ੍ਰੇਟਰ ਡੇਵਿਡ ਕਮਿੰਸ ਨੂੰ ਪੱਤਰ ਲਿਖਿਆ ਹੈ। ਇਸ ਪੱਤਰ ਵਿਚ ਦੇਸ਼ ਦੇ ਵੱਖ-ਵੱਖ ਏਅਰਪੋਰਟਾਂ ਉੱਤੇ ਹੋਈਆਂ ਹਾਲੀਆ ਇਮੀਗ੍ਰੇਸ਼ਨ ਇਨਫੋਰਸਮੈਂਟ ਕਾਰਵਾਈਆਂ ਬਾਰੇ ਚਿੰਤਾ ਜਤਾਈ ਗਈ ਹੈ। ਨੇਵਾਡਾ ਦੀ ਸੈਨੇਟਰ ਕੈਥਰੀਨ ਕੋਰਟਜ਼ ਮਾਸਟੋ ਵੀ ਇਸ ਮੰਗ ਵਿਚ ਸ਼ਾਮਲ ਹੈ।

ਖਾਸ ਤੌਰ 'ਤੇ ਲਾਸ ਵੇਗਾਸ ਦੇ ਹੈਰੀ ਰੀਡ ਇੰਟਰਨੈਸ਼ਨਲ ਏਅਰਪੋਰਟ ਨਾਲ ਜੁੜੀਆਂ ਘਟਨਾਵਾਂ ਨੇ ਇਹ ਮਾਮਲਾ ਚਰਚਾ ਵਿਚ ਲਿਆਂਦਾ ਹੈ। ਜੁਲਾਈ ਵਿਚ ਇੱਕ ਮਾਮਲੇ ਦੌਰਾਨ ਸਾਦੇ ਕੱਪੜਿਆਂ ਵਾਲੇ ਇਮੀਗ੍ਰੇਸ਼ਨ ਅਫ਼ਸਰਾਂ ਵੱਲੋਂ ਇੱਕ ਆਸਟ੍ਰੇਲੀਆਈ ਨਾਗਰਿਕ ਨੂੰ ਹਿਰਾਸਤ ਵਿਚ ਲੈਣ ਦੀ ਕੋਸ਼ਿਸ਼ ਦੀ ਵੀਡੀਓ ਸਾਹਮਣੇ ਆਈ ਸੀ। ਰਿਪੋਰਟਾਂ ਅਨੁਸਾਰ ਉਸ ਵਿਅਕਤੀ




ਉੱਤੇ ਵੀਜ਼ੇ ਦੀ ਮਿਆਦ ਤੋਂ ਵੱਧ ਸਮਾਂ ਅਮਰੀਕਾ ਵਿਚ ਰਹਿਣ ਦਾ ਦੋਸ਼ ਸੀ।

ਸੈਨੇਟਰਾਂ ਦਾ ਮੁੱਖ ਸਵਾਲ ਇਹ ਹੈ ਕਿ ਕੀ ਟੀ.ਐੱਸ.ਏ. ਵੱਲੋਂ ਯਾਤਰੀਆਂ ਦੀ ਪਛਾਣ, ਉਡਾਣ ਜਾਂ ਹੋਰ ਯਾਤਰੀ-ਸਬੰਧਤ ਜਾਣਕਾਰੀ ਆਈਸ ਨੂੰ ਇਮੀਗ੍ਰੇਸ਼ਨ ਇਨਫੋਰਸਮੈਂਟ ਲਈ ਦਿੱਤੀ ਜਾਂਦੀ ਹੈ ਅਤੇ ਜੇ ਦਿੱਤੀ ਜਾਂਦੀ ਹੈ, ਤਾਂ ਇਸਦੀ ਕਾਨੂੰਨੀ ਨੀਤੀ ਅਤੇ ਹੱਦ ਕੀ ਹੈ। ਉਨ੍ਹਾਂ ਨੇ ਆਈਸ ਅਤੇ ਟੀ.ਐੱਸ.ਏ. ਵਿਚਕਾਰ ਓਪਰੇਟਿੰਗ ਰਿਲੇਸ਼ਨਸ਼ਿਪ ਬਾਰੇ ਵੀ ਵਿਸਥਾਰ ਨਾਲ ਜਾਣਕਾਰੀ ਮੰਗੀ ਹੈ।

ਰੋਜ਼ਨ ਦਾ ਕਹਿਣਾ ਹੈ ਕਿ ਏਅਰਪੋਰਟਾਂ ਉੱਤੇ ਇਸ ਤਰ੍ਹਾਂ ਦੀਆਂ ਕਾਰਵਾਈਆਂ ਯਾਤਰੀਆਂ ਵਿਚ ਡਰ ਅਤੇ ਉਲਝਣ ਪੈਦਾ ਕਰ ਸਕਦੀਆਂ ਹਨ ਅਤੇ ਨੇਵਾਡਾ ਵਰਗੇ ਟੂਰਿਜ਼ਮ ਉੱਤੇ ਨਿਰਭਰ ਰਾਜ ਦੀ ਅਰਥਵਿਵਸਥਾ ਨੂੰ ਵੀ ਪ੍ਰਭਾਵਿਤ ਕਰ ਸਕਦੀਆਂ ਹਨ। ਦੂਜੇ ਪਾਸੇ, ਇਮੀਗ੍ਰੇਸ਼ਨ ਇਨਫੋਰਸਮੈਂਟ ਟਰੰਪ ਪ੍ਰਸ਼ਾਸਨ ਦੀ ਮੁੱਖ ਨੀਤੀ ਬਣੀ ਹੋਈ ਹੈ।

ਫਿਲਹਾਲ ਸੈਨੇਟਰਾਂ ਨੇ ਸਰਕਾਰ ਤੋਂ ਜਾਣਕਾਰੀ ਅਤੇ ਜਵਾਬ ਮੰਗੇ ਹਨ; ਇਸਨੂੰ ਇਹ ਨਹੀਂ ਸਮਝਣਾ ਚਾਹੀਦਾ ਕਿ ਟੀ.ਐੱਸ.ਏ. ਵੱਲੋਂ ਯਾਤਰੀ ਡਾਟਾ ਦੀ ਗੈਰਕਾਨੂੰਨੀ ਸ਼ੇਅਰਿੰਗ ਸਾਬਤ ਹੋ ਚੁੱਕੀ ਹੈ। ਹੁਣ ਸਭ ਤੋਂ ਅਹਿਮ ਗੱਲ ਇਹ ਹੋਵੇਗੀ ਕਿ ਡੀ.ਐੱਚ.ਐੱਸ., ਆਈਸ ਅਤੇ ਟੀ.ਐੱਸ.ਏ. ਇਸ ਪੱਤਰ ਦੇ ਜਵਾਬ ਵਿਚ ਆਪਣੀ ਆਪਸੀ ਜਾਣਕਾਰੀ-ਸਾਂਝ ਅਤੇ ਏਅਰਪੋਰਟ ਇਨਫੋਰਸਮੈਂਟ ਬਾਰੇ ਕੀ ਸਪੱਸ਼ਟੀਕਰਨ ਦਿੰਦੇ ਹਨ।

# ਟਰੰਪ ਸਰਕਾਰ ਦੇ ਨਵੇਂ ਨਿਯਮ ਨੂੰ ਸੰਘੀ ਅਦਾਲਤ 'ਚ ਚੁਣੌਤੀ !

ਵਾਸ਼ਿੰਗਟਨ, (ਪੰਜਾਬ ਮੇਲ)- ਯੂਨੀਅਨਾਂ ਅਤੇ ਹੋਰ ਸੰਸਥਾਵਾਂ ਦੇ ਇੱਕ ਗਰੁੱਪ ਨੇ ਟਰੰਪ ਸਰਕਾਰ ਦੇ ਉਸ ਨਵੇਂ ਨਿਯਮ ਨੂੰ ਸੰਘੀ ਅਦਾਲਤ ਵਿਚ ਚੁਣੌਤੀ ਦਿੱਤੀ ਹੈ, ਜਿਸ ਨਾਲ ਵਿਦੇਸ਼ੀ ਵਿਦਿਆਰਥੀਆਂ, ਐਕਸਚੇਂਜ ਵਿਜ਼ਟਰਾਂ ਅਤੇ ਵਿਦੇਸ਼ੀ ਪੱਤਰਕਾਰਾਂ ਦੇ ਅਮਰੀਕਾ ਵਿਚ ਰਹਿਣ ਦੇ ਸਮੇਂ ਉੱਤੇ ਨਵੀਆਂ ਹੱਦਾਂ ਲਗਾਈਆਂ ਗਈਆਂ ਹਨ। ਇਹ ਕੇਸ ਮੈਸਾਚੂਸੇਟਸ ਦੀ ਸੰਘੀ ਅਦਾਲਤ ਵਿਚ ਦਾਇਰ ਕੀਤਾ ਗਿਆ ਹੈ।

ਨਵੇਂ ਨਿਯਮ ਤਹਿਤ 'ਐੱਫ' ਵੀਜ਼ਾ ਵਾਲੇ ਵਿਦਿਆਰਥੀਆਂ ਅਤੇ 'ਜੇ' ਵੀਜ਼ਾ ਵਾਲੇ ਐਕਸਚੇਂਜ ਵਿਜ਼ਟਰਾਂ ਲਈ ਆਮ ਤੌਰ 'ਤੇ ਵੱਧ ਤੋਂ ਵੱਧ ਚਾਰ ਸਾਲ ਦੀ ਮਿਆਦ ਰੱਖੀ ਗਈ ਹੈ। ਵਿਦੇਸ਼ੀ ਮੀਡੀਆ ਕਰਮਚਾਰੀਆਂ ਦੇ 'ਆਈ' ਵੀਜ਼ੇ ਲਈ ਵੱਧ ਤੋਂ ਵੱਧ 240 ਦਿਨ, ਜਦਕਿ ਚੀਨੀ ਨਾਗਰਿਕਾਂ ਲਈ 90 ਦਿਨ ਦੀ ਹੱਦ ਹੈ। ਪਹਿਲਾਂ ਇਨ੍ਹਾਂ ਵਿਚੋਂ ਬਹੁਤ ਸਾਰੇ ਲੋਕ ਆਪਣੇ ਪੜ੍ਹਾਈ ਦੇ ਪ੍ਰੋਗਰਾਮ ਜਾਂ ਮਨਜ਼ੂਰਸ਼ੁਦਾ ਕੰਮ ਦੀ ਮਿਆਦ ਤੱਕ ਰਹਿ ਸਕਦੇ ਸਨ।

ਕੇਸ ਕਰਨ ਵਾਲੀਆਂ ਸੰਸਥਾਵਾਂ ਦਾ ਕਹਿਣਾ ਹੈ ਕਿ ਨਵਾਂ ਨਿਯਮ ਯੂਨੀਵਰਸਿਟੀਆਂ, ਵਿਦੇਸ਼ੀ ਵਿਦਿਆਰਥੀਆਂ, ਖੋਜ ਕਰਨ ਵਾਲਿਆਂ ਅਤੇ ਪੱਤਰਕਾਰਾਂ ਲਈ ਮੁਸ਼ਕਲਾਂ ਵਧਾਏਗਾ। ਦੂਜੇ ਪਾਸੇ ਡੀ.ਐੱਚ.ਐੱਸ. ਨੇ ਨਿਯਮ ਦਾ ਬਚਾਅ ਕਰਦਿਆਂ ਕਿਹਾ ਹੈ ਕਿ ਸਰਕਾਰ ਵੀਜ਼ਾ ਪ੍ਰਣਾਲੀ ਦੀ ਗਲਤ ਵਰਤੋਂ ਨੂੰ ਰੋਕਣਾ ਚਾਹੁੰਦੀ ਹੈ। ਹੁਣ ਅਦਾਲਤ ਤੈਅ ਕਰੇਗੀ ਕਿ ਇਸ ਨਿਯਮ ਨੂੰ ਕਾਨੂੰਨੀ ਚੁਣੌਤੀ ਦੇ ਆਧਾਰ 'ਤੇ ਰੋਕਿਆ ਜਾਂ ਬਰਕਰਾਰ ਰੱਖਿਆ ਜਾਵੇ।

# ਗੁਰਦੁਆਰਿਆਂ ਅਤੇ ਹੋਰ ਧਾਰਮਿਕ ਥਾਵਾਂ 'ਤੇ ਆਈਸ ਕਾਰਵਾਈ ਨੂੰ ਝਟਕਾ

ਵਾਸ਼ਿੰਗਟਨ, (ਪੰਜਾਬ ਮੇਲ)- ਅਮਰੀਕਾ ਵਿਚ ਧਾਰਮਿਕ ਥਾਵਾਂ 'ਤੇ ਇਮੀਗ੍ਰੇਸ਼ਨ ਕਾਰਵਾਈ ਨੂੰ ਲੈ ਕੇ ਇੱਕ ਅਹਿਮ ਅਦਾਲਤੀ ਫੈਸਲਾ ਸਾਹਮਣੇ ਆਇਆ ਹੈ। ਯੂ.ਐੱਸ. ਕੋਰਟ ਆਫ ਅਪੀਲਸ ਫਾਰ ਦ ਫੋਰਥ ਸਰਕਟ ਦੀ ਤਿੰਨ ਜੱਜਾਂ ਵਾਲੀ ਬੈਂਚ ਨੇ ਹੇਠਲੀ ਅਦਾਲਤ ਦੇ ਉਸ ਅੰਤਰਿਮ ਹੁਕਮ ਨੂੰ ਬਰਕਰਾਰ ਰੱਖਿਆ ਹੈ, ਜੋ ਕੁਝ ਸਿੱਖ, ਕਵੇਕਰ ਅਤੇ ਬੈਪਟਿਸਟ ਧਾਰਮਿਕ ਸੰਸਥਾਵਾਂ ਨਾਲ ਜੁੜੀਆਂ ਥਾਵਾਂ 'ਤੇ ਡਿਪਾਰਟਮੈਂਟ ਆਫ ਹੋਮਲੈਂਡ ਸਕਿਓਰਿਟੀ ਦੀ ਇਮੀਗ੍ਰੇਸ਼ਨ ਇਨਫੋਰਸਮੈਂਟ ਨੂੰ ਸੀਮਤ ਕਰਦਾ ਹੈ। ਇਹ ਫੈਸਲਾ 18 ਅਗਸਤ ਨੂੰ ਆਇਆ ਅਤੇ 19-20 ਅਗਸਤ ਨੂੰ ਇਸ ਦੀ ਵਿਆਪਕ ਰਿਪੋਰਟਿੰਗ ਹੋਈ।

ਇਹ ਮਾਮਲਾ ਖਾਸ ਤੌਰ 'ਤੇ ਸਿੱਖ ਭਾਈਚਾਰੇ ਲਈ ਮਹੱਤਵਪੂਰਨ ਹੈ, ਕਿਉਂਕਿ ਮੁਕੱਦਮਾ ਕਰਨ ਵਾਲਿਆਂ ਵਿਚ ਗੁਰਦੁਆਰਾ ਸਾਹਿਬ ਵੈਸਟ ਸੈਕਰਾਮੈਂਟੋ ਵੀ ਸ਼ਾਮਲ ਹੈ। ਅਦਾਲਤੀ ਰਿਕਾਰਡ ਮੁਤਾਬਕ ਇਸ ਗੁਰਦੁਆਰੇ ਨਾਲ ਲਗਭਗ 30,000 ਸਿੱਖਾਂ ਦੀ ਕਮਿਊਨਿਟੀ ਜੁੜੀ ਦੱਸੀ ਗਈ ਹੈ। ਕੋਅਪ੍ਰੇਟਿਵ ਬੈਪਟਿਸਟ ਫੈਲੋਸ਼ਿਪ ਅਤੇ 6 ਕੁਏਕਰ ਮੀਟਿੰਗਾਂ ਵੀ ਇਸ ਕੇਸ ਦੇ ਮੁੱਦਈ ਹਨ।

ਵਿਵਾਦ ਦੀ ਸ਼ੁਰੂਆਤ ਟਰੰਪ ਪ੍ਰਸ਼ਾਸਨ ਵੱਲੋਂ 2025 ਵਿਚ ਪੁਰਾਣੀ "ਸੁਰੱਖਿਅਤ ਖੇਤਰ" ਨੀਤੀ ਨੂੰ ਵਾਪਸ ਲੈਣ ਤੋਂ ਹੋਈ ਸੀ। ਪਹਿਲਾਂ ਚਰਚਾਂ, ਗੁਰਦੁਆਰਿਆਂ, ਸਕੂਲਾਂ ਅਤੇ ਹਸਪਤਾਲਾਂ ਵਰਗੀਆਂ ਥਾਵਾਂ ਦੇ ਨੇੜੇ ਇਮੀਗ੍ਰੇਸ਼ਨ ਇਨਫੋਰਸਮੈਂਟ ਉੱਤੇ ਵਧੇਰੇ ਪਾਬੰਦੀਆਂ ਸਨ। ਨਵੀਂ ਨੀਤੀ ਵਿਚ ਅਫਸਰਾਂ ਨੂੰ ਹਾਲਾਤ ਦੇ ਅਨੁਸਾਰ ਆਪਣੀ ਸਮਝ ਵਰਤਣ ਦੀ ਵਧੇਰੇ ਛੂਟ ਦਿੱਤੀ ਗਈ ਸੀ।

ਧਾਰਮਿਕ ਸੰਸਥਾਵਾਂ ਨੇ ਦਲੀਲ ਦਿੱਤੀ ਕਿ ਆਈਸ ਕਾਰਵਾਈ ਦੇ ਡਰ ਕਾਰਨ ਇਮੀਗ੍ਰੈਂਟ ਫੈਮਿਲੀਜ਼ ਧਾਰਮਿਕ ਸਮਾਗਮਾਂ ਵਿਚ ਆਉਣ

**ਫੈਡਰਲ ਅਪੀਲ ਕੋਰਟ ਵੱਲੋਂ ਪਾਬੰਦੀ ਬਰਕਰਾਰ**

ਤੋਂ ਘਬਰਾਉਣ ਲੱਗੀਆਂ ਹਨ। ਅਪੀਲ ਕੋਰਟ ਦੀ ਜੱਜ ਬਾਰਬਾਰਾ ਮਿਲਾਨੋ ਕੀਨਨ ਨੇ ਲਿਖਿਆ ਕਿ ਸਬੂਤ ਦਰਸਾਉਂਦੇ ਹਨ ਕਿ ਨਵੀਂ ਨੀਤੀ ਦਾ ਕੋਨਗਰੇਗੇਸ਼ਨਸ ਉੱਤੇ "ਚਿਲਿੰਗ ਇਫੈਕਟ" ਪਿਆ ਅਤੇ ਸਿੱਖ ਮੁਦਈਆਂ ਸਮੇਤ ਕੁਝ ਸੰਸਥਾਵਾਂ ਵਿਚ ਹਾਜ਼ਰੀ ਘਟੀ। ਅਦਾਲਤ ਨੇ ਮੰਨਿਆ ਕਿ ਮੁੱਦਈਆਂ ਦੇ ਧਾਰਮਿਕ ਆਜ਼ਾਦੀ ਨਾਲ ਜੁੜੇ ਹੱਕਾਂ ਉੱਤੇ ਗੰਭੀਰ ਬੋਝ ਪੈਣ ਦਾ ਮਜ਼ਬੂਤ ਆਧਾਰ ਹੈ।

ਪਰ ਇੱਥੇ ਇੱਕ ਬਹੁਤ ਮਹੱਤਵਪੂਰਨ ਗੱਲ ਸਪੱਸ਼ਟ ਕਰਨੀ ਜ਼ਰੂਰੀ ਹੈ। ਇਹ ਫੈਸਲਾ ਅਮਰੀਕਾ ਦੇ ਹਰ ਗੁਰਦੁਆਰੇ, ਮੰਦਰ, ਮਸਜਿਦ ਜਾਂ ਚਰਚ ਲਈ ਪੂਰੀ ਦੇਸ਼ ਵਿਆਪੀ ਪਾਬੰਦੀ ਨਹੀਂ ਹੈ। ਅਦਾਲਤ ਨੇ ਹੁਕਮ ਨੂੰ ਸੀਮਤ ਰੱਖਿਆ ਹੈ। ਕੁਝ ਰਿਪੋਰਟਾਂ ਇਸ ਸੁਰੱਖਿਆ ਨੂੰ ਮੁਦਈਆਂ ਨਾਲ ਸੰਬੰਧਿਤ 1,400 ਤੋਂ ਵੱਧ ਪੂਜਾ ਦੇ ਘਰ ਨਾਲ ਜੋੜਦੀਆਂ ਹਨ, ਪਰ ਅਦਾਲਤੀ ਹੁਕਮ ਦਾ ਦਾਇਰਾ ਮੁਦਈਆਂ ਅਤੇ ਉਨ੍ਹਾਂ ਨਾਲ ਜੁੜੀਆਂ ਸੁਰੱਖਿਅਤ ਸਥਾਨਾਂ ਨਾਲ ਹੀ ਸਮਝਣਾ ਚਾਹੀਦਾ ਹੈ।

ਇਸ ਤੋਂ ਇਲਾਵਾ ਇਹ ਵੀ ਨਹੀਂ ਕਿਹਾ ਜਾ ਸਕਦਾ ਕਿ ਆਈਸ ਕਿਸੇ ਵੀ ਹਾਲਤ ਵਿਚ ਇਨ੍ਹਾਂ ਥਾਵਾਂ 'ਤੇ ਕਾਰਵਾਈ ਨਹੀਂ ਕਰ ਸਕਦੀ। ਅਦਾਲਤ ਨੇ ਸਪੱਸ਼ਟ ਕੀਤਾ ਕਿ ਐਡਮਿਨਿਸਟ੍ਰੇਟਿਵ ਜਾਂ ਨਿਆਂਇਕ ਵਾਰੰਟ, ਕਿਸੇ ਸ਼ੱਕੀ ਦਾ ਪਿੱਛਾ ਕਰਨ, ਹਿੰਸਾ ਦੇ ਖਤਰੇ ਜਾਂ ਹੋਰ ਸੰਕਟਕਾਲੀਨ ਵਰਗੀਆਂ ਸਥਿਤੀਆਂ ਵਿਚ ਇਨਫੋਰਸਮੈਂਟ ਲਈ ਅਪਵਾਦ ਹੋ ਸਕਦੀਆਂ ਹਨ।

ਰੋਜ਼ਾਨਾ ਤਾਜ਼ੀਆਂ ਖ਼ਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ
ਵੈੱਬਸਾਈਟ 'ਤੇ ਕਲਿੱਕ ਕਰੋ :
www.punjabmailusa.com

# ਆਈਸ ਹਿਰਾਸਤ 'ਚ ਲੋਕਾਂ ਲਈ ਬਾਂਡ ਦਾ ਹੱਕ ਵੱਡਾ ਕਾਨੂੰਨੀ ਮੁੱਦਾ

ਵਾਸ਼ਿੰਗਟਨ, (ਪੰਜਾਬ ਮੇਲ)- ਟਰੰਪ ਪ੍ਰਸ਼ਾਸਨ ਦੀ ਸਖ਼ਤ ਇਮੀਗ੍ਰੇਸ਼ਨ ਨੀਤੀ ਹੇਠ ਆਈਸ ਵੱਲੋਂ ਹਿਰਾਸਤ ਵਿਚ ਲਏ ਗਏ ਬਹੁਤ ਸਾਰੇ ਪ੍ਰਵਾਸੀਆਂ ਨੂੰ ਇਮੀਗ੍ਰੇਸ਼ਨ ਜੱਜ ਕੋਲੋਂ ਬਾਂਡ ਲੈ ਕੇ ਬਾਹਰ ਆਉਣ ਦਾ ਮੌਕਾ ਮਿਲੇਗਾ ਜਾਂ ਨਹੀਂ, ਇਹ ਅਮਰੀਕਾ ਵਿਚ ਇੱਕ ਵੱਡੀ ਕਾਨੂੰਨੀ ਲੜਾਈ ਬਣ ਚੁੱਕੀ ਹੈ। ਪ੍ਰਸ਼ਾਸਨ ਨੇ ਜੁਲਾਈ 2025 ਵਿਚ ਆਪਣੀ ਨੀਤੀ ਬਦਲਦਿਆਂ ਅਮਰੀਕਾ ਦੇ ਅੰਦਰ ਗ੍ਰਿਫ਼ਤਾਰ ਕੀਤੇ ਗਏ ਕਈ ਗੈਰ-ਨਾਗਰਿਕਾਂ ਲਈ ਵੀ ਲਾਜ਼ਮੀ ਡਿਟੈਂਨਸ਼ਨ ਦਾ ਦਾਇਰਾ ਵਧਾਉਣ ਦੀ ਕੋਸ਼ਿਸ਼ ਕੀਤੀ ਸੀ। ਇਸ ਨਾਲ ਅਜਿਹੇ ਲੋਕ ਵੀ ਪ੍ਰਭਾਵਿਤ ਹੋਏ, ਜਿਨ੍ਹਾਂ ਦਾ ਕੋਈ ਅਪਰਾਧਿਕ ਰਿਕਾਰਡ ਨਹੀਂ ਸੀ ਅਤੇ ਜਿਨ੍ਹਾਂ ਨੂੰ ਪਹਿਲਾਂ ਇਮੀਗ੍ਰੇਸ਼ਨ ਜੱਜ ਸਾਹਮਣੇ ਬਾਂਡ ਮੰਗਣ ਦਾ ਮੌਕਾ ਮਿਲ ਸਕਦਾ ਸੀ।

ਪਰ ਇਸ ਨੀਤੀ ਨੂੰ ਲੈ ਕੇ ਫੈਡਰਲ ਅਪੀਲਜ਼ ਕੋਰਟ ਵਿਚ ਵੱਡਾ ਮਤਭੇਦ ਪੈਦਾ ਹੋ ਗਿਆ ਹੈ। ਸਭ ਤੋਂ

**ਫੈਡਰਲ ਅਦਾਲਤਾਂ ਵਿਚ ਵੱਖ-ਵੱਖ ਫੈਸਲੇ**

ਮਹੱਤਵਪੂਰਨ ਤਾਜ਼ਾ ਵਿਕਾਸ ਵਿਚ 30 ਜੁਲਾਈ 2026 ਨੂੰ ਸਾਨ ਫਰਾਂਸਿਸਕੋ ਸਥਿਤ ਨੌਵੀਂ ਸਰਕਟ ਕੋਰਟ ਆਫ ਅਪੀਲਸ ਨੇ 2-1 ਦੇ ਫੈਸਲੇ ਨਾਲ ਕਿਹਾ ਕਿ ਟਰੰਪ ਪ੍ਰਸ਼ਾਸਨ ਅਮਰੀਕਾ ਦੇ ਅੰਦਰ ਹਿਰਾਸਤ ਵਿਚ ਲਏ ਪ੍ਰਵਾਸੀਆਂ ਨੂੰ ਹਰ ਹਾਲਤ ਵਿਚ ਬਾਂਡ ਦਾ ਮੌਕਾ ਦੇਣ ਤੋਂ ਇਨਕਾਰ ਨਹੀਂ ਕਰ ਸਕਦਾ। ਇਸ ਫੈਸਲੇ ਵਿਚ ਟਰੰਪ ਵੱਲੋਂ ਨਿਯੁਕਤ ਜੱਜ ਡੈਨੀਅਲ ਬ੍ਰੇਸ ਵੀ ਬਹੁਮਤ ਵਿਚ ਸ਼ਾਮਲ ਸਨ।

ਇਸ ਤੋਂ ਪਹਿਲਾਂ ਦੂਜੀ ਅਤੇ ਗਿਆਰਵੀਂ ਸਰਕਟ ਸਮੇਤ ਹੋਰ ਅਪੀਲੀ ਅਦਾਲਤਾਂ ਵੀ ਪ੍ਰਸ਼ਾਸਨ ਦੀ ਨੋ-ਬਾਂਡ ਪਾਲਿਸੀ ਦੇ ਖ਼ਿਲਾਫ਼ ਫੈਸਲੇ ਦੇ ਚੁੱਕੇ ਹਨ। ਦੂਜੇ ਪਾਸੇ ਪੰਜਵੀਂ ਸਰਕਟ ਅਤੇ ਅੱਠਵੀਂ ਸਰਕਟ ਨੇ ਟਰੰਪ ਪ੍ਰਸ਼ਾਸਨ ਦੇ ਹੱਕ ਵਿਚ ਫੈਸਲੇ



ਦਿੱਤੇ ਹਨ ਅਤੇ ਲਾਜ਼ਮੀ ਡਿਟੈਂਨਸ਼ਨ ਦੀ ਨੀਤੀ ਨੂੰ ਕਾਨੂੰਨੀ ਮੰਨਿਆ ਹੈ। ਇਸ ਕਾਰਨ ਅਮਰੀਕਾ ਦੇ ਵੱਖ-ਵੱਖ ਹਿੱਸਿਆਂ ਵਿਚ ਇੱਕੋ ਇਮੀਗ੍ਰੇਸ਼ਨ ਪਾਲਿਸੀ ਬਾਰੇ ਵੱਖਰੀ ਕਾਨੂੰਨੀ ਸਥਿਤੀ ਬਣੀ ਹੋਈ ਹੈ।

ਇਸ ਵਿਵਾਦ ਦਾ ਸਿੱਧਾ ਅਸਰ ਆਈਸ ਡਿਟੈਂਨਸ਼ਨ ਵਿਚ ਬੰਦ ਲੋਕਾਂ ਉੱਤੇ ਪੈਂਦਾ ਹੈ। ਜਿੱਥੇ ਬਾਂਡ ਸੁਣਵਾਈ ਦਾ ਮੌਕਾ ਨਹੀਂ ਮਿਲਦਾ, ਉੱਥੇ ਕਿਸੇ ਵਿਅਕਤੀ ਨੂੰ ਆਪਣਾ ਡਿਪੋਰਟੇਸ਼ਨ ਕੇਸ ਚੱਲਣ ਦੌਰਾਨ ਲੰਬੇ ਸਮੇਂ ਤੱਕ ਡਿਟੈਂਨਸ਼ਨ ਸੈਂਟਰ ਵਿਚ ਰਹਿਣਾ ਪੈ ਸਕਦਾ ਹੈ। ਇਸਦੇ ਉਲਟ ਬਾਂਡ ਸੁਣਵਾਈ ਮਿਲਣ ਦਾ ਮਤਲਬ ਵੀ ਆਟੋਮੈਟਿਕ ਰੀਲੀਜ਼ ਨਹੀਂ ਹੈ—ਇਮੀਗ੍ਰੇਸ਼ਨ ਜੱਜ ਵਿਅਕਤੀ ਦੇ ਕੇਸ, ਫਲਾਈਟ ਰਿਸਕ ਅਤੇ ਪਬਲਿਕ ਸੇਫਟੀ ਵਰਗੇ ਫੈਕਟਰਾਂ ਦੇ ਆਧਾਰ 'ਤੇ ਬਾਂਡ ਦੇਣ ਜਾਂ ਨਾ ਦੇਣ ਦਾ ਫੈਸਲਾ ਕਰਦਾ ਹੈ।

ਹੁਣ ਇਹ ਮਾਮਲਾ ਹੋਰ ਵੀ ਮਹੱਤਵਪੂਰਨ ਹੋ ਗਿਆ ਹੈ ਕਿਉਂਕਿ ਫੈਡਰਲ ਅਪੀਲੀ ਅਦਾਲਤਾਂ ਵਿਚ ਵੱਖ-ਵੱਖ ਫੈਸਲੇ ਆਉਣ ਕਾਰਨ ਅਮਰੀਕੀ ਸੁਪਰੀਮ ਕੋਰਟ ਵੱਲੋਂ ਆਖ਼ਰਕਾਰ ਇਸ ਮੁੱਦੇ ਨੂੰ ਸੁਣੇ ਜਾਣ ਦੀ ਸੰਭਾਵਨਾ ਵਧ ਗਈ ਹੈ। ਪ੍ਰਸ਼ਾਸਨ ਸੁਪਰੀਮ ਕੋਰਟ ਨੂੰ ਇਸ ਮਾਮਲੇ ਵਿਚ ਦਖ਼ਲ ਦੇਣ ਲਈ ਕਹਿ ਚੁੱਕਾ ਹੈ।

ਇਸ ਲਈ ਇਹ ਕਹਿਣਾ ਸਹੀ ਨਹੀਂ ਹੋਵੇਗਾ ਕਿ "ਹੁਣ ਸਾਰੇ ਆਈਸ ਨਜ਼ਰਬੰਦਾਂ ਨੂੰ ਬਾਂਡ ਨਹੀਂ ਮਿਲੇਗਾ" ਜਾਂ "ਸਾਰਿਆਂ ਨੂੰ ਬਾਂਡ ਮਿਲੇਗਾ।" ਮੌਜੂਦਾ ਸਥਿਤੀ ਵਿਅਕਤੀ ਦੇ ਕੇਸ, ਡਿਟੈਂਨਸ਼ਨ ਦੇ ਕਾਨੂੰਨੀ ਆਧਾਰ ਅਤੇ ਉਸ ਉੱਤੇ ਲਾਗੂ ਫੈਡਰਲ ਸਰਕਟ ਦੇ ਫੈਸਲੇ ਉੱਤੇ ਨਿਰਭਰ ਕਰ ਸਕਦੀ ਹੈ।

# ਅਮਰੀਕਾ 'ਚ ਲਾਇਸੈਂਸ ਪਲੇਟ ਕੈਮਰਿਆਂ ਖਿਲਾਫ਼ ਵਧਿਆ ਵਿਰੋਧ

ਵਾਸ਼ਿੰਗਟਨ, (ਪੰਜਾਬ ਮੇਲ)- ਅਮਰੀਕਾ ਵਿਚ ਪੁਲਿਸ ਅਤੇ ਹੋਰ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਨੇ ਆਟੋਮੈਟਿਕ ਲਾਇਸੈਂਸ ਪਲੇਟ ਰੀਡਰ ਕੈਮਰੇ ਫਿੱਟ ਕੀਤੇ ਹਨ, ਜੋ ਮੁੱਖ ਤੌਰ 'ਤੇ ਚੋਰੀ ਹੋਈਆਂ ਗੱਡੀਆਂ, ਅਪਰਾਧ ਵਿਚ ਵਰਤੇ ਵਾਹਨਾਂ ਅਤੇ ਸ਼ੱਕੀ ਗੱਡੀਆਂ ਨੂੰ ਜਲਦੀ ਲੱਭਣ ਲਈ ਹੁੰਦੇ ਹਨ। ਇਹ ਕੈਮਰੇ ਸੜਕ ਤੋਂ ਲੰਘਣ ਵਾਲੀਆਂ ਗੱਡੀਆਂ ਦੀਆਂ ਨੰਬਰ ਪਲੇਟਾਂ ਆਪਣੇ ਆਪ ਸਕੈਨ ਕਰਦੇ ਹਨ, ਤਾਂ ਜੋ ਪੁਲਿਸ ਨੂੰ ਜਾਂਚ ਅਤੇ ਅਪਰਾਧੀਆਂ ਦੀ ਪਛਾਣ ਵਿਚ ਮਦਦ ਮਿਲ ਸਕੇ।

ਪਰ ਹੁਣ ਇਹੀ ਕੈਮਰੇ ਅਮਰੀਕਾ ਵਿਚ ਵੱਡੀ ਬਹਿਸ ਦਾ ਕਾਰਨ ਬਣ ਰਹੇ ਹਨ, ਕਿਉਂਕਿ ਬਹੁਤ ਸਾਰੇ ਲੋਕਾਂ ਨੂੰ ਡਰ ਹੈ ਕਿ ਅਪਰਾਧ ਰੋਕਣ ਦੇ ਨਾਂ 'ਤੇ ਉਨ੍ਹਾਂ ਦੀ ਰੋਜ਼ਾਨਾ ਆਵਾਜਾਈ ਅਤੇ ਨਿੱਜੀ ਸਰਗਰਮੀਆਂ ਦਾ ਰਿਕਾਰਡ ਵੀ ਇਕੱਠਾ ਕੀਤਾ ਜਾ ਰਿਹਾ ਹੈ।

ਅਮਰੀਕਾ ਵਿਚ ਵਾਹਨਾਂ ਦੀਆਂ ਲਾਇਸੈਂਸ ਪਲੇਟਾਂ ਨੂੰ ਆਪਣੇ ਆਪ ਪੜ੍ਹਨ ਅਤੇ ਰਿਕਾਰਡ ਕਰਨ ਵਾਲੇ ਕੈਮਰਿਆਂ ਨੂੰ ਲੈ ਕੇ ਲੋਕਾਂ ਵਿਚ ਨਿੱਜਤਾ ਸਬੰਧੀ ਚਿੰਤਾ ਵਧਦੀ ਜਾ ਰਹੀ ਹੈ। ਰਿਪੋਰਟ ਮੁਤਾਬਕ ਦੇਸ਼ ਦੇ ਵੱਖ-ਵੱਖ ਹਿੱਸਿਆਂ ਵਿਚ ਕੁਝ ਲੋਕਾਂ ਵੱਲੋਂ ਅਜਿਹੇ ਕੈਮਰਿਆਂ ਨੂੰ ਨੁਕਸਾਨ ਪਹੁੰਚਾਉਣ, ਉਨ੍ਹਾਂ ਉੱਤੇ ਰੰਗ ਕਰਨ ਜਾਂ ਉਨ੍ਹਾਂ ਨੂੰ ਹਟਾਉਣ ਦੀਆਂ ਘਟਨਾਵਾਂ ਸਾਹਮਣੇ ਆ ਰਹੀਆਂ ਹਨ।

DeFlock.org ਨਾਮੀ ਇੱਕ ਜਨਤਕ ਟਰੈਕਰ ਮੁਤਾਬਕ ਅਮਰੀਕਾ ਵਿਚ 1 ਲੱਖ 30 ਹਜ਼ਾਰ ਤੋਂ ਵੱਧ ਆਟੋਮੈਟਿਕ ਲਾਇਸੈਂਸ ਪਲੇਟ ਰੀਡਰ ਲੱਗੇ ਹੋਏ ਹਨ। ਪੁਲਿਸ ਅਤੇ ਹੋਰ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਇਨ੍ਹਾਂ ਕੈਮਰਿਆਂ ਨੂੰ ਅਪਰਾਧ ਦੀ ਜਾਂਚ ਵਿਚ ਮਦਦਗਾਰ ਦੱਸਦੀਆਂ ਹਨ। ਇਹ ਕੈਮਰੇ ਸੜਕਾਂ ਤੋਂ ਲੰਘ ਰਹੀਆਂ ਗੱਡੀਆਂ ਦੀਆਂ ਪਲੇਟਾਂ ਨੂੰ ਸਕੈਨ ਕਰਕੇ ਜਾਣਕਾਰੀ ਸੰਭਾਲਦੇ ਹਨ, ਜਿਸ ਨਾਲ ਚੋਰੀ ਦੀ ਗੱਡੀ ਜਾਂ ਕਿਸੇ ਸ਼ੱਕੀ ਵਾਹਨ ਨੂੰ ਲੱਭਣ ਵਿਚ ਮਦਦ ਮਿਲ ਸਕਦੀ ਹੈ।

ਦੂਜੇ ਪਾਸੇ ਨਿੱਜਤਾ ਦੇ ਹੱਕਾਂ ਲਈ ਕੰਮ ਕਰਨ ਵਾਲੀਆਂ ਸੰਸਥਾਵਾਂ ਦਾ ਕਹਿਣਾ ਹੈ ਕਿ ਇਹ ਪ੍ਰਣਾਲੀ ਲੋਕਾਂ ਦੀ ਰੋਜ਼ਾਨਾ ਆਵਾਜਾਈ ਦਾ ਰਿਕਾਰਡ ਵੀ ਤਿਆਰ ਕਰ ਸਕਦੀ ਹੈ। ਉਨ੍ਹਾਂ ਦੀ ਚਿੰਤਾ ਹੈ ਕਿ ਇਸ ਜਾਣਕਾਰੀ ਰਾਹੀਂ ਇਹ ਪਤਾ ਲੱਗ ਸਕਦਾ ਹੈ ਕਿ ਕੋਈ ਵਿਅਕਤੀ ਕਿਹੜੇ ਡਾਕਟਰ ਕੋਲ ਗਿਆ, ਕਿਸ ਧਾਰਮਿਕ ਥਾਂ, ਦੁਕਾਨ ਜਾਂ ਹੋਰ ਸਥਾਨ 'ਤੇ ਗਿਆ।

ਰਿਪੋਰਟ ਅਨੁਸਾਰ ਕੁਝ ਕਾਨੂੰਨ ਲਾਗੂ ਕਰਨ ਵਾਲੇ ਅਧਿਕਾਰੀਆਂ ਉੱਤੇ ਕੈਮਰਿਆਂ ਦੇ ਡਾਟੇ ਦੀ ਗਲਤ ਵਰਤੋਂ ਕਰਨ ਦੇ ਦੋਸ਼ ਵੀ ਲੱਗੇ ਹਨ। ਇਹ ਵੀ ਰਿਪੋਰਟ ਕੀਤਾ ਗਿਆ ਕਿ ਅਮਰੀਕੀ ਇਮੀਗ੍ਰੇਸ਼ਨ ਏਜੰਸੀ ਆਈਸ ਨੇ ਕੁਝ ਮਾਮਲਿਆਂ ਵਿਚ ਸਥਾਨਕ ਏਜੰਸੀਆਂ ਰਾਹੀਂ ਇਸ ਡਾਟਾਬੇਸ ਦੀ ਵਰਤੋਂ ਇਮੀਗ੍ਰੇਸ਼ਨ ਸਬੰਧੀ ਖੋਜਾਂ ਲਈ ਕੀਤੀ।

ਅਧਿਕਾਰੀਆਂ ਨੇ ਸਾਫ਼ ਕੀਤਾ ਹੈ ਕਿ ਸਰਕਾਰੀ ਜਾਂ ਨਿੱਜੀ ਜਾਇਦਾਦ ਨੂੰ ਤੋੜਨਾ ਕਾਨੂੰਨੀ ਤੌਰ 'ਤੇ ਜੁਰਮ ਹੈ। ਇਸ ਲਈ ਲਾਇਸੈਂਸ ਪਲੇਟ ਕੈਮਰਿਆਂ ਬਾਰੇ ਚੱਲ ਰਹੀ ਬਹਿਸ ਹੁਣ ਅਪਰਾਧ ਰੋਕਥਾਮ ਅਤੇ ਲੋਕਾਂ ਦੀ ਨਿੱਜਤਾ ਦੇ ਹੱਕ ਵਿਚਕਾਰ ਇੱਕ ਵੱਡਾ ਰਾਸ਼ਟਰੀ ਮੁੱਦਾ ਬਣਦੀ ਜਾ ਰਹੀ ਹੈ।

ਰੋਜ਼ਾਨਾ ਤਾਜ਼ੀਆਂ ਖ਼ਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ
ਵੈੱਬਸਾਈਟ 'ਤੇ ਕਲਿੱਕ ਕਰੋ :
www.punjabmailusa.com

# "ਮੇਲਾ ਮਾਵਾਂ ਅਤੇ ਧੀਆਂ ਦਾ" ਪਲੇਠੇ ਪ੍ਰੋਗਰਾਮ ਨੇ ਕਰਮਨ ਸ਼ਹਿਰ ਨੂੰ ਦਿੱਤੀ ਸੱਭਿਆਚਾਰਕ ਰੰਗਤ

## "ਪੰਜਾਬੀਆਂ ਦੇ ਨਾਲ ਅਮਰੀਕਨ ਵੀ ਨੱਚੇ"



**ਫਰਿਜ਼ਨੋ, (ਧਾਲੀਆਂ/ ਮਾਛੀਕੇ/ ਪੰਜਾਬ ਮੇਲ)**- ਫਰਿਜ਼ਨੋ ਦਾ ਨਜ਼ਦੀਕੀ ਸ਼ਹਿਰ ਕਰਮਨ ਪੰਜਾਬੀ ਭਾਈਚਾਰੇ ਦਾ ਪਸੰਦੀਦਾ ਸਥਾਨ ਬਣ ਗਿਆ ਹੈ। ਇੱਥੇ ਪੰਜਾਬੀ ਭਾਈਚਾਰੇ ਦੀ ਵੱਸੋਂ ਵੀ ਬਹੁਤ ਵੱਡੀ ਗਿਣਤੀ ਵਿਚ ਹੈ। ਪਰ ਇੱਥੇ ਪਹਿਲੀ ਵਾਰ ਗੁਰਮੋਹਨ ਕੌਰ ਉੱਭੀ, ਕਿਰਨਜੋਤ ਕੌਰ ਢੇਸੀ, ਜਸਵੀਰ ਕੌਰ ਹੀਰ, ਪਰਮਜੀਤ ਕੌਰ ਗਰੇਵਾਲ, ਨਛੱਤਰ ਕੌਰ ਬਾਸੀ, ਜਗਜੋਤ ਕੌਰ ਢੇਸੀ, ਭਜਨ ਕੌਰ ਢੇਸੀ ਦੇ ਯਤਨਾਂ ਸਦਕਾ "ਮਾਵਾਂ ਅਤੇ ਧੀਆਂ ਦਾ ਮੇਲਾ" ਕਰਵਾਇਆ ਗਿਆ।

ਇਹ ਪ੍ਰੋਗਰਾਮ ਰੋਟਰੀ ਪਾਰਕ ਕਰਮਨ ਦੀਆਂ ਖੁੱਲ੍ਹੀਆਂ ਗਰਾਊਡਾ ਵਿਚ, ਦਰੱਖਤਾਂ ਦੀ ਛਾਂਵੇਂ ਸ਼ੁਰੂ ਹੋਇਆ ਅਤੇ ਹਨੇਰਾ ਹੋਣ 'ਤੇ ਲਾਈਟਾਂ ਦੀ ਰੌਸ਼ਨੀ ਵਿਚ ਲੰਮਾ ਸਮਾਂ ਚੱਲਿਆ। ਇਸ ਵਿਚ ਇਲਾਕੇ ਭਰ ਤੋਂ ਮਾਵਾਂ, ਧੀਆਂ ਅਤੇ ਭੈਣਾਂ ਨੇ ਰਲ ਲਾਈਵ ਬੋਲੀਆਂ ਪਾਉਂਦੇ ਹੋਏ ਰਿਵਾਇਤੀ ਢੰਗ ਨਾਲ ਖੁਸ਼ੀਆਂ ਮਨਾਈਆਂ। ਇਸ ਦੇ ਨਾਲ-ਨਾਲ ਐੱਨ.ਡੀ. ਬ੍ਰਦਰਜ਼ ਵੱਲੋਂ ਡੀ.ਜੇ. ਦੀਆਂ ਸੇਵਾਵਾਂ ਵੀ ਦਿੱਤੀਆਂ ਗਈਆਂ। ਇਸ ਪ੍ਰੋਗਰਾਮ ਦਾ ਮਹੌਲ ਵੀ ਜਿੱਥੇ ਮਾਵਾਂ-ਧੀਆਂ ਦੇ ਵਿਰਾਸਤੀ ਰੰਗਾਂ ਦੀ ਯਾਦ ਦਿਵਾਉਂਦਾ ਸੀ, ਉਥੇ ਤੀਆਂ ਵਾਂਗ ਪੈ ਰਹੇ ਵੱਖ-ਵੱਖ ਗਰੁੱਪਾਂ ਵਿਚ ਗਿੱਧੇ ਨੇ ਵੀ ਖੂਬ ਰੌਣਕਾਂ ਲਾਈਆਂ ਹੋਈਆਂ ਸਨ। ਇਸ ਪਰਿਵਾਰਿਕ ਪ੍ਰੋਗਰਾਮ ਦੌਰਾਨ ਖਾਣਿਆਂ ਦੇ ਸਟਾਲਾਂ ਤੋਂ ਇਲਾਵਾ ਗਹਿਣੇ ਅਤੇ ਕੱਪੜਿਆਂ ਦੇ ਸਟਾਲ ਵੀ ਹਾਜ਼ਰ ਔਰਤਾਂ ਲਈ ਖਿੱਚ ਦਾ ਕੇਂਦਰ ਰਹੇ।

ਇਸ ਮੇਲੇ ਦੌਰਾਨ ਵੱਖ-ਵੱਖ ਅਮਰੀਕੀ ਰਾਜਨੀਤਿਕ ਪਾਰਟੀਆਂ ਦੇ ਆਗੂ ਵੀ ਸ਼ਾਮਲ ਹੋਏ ਅਤੇ ਅੱਗੇ ਤੋਂ ਇਸੇ ਤਰ੍ਹਾਂ ਸਮਰਥਨ ਦੇਣ ਦੀ ਵਚਨਬੱਧਤਾ ਪ੍ਰਗਟਾਈ। ਕਰਮਨ ਸ਼ਹਿਰ ਦੀ ਅਮਰੀਕਨ ਮੂਲ ਦੀ ਮੇਅਰ ਮਰੀਆ ਪੈਚੀਕੋ ਨੇ ਮੇਲੇ ਵਿਚ ਸ਼ਾਮਲ ਹੋ ਕੇ ਜਿੱਥੇ ਵਿਚਾਰਾਂ ਦੀ ਸਾਂਝ ਪਾਈ, ਉੱਥੇ ਔਰਤਾਂ ਨਾਲ ਰਲ ਕੇ ਸਾਰੇ ਪ੍ਰੋਗਰਾਮ ਦੌਰਾਨ ਨੱਚਦੀ ਨਜ਼ਰ ਆਈ। ਕਰਮਨ ਸ਼ਹਿਰ ਦੀ ਪੁਲਿਸ ਵੱਲੋਂ ਨੁਮਾਇੰਦਗੀ ਕਰਦੇ ਹੋਏ ਅਫਸਰ ਬੀਬੀ ਟੈਰੀ ਕੱਬਉਜ ਅਤੇ ਹੋਰ ਵੀ ਅਮਰੀਕਨ ਮੂਲ ਦੀਆਂ ਔਰਤਾਂ ਅਤੇ ਬੱਚੀਆਂ ਨੇ ਪੰਜਾਬੀਆਂ ਨਾਲ ਰਲ ਕੇ ਖੂਬ ਅਨੰਦ ਮਾਣਿਆ। ਬੇਸ਼ੱਕ ਕਰਮਨ ਸ਼ਹਿਰ ਤੀਆਂ ਨੂੰ ਸਮਰਪਿਤ ਪਹਿਲਾ ਪ੍ਰੋਗਰਾਮ ਸੀ, ਪਰ ਇਸ ਮਾਵਾਂ ਅਤੇ ਧੀਆਂ ਦੇ ਮੇਲੇ ਨੂੰ ਸਫਲ ਬਣਾਉਣ ਵਿਚ ਇਲਾਕੇ ਭਰ ਦੀਆਂ ਔਰਤਾਂ ਦਾ ਬਹੁਤ ਵੱਡਾ ਯੋਗਦਾਨ ਰਿਹਾ। ਇਸ ਸਮੇਂ ਹਾਜ਼ਰੀਨ ਲਈ ਬਹੁਤ ਸਾਰੇ ਰੈਫਰਲ ਡਰਾਅ ਵੀ ਕੱਢੇ ਗਏ। ਸਮੁੱਚੇ ਪ੍ਰੋਗਰਾਮ ਦੌਰਾਨ ਸਟੇਜ ਸੰਚਾਲਨ ਦੀ ਸੇਵਾ ਗੁਰਮੋਹਨ ਉੱਭੀ ਅਤੇ ਕਿਰਨਜੋਤ ਢੇਸੀ ਨੇ ਬਾਖੂਬੀ ਨਿਭਾਈ। ਸਾਰੇ ਪ੍ਰੋਗਰਾਮ ਦੇ ਪ੍ਰਬੰਧਾਂ ਨੂੰ ਸੰਚਾਰੂ ਢੰਗ ਨਾਲ ਚਲਾਉਣ ਲਈ "ਅਮੈਰੀਕਨ ਪੰਜਾਬੀ ਸਿੱਖ ਕਮਿਊਨਿਟੀ" ਕਰਮਨ ਦੇ ਮੈਂਬਰਾਂ ਨੇ ਰਲ ਕੇ ਪ੍ਰਬੰਧ ਕੀਤੇ ਹੋਏ ਸਨ। ਅੰਤ ਭਾਰੀ ਇਕੱਠ ਵਿਚ ਰੌਣਕਾਂ ਲਾਉਂਦਾ ਇਹ ਮਾਵਾਂ ਅਤੇ ਧੀਆਂ ਦਾ ਪਲੇਠਾ ਮੇਲਾ ਅਗਲੇ ਸਾਲ ਇਸੇ ਤਰ੍ਹਾਂ ਮਿਲਣ ਦੇ ਵਾਅਦੇ ਨਾਲ ਯਾਦਗਾਰੀ ਹੋ ਨਿਬੜਿਆ।

# ਕੈਲੀਫੋਰਨੀਆ ਅਸੈਂਬਲੀ ਵੱਲੋਂ 8 ਨਵੰਬਰ ਨੂੰ ਦੀਵਾਲੀ ਦਿਵਸ ਮਨਾਉਣ ਲਈ ਸਰਬਸੰਮਤੀ ਨਾਲ ਮਤਾ ਪਾਸ

**ਸੈਕਰਾਮੈਂਟੋ, (ਪੰਜਾਬ ਮੇਲ)**- ਅਮਰੀਕਾ ਵਿਚ ਕੈਲੀਫ਼ੋਰਨੀਆ ਸਟੇਟ ਅਸੈਂਬਲੀ ਵੱਲੋਂ ਇੱਕ ਇਤਿਹਾਸਕ ਕਦਮ ਚੁੱਕਦਿਆਂ ਇਸ ਸਾਲ ਐਤਵਾਰ, 8 ਨਵੰਬਰ 2026 ਨੂੰ 'ਦੀਵਾਲੀ ਦਿਵਸ' ਵਜੋਂ ਮਨਾਉਣ ਦਾ ਮਤਾ ਸਰਬਸੰਮਤੀ ਨਾਲ ਪਾਸ ਕੀਤਾ ਗਿਆ ਹੈ। ਇਹ ਮਤਾ ਅਸੈਂਬਲੀ ਮੈਂਬਰਾਂ ਦਰਸ਼ਨਾ ਪਟੇਲ ਅਤੇ ਐਸ਼ ਕਾਲਰਾ ਵੱਲੋਂ ਪੇਸ਼ ਕੀਤਾ ਗਿਆ ਸੀ, ਜਿਸ ਰਾਹੀਂ ਸਟੇਟ ਦੇ ਸਮੂਹ ਨਾਗਰਿਕਾਂ ਨੂੰ ਇਸ ਖੁਸ਼ੀ ਦੇ ਤਿਉਹਾਰ ਵਿਚ ਸ਼ਾਮਲ ਹੋਣ ਦੀ ਅਪੀਲ ਕੀਤੀ ਗਈ ਹੈ। ਇਹ ਇਤਿਹਾਸਕ ਮਤਾ ਅਮਰੀਕਾ ਵਿਚ ਰਹਿੰਦੇ ਭਾਰਤੀਆਂ, ਦੱਖਣੀ ਏਸ਼ੀਆਈ ਭਾਈਚਾਰੇ ਅਤੇ ਦੁਨੀਆਂ ਭਰ ਵਿਚ ਫੈਲੇ ਭਾਰਤੀ ਪ੍ਰਵਾਸੀਆਂ ਪ੍ਰਤੀ ਡੂੰਘਾ ਸਤਿਕਾਰ ਪ੍ਰਗਟ ਕਰਦਾ ਹੈ। ਮਤੇ ਵਿਚ ਵਿਸ਼ੇਸ਼ ਤੌਰ 'ਤੇ ਜ਼ਿਕਰ ਕੀਤਾ ਗਿਆ ਹੈ ਕਿ ਦੀਵਾਲੀ ਭਾਰਤੀ ਅਮਰੀਕੀਆਂ ਅਤੇ ਦੱਖਣੀ ਏਸ਼ੀਆਈ ਅਮਰੀਕੀਆਂ ਲਈ ਇੱਕ ਬੇਹੱਦ ਮਹੱਤਵਪੂਰਨ ਤਿਉਹਾਰ ਹੈ, ਜਿਸ ਨੂੰ ਹਰ ਸਾਲ ਹਿੰਦੂ, ਸਿੱਖ, ਬੋਧ ਅਤੇ ਜੈਨ ਭਾਈਚਾਰੇ ਦੇ ਲੋਕਾਂ ਵੱਲੋਂ ਮਿਲ ਕੇ ਬੜੀ ਸ਼ਰਧਾ ਤੇ ਉਤਸ਼ਾਹ ਨਾਲ ਮਨਾਇਆ ਜਾਂਦਾ ਹੈ। ਦੀਵਿਆਂ ਦੀ ਕਤਾਰ ਭਾਵ 'ਦੀਪਾਵਲੀ' ਦੁਨੀਆਂ ਦੇ ਸਭ ਤੋਂ ਪੁਰਾਣੇ ਤਿਉਹਾਰਾਂ ਵਿਚੋਂ ਇੱਕ ਹੈ, ਜੋ ਪਰਿਵਾਰਾਂ, ਦੋਸਤਾਂ ਅਤੇ ਵੱਖ-ਵੱਖ ਭਾਈਚਾਰਿਆਂ ਨੂੰ ਆਪਸੀ ਉਦਾਰਤਾ, ਏਕਤਾ, ਖੁਸ਼ੀ ਅਤੇ ਸ਼ੁਕਰਗੁਜ਼ਾਰੀ ਦੇ ਸੂਤਰ ਵਿਚ ਪਰੋਂਦਾ ਹੈ। 'ਰੋਸ਼ਨੀ ਦੇ ਤਿਉਹਾਰ' ਵਜੋਂ ਜਾਣੀ ਜਾਂਦੀ ਦਿਵਾਲੀ ਦੇ ਸ਼ੁਭ ਮੌਕੇ 'ਤੇ ਲੋਕ ਆਪਣੇ ਘਰਾਂ ਨੂੰ ਮੋਮਬੱਤੀਆਂ, ਦੀਵਿਆਂ ਅਤੇ ਮਿੱਟੀ ਦੇ ਦੀਵਿਆਂ ਨਾਲ ਰੋਸ਼ਨ ਕਰਦੇ ਹਨ ਅਤੇ ਚੰਗੀ ਸਿਹਤ, ਗਿਆਨ, ਸ਼ਾਂਤੀ ਤੇ ਖੁਸ਼ਹਾਲੀ ਦੀ ਕਾਮਨਾ ਕਰਦੇ ਹਨ।

# ਗੁਰਦੁਆਰਾ ਸੈਂਟਾ ਕਲਾਰਾ ਵਿਖੇ ਗੁਰੂ ਨਾਨਕ ਵਿਆਹ ਪੁਰਬ ਸਬੰਧੀ ਕਵੀ ਦਰਬਾਰ ਆਯੋਜਿਤ ਹੋਇਆ



**ਸੈਕਰਾਮੈਂਟੋ, (ਹੁਸਨ ਲੜੋਆ ਬੰਗਾ/ਪੰਜਾਬ ਮੇਲ)**- ਸੈਂਟਾ ਕਲਾਰਾ ਸਿਟੀ ਦੇ ਗੁਰਦੁਆਰਾ ਸਾਹਿਬ ਵਿਖੇ ਹਫਤਾਵਾਰੀ ਦੀਵਾਨ ਸਜਾਏ ਗਏ। ਸ੍ਰੀ ਸੁਖਮਨੀ ਸਾਹਿਬ ਦੇ ਭੋਗ ਉਪਰੰਤ ਹਜ਼ੂਰੀ ਰਾਗੀ ਜਥੇ ਵਲੋਂ ਅਤੇ ਭਾਈ ਨਿਰਮਲ ਸਿੰਘ ਸੂਰਾ ਜੀ ਦੇ ਜਥੇ ਵਲੋਂ ਗੁਰਬਾਣੀ ਦਾ ਮਨੋਹਰ ਕੀਰਤਨ ਕੀਤਾ ਗਿਆ। ਇਸ ਮੌਕੇ ਸਥਾਨਕ ਕਵੀਆਂ ਵਲੋਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਵਿਆਹ ਪੁਰਬ ਸਬੰਧੀ ਕਵੀ ਦਰਬਾਰ ਵੀ ਸਜਾਇਆ। ਮੰਚ ਸੰਚਾਲਨ ਕਰਦਿਆਂ ਤਰਲੋਚਨ ਸਿੰਘ ਦੁਪਾਲਪੁਰ ਨੇ ਸੰਕੋਚਵੇਂ ਪਰ ਪ੍ਰਭਾਵਸ਼ਾਲੀ ਸ਼ਬਦਾਂ ਵਿਚ ਗੁਰੂ ਨਾਨਕ ਸਾਹਿਬ ਦੇ ਬਟਾਲ਼ੇ ਵਿਖੇ ਹੋਏ ਵਿਆਹ ਸਬੰਧੀ ਇਤਿਹਾਸ ਸਰਵਣ ਕਰਾਇਆ ਕਿ ਕਿਵੇਂ ਉਸ ਮੌਕੇ ਗੁਰੂ ਸਾਹਿਬ ਨੂੰ ਕੱਚੀ ਕੰਧ ਦੇ ਲਾਗੇ ਬਿਠਾਇਆ ਗਿਆ ਸੀ। ਇਸ ਪ੍ਰਸੰਗ ਦੀ ਹੋਰ ਕਵੀਆਂ ਨੇ ਵੱਖ-ਵੱਖ ਕਵਿਤਾਵਾਂ ਰਾਹੀਂ ਸੰਗਤ ਦੀ ਭਾਵਪੂਰਤ ਢੰਗ ਨਾਲ ਸਾਂਝ ਪੁਆਈ। ਕਵੀ ਤਰਸੇਮ ਸਿੰਘ 'ਸੁੰਮਨ' ਨੇ ਸਿੱਠਣੀਆਂ, ਬੀਬੀ ਬਲਵਿੰਦਰ ਕੌਰ ਹੰਸਰਾ ਨੇ ਕੱਚੀ ਕੰਧ ਨੂੰ ਗੁਰੂ ਸਾਹਿਬ ਵਲੋਂ ਯੁੱਗਾਂ-ਯੁਗਾਂ ਤੱਕ ਪੱਕੀ ਰਹਿਣ ਦੇ ਵਰ ਅਤੇ ਭਾਈ ਅਮਰਜੀਤ ਸਿੰਘ ਇਬਰਾਹੀਮਪੁਰ ਨੇ ਵੀ ਬਟਾਲ਼ੇ ਵਿਖੇ ਮਨਾਏ ਜਾਂਦੇ ਵਿਆਹ ਪੁਰਬ ਮੌਕੇ ਮਨਾਏ ਜਾਂਦੇ ਜੋੜ ਮੇਲੇ ਦੀ ਉਪਮਾ ਬਿਆਨ ਕੀਤੀ। ਤਰਲੋਚਨ ਸਿੰਘ ਦੁਪਾਲਪੁਰੀ ਨੇ ਵੀ ਅਖੀਰ ਵਿਚ ਗੁਰੂ ਨਾਨਕ ਫਲਸਫੇ ਬਾਰੇ ਇਕ ਕਵਿਤਾ ਨਾਲ ਹਾਜ਼ਰੀ ਲਾਈ। ਸਮਾਪਤੀ ਮੌਕੇ ਇਸ ਗੁਰਦੁਆਰਾ ਸਾਹਿਬ ਦੇ ਪ੍ਰਬੰਧਕ ਸੇਵਾਦਾਰ ਭਾਈ ਹਰਪ੍ਰੀਤ ਸਿੰਘ ਨੇ ਗੁਰਦੁਆਰੇ ਦੀ ਬਣ ਰਹੀ ਨਵੀਂ ਇਮਾਰਤ ਦੀ ਸੇਵਾ ਵਿਚ ਹਿੱਸਾ ਪਾਉਣ ਦੀ ਅਪੀਲ ਕੀਤੀ ਅਤੇ ਭਾਈ ਬਲਕਾਰ ਸਿੰਘ ਨੇ ਕਵੀ ਜਨਾਂ ਅਤੇ ਸਮੁੱਚੀ ਸੰਗਤ ਦਾ ਧੰਨਵਾਦ ਕੀਤਾ। ਉਪਰੰਤ ਗੁਰੂ ਕਾ ਲੰਗਰ ਅਤੁੱਟ ਵਰਤਿਆ!

ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ : www.punjabmailusa.com

Global Allianz
LAW FIRM LLP
ਕਾਨੂੰਨੀ ਸਲਾਹਾਂ
- ਇਮੀਗਰੇਸ਼ਨ ਸੇਵਾਵਾਂ
- ਘਰੇਲੂ ਹਿੰਸਾ ਦੇ ਕੇਸ
- ਨਸ਼ਾ ਕਰਕੇ ਗੱਡੀ ਚਲਾਉਣਾ
- ਕੰਮ 'ਤੇ ਸੱਟ ਲਗਣਾ
Asylum & Deportation Defense

Atul Kapoor
C.E.O

Neat Allen Sawyer
Attorney at law
Designed By Punjab Mail USA
555 Capitol Mall SUITE 1245, Sacramento, CA 95814
Phone:209-808-2136, 209-952-5578, 1-916-806-7042, Fax: 209-476-7188

# ਟਰੰਪ ਦੀ ਲੋਕਪ੍ਰਿਯਤਾ ਘੱਟ ਕੇ 33 ਫੀਸਦੀ ’ਤੇ ਪਹੁੰਚੀ !

**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਲਈ ਇੱਕ ਨਵਾਂ ਸਰਵੇਖਣ ਸਿਆਸੀ ਚਿੰਤਾ ਵਧਾਉਣ ਵਾਲਾ ਸਾਹਮਣੇ ਆਇਆ ਹੈ। ਰਾਇਟਰਸ/ਇਪਸੋਸ ਦੇ ਤਾਜ਼ਾ ਸਰਵੇਖਣ ਮੁਤਾਬਕ ਰਾਸ਼ਟਰਪਤੀ ਟਰੰਪ ਦੇ ਕੰਮ ਨੂੰ ਮਨਜ਼ੂਰੀ ਦੇਣ ਵਾਲੇ ਅਮਰੀਕੀਆਂ ਦੀ ਗਿਣਤੀ ਘੱਟ ਕੇ 33 ਫੀਸਦੀ ਰਹਿ ਗਈ ਹੈ। ਰਾਇਟਰਸ ਮੁਤਾਬਕ ਇਹ ਉਨ੍ਹਾਂ ਦੀ ਮੌਜੂਦਾ ਰਾਸ਼ਟਰਪਤੀ ਮਿਆਦ ਦਾ ਸਭ ਤੋਂ ਹੇਠਲਾ ਪੱਧਰ ਹੈ।

ਇਸ ਸਰਵੇਖਣ ਵਿਚ ਸਭ ਤੋਂ ਵੱਡਾ ਮੁੱਦਾ ਇਰਾਨ ਨਾਲ ਚੱਲ ਰਿਹਾ ਟਕਰਾਅ ਅਤੇ ਅਮਰੀਕਾ ਵਿਚ ਵਧ ਰਹੇ ਰੋਜ਼ਾਨਾ ਦੇ ਖਰਚੇ ਬਣੇ ਹਨ। ਵੱਡੀ ਗਿਣਤੀ ਵਿਚ ਲੋਕਾਂ ਨੂੰ ਚਿੰਤਾ ਹੈ ਕਿ ਇਰਾਨ ਨਾਲ ਲੜਾਈ ਛੇਤੀ ਖਤਮ ਹੋਣ ਦੀ ਬਜਾਏ ਲੰਬੀ ਚੱਲ ਸਕਦੀ ਹੈ। ਸਰਵੇਖਣ ਵਿਚ 80 ਫੀਸਦੀ ਲੋਕਾਂ ਨੇ ਕਿਹਾ ਕਿ ਉਨ੍ਹਾਂ ਨੂੰ ਲੱਗਦਾ ਹੈ ਇਹ ਟਕਰਾਅ ਲੰਬਾ ਚੱਲ ਸਕਦਾ ਹੈ।

**■ ਰਾਸ਼ਟਰਪਤੀ ਬਣਨ ਤੋਂ ਬਾਅਦ ਸਭ ਤੋਂ ਹੇਠਲਾ ਪੱਧਰ**



ਇਰਾਨ ਨਾਲ ਟਕਰਾਅ ਦਾ ਅਸਰ ਤੇਲ ਦੀ ਸਪਲਾਈ ਅਤੇ ਅਮਰੀਕਾ ਵਿਚ ਗੈਸ ਦੀਆਂ ਕੀਮਤਾਂ ਉੱਤੇ ਵੀ ਪਿਆ ਹੈ। ਮਹਿੰਗੀ ਗੈਸ ਅਤੇ ਘਰੇਲੂ ਖਰਚਿਆਂ ਵਿਚ ਵਾਧਾ ਆਮ ਲੋਕਾਂ ਲਈ ਵੱਡਾ ਮੁੱਦਾ ਬਣ ਰਿਹਾ ਹੈ। ਰਾਇਟਰਸ ਦੀਆਂ ਹਾਲੀਆ ਰਿਪੋਰਟਾਂ ਮੁਤਾਬਕ ਰਹਿਣ-ਸਹਿਣ ਦਾ ਖਰਚਾ 2026 ਦੀਆਂ ਚੋਣਾਂ ਤੋਂ ਪਹਿਲਾਂ ਵੋਟਰਾਂ ਲਈ ਬਹੁਤ ਅਹਿਮ ਮਸਲਾ ਬਣ ਗਿਆ ਹੈ।

ਸਰਵੇਖਣ ’ਚ ਇੱਕ ਹੋਰ ਮਹੱਤਵਪੂਰਨ ਗੱਲ ਇਹ ਸਾਹਮਣੇ ਆਈ ਕਿ ਸਿਰਫ਼ 20 ਫੀਸਦੀ ਅਮਰੀਕੀ ਮੰਨਦੇ ਹਨ ਕਿ ਇਰਾਨ ਨਾਲ ਜੰਗ ਲੜਨਾ ਫਾਇਦੇਮੰਦ ਰਿਹਾ ਹੈ। ਇਸ ਮਾਮਲੇ ਵਿਚ ਰਿਪਬਲਿਕਨ ਵੋਟਰਾਂ ਵਿਚ ਵੀ ਪੂਰੀ ਇਕਸੁਰਤਾ ਨਹੀਂ ਦਿਖਾਈ ਦੇ ਰਹੀ।

ਇਹ ਅੰਕੜੇ ਇਸ ਲਈ ਵੀ ਮਹੱਤਵਪੂਰਨ ਹਨ ਕਿਉਂਕਿ ਨਵੰਬਰ 2026 ਦੀਆਂ ਮਿਡਟਰਮ ਚੋਣਾਂ ਨੇੜੇ ਆ ਰਹੀਆਂ ਹਨ। ਇਨ੍ਹਾਂ ਚੋਣਾਂ ਵਿਚ ਕਾਂਗਰਸ ਉੱਤੇ ਕਬਜ਼ੇ ਲਈ ਮੁਕਾਬਲਾ ਹੋਵੇਗਾ। ਟਰੰਪ ਦੀ ਘਟਦੀ ਲੋਕਪ੍ਰਿਯਤਾ, ਮਹਿੰਗਾਈ, ਗੈਸ ਦੀਆਂ ਕੀਮਤਾਂ ਅਤੇ ਇਰਾਨ ਨਾਲ ਟਕਰਾਅ ਰਿਪਬਲਿਕਨ ਪਾਰਟੀ ਲਈ ਚੋਣਾਂ ਤੋਂ ਪਹਿਲਾਂ ਵੱਡੀ ਚੁਣੌਤੀ ਬਣ ਸਕਦੇ ਹਨ।

ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ ’ਤੇ ਕਲਿੱਕ ਕਰੋ : www.punjabmailusa.com

## ਇਰਾਨ ਨਾਲ ਜੰਗ ’ਚ ਰੁੱਝੇ ਅਮਰੀਕਾ ਦੀ 40 ਟ੍ਰਿਲੀਅਨ ਤੱਕ ਪੁੱਜੀ ‘ਕਰਜ਼ੇ ਦੀ ਪੰਡ’

**ਵਾਸ਼ਿੰਗਟਨ, (ਪੰਜਾਬ ਮੇਲ)-** ਇਰਾਨ ਨਾਲ ਜੰਗ ’ਚ ਰੁੱਝੇ ਅਮਰੀਕਾ ਦਾ ਕੁੱਲ ਰਾਸ਼ਟਰੀ ਕਰਜ਼ਾ ਇਤਿਹਾਸ ’ਚ ਪਹਿਲੀ ਵਾਰ 40 ਟ੍ਰਿਲੀਅਨ ਡਾਲਰ ਦੇ ਅੰਕੜੇ ਨੂੰ ਪਾਰ ਕਰ ਗਿਆ ਹੈ। ਦੇਸ਼ ਦੇ ਵਿੱਤੀ ਢਾਂਚੇ ’ਤੇ ਰੱਖਿਆ ਖਰਚਿਆਂ, ਸੋਸ਼ਲ ਸਕਿਓਰਿਟੀ, ਮੈਡੀਕੇਅਰ ਅਤੇ ਕਰਜ਼ੇ ਦੇ ਵਿਆਜ ਦੇ ਭੁਗਤਾਨ ਦੇ ਵਧਦੇ ਬੋਝ ਕਾਰਨ ਇਹ ਸਥਿਤੀ ਪੈਦਾ ਹੋਈ ਹੈ। ਇਹ ਇਤਿਹਾਸਕ ਕਰਜ਼ਾ 39 ਟ੍ਰਿਲੀਅਨ ਡਾਲਰ ਹੋਣ ਤੋਂ ਮਹਿਜ਼ 5 ਮਹੀਨਿਆਂ ਬਾਅਦ ਹੀ 40 ਟ੍ਰਿਲੀਅਨ ਡਾਲਰ ਹੋ ਗਿਆ ਹੈ। ਇਸ ਤੋਂ ਪਹਿਲਾਂ ਅਕਤੂਬਰ 2025 ’ਚ ਇਹ 38 ਟ੍ਰਿਲੀਅਨ ਡਾਲਰ ਤੱਕ ਪਹੁੰਚਿਆ ਸੀ, ਜੋ ਕਿ ਇਹ ਦਰਸਾਉਂਦਾ ਹੈ ਕਿ ਦੁਨੀਆਂ ਦੀ ਸਭ ਤੋਂ ਵੱਡੀ ਅਰਥਵਿਵਸਥਾ ਵੀ ਵੱਡੇ ਪੱਧਰ ’ਤੇ ਕਰਜ਼ਾ ਲੈਣ ਲਈ ਮਜਬੂਰ ਹੋ ਰਹੀ ਹੈ। ਆਰਥਿਕ ਮਾਹਿਰਾਂ ਨੇ ਚਿਤਾਵਨੀ ਦਿੱਤੀ ਹੈ ਕਿ ਵਧਦਾ ਰਾਸ਼ਟਰੀ ਕਰਜ਼ਾ ਆਮ ਅਮਰੀਕੀਆਂ ਲਈ ਵੀ ਕਰਜ਼ਾ ਲੈਣ ਦੀ ਲਾਗਤ ਵਧਾ ਰਿਹਾ ਹੈ ਤੇ ਉਨ੍ਹਾਂ ਨੂੰ ਕਰਜ਼ੇ ’ਤੇ ਵਾਧੂ ਵਿਆਜ ਦੇਣਾ ਪੈ ਸਕਦਾ ਹੈ। ਇਸ ਸਥਿਤੀ ਨਾਲ ਨਜਿੱਠਣ ਲਈ ਸਰਕਾਰ ਨੂੰ ਆਉਣ ਵਾਲੇ ਸਾਲਾਂ ’ਚ ਸਖ਼ਤ ਵਿੱਤੀ ਫੈਸਲੇ ਲੈਣ ਲਈ ਮਜਬੂਰ ਹੋਣਾ ਪਵੇਗਾ।

# ਅਮਰੀਕਾ ’ਚ ਹਿੰਦੂ-ਸਿੱਖ ਭਾਈਚਾਰੇ ਵਿਰੁੱਧ ਨਫਰਤੀ ਅਪਰਾਧਾਂ ਦੀਆਂ ਘਟਨਾਵਾਂ ’ਚ ਹੋਇਆ ਵਾਧਾ

**ਵਾਸ਼ਿੰਗਟਨ ਡੀ.ਸੀ., (ਪੰਜਾਬ ਮੇਲ)-** ਅਮਰੀਕਾ ਵਿਚ ਸਮੁੱਚੇ ਤੌਰ ’ਤੇ ਨਫ਼ਰਤ ਅਪਰਾਧਾਂ ਵਿਚ ਕਮੀ ਦੇ ਬਾਵਜੂਦ ਸਿੱਖ ਅਤੇ ਹਿੰਦੂ ਭਾਈਚਾਰਿਆਂ ਵਿਰੁੱਧ ਨਫ਼ਰਤ ਤੋਂ ਪ੍ਰੇਰਿਤ ਘਟਨਾਵਾਂ ਵਿਚ ਵਾਧਾ ਹੋਇਆ ਹੈ। ਸਾਲ 2025 ਲਈ ਐੱਫ.ਬੀ.ਆਈ. ਦੇ ਅੰਕੜਿਆਂ ਅਨੁਸਾਰ ਅਮਰੀਕਾ ਵਿਚ ਕੁੱਲ ਨਫ਼ਰਤ ਅਪਰਾਧਾਂ ਵਿਚ 7 ਪ੍ਰਤੀਸ਼ਤ ਦੀ ਕਮੀ ਆਈ ਹੈ, ਪਰ ਸਿੱਖ ਭਾਈਚਾਰੇ ਵਿਰੁੱਧ ਰਿਪੋਰਟ ਕੀਤੇ ਗਏ ਅਪਰਾਧਾਂ ਵਿਚ 24.6 ਪ੍ਰਤੀਸ਼ਤ ਦਾ ਵਾਧਾ ਹੋਇਆ ਹੈ।

2025 ਵਿਚ ਸਿੱਖ ਵਿਰੋਧੀ ਪੱਖਪਾਤ ਨਾਲ ਸਬੰਧਤ 189 ਅਪਰਾਧ ਦਰਜ ਕੀਤੇ ਗਏ। ਇਸ ਦੌਰਾਨ ਹਿੰਦੂ ਭਾਈਚਾਰੇ ਵਿਰੁੱਧ ਨਫ਼ਰਤ ਅਪਰਾਧ ਇਸ ਵਿਚ ਵੀ ਲਗਭਗ 12 ਪ੍ਰਤੀਸ਼ਤ ਦਾ ਵਾਧਾ ਹੋਇਆ, ਜਿਸ ਵਿਚ 32 ਅਜਿਹੇ ਮਾਮਲੇ ਸਾਹਮਣੇ ਆਏ। 2015 ਅਤੇ 2025 ਦੇ ਵਿਚਕਾਰ ਅਮਰੀਕਾ ਵਿਚ ਸਿੱਖਾਂ ਵਿਰੁੱਧ ਨਫ਼ਰਤ ਦੇ ਅਪਰਾਧਾਂ ਵਿਚ ਲਗਭਗ 3700 ਪ੍ਰਤੀਸ਼ਤ ਦਾ ਵਾਧਾ ਹੋਇਆ।

ਸਾਲ 2015 ਵਿਚ ਅਜਿਹੇ ਸਿਰਫ਼ 6 ਮਾਮਲੇ ਸਾਹਮਣੇ ਆਏ ਸਨ। ਜਦੋਂ ਕਿ 2025 ਵਿਚ ਇਹ ਗਿਣਤੀ 200 ਦੇ ਕਰੀਬ ਪਹੁੰਚ ਗਈ। ਸਿੱਖ ਸੰਗਠਨਾਂ ਦਾ ਕਹਿਣਾ ਹੈ ਕਿ ਅਧਿਕਾਰਤ ਅੰਕੜੇ ਅਸਲ ਸਥਿਤੀ ਦੀ ਪੂਰੀ ਤਸਵੀਰ ਨਹੀਂ ਦਰਸਾਉਂਦੇ, ਕਿਉਂਕਿ ਨਫ਼ਰਤ ਅਤੇ ਵਿਤਕਰੇ ਦੀਆਂ ਬਹੁਤ ਸਾਰੀਆਂ ਘਟਨਾਵਾਂ ਪੁਲਿਸ ਤੱਕ ਪਹੁੰਚ ਨਹੀਂ ਪਾਉਂਦੀਆਂ। ਸਿੱਖ ਸੰਗਠਨਾਂ ਅਤੇ ਏਸ਼ੀਅਨ-ਅਮਰੀਕੀ ਭਾਈਚਾਰਕ ਸੰਗਠਨਾਂ ਦੇ ਅਨੁਸਾਰ ਸਿੱਖਾਂ ਵਿਰੁੱਧ ਘਟਨਾਵਾਂ ਵਿਚ ਵਾਧੇ ਦੇ ਕਈ ਕਾਰਨ ਹਨ। ਇਨ੍ਹਾਂ ਵਿਚ ਪ੍ਰਵਾਸੀਆਂ ਵਿਰੁੱਧ ਵਧਦੀ ਰਾਜਨੀਤਿਕ ਅਤੇ ਸਮਾਜਿਕ ਬਿਆਨਬਾਜ਼ੀ, ਸਿੱਖ ਧਾਰਮਿਕ ਪਛਾਣ ਬਾਰੇ ਜਾਗਰੂਕਤਾ ਦੀ ਘਾਟ ਅਤੇ ਸਿੱਖਾਂ ਦੀ ਪੱਗਾਂ ਅਤੇ ਦਾੜ੍ਹੀ ਕਾਰਨ ਗਲਤ ਪਛਾਣ ਸ਼ਾਮਲ ਹੈ। ਅਕਸਰ, ਆਪਣੀ ਧਾਰਮਿਕ ਪਛਾਣ ਦੇ ਕਾਰਨ, ਸਿੱਖ ਦੂਜੇ ਭਾਈਚਾਰਿਆਂ ਨਾਲ “ਜੁੜੇ” ਜਾਂਦੇ ਹਨ ਅਤੇ ਨਫ਼ਰਤ ਦਾ ਨਿਸ਼ਾਨਾ ਬਣ ਜਾਂਦੇ ਹਨ।

ਸਿੱਖ ਸੰਗਠਨਾਂ ਦਾ ਕਹਿਣਾ ਹੈ ਕਿ ਨਸਲੀ ਵਿਤਕਰਾ ਅਤੇ ਧਾਰਮਿਕ ਪਛਾਣ ਦੇ ਆਧਾਰ ’ਤੇ ਹਮਲੇ ਸਿਰਫ਼ ਅਮਰੀਕਾ ਤੱਕ ਹੀ ਸੀਮਤ ਨਹੀਂ ਹਨ। ਬ੍ਰਿਟੇਨ ਸਮੇਤ ਕਈ ਪੱਛਮੀ ਦੇਸ਼ਾਂ ਵਿਚ ਸਿੱਖ ਭਾਈਚਾਰਾ ਨਸਲੀ ਅਪਮਾਨ, ਉਨ੍ਹਾਂ ਦੀ ਧਾਰਮਿਕ ਪਛਾਣ ਦੇ ਆਧਾਰ ’ਤੇ ਵਿਤਕਰੇ ਅਤੇ ਹਿੰਸਕ ਘਟਨਾਵਾਂ ਦਾ ਸਾਹਮਣਾ ਕਰ ਰਿਹਾ ਹੈ। ਸੰਗਠਨਾਂ ਨੇ ਸਰਕਾਰਾਂ ਨੂੰ ਉਨ੍ਹਾਂ ਮਾਮਲਿਆਂ ਦੀ ਜਾਂਚ ਕਰਨ ਦੀ ਮੰਗ ਕੀਤੀ ਹੈ, ਜੋ ਧਾਰਮਿਕ ਜਾਂ ਨਸਲੀ ਪੱਖਪਾਤ ਨੂੰ ਸਿਰਫ਼ ਇੱਕ ਆਮ ਅਪਰਾਧ ਵਜੋਂ ਨਹੀਂ, ਸਗੋਂ ਨਫ਼ਰਤ ਅਪਰਾਧ ਵਜੋਂ ਦਰਸਾਉਂਦੇ ਹਨ।

# ਫਲੋਰੀਡਾ ’ਚ ਭਾਰਤੀ-ਅਮਰੀਕੀ ਪੀਆ ਡਾਂਡੀਆ ਨੇ ਡੈਮੋਕ੍ਰੇਟਿਕ ਪ੍ਰਾਇਮਰੀ ਜਿੱਤੀ

**ਵਾਸ਼ਿੰਗਟਨ, (ਪੰਜਾਬ ਮੇਲ)-** ਭਾਰਤੀ-ਅਮਰੀਕੀ ਔਰਤ ਅਤੇ ਸਾਬਕਾ ਸਕੂਲ ਪ੍ਰਿੰਸੀਪਲ ਪੀਆ ਡਾਂਡੀਆ ਨੇ ਫਲੋਰੀਡਾ ਦੇ 22ਵੇਂ ਕਾਂਗਰੇਸ਼ਨਲ ਜ਼ਿਲ੍ਹੇ ਲਈ ਡੈਮੋਕ੍ਰੇਟਿਕ ਪਾਰਟੀ ਪ੍ਰਾਇਮਰੀ ਜਿੱਤ ਲਈ ਹੈ। ਨਵੰਬਰ ਦੀਆਂ ਚੋਣਾਂ ਵਿਚ ਉਸਦਾ ਸਾਹਮਣਾ ਰਿਪਬਲਿਕਨ ਉਮੀਦਵਾਰ ਅਤੇ ਸਾਬਕਾ ਮਰੀਨ ਕੇਸੀ ਆਸਕਰ ਨਾਲ ਹੋਵੇਗਾ। ਡਾਂਡੀਆ ਨੂੰ ਪ੍ਰਾਇਮਰੀ ਵਿਚ 68.6 ਪ੍ਰਤੀਸ਼ਤ ਵੋਟਾਂ ਮਿਲੀਆਂ, ਜਦੋਂ ਕਿ ਉਸਦੀ ਵਿਰੋਧੀ ਵਕੀਲ ਕੇਸੀਆ ਅਰਲੀ ਨੂੰ 31.4 ਪ੍ਰਤੀਸ਼ਤ ਵੋਟਾਂ ਮਿਲੀਆਂ।

ਸੋਸ਼ਲ ਮੀਡੀਆ ਪਲੇਟਫਾਰਮ ਐਕਸ ’ਤੇ ਇੱਕ ਸੰਦੇਸ਼ ਵਿਚ, ਡਾਂਡੀਆ ਨੇ ਕਿਹਾ, “ਐੱਫ.ਐੱਲ.-22, ਇਸ ਮੁਹਿੰਮ ਵਿਚ ਵਿਸ਼ਵਾਸ ਕਰਨ ਲਈ ਧੰਨਵਾਦ। ਮੈਂ ਆਪਣੇ ਵਿਦਿਆਰਥੀਆਂ, ਆਪਣੇ ਪੁੱਤਰ ਅਤੇ ਇਸ ਜ਼ਿਲ੍ਹੇ ਵਿਚ ਵੱਡੇ ਹੋ ਰਹੇ ਹਰ ਬੱਚੇ ਲਈ ਚੋਣ ਲੜਨ ਦਾ ਫੈਸਲਾ ਕੀਤਾ ਹੈ, ਜੋ ਇੱਕ ਬਿਹਤਰ ਭਵਿੱਖ ਦਾ ਹੱਕਦਾਰ ਹੈ।” ਉਸਨੇ ਅੱਗੇ ਕਿਹਾ, “ਮਿਲ ਕੇ ਅਸੀਂ ਲਾਗਤਾਂ ਘਟਾਉਣ, ਭ੍ਰਿਸ਼ਟਾਚਾਰ ਨੂੰ ਖਤਮ ਕਰਨ ਅਤੇ ਵਾਸ਼ਿੰਗਟਨ ਨੂੰ ਦੁਬਾਰਾ ਲੋਕਾਂ ਲਈ ਕੰਮ ਕਰਨ ਲਈ ਅੰਦੋਲਨ ਨੂੰ ਅੱਗੇ ਵਧਾਵਾਂਗੇ।”

ਡੈਮੋਕ੍ਰੇਟਿਕ ਨੈਸ਼ਨਲ ਕਮੇਟੀ (ਡੀ.ਐੱਨ.ਸੀ.) ਨੇ ਵੀ ਡਾਂਡੀਆ ਨੂੰ ਉਸਦੀ ਪ੍ਰਾਇਮਰੀ ਜਿੱਤ ’ਤੇ ਵਧਾਈ ਦਿੱਤੀ। ਕਮੇਟੀ ਨੇ ਇੱਕ ਬਿਆਨ ਵਿਚ ਕਿਹਾ, “ਇੱਕ ਸਿੱਖਿਅਕ ਅਤੇ ਆਪਣੇ ਭਾਈਚਾਰੇ ਵਿਚ ਲੰਬੇ ਸਮੇਂ ਤੋਂ ਨੇਤਾ ਵਜੋਂ ਪਿਆ ਨੇ ਆਪਣੇ ਆਪ ਨੂੰ ਮੌਕੇ ਵਧਾਉਣ ਅਤੇ ਕੰਮ ਕਰਨ ਵਾਲੇ ਪਰਿਵਾਰਾਂ ਲਈ ਲੜਨ ਲਈ ਸਮਰਪਿਤ ਕੀਤਾ ਹੈ।” ਬਿਆਨ ਵਿਚ ਕਿਹਾ ਗਿਆ ਹੈ, “ਡੀ.ਐੱਨ.ਸੀ. ਪਿਆ ਨੂੰ ਚੁਣੇ ਜਾਣ, ਡੈਮੋਕ੍ਰੇਟਿਕ ਪਾਰਟੀ ਲਈ



ਇਸ ਸੀਟ ਨੂੰ ਉਲਟਾਉਣ ਅਤੇ ਨਵੰਬਰ ਵਿਚ ਹਾਊਸ ਬਹੁਮਤ ਪ੍ਰਾਪਤ ਕਰਨ ਵਿਚ ਮਦਦ ਕਰਨ ਲਈ ਤਿਆਰ ਹੈ।”

ਭਾਰਤੀ ਪ੍ਰਵਾਸੀਆਂ ਦੀ ਬੱਚੀ, ਡਾਂਡੀਆ ਪਹਿਲਾਂ ਫਲੋਰੀਡਾ ਦੇ 21ਵੇਂ ਜ਼ਿਲ੍ਹੇ ਵਿਚ ਰਿਪਬਲਿਕਨ ਪਾਰਟੀ ਦੇ ਨੇਤਾ ਅਤੇ ਹਾਊਸ ਫਾਰੇਨ ਅਫੇਅਰਜ਼ ਕਮੇਟੀ ਦੇ ਚੇਅਰਮੈਨ ਬ੍ਰਾਇਨ ਮਾਸਟ ਨੂੰ ਚੁਣੌਤੀ ਦੇਣ ਲਈ ਚੋਣ ਲੜੀ ਸੀ। ਡਾਂਡੀਆ, ਇੱਕ ਸਾਬਕਾ ਹਾਈ ਸਕੂਲ ਪ੍ਰਿੰਸੀਪਲ, ਬਾਅਦ ਵਿਚ ਦੱਖਣੀ ਫਲੋਰੀਡਾ ਦੇ 22ਵੇਂ ਜ਼ਿਲ੍ਹੇ ਵਿਚ ਚਲੀ ਗਈ, ਜਿਸਨੂੰ ਮੁੜ ਵੰਡਣ ਤੋਂ ਬਾਅਦ ਬਣਾਇਆ ਗਿਆ ਸੀ ਅਤੇ ਇਸ ਵਿਚ ਕੋਈ ਮੌਜੂਦਾ ਕਾਨੂੰਨ ਨਿਰਮਾਤਾ ਨਹੀਂ ਸੀ। ਡਾਂਡੀਆ ਦੀ ਮੁਹਿੰਮ ਵੈੱਬਸਾਈਟ ਦੇ ਅਨੁਸਾਰ ਉਹ ਪਹਿਲੀ ਪੀੜ੍ਹੀ ਦੀ ਅਮਰੀਕੀ ਹੈ ਅਤੇ ਇੱਕ ਹਾਈ ਸਕੂਲ ਪ੍ਰਿੰਸੀਪਲ, ਨੀਤੀ ਮਾਹਰ ਅਤੇ ਤਕਨਾਲੋਜੀ ਨਵੀਨਤਾਕਾਰੀ ਵਜੋਂ ਭਾਈਚਾਰਿਆਂ ਨੂੰ ਮਜ਼ਬੂਤ ਕਰਨ ਲਈ ਕੰਮ ਕੀਤਾ ਹੈ। ਫਲੋਰੀਡਾ ਦੇ ਪਾਮ ਬੀਚ ਕਾਊਂਟੀ ਵਿਚ ਪੈਦਾ ਹੋਈ ਅਤੇ ਵੱਡੀ ਹੋਈ, ਡਾਂਡੀਆ ਨੇ ਆਪਣੇ ਕਰੀਅਰ ਦੀ ਸ਼ੁਰੂਆਤ ਇੱਕ ਅਧਿਆਪਕ ਵਜੋਂ ਕੀਤੀ। ਉਸਨੇ ਬਾਅਦ ਵਿਚ ਹਾਰਲੇਮ ਵਿਚ ਇੱਕ ਹਾਈ ਸਕੂਲ ਪ੍ਰਿੰਸੀਪਲ ਵਜੋਂ ਸੇਵਾ ਨਿਭਾਈ। ਉਸਨੇ ਘੱਟ ਆਮਦਨੀ ਵਾਲੇ ਵਿਦਿਆਰਥੀਆਂ ਦੇ ਜੀਵਨ ਨੂੰ ਬਦਲਣ ਅਤੇ ਉਨ੍ਹਾਂ ਨੂੰ ਆਰਥਿਕ ਤੌਰ ’ਤੇ ਸੁਤੰਤਰ ਬਣਾਉਣ ਦੇ ਉਦੇਸ਼ ਨਾਲ ਹਾਈ ਸਕੂਲ ਦੀ ਸਥਾਪਨਾ ਕੀਤੀ।

# ਗ੍ਰੀਨ ਕਾਰਡ ਅਪਲਾਈ ਕਰਨ ਵਾਲਿਆਂ ਲਈ 18 ਸਤੰਬਰ ਤੋਂ ਨਵੇਂ ਨਿਯਮ ਲਾਗੂ

**ਵਾਸ਼ਿੰਗਟਨ ਡੀ.ਸੀ., (ਪੰਜਾਬ ਮੇਲ)-** ਅਮਰੀਕਾ ਵਿਚ ਪੱਕੇ ਤੌਰ ’ਤੇ ਰਹਿਣ ਲਈ ਗ੍ਰੀਨ ਕਾਰਡ ਦੀ ਇੱਛਾ ਰੱਖਣ ਵਾਲੇ ਵਿਦੇਸ਼ੀ ਨਾਗਰਿਕਾਂ, ਖ਼ਾਸ ਕਰਕੇ ਲੱਖਾਂ ਭਾਰਤੀ ਪੇਸ਼ੇਵਰਾਂ ਲਈ ਅਹਿਮ ਖ਼ਬਰ ਹੈ। ਅਮਰੀਕੀ ਨਾਗਰਿਕਤਾ ਅਤੇ ਇਮੀਗ੍ਰੇਸ਼ਨ ਸੇਵਾਵਾਂ (ਯੂ.ਐੱਸ.ਸੀ.ਆਈ.ਐੱਸ.) ਨੇ ਸਥਾਈ ਨਿਵਾਸ ਲਈ ਅਪਲਾਈ ਕਰਨ ਵਾਲੇ ਫਾਰਮ ਵਿਚ ਅਹਿਮ ਬਦਲਾਅ ਕਰਨ ਦਾ ਐਲਾਨ ਕੀਤਾ ਹੈ, ਜਿਸ ਤਹਿਤ ਅਗਲੇ ਮਹੀਨੇ ਇੱਕ ਨਵਾਂ ਫਾਰਮ ਜਾਰੀ ਕੀਤਾ ਜਾਵੇਗਾ।

ਯੂ.ਐੱਸ.ਸੀ.ਆਈ.ਐੱਸ. ਵੱਲੋਂ ਜਾਰੀ ਅਧਿਕਾਰਤ ਨੋਟੀਫਿਕੇਸ਼ਨ ਅਨੁਸਾਰ ਗ੍ਰੀਨ ਕਾਰਡ ਲਈ ਵਰਤਿਆ ਜਾਣ ਵਾਲਾ ਪ੍ਰਮੁੱਖ ਫਾਰਮ ਆਈ-485 (ਐਪਲੀਕੇਸ਼ਨ ਟੂ ਰਜਿਸਟਰ ਪਰਮਾਨੈਂਟ ਰੈਜ਼ੀਡੈਂਸ ਔਰ ਐਡਜਸਟ ਸਟੇਟਸ) ਅਪਡੇਟ ਕੀਤਾ ਜਾ ਰਿਹਾ ਹੈ। ਇਸ ਨਵੇਂ ਫਾਰਮ ਦੀ ਸੰਸਕਰਣ ਮਿਤੀ 18 ਸਤੰਬਰ, 2026 ਹੋਵੇਗੀ, ਜੋ 20




ਜਨਵਰੀ, 2025 ਵਾਲੇ ਪੁਰਾਣੇ ਫਾਰਮ ਦੀ ਜਗ੍ਹਾ ਲਵੇਗੀ।

ਇਸ ਬਦਲਾਅ ਵਿਚ ਸਭ ਤੋਂ ਮਹੱਤਵਪੂਰਨ ਗੱਲ ਇਹ ਹੈ ਕਿ ਇਮੀਗ੍ਰੇਸ਼ਨ ਵਿਭਾਗ ਵੱਲੋਂ ਦੋਵਾਂ ਫਾਰਮਾਂ ਨੂੰ ਇਕੱਠੇ ਸਵੀਕਾਰ ਕਰਨ ਲਈ ਕੋਈ ਵੀ ਰਿਆਇਤੀ ਸਮਾਂ ਨਹੀਂ ਦਿੱਤਾ ਜਾਵੇਗਾ। ਇਸ ਦਾ ਮਤਲਬ ਹੈ ਕਿ ਜੇਕਰ ਤੁਹਾਡੀ ਅਰਜ਼ੀ 18 ਸਤੰਬਰ ਜਾਂ ਉਸ ਤੋਂ ਬਾਅਦ ਜਮ੍ਹਾਂ ਹੁੰਦੀ ਹੈ (ਚਾਹੇ ਡਾਕ ਰਾਹੀਂ ਪੋਸਟਮਾਰਕ ਕੀਤੀ ਗਈ ਹੋਵੇ ਜਾਂ ਇਲੈਕਟ੍ਰਾਨਿਕ ਤਰੀਕੇ ਨਾਲ ਭੇਜੀ ਗਈ ਹੋਵੇ), ਤਾਂ ਸਿਰਫ਼ ਨਵਾਂ ਫਾਰਮ ਹੀ ਸਵੀਕਾਰ ਕੀਤਾ ਜਾਵੇਗਾ। ਜੇਕਰ 18 ਸਤੰਬਰ ਨੂੰ ਜਾਂ ਉਸ ਤੋਂ ਬਾਅਦ ਪੁਰਾਣਾ ਫਾਰਮ ਭੇਜਿਆ ਜਾਂਦਾ ਹੈ, ਤਾਂ ਯੂ.ਐੱਸ.ਸੀ.ਆਈ.ਐੱਸ. ਉਸ ਨੂੰ ਬਿਨਾਂ ਕਿਸੇ ਸਮੀਖਿਆ ਦੇ ਸਿੱਧੇ ਤੌਰ ’ਤੇ ਰੱਦ ਕਰ ਦੇਵੇਗਾ। ਇਸ ਦੇ ਉਲਟ ਨਵੇਂ ਫਾਰਮ ਨੂੰ 18 ਸਤੰਬਰ ਤੋਂ ਪਹਿਲਾਂ ਜਮ੍ਹਾਂ ਨਹੀਂ ਕੀਤਾ ਜਾ ਸਕਦਾ।

ਵਿਭਾਗ ਅਨੁਸਾਰ ਫਾਰਮ ਆਈ-485 ਵਿਚ ਇਹ ਬਦਲਾਅ ਹਾਲ ਹੀ ਵਿਚ ਐਲਾਨੇ ਗਏ ‘ਪਬਲਿਕ ਚਾਰਜ’ ਦੇ ਨਿਯਮਾਂ ਨੂੰ ਸਹੀ ਤਰੀਕੇ ਨਾਲ ਲਾਗੂ ਕਰਨ ਲਈ ਕੀਤਾ ਗਿਆ ਹੈ। ‘ਪਬਲਿਕ ਚਾਰਜ’ ਨਿਯਮ ਤਹਿਤ ਇਹ ਜਾਂਚ ਕੀਤੀ ਜਾਂਦੀ ਹੈ ਕਿ ਕੀ ਕੋਈ ਬਿਨੈਕਾਰ ਭਵਿੱਖ ਵਿਚ ਆਪਣੀ ਰੋਜ਼ੀ-ਰੋਟੀ ਲਈ ਮੁੱਖ ਤੌਰ ’ਤੇ ਅਮਰੀਕੀ ਸਰਕਾਰ ਦੀ ਵਿੱਤੀ ਜਾਂ ਸਮਾਜਿਕ ਮਦਦ ’ਤੇ ਨਿਰਭਰ ਹੋ ਸਕਦਾ ਹੈ ਜਾਂ ਨਹੀਂ।

ਅਮਰੀਕਾ ਵਿਚ ਤਕਨਾਲੋਜੀ, ਮੈਡੀਕਲ, ਇੰਜੀਨੀਅਰਿੰਗ ਅਤੇ ਹੋਰ ਵਿਸ਼ੇਸ਼ ਖੇਤਰਾਂ ਵਿਚ ਕੰਮ ਕਰ ਰਹੇ ਭਾਰਤੀ ਪੇਸ਼ੇਵਰਾਂ ਦੀ ਗਿਣਤੀ ਬਹੁਤ ਵੱਡੀ ਹੈ। ਸਾਲਾਨਾ ਵੀਜ਼ਾ ਕੋਟੇ ਕਾਰਨ ਬਹੁਤ ਸਾਰੇ ਭਾਰਤੀਆਂ ਨੂੰ ਗ੍ਰੀਨ ਕਾਰਡ ਦੀ ਉਡੀਕ ’ਚ ਲੰਬਾ ਸਮਾਂ ਲੱਗ ਜਾਂਦਾ ਹੈ। ਅਜਿਹੇ ਵਿਚ ਨਿਯਮਾਂ ਦੀ ਬਾਰੀਕੀ ਨਾਲ ਪਾਲਣਾ ਕਰਨਾ ਉਨ੍ਹਾਂ ਲਈ ਬੇਹੱਦ ਜ਼ਰੂਰੀ ਹੈ, ਤਾਂ ਜੋ ਕਿਸੇ ਤਕਨੀਕੀ ਗਲਤੀ ਕਾਰਨ ਉਨ੍ਹਾਂ ਦੀ ਅਰਜ਼ੀ ਰੱਦ ਨਾ ਹੋਵੇ। ਜ਼ਿਕਰਯੋਗ ਹੈ ਕਿ ਫਾਰਮ ਆਈ-485 ਭਰਨ ਵਾਲੇ ਬਿਨੈਕਾਰ ਆਪਣੀ ਪ੍ਰਕਿਰਿਆ ਦੌਰਾਨ ਕੰਮ ਕਰਨ ਅਤੇ ਯਾਤਰਾ ਕਰਨ ਦੀ ਇਜਾਜ਼ਤ ਲਈ ਵੀ ਨਾਲ ਹੀ ਅਪਲਾਈ ਕਰ ਸਕਦੇ ਹਨ। ਯੂ.ਐੱਸ.ਸੀ.ਆਈ.ਐੱਸ. ਨੇ ਸਪੱਸ਼ਟ ਕੀਤਾ ਹੈ ਕਿ ਫਿਲਹਾਲ ਅਰਜ਼ੀ ਜਮ੍ਹਾਂ ਕਰਨ ਦੀ ਫੀਸ ਜਾਂ ਸਮਾਂ-ਸੀਮਾ ਵਿਚ ਕੋਈ ਹੋਰ ਬਦਲਾਅ ਨਹੀਂ ਕੀਤਾ ਗਿਆ ਹੈ। ਬਿਨੈਕਾਰਾਂ ਅਤੇ ਉਨ੍ਹਾਂ ਦੇ ਵਕੀਲਾਂ ਦੀ ਸਹੂਲਤ ਲਈ ਨਵੇਂ ਫਾਰਮ ਦਾ ਪ੍ਰੀਵਿਊ ਅਤੇ ਦਿਸ਼ਾ-ਨਿਰਦੇਸ਼ ਪਹਿਲਾਂ ਹੀ ਯੂ.ਐੱਸ.ਸੀ.ਆਈ.ਐੱਸ. ਦੀ ਅਧਿਕਾਰਤ ਵੈੱਬਸਾਈਟ ’ਤੇ ਉਪਲਬਧ ਕਰਵਾ ਦਿੱਤੇ ਗਏ ਹਨ।

# ਅਮਰੀਕਾ ਨੇ ਕੈਨੇਡਾ ’ਤੇ ਲਾਇਆ 50 ਫੀਸਦੀ ਟੈਰਿਫ਼

**ਵਾਸ਼ਿੰਗਟਨ/ਟੋਰਾਂਟੋ, (ਪੰਜਾਬ ਮੇਲ)-** ਪਿਛਲੇ ਕਰੀਬ 18 ਮਹੀਨਿਆਂ ਤੋਂ ਅਮਰੀਕਾ ਅਤੇ ਕੈਨੇਡਾ ਵਿਚਾਲੇ ਚੱਲ ਰਹੀ ਵਪਾਰਕ ਗੱਲਬਾਤ ਆਖਰੀ ਦੌਰ ’ਚ ਪਹੁੰਚ ਕੇ ਨਾਕਾਮ ਹੋ ਗਈ ਹੈ, ਜਿਸ ਮਗਰੋਂ ਅਮਰੀਕਾ ਨੇ ਸ਼ਨੀਵਾਰ ਸਵੇਰੇ ਕੈਨਡਾ ਦੇ ਕਰੀਬ 20 ਅਰਬ ਅਮਰੀਕੀ ਡਾਲਰ ਦੇ ਉਤਪਾਦਾਂ ’ਤੇ 50 ਫੀਸਦੀ ਟੈਰਿਫ ਲਗਾ ਦਿੱਤਾ ਹੈ। ਟਰੰਪ ਪ੍ਰਸ਼ਾਸਨ ਦੀ ਇਸ ਕਾਰਵਾਈ ਦੇ ਤੁਰੰਤ ਬਾਅਦ ਕੈਨੇਡਾ ਨੇ ਵੀ ਜਵਾਬੀ ਕਾਰਵਾਈ ਕਰਨ ਦਾ ਐਲਾਨ ਕੀਤਾ ਹੈ। ਇਹ ਟੈਰਿਫ ਅਮਰੀਕਾ ਨੂੰ ਭੇਜੇ ਜਾਣ ਵਾਲੇ ਕੈਨੇਡੀਅਨ ਸਮਾਨ ਦੇ ਲਗਭਗ 5 ਫ਼ੀਸਦੀ ਹਿੱਸੇ ’ਤੇ ਲਾਗੂ ਹੋਵੇਗਾ, ਜਿਸ ਵਿਚ ਹਾਕੀ ਸਟਿੱਕਸ ਤੋਂ ਲੈ ਕੇ ਮੈਡੀਕਲ ਉਪਕਰਨ, ਪਨੀਰ ਅਤੇ ਬੀਅਰ ਵਰਗੀਆਂ ਵਸਤੂਆਂ ਸ਼ਾਮਲ ਹਨ। ਟੈਰਿਫ਼ ਲਗਾਏ ਜਾਣ ਮਗਰੋਂ ਕੈਨੇਡੀਅਨ ਪ੍ਰਧਾਨ ਮੰਤਰੀ ਮਾਰਕ ਕਾਰਨੀ ਐਕਸ ’ਤੇ ਇਕ

**■ ਟਰੰਪ ਪ੍ਰਸ਼ਾਸਨ ਦੀ ਕਾਰਵਾਈ ਦੇ ਤੁਰੰਤ ਬਾਅਦ ਕੈਨੇਡਾ ਵੱਲੋਂ ਵੀ ਜਵਾਬੀ ਕਾਰਵਾਈ ਦਾ ਐਲਾਨ**

ਪੋਸਟ ਸ਼ੇਅਰ ਕਰਦਿਆਂ ਕਿਹਾ ਕਿ ਕੈਨੇਡਾ ਆਪਣੇ ਕਾਮਿਆਂ ਅਤੇ ਵਪਾਰ ਦੀ ਰੱਖਿਆ ਲਈ “ਡਾਲਰ ਦੇ ਬਦਲੇ ਡਾਲਰ” ਦੀ ਰਣਨੀਤੀ ਅਪਣਾਏਗਾ ਤੇ ਅਮਰੀਕੀ ਉਤਪਾਦਾਂ ’ਤੇ ਟੈਰਿਫ ਲਗਾ ਕੇ ਜਵਾਬ ਦੇਵੇਗਾ। ਉਨ੍ਹਾਂ ਅੱਗੇ ਦੱਸਿਆ ਕਿ ਕੈਨੇਡਾ ਨੇ ਅਮਰੀਕਾ ਨਾਲ ਵਪਾਰਕ ਗੱਲਬਾਤ ਮੁਅੱਤਲ ਕਰ ਦਿੱਤੀ ਹੈ ਅਤੇ ਆਪਣੀ ਟੀਮ ਨੂੰ ਓਟਾਵਾ ਵਾਪਸ ਬੁਲਾ ਲਿਆ ਹੈ।

ਇਸ ਮਾਮਲੇ ਦੀ ਜਾਣਕਾਰੀ ਦਿੰਦਿਆਂ ਅਮਰੀਕੀ ਟ੍ਰੇਡ ਪ੍ਰਤੀਨਿਧੀ ਜੈਮੀਸਨ ਗ੍ਰੀਅਰ ਨੇ ਦੱਸਿਆ ਕਿ ਕੈਨੇਡਾ ਨੇ ਆਖਰੀ ਸਮੇਂ ’ਤੇ ਨਵੀਂਆਂ ਮੰਗਾਂ ਰੱਖੀਆਂ ਅਤੇ ਪੁਰਾਣੀਆਂ ਗੱਲਾਂ ਤੋਂ ਪਿੱਛੇ ਹਟ ਗਿਆ। ਦੂਜੇ ਪਾਸੇ, ਕੈਨੇਡੀਅਨ ਪ੍ਰਧਾਨ ਮੰਤਰੀ ਕਾਰਨੀ ਨੇ ਅਮਰੀਕਾ ’ਤੇ ਦੋਸ਼ ਲਗਾਇਆ ਕਿ ਅਮਰੀਕਾ ਦੀਆਂ ਆਖਰੀ ਸਮੇਂ ਰੱਖੀਆਂ ਗਈਆਂ ਸ਼ਰਤਾਂ ਨਾਜਾਇਜ਼ ਅਤੇ ਗੈਰ-ਆਰਥਿਕ ਸਨ। ਜ਼ਿਕਰਯੋਗ ਹੈ ਕਿ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਇਹ ਟੈਰਿਫ ਲਗਾਉਣ ਲਈ 1930 ਦੇ ਟੈਰਿਫ ਐਕਟ ਦੇ ਸੈਕਸ਼ਨ 338 ਦੀ ਵਰਤੋਂ ਕੀਤੀ ਹੈ, ਜੋ ਕਿ ਮਹਾਂਮੰਦੀ ਦੇ ਸਮੇਂ ਦਾ ਕਾਨੂੰਨ ਹੈ। ਦੋਵਾਂ ਦੇਸ਼ਾਂ ਵਿਚਾਲੇ ਛਿੜੇ ਇਸ ਵਪਾਰਕ ਤਣਾਅ ਕਾਰਨ ਅਮਰੀਕਾ, ਕੈਨੇਡਾ ਅਤੇ ਮੈਕਸੀਕੋ ਵਿਚਾਲੇ ਹੋਏ ਉੱਤਰੀ ਅਮਰੀਕੀ ਵਪਾਰ ਸਮਝੌਤੇ (ਯੂ.ਐੱਸ.ਐੱਮ.ਸੀ.ਏ.) ਦੇ ਭਵਿੱਖ ’ਤੇ ਵੀ ਸਵਾਲੀਆ ਨਿਸ਼ਾਨ ਖੜ੍ਹਾ ਹੋ ਗਿਆ ਹੈ। ਹੁਣ ਦੇਖਣਾ ਹੋਵੇਗਾ ਕਿ ਦੋਵਾਂ ਦੇਸ਼ਾਂ ਦੇ ਇਸ ਤਣਾਅ ਦਾ ਗਲੋਬਲ ਵਪਾਰ ’ਤੇ ਕੀ ਅਸਰ ਪੈਂਦਾ ਹੈ।

# ਗ੍ਰੀਨ ਕਾਰਡ ਧਾਰਕ ਨੂੰ ਬਿਨਾਂ ਬਾਂਡ ਸੁਣਵਾਈ ਦੇ ਕਿੰਨਾ ਸਮਾਂ ਹਿਰਾਸਤ ’ਚ ਰੱਖ ਸਕਦੀ ਹੈ ਆਈਸ?

ਵਾਸ਼ਿੰਗਟਨ, (ਪੰਜਾਬ ਮੇਲ)- ਅਮਰੀਕੀ ਸੁਪਰੀਮ ਕੋਰਟ ਇੱਕ ਅਜਿਹੇ ਮਹੱਤਵਪੂਰਨ ਇਮੀਗ੍ਰੇਸ਼ਨ ਮਾਮਲੇ ਦੀ ਸੁਣਵਾਈ ਕਰਨ ਜਾ ਰਹੀ ਹੈ, ਜਿਸਦਾ ਫ਼ੈਸਲਾ ਇਹ ਨਿਰਧਾਰਤ ਕਰ ਸਕਦਾ ਹੈ ਕਿ ਆਈਸ ਕੁਝ ਗ੍ਰੀਨ ਕਾਰਡ ਧਾਰਕਾਂ ਨੂੰ ਇਮੀਗ੍ਰੇਸ਼ਨ ਜੱਜ ਸਾਹਮਣੇ ਬੌਂਡ ਸੁਣਵਾਈ ਦਿੱਤੇ ਬਿਨਾਂ ਕਿੰਨਾ ਲੰਮਾ ਸਮਾਂ ਹਿਰਾਸਤ ਵਿਚ ਰੱਖ ਸਕਦੀ ਹੈ। ਸੁਪਰੀਮ ਕੋਰਟ ਦੇ ਸਰਕਾਰੀ ਡਾਕਟ ਅਨੁਸਾਰ “ਜੇਨਾਲੋ ਬਨਾਮ ਬਲੈਕ” ਕੇਸ ਦੀ ਮੌਖਿਕ ਸੁਣਵਾਈ 13 ਅਕਤੂਬਰ 2026 ਨੂੰ ਹੋਵੇਗੀ। ਅਦਾਲਤ ਨੇ 15 ਜੂਨ 2026 ਨੂੰ ਕੇਸ ਸੁਣਨ ਲਈ ਸਵੀਕਾਰ ਕੀਤਾ ਸੀ।

ਇਹ ਵਿਵਾਦ ਅਮਰੀਕੀ ਇਮੀਗ੍ਰੇਸ਼ਨ ਕਾਨੂੰਨ ਦੀ ਧਾਰਾ 8 ਯੂ.ਐੱਸ.ਸੀ. 1226(ਸੀ) ਨਾਲ ਜੁੜਿਆ ਹੈ। ਇਸ ਧਾਰਾ ਅਧੀਨ ਕੁਝ ਨਿਰਧਾਰਤ ਅਪਰਾਧਿਕ ਦੋਸ਼ਾਂ ਜਾਂ ਸਜ਼ਾਵਾਂ ਕਾਰਨ ਦੇਸ਼ ਨਿਕਾਲੇ ਦੀ ਕਾਰਵਾਈ ਦਾ ਸਾਹਮਣਾ ਕਰ ਰਹੇ ਗੈਰ-ਨਾਗਰਿਕਾਂ ਨੂੰ ਲਾਜ਼ਮੀ ਹਿਰਾਸਤ ਵਿਚ ਰੱਖਿਆ ਜਾ ਸਕਦਾ ਹੈ। ਇਸ ਲਈ ਇਹ ਸਮਝਣਾ ਜ਼ਰੂਰੀ ਹੈ ਕਿ ਕੇਸ ਦਾ ਸਬੰਧ ਸਾਰੇ ਗ੍ਰੀਨ ਕਾਰਡ ਧਾਰਕਾਂ




ਨਾਲ ਨਹੀਂ ਹੈ।

ਕੇਸ ਦੇ ਕੇਂਦਰ ਵਿਚ ਡੋਮੀਨਿਕਨ ਰਿਪਬਲਿਕ ਵਿਚ ਜਨਮੇ ਕੈਸੀ ਜੀ.ਐੱਮ. ਹਨ, ਜੋ 2011 ਤੋਂ ਅਮਰੀਕਾ ਦੇ ਕਾਨੂੰਨੀ ਸਥਾਈ ਨਿਵਾਸੀ ਹਨ। ਦੂਜੇ ਦਰਜੇ ਦੇ ਹਮਲੇ ਨਾਲ ਸਬੰਧਿਤ ਪੁਰਾਣੀ ਸਜ਼ਾ ਤੋਂ ਬਾਅਦ ਆਈਸ ਨੇ ਉਨ੍ਹਾਂ ਨੂੰ 5 ਅਕਤੂਬਰ 2020 ਨੂੰ ਗ੍ਰਿਫ਼ਤਾਰ ਕਰਕੇ ਦੇਸ਼ ਨਿਕਾਲੇ ਦੀ ਕਾਰਵਾਈ ਸ਼ੁਰੂ ਕੀਤੀ ਸੀ। ਉਹ ਲਗਭਗ 21 ਮਹੀਨੇ ਹਿਰਾਸਤ ਵਿਚ ਰਹੇ ਪਰ ਉਨ੍ਹਾਂ ਨੂੰ ਅਜਿਹੀ ਬਾਂਡ ਸੁਣਵਾਈ ਨਹੀਂ ਮਿਲੀ, ਜਿਸ ਵਿਚ ਜੱਜ ਇਹ ਜਾਂਚਦਾ ਕਿ ਉਹ ਜਨਤਕ ਸੁਰੱਖਿਆ ਲਈ ਖ਼ਤਰਾ ਜਾਂ ਫ਼ਰਾਰ ਹੋਣ ਦਾ ਜੋਖ਼ਮ ਹਨ ਜਾਂ ਨਹੀਂ।

ਇਸੇ ਮਾਮਲੇ ਨਾਲ ਪਹਿਲਾਂ

## ਸੁਪਰੀਮ ਕੋਰਟ ਕਰੇਗੀ ਅਹਿਮ ਫ਼ੈਸਲਾ

ਜੁੜੇ ਜਮੈਕਾ ਮੂਲ ਦੇ ਗ੍ਰੀਨ ਕਾਰਡ ਧਾਰਕ ਕੈਰਲ ਵਿਲੀਅਮਜ਼ ਬਲੈਕ ਨੂੰ ਵੀ ਲਗਭਗ ਸੱਤ ਮਹੀਨੇ ਬਿਨਾਂ ਬਾਂਡ ਸੁਣਵਾਈ ਹਿਰਾਸਤ ਵਿਚ ਰੱਖਿਆ ਗਿਆ ਸੀ। ਬਾਅਦ ਵਿਚ ਉਹ ਆਪਣਾ ਘਰ ਅਤੇ ਕਾਰੋਬਾਰ ਵੇਚ ਕੇ ਅਮਰੀਕਾ ਤੋਂ ਚਲੇ ਗਏ। ਇਸ ਕਰਕੇ ਸੁਪਰੀਮ ਕੋਰਟ ਮੁੱਖ ਤੌਰ ’ਤੇ ਜੀ.ਐੱਮ. ਦੇ ਮਾਮਲੇ ਦੀ ਸੁਣਵਾਈ ਕਰੇਗੀ ਅਤੇ ਇਹ ਵੀ ਤੈਅ ਕਰੇਗੀ ਕਿ ਉਨ੍ਹਾਂ ਦੀ ਰਿਹਾਈ ਕਾਰਨ ਕਾਨੂੰਨੀ ਚੁਣੌਤੀ ਹੁਣ ਬੇਅਸਰ ਤਾਂ ਨਹੀਂ ਹੋ ਗਈ।

ਸੈਕਿੰਡ ਸਰਕਟ ਅਪੀਲੀ ਅਦਾਲਤ ਨੇ ਮਈ 2024 ਵਿਚ ਫ਼ੈਸਲਾ ਦਿੱਤਾ ਸੀ ਕਿ ਬਿਨਾਂ ਸੁਣਵਾਈ ਹਿਰਾਸਤ ਜੇ ਬੇਵਜ੍ਹਾ ਬਹੁਤ ਲੰਮੀ ਹੋ ਜਾਵੇ, ਤਾਂ ਇਹ ਸੰਵਿਧਾਨ ਦੀ ਡਿਊ ਪ੍ਰੋਸੈੱਸ ਗਾਰੰਟੀ ਦੀ ਉਲੰਘਣਾ ਹੋ ਸਕਦੀ ਹੈ। ਅਦਾਲਤ ਨੇ ਕੋਈ ਪੱਕੀ ਛੇ ਮਹੀਨੇ ਦੀ ਹੱਦ ਨਿਰਧਾਰਤ ਨਹੀਂ ਕੀਤੀ, ਸਗੋਂ ਹਰ ਕੇਸ ਦੇ ਹਾਲਾਤ ਵੱਖਰੇ ਤੌਰ ’ਤੇ ਜਾਂਚਣ ਦੀ ਗੱਲ ਕਹੀ। ਬੌਂਡ ਸੁਣਵਾਈ ਹੋਣ ਦੀ ਸਥਿਤੀ ਵਿਚ ਸਰਕਾਰ ਨੂੰ ਸਪੱਸ਼ਟ ਅਤੇ ਭਰੋਸੇਯੋਗ ਸਬੂਤਾਂ ਨਾਲ ਇਹ ਸਾਬਤ ਕਰਨਾ ਪਵੇਗਾ ਕਿ ਵਿਅਕਤੀ ਨੂੰ ਹਿਰਾਸਤ ਵਿਚ ਰੱਖਣਾ ਜ਼ਰੂਰੀ ਹੈ। ਮਨੁੱਖੀ ਅਧਿਕਾਰ ਸੰਗਠਨਾਂ ਦਾ ਕਹਿਣਾ ਹੈ ਕਿ ਕਿਸੇ ਵਿਅਕਤੀ ਨੂੰ ਮਹੀਨਿਆਂ ਜਾਂ ਸਾਲਾਂ ਤੱਕ ਬਿਨਾਂ ਨਿਆਂਇਕ ਸਮੀਖਿਆ ਹਿਰਾਸਤ ਵਿਚ ਰੱਖਣਾ ਨਿੱਜੀ ਆਜ਼ਾਦੀ ਦੇ ਮੂਲ ਅਧਿਕਾਰ ਉੱਤੇ ਗੰਭੀਰ ਅਸਰ ਪਾਉਂਦਾ ਹੈ।

ਸੁਪਰੀਮ ਕੋਰਟ ਦੇ ਅੰਤਿਮ ਫ਼ੈਸਲੇ ਤੱਕ ਮੌਜੂਦਾ ਕਾਨੂੰਨ ਵਿਚ ਕੋਈ ਤਬਦੀਲੀ ਨਹੀਂ ਹੋਈ। ਇਸ ਖ਼ਬਰ ਦਾ ਮਤਲਬ ਨਾ ਤਾਂ ਸਾਰੇ ਹਿਰਾਸਤੀਆਂ ਨੂੰ ਬਾਂਡ ਮਿਲਣਾ ਹੈ ਅਤੇ ਨਾ ਹੀ ਆਈਸ ਨੂੰ ਹਰ ਗ੍ਰੀਨ ਕਾਰਡ ਧਾਰਕ ਨੂੰ ਬਿਨਾਂ ਸੁਣਵਾਈ ਅਣਮਿੱਥੇ ਸਮੇਂ ਲਈ ਰੱਖਣ ਦਾ ਨਵਾਂ ਅਧਿਕਾਰ ਮਿਲ ਗਿਆ ਹੈ। ਅੰਤਿਮ ਫ਼ੈਸਲਾ ਸੰਭਾਵਤ ਤੌਰ ’ਤੇ ਜੂਨ 2027 ਤੱਕ ਆ ਸਕਦਾ ਹੈ। ਇਮੀਗ੍ਰੇਸ਼ਨ ਹਿਰਾਸਤ ਨਾਲ ਸਬੰਧਿਤ ਕਿਸੇ ਵਿਅਕਤੀਗਤ ਕੇਸ ਲਈ ਯੋਗ ਅਤੇ ਲਾਇਸੰਸਯੁਕਤ ਇਮੀਗ੍ਰੇਸ਼ਨ ਅਟਾਰਨੀ ਨਾਲ ਸਲਾਹ ਕਰਨੀ ਚਾਹੀਦੀ ਹੈ।

# ਪੈਂਟਾਗਨ ਵੱਲੋਂ 30 ਅਮਰੀਕੀ ਯੂਨੀਵਰਸਿਟੀਆਂ ਨੂੰ ਸਖ਼ਤ ਹੁਕਮ ਜਾਰੀ!

ਵਾਸ਼ਿੰਗਟਨ, (ਪੰਜਾਬ ਮੇਲ)- ਅਮਰੀਕੀ ਰੱਖਿਆ ਵਿਭਾਗ (ਪੈਂਟਾਗਨ) ਨੇ ਦੇਸ਼ ਦੀਆਂ 30 ਪ੍ਰਮੁੱਖ ਯੂਨੀਵਰਸਿਟੀਆਂ ਨੂੰ ਮੁੱਖ ਤੌਰ ’ਤੇ ਚੀਨੀ ਯੂਨੀਵਰਸਿਟੀਆਂ ਅਤੇ ਮਿਲਟਰੀ ਟ੍ਰੇਨਿੰਗ ਇੰਸਟੀਚਿਊਟਸ ਨਾਲ ਆਪਣੀ ਭਾਈਵਾਲੀ ਦੀ ਜਾਂਚ ਕਰਨ ਦੇ ਹੁਕਮ ਦਿੱਤੇ ਹਨ। ਟਰੰਪ ਪ੍ਰਸ਼ਾਸਨ ਵੱਲੋਂ ਚੀਨ ਦੇ ਵਧਦੇ ਗਲੋਬਲ ਪ੍ਰਭਾਵ ਅਤੇ ਰਾਸ਼ਟਰੀ ਸੁਰੱਖਿਆ ਦੇ ਖਤਰਿਆਂ ਨੂੰ ਦੇਖਦਿਆਂ ਇਹ ਕਦਮ ਚੁੱਕਿਆ ਗਿਆ ਹੈ।

ਪੈਂਟਾਗਨ ਨੇ ਸਪੱਸ਼ਟ ਕੀਤਾ ਹੈ ਕਿ ਜੇਕਰ ਇਹ ਯੂਨੀਵਰਸਿਟੀਆਂ ਅਗਲੇ ਦੋ ਹਫ਼ਤਿਆਂ ਦੇ ਅੰਦਰ ਆਪਣਾ ਆਡਿਟ ਪੂਰਾ ਨਹੀਂ ਕਰਦੀਆਂ ਅਤੇ ਰਾਸ਼ਟਰੀ ਸੁਰੱਖਿਆ ਲਈ ਖ਼ਤਰਾ ਬਣਨ ਵਾਲੇ ਕਿਸੇ ਵੀ ਸਮਝੌਤੇ ਨੂੰ ਖ਼ਤਮ ਨਹੀਂ ਕਰਦੀਆਂ, ਤਾਂ ਉਨ੍ਹਾਂ ਦੀਆਂ ਸਰਕਾਰੀ ਗ੍ਰਾਂਟਾਂ ਅਤੇ ਫੰਡਿੰਗ ਰੋਕ ਦਿੱਤੀ ਜਾਵੇਗੀ।

ਹਾਲਾਂਕਿ ਪੈਂਟਾਗਨ ਨੇ ਅਧਿਕਾਰਤ ਤੌਰ ’ਤੇ ਸੰਸਥਾਵਾਂ ਦੇ ਨਾਂ ਜਾਰੀ ਨਹੀਂ ਕੀਤੇ, ਪਰ ਇੱਕ ਸਰਕਾਰੀ ਅਧਿਕਾਰੀ ਅਨੁਸਾਰ ਇਨ੍ਹਾਂ ਵਿਚ ਹਾਰਵਰਡ ਯੂਨੀਵਰਸਿਟੀ, ਮੈਸਾਚੂਸੇਟਸ ਇੰਸਟੀਚਿਊਟ ਆਫ਼ ਟੈਕਨਾਲੋਜੀ (ਐੱਮ.ਆਈ.ਟੀ.) ਅਤੇ ਜੌਨਸ ਹੌਪਕਿਨਜ਼ ਯੂਨੀਵਰਸਿਟੀ ਵਰਗੀਆਂ ਨਾਮਵਰ ਸੰਸਥਾਵਾਂ ਸ਼ਾਮਲ ਹਨ।

ਪੈਂਟਾਗਨ ਦੇ ਚੀਫ਼ ਟੈਕਨਾਲੋਜੀ ਅਫ਼ਸਰ ਐਮਿਲ ਮਾਈਕਲ ਨੇ ਇਕ ਬਿਆਨ ’ਚ ਕਿਹਾ, “ਟੈਕਸਪੇਅਰਜ਼




ਦੇ ਪੈਸੇ ਨਾਲ ਹੋਣ ਵਾਲੀ ਰਿਸਰਚ ਦੀ ਚੋਰੀ ਨੂੰ ਰੋਕਣਾ ਸਾਡੀ ਤਰਜੀਹ ਹੈ। ਰਾਸ਼ਟਰੀ ਸੁਰੱਖਿਆ ਨਾਲ ਸਮਝੌਤਾ ਕਰਨ ਵਾਲੀਆਂ ਅਕਾਦਮਿਕ ਭਾਈਵਾਲੀਆਂ ਨੂੰ ਬਿਲਕੁਲ ਬਰਦਾਸ਼ਤ ਨਹੀਂ ਕੀਤਾ ਜਾਵੇਗਾ।” ਜ਼ਿਕਰਯੋਗ ਹੈ ਕਿ ਇਹ ਹੁਕਮ ਪੈਂਟਾਗਨ ਵੱਲੋਂ ਜਾਰੀ ਕੀਤੀ ਗਈ 130 ਵਿਦੇਸ਼ੀ ਸੰਸਥਾਵਾਂ ਦੀ ਸੂਚੀ ਤੋਂ ਬਾਅਦ ਆਇਆ ਹੈ, ਜਿਨ੍ਹਾਂ ’ਤੇ ਅਮਰੀਕੀ ਸਰਕਾਰੀ ਰਿਸਰਚ ਦਾ ਗਲਤ ਫਾਇਦਾ ਚੁੱਕਣ ਦੇ ਦੋਸ਼ ਹਨ। ਇਨ੍ਹਾਂ ’ਚੋਂ ਜ਼ਿਆਦਾਤਰ ਚੀਨੀ ਅਤੇ ਕੁਝ ਇਰਾਨੀ ਤੇ ਰੂਸੀ ਸੰਸਥਾਵਾਂ ਹਨ।

ਅਮਰੀਕਨ ਕੌਂਸਲ ਆਨ ਐਜੂਕੇਸ਼ਨ (ਏ.ਸੀ.ਈ.) ਨੇ ਬਿਨਾਂ ਕਿਸੇ ਠੋਸ ਸਬੂਤ ਦੇ ਯੂਨੀਵਰਸਿਟੀਆਂ ’ਤੇ ਅਜਿਹੇ ਦੋਸ਼ ਲਗਾਉਣ ’ਤੇ ਚਿੰਤਾ ਜਤਾਈ ਹੈ। ਦੂਜੇ ਪਾਸੇ, ਚੀਨੀ ਦੂਤਾਵਾਸ ਦੇ ਬੁਲਾਰੇ ਨੇ ਅਮਰੀਕਾ ਦੇ ਇਸ ਕਦਮ ਦੀ ਆਲੋਚਨਾ ਕਰਦਿਆਂ ਕਿਹਾ ਕਿ ਵਿਗਿਆਨਕ ਅਤੇ ਵਿਦਿਅਕ ਆਦਾਨ-ਪ੍ਰਦਾਨ ਦਾ ਸਿਆਸੀਕਰਨ ਨਹੀਂ ਕੀਤਾ ਜਾਣਾ ਚਾਹੀਦਾ।

# ਅਦਾਲਤੀ ਰੋਕ ਦੇ ਬਾਵਜੂਦ ਡਾਕ ਰਾਹੀਂ ਵੋਟਿੰਗ ਲਈ ਨਵਾਂ ਨਿਯਮ ਜਾਰੀ!

ਵਾਸ਼ਿੰਗਟਨ, (ਪੰਜਾਬ ਮੇਲ)- ਅਮਰੀਕਾ ਵਿਚ ਡਾਕ ਰਾਹੀਂ ਵੋਟ ਪਾਉਣ ਦੀ ਪ੍ਰਕਿਰਿਆ ਨੂੰ ਲੈ ਕੇ ਇੱਕ ਵੱਡਾ ਕਾਨੂੰਨੀ ਅਤੇ ਸਿਆਸੀ ਵਿਵਾਦ ਖੜ੍ਹਾ ਹੋ ਗਿਆ ਹੈ। ਯੂਨਾਈਟਡ ਸਟੇਟਸ ਪੋਸਟਲ ਸਰਵਿਸ ਨੇ ਰਾਸ਼ਟਰਪਤੀ ਡੋਨਾਲਡ ਟਰੰਪ ਵੱਲੋਂ ਮਾਰਚ ਵਿਚ ਜਾਰੀ ਕੀਤੇ ਕਾਰਜਕਾਰੀ ਹੁਕਮ ਦੇ ਤਹਿਤ ਮੇਲ-ਇਨ ਵੋਟਿੰਗ ਨਾਲ ਸਬੰਧਤ ਇੱਕ ਅੰਤਿਮ ਨਿਯਮ ਤਿਆਰ ਕੀਤਾ ਹੈ। ਹਾਲਾਂਕਿ, ਦੋ ਅਦਾਲਤੀ ਫੈਸਲਿਆਂ ਕਾਰਨ ਇਸ ਨਿਯਮ ਦੇ ਮਹੱਤਵਪੂਰਨ ਹਿੱਸੇ ਨੂੰ 2026 ਦੀਆਂ ਮਿਡਟਰਮ ਚੋਣਾਂ ਲਈ ਲਾਗੂ ਕਰਨ ’ਤੇ ਫਿਲਹਾਲ ਰੋਕ ਹੈ।

ਰਿਪੋਰਟ ਮੁਤਾਬਕ ਨਵੇਂ ਨਿਯਮ ਹੇਠ ਪੋਸਟਲ ਸਰਵਿਸ ਦੀ ਭੂਮਿਕਾ ਸਿਰਫ਼ ਬੈਲਟ ਪਹੁੰਚਾਉਣ ਤੱਕ ਸੀਮਤ ਨਹੀਂ ਰਹੇਗੀ। ਯੋਜਨਾ ਅਨੁਸਾਰ ਫੈਡਰਲ ਡਾਟਾ ਦੀ ਮਦਦ ਨਾਲ ਵੋਟ ਪਾਉਣ ਦੇ ਯੋਗ ਨਾਗਰਿਕਾਂ ਦੀ ਜਾਣਕਾਰੀ ਤਿਆਰ ਕੀਤੀ ਜਾਣੀ ਹੈ ਅਤੇ ਪੋਸਟਲ ਸਰਵਿਸ ਸਿਰਫ਼ ਉਨ੍ਹਾਂ ਵਿਅਕਤੀਆਂ ਨੂੰ ਡਾਕ ਰਾਹੀਂ ਬੈਲਟ ਭੇਜੇਗੀ,

## 2026 ਮਿਡਟਰਮ ਚੋਣਾਂ ਵਿਚ ਫਿਲਹਾਲ ਲਾਗੂ ਨਹੀਂ

ਜਿਨ੍ਹਾਂ ਨੂੰ ਯੋਗ ਮੰਨਿਆ ਗਿਆ ਹੋਵੇ। ਇਸ ਤੋਂ ਇਲਾਵਾ, ਅਯੋਗ ਵਿਅਕਤੀਆਂ ਨੂੰ ਫੈਡਰਲ ਚੋਣਾਂ ਲਈ ਬੈਲਟ ਜਾਰੀ ਕਰਨ ਵਾਲੇ ਅਧਿਕਾਰੀਆਂ ਖ਼ਿਲਾਫ਼ ਜਾਂਚ ਅਤੇ ਕਾਰਵਾਈ ਦੀ ਗੱਲ ਵੀ ਹੁਕਮ ਵਿਚ ਕੀਤੀ ਗਈ ਹੈ।

ਟਰੰਪ ਪ੍ਰਸ਼ਾਸਨ ਦਾ ਕਹਿਣਾ ਹੈ ਕਿ ਇਹ ਕਦਮ ਚੋਣ ਧੋਖਾਧੜੀ ਨੂੰ ਰੋਕਣ ਅਤੇ ਵੋਟਰ ਯੋਗਤਾ ਦੀ ਜਾਂਚ ਮਜ਼ਬੂਤ ਕਰਨ ਲਈ ਜ਼ਰੂਰੀ ਹਨ। ਦੂਜੇ ਪਾਸੇ ਆਲੋਚਕਾਂ ਦਾ ਕਹਿਣਾ ਹੈ ਕਿ ਅਮਰੀਕੀ ਸੰਵਿਧਾਨ ਮੁਤਾਬਕ ਚੋਣਾਂ ਦੇ ਪ੍ਰਬੰਧ ਵਿਚ ਰਾਜਾਂ ਦੀ ਮੁੱਖ ਭੂਮਿਕਾ ਹੈ ਅਤੇ ਫੈਡਰਲ ਸਰਕਾਰ ਵੱਲੋਂ ਇਸ ਤਰ੍ਹਾਂ ਦਖ਼ਲ ਦੇਣਾ ਰਾਜਾਂ ਦੇ ਅਧਿਕਾਰਾਂ ਨੂੰ ਪ੍ਰਭਾਵਿਤ ਕਰ ਸਕਦਾ ਹੈ।

ਇਸ ਮਾਮਲੇ ਵਿਚ 23 ਰਾਜਾਂ, ਜਿਨ੍ਹਾਂ ਵਿਚੋਂ ਜ਼ਿਆਦਾਤਰ ਡੈਮੋਕ੍ਰੈਟਿਕ ਨੇਤ੍ਰਿਤਵ ਵਾਲੇ ਹਨ, ਨੇ ਅਦਾਲਤ ਦਾ ਰੁਖ ਕੀਤਾ ਸੀ। ਫੈਡਰਲ ਜੱਜ ਇੰਦਿਰਾ ਤਲਵਾਨੀ ਨੇ ਹੁਕਮ ਦੇ ਇੱਕ ਮਹੱਤਵਪੂਰਨ ਹਿੱਸੇ ਨੂੰ ਰੋਕ ਦਿੱਤਾ। ਪ੍ਰਸ਼ਾਸਨ ਨੇ ਇਸ ਫੈਸਲੇ ਖ਼ਿਲਾਫ਼ ਅਪੀਲ ਕੀਤੀ ਪਰ ਉਸਨੂੰ ਰਾਹਤ ਨਹੀਂ ਮਿਲੀ, ਜਿਸ ਤੋਂ ਬਾਅਦ 27 ਜੁਲਾਈ ਨੂੰ ਸੁਪਰੀਮ ਕੋਰਟ ਦਾ ਦਰਵਾਜ਼ਾ ਖੜਕਾਇਆ ਗਿਆ। ਖ਼ਬਰ ਵਿਚ ਦਿੱਤੀ ਜਾਣਕਾਰੀ ਮੁਤਾਬਕ ਸੁਪਰੀਮ ਕੋਰਟ ਨੇ ਹਾਲੇ ਇਸ ਮਾਮਲੇ ਵਿਚ ਅੰਤਿਮ ਫੈਸਲਾ ਨਹੀਂ ਦਿੱਤਾ।

ਇਸ ਲਈ ਸਭ ਤੋਂ ਮਹੱਤਵਪੂਰਨ ਗੱਲ ਇਹ ਹੈ ਕਿ ਨਵਾਂ ਨਿਯਮ ਪ੍ਰਕਾਸ਼ਿਤ ਹੋ ਰਿਹਾ ਹੈ, ਪਰ ਮੌਜੂਦਾ ਅਦਾਲਤੀ ਰੋਕ ਕਾਰਨ ਇਸਨੂੰ 2026 ਦੀਆਂ ਮਿਡਟਰਮ ਚੋਣਾਂ ਵਿਚ ਲਾਗੂ ਹੋ ਗਿਆ ਮੰਨਣਾ ਸਹੀ ਨਹੀਂ ਹੋਵੇਗਾ। ਅਗਲਾ ਵੱਡਾ ਫੈਸਲਾ ਅਦਾਲਤਾਂ, ਖ਼ਾਸ ਕਰਕੇ ਸੁਪਰੀਮ ਕੋਰਟ ਦੀ ਕਾਰਵਾਈ ’ਤੇ ਨਿਰਭਰ ਕਰੇਗਾ।

# ਅਮਰੀਕਾ ਵੱਲੋਂ 2,300 ਤੋਂ ਵੱਧ ਮੈਕਸੀਕਨ ਨਾਗਰਿਕ ਤੀਜੇ ਦੇਸ਼ਾਂ ਰਾਹੀਂ ਡਿਪੋਰਟ

ਵਾਸ਼ਿੰਗਟਨ, (ਪੰਜਾਬ ਮੇਲ)- ਟਰੰਪ ਪ੍ਰਸ਼ਾਸਨ ਵੱਲੋਂ ਡਿਪੋਰਟੇਸ਼ਨ ਲਈ ਅਪਣਾਈ ਜਾ ਰਹੀ “ਤੀਜੇ ਦੇਸ਼” ਦੀ ਨੀਤੀ ਹੁਣ ਮੈਕਸੀਕਨ ਨਾਗਰਿਕਾਂ ਉੱਤੇ ਵੀ ਵੱਡੇ ਪੱਧਰ ’ਤੇ ਲਾਗੂ ਹੁੰਦੀ ਦਿਖਾਈ ਦੇ ਰਹੀ ਹੈ। ਤਾਜ਼ਾ ਸਰਕਾਰੀ ਅੰਕੜਿਆਂ ਮੁਤਾਬਕ 2026 ਦੌਰਾਨ ਅਮਰੀਕਾ ਨੇ 2,284 ਮੈਕਸੀਕਨ ਨਾਗਰਿਕਾਂ ਨੂੰ ਸਿੱਧਾ ਮੈਕਸੀਕੋ ਭੇਜਣ ਦੀ ਬਜਾਏ ਪਹਿਲਾਂ ਗੁਆਟੇਮਾਲਾ ਭੇਜਿਆ ਹੈ, ਜਦਕਿ ਹੋਰ ਮੈਕਸੀਕਨ ਨਾਗਰਿਕਾਂ ਨੂੰ ਹੋਂਡੂਰਸ ਭੇਜਿਆ ਗਿਆ ਹੈ।

ਗੁਆਟੇਮਾਲਾ ਦੇ ਰਾਸ਼ਟਰਪਤੀ ਬਰਨਾਰਡੋ ਅਰੇਵਾਲੋ ਨੇ ਪੁਸ਼ਟੀ ਕੀਤੀ ਹੈ ਕਿ ਇਹ ਮੈਕਸੀਕਨ ਨਾਗਰਿਕ ਅਮਰੀਕਾ ਤੋਂ ਉਨ੍ਹਾਂ ਜਹਾਜ਼ਾਂ ਵਿਚ ਲਿਆਂਦੇ ਜਾਂਦੇ ਹਨ, ਜਿਨ੍ਹਾਂ ਵਿਚ ਗੁਆਟੇਮਾਲਾ ਦੇ ਡਿਪੋਰਟ ਕੀਤੇ ਗਏ ਲੋਕ ਵੀ ਹੁੰਦੇ ਹਨ। ਉਨ੍ਹਾਂ ਕਿਹਾ ਕਿ ਮੈਕਸੀਕਨ ਨਾਗਰਿਕ ਗੁਆਟੇਮਾਲਾ ਵਿਚ ਸਿਰਫ਼ ਆਵਾਜਾਈ ਲਈ ਰਹਿੰਦੇ ਹਨ ਅਤੇ ਆਮ ਤੌਰ ’ਤੇ 24 ਘੰਟਿਆਂ ਤੋਂ ਘੱਟ ਸਮੇਂ ਵਿਚ ਉਨ੍ਹਾਂ ਨੂੰ ਮੈਕਸੀਕੋ ਭੇਜ ਦਿੱਤਾ ਜਾਂਦਾ ਹੈ। ਗੁਆਟੇਮਾਲਾ ਸਰਕਾਰ ਦਾ ਕਹਿਣਾ ਹੈ ਕਿ ਇਸ ਆਵਾਜਾਈ ਦਾ ਖਰਚਾ ਮੈਕਸੀਕੋ ਜਾਂ ਅਮਰੀਕਾ ਵੱਲੋਂ ਦਿੱਤਾ ਜਾਂਦਾ ਹੈ।

ਇਸ ਤੋਂ ਇਲਾਵਾ ਮਈ ਤੋਂ ਜੁਲਾਈ ਦੇ ਮੱਧ ਤੱਕ ਘੱਟੋ-ਘੱਟ 165 ਮੈਕਸੀਕਨ ਨਾਗਰਿਕ ਹੋਂਡੂਰਸ ਭੇਜੇ ਗਏ ਦੱਸੇ ਗਏ ਹਨ।

## ਮੈਕਸੀਕੋ ਵੱਲੋਂ ਵਿਰੋਧ

ਇਸ ਤੋਂ ਪਹਿਲਾਂ ਅਮਰੀਕਾ ਆਮ ਤੌਰ ’ਤੇ ਮੈਕਸੀਕਨ ਨਾਗਰਿਕਾਂ ਨੂੰ ਸਿੱਧਾ ਮੈਕਸੀਕੋ ਹੀ ਵਾਪਸ ਭੇਜਦਾ ਸੀ। ਹੁਣ ਉਨ੍ਹਾਂ ਨੂੰ ਪਹਿਲਾਂ ਕਿਸੇ ਹੋਰ ਦੇਸ਼ ਭੇਜਣਾ ਟਰੰਪ ਪ੍ਰਸ਼ਾਸਨ ਦੀ ਵਧ ਰਹੀ ਤੀਜੇ-ਦੇਸ਼ ਡਿਪੋਰਟੇਸ਼ਨ ਨੀਤੀ ਦਾ ਹਿੱਸਾ ਮੰਨਿਆ ਜਾ ਰਿਹਾ ਹੈ।

ਮੈਕਸੀਕੋ ਸਰਕਾਰ ਨੇ ਇਸ ਤਰੀਕੇ ਦਾ ਵਿਰੋਧ ਕੀਤਾ ਹੈ ਅਤੇ ਕਿਹਾ ਹੈ ਕਿ ਉਹ ਆਪਣੇ ਨਾਗਰਿਕਾਂ ਨੂੰ ਸਿੱਧਾ ਵਾਪਸ ਲੈਣ ਲਈ ਤਿਆਰ ਹੈ। ਮਨੁੱਖੀ ਅਧਿਕਾਰ ਸੰਸਥਾਵਾਂ ਨੇ ਵੀ ਚਿੰਤਾ ਜਤਾਈ ਹੈ ਕਿ ਕਿਸੇ ਵਿਅਕਤੀ ਨੂੰ ਉਸਦੇ ਆਪਣੇ ਦੇਸ਼ ਦੀ ਥਾਂ ਤੀਜੇ ਦੇਸ਼ ਭੇਜਣ ਨਾਲ ਉਸਦੇ ਹੱਕਾਂ, ਸੁਰੱਖਿਆ ਅਤੇ ਅਸਾਇਲਮ ਨਾਲ ਜੁੜੇ ਮਾਮਲਿਆਂ ਉੱਤੇ ਅਸਰ ਪੈ ਸਕਦਾ ਹੈ।

ਅਮਰੀਕੀ ਪ੍ਰਸ਼ਾਸਨ ਦਾ ਕਹਿਣਾ ਹੈ ਕਿ ਉਹ ਇਮੀਗ੍ਰੇਸ਼ਨ ਕਾਨੂੰਨਾਂ ਅਧੀਨ ਉਪਲਬਧ ਕਾਨੂੰਨੀ ਤਰੀਕਿਆਂ ਦੀ ਵਰਤੋਂ ਕਰਕੇ ਡਿਪੋਰਟੇਸ਼ਨ ਕਾਰਵਾਈ ਨੂੰ ਤੇਜ਼ ਕਰ ਰਿਹਾ ਹੈ। ਇਹ ਮਾਮਲਾ ਇਸ ਗੱਲ ਦਾ ਤਾਜ਼ਾ ਉਦਾਹਰਨ ਹੈ ਕਿ ਅਮਰੀਕਾ ਹੁਣ ਕੁਝ ਡਿਪੋਰਟ ਕੀਤੇ ਲੋਕਾਂ ਨੂੰ ਉਨ੍ਹਾਂ ਦੇ ਆਪਣੇ ਦੇਸ਼ ਵਿਚ ਸਿੱਧਾ ਭੇਜਣ ਦੀ ਥਾਂ ਵਿਚਕਾਰਲੇ ਤੀਜੇ ਦੇਸ਼ਾਂ ਦੀ ਵਰਤੋਂ ਵੀ ਕਰ ਰਿਹਾ ਹੈ।

# ਲਾਈਬੀਰੀਆ ਨਾ ਉਤਰੇ 5 ਡਿਪੋਰਟੀਜ਼ ਨੂੰ ਅਮਰੀਕੀ ਫਲਾਈਟ ਇਕਵੇਟੋਰੀਅਲ ਗਿਨੀ ਲੈ ਗਈ

ਵਾਸ਼ਿੰਗਟਨ/ਮੋਨਰੋਵੀਆ, (ਪੰਜਾਬ ਮੇਲ)- ਅਮਰੀਕਾ ਦੀ ਥਰਡ-ਕੰਟਰੀ ਡਿਪੋਰਟੇਸ਼ਨ ਨੀਤੀ ਨਾਲ ਜੁੜੀ 21 ਅਗਸਤ 2026 ਦੀ ਇੱਕ ਨਵੀਂ ਮਹੱਤਵਪੂਰਨ ਅਪਡੇਟ ਸਾਹਮਣੇ ਆਈ ਹੈ। ਰਾਇਟਰਜ਼ ਦੀ ਰਿਪੋਰਟ ਮੁਤਾਬਕ, ਅਮਰੀਕਾ ਵੱਲੋਂ ਲਾਈਬੀਰੀਆ ਭੇਜੇ ਗਏ ਡਿਪੋਰਟੀਜ਼ ਵਿਚੋਂ ਪੰਜ ਵਿਅਕਤੀਆਂ ਨੇ ਮੋਨਰੋਵੀਆ ਵਿਚ ਜਹਾਜ਼ ਤੋਂ ਉਤਰਣ ਤੋਂ ਇਨਕਾਰ ਕਰ ਦਿੱਤਾ, ਜਿਸ ਤੋਂ ਬਾਅਦ ਉਨ੍ਹਾਂ ਨੂੰ ਉਸੇ ਫਲਾਈਟ ਰਾਹੀਂ ਇਕੂਟੇਰੀਅਲ ਗਿਨੀ ਲਿਜਾਇਆ ਗਿਆ।

ਰਿਪੋਰਟ ਅਨੁਸਾਰ ਇਨ੍ਹਾਂ ਪੰਜ ਲੋਕਾਂ ਵਿਚ ਤਿੰਨ ਕਿਊਬਨ, ਇੱਕ

## ਥਰਡ-ਕੰਟਰੀ ਡਿਪੋਰਟੇਸ਼ਨ ਮਾਮਲੇ ਵਿਚ ਨਵਾਂ ਮੋੜ

ਬ੍ਰਾਜ਼ੀਲੀਅਨ ਅਤੇ ਇੱਕ ਕੈਮਰੂਨੀਅਨ ਸ਼ਾਮਲ ਸਨ। ਰਾਇਟਰਜ਼ ਨੇ ਸੂਤਰਾਂ ਦੇ ਹਵਾਲੇ ਨਾਲ ਦੱਸਿਆ ਕਿ ਲਾਈਬੀਰੀਆ ਵਿਚ ਉਤਰਣ ਤੋਂ ਇਨਕਾਰ ਕਰਨ ਤੋਂ ਬਾਅਦ ਇਹ ਲੋਕ ਇਕੂਟੇਰੀਅਲ ਗਿਨੀ ਦੀ ਰਾਜਧਾਨੀ ਮਾਲਾਬੋ ਲਿਜਾਏ ਗਏ, ਜਿੱਥੇ ਉਨ੍ਹਾਂ ਨੂੰ ਆਖ਼ਿਰਕਾਰ ਜਹਾਜ਼ ਤੋਂ ਉਤਾਰਿਆ ਗਿਆ।

ਇਹ ਘਟਨਾ ਉਸ ਵੱਡੇ ਸਮਝੌਤੇ ਨਾਲ ਜੁੜੀ ਹੈ, ਜਿਸ ਤਹਿਤ ਲਾਈਬੀਰੀਆ ਨੇ ਅਗਲੇ 12 ਮਹੀਨਿਆਂ ਵਿਚ ਅਮਰੀਕਾ ਤੋਂ ਵੱਧ ਤੋਂ ਵੱਧ 1,200 ਥਰਡ-ਕੰਟਰੀ ਡਿਪੋਰਟੀਜ਼ ਲੈਣ ਲਈ ਸਹਿਮਤੀ ਦਿੱਤੀ ਹੈ। ਪਹਿਲੀ ਫਲਾਈਟ 20 ਲੋਕਾਂ ਨੂੰ ਲੈ ਕੇ ਲਾਈਬੀਰੀਆ ਪਹੁੰਚੀ ਸੀ। ਇਹ ਉਹ ਲੋਕ ਹੋ ਸਕਦੇ ਹਨ, ਜਿਨ੍ਹਾਂ ਨੂੰ ਅਮਰੀਕਾ ਉਨ੍ਹਾਂ ਦੇ ਮੂਲ ਦੇਸ਼ ਨਹੀਂ ਭੇਜ ਰਿਹਾ ਅਤੇ ਕਿਸੇ ਤੀਜੇ ਦੇਸ਼ ਵਿਚ ਹਟਾਉਣਾ ਦੀ ਵਿਵਸਥਾ ਕੀਤੀ ਜਾ ਰਹੀ ਹੈ।

ਰਾਇਟਰਜ਼ ਮੁਤਾਬਕ ਇਕੂਟੇਰੀਅਲ ਗਿਨੀ ਵਿਚ ਰੱਖੇ ਥਰਡ-ਕੰਟਰੀ ਡਿਪੋਰਟੀਜ਼ ਦੀ ਗਿਣਤੀ ਹੁਣ 40 ਤੱਕ ਪਹੁੰਚ ਗਈ ਹੈ। ਮਨੁੱਖੀ ਅਧਿਕਾਰ ਸੰਗਠਨਾਂ ਨੇ ਉੱਥੇ ਨਜ਼ਰਬੰਦੀ ਦੀਆਂ ਸਥਿਤੀਆਂ, ਡਾਕਟਰੀ ਦੇਖਭਾਲ ਅਤੇ ਕਾਨੂੰਨੀ ਸਹਾਇਤਾ ਬਾਰੇ ਚਿੰਤਾ ਜਤਾਈ ਹੈ। ਡੀ.ਐੱਚ.ਐੱਸ ਨੇ ਥਰਡ-ਕੰਟਰੀ ਹਟਾਉਣ ਦਾ ਬਚਾਅ ਕੀਤਾ ਹੈ, ਜਦਕਿ ਆਲੋਚਕਾਂ ਦਾ ਕਹਿਣਾ ਹੈ ਕਿ ਡਿਪੋਰਟੀਜ਼ ਦੇ ਕਾਨੂੰਨੀ ਅਧਿਕਾਰ ਅਤੇ ਮੰਜ਼ਿਲ ਬਾਰੇ ਹੋਰ ਪਾਰਦਰਸ਼ਤਾ ਦੀ ਲੋੜ ਹੈ।

ਅਮਰੀਕੀ ਡਿਪੋਰਟੇਸ਼ਨ ਨੀਤੀ ਹੁਣ ਸਿਰਫ਼ ਲੋਕਾਂ ਨੂੰ ਉਨ੍ਹਾਂ ਦੇ ਹੋਮ ਕੰਟਰੀ ਭੇਜਣ ਤੱਕ ਸੀਮਤ ਨਹੀਂ ਰਹੀ; ਥਰਡ-ਕੰਟਰੀ ਹਟਾਉਣ ਦਾ ਨੈੱਟਵਰਕ ਅਫਰੀਕੀ ਦੇਸ਼ਾਂ ਤੱਕ ਹੋਰ ਵਧਦਾ ਦਿਖਾਈ ਦੇ ਰਿਹਾ ਹੈ।

# ਵੈਧ ਵਰਕ ਪਰਮਿਟ ਦੇ ਬਾਵਜੂਦ ਆਈਸ ਵੱਲੋਂ ਅਸਾਇਲਮ ਬਿਨੈਕਾਰ ਹਿਰਾਸਤ 'ਚ

ਸੈਨ ਡਿਆਗੋ, (ਪੰਜਾਬ ਮੇਲ)-ਅਮਰੀਕਾ ਵਿਚ ਵੈਧ ਵਰਕ ਪਰਮਿਟ ਹੋਣ ਦੇ ਬਾਵਜੂਦ ਕਿਸੇ ਵਿਅਕਤੀ ਨੂੰ ਆਈਸ ਵੱਲੋਂ ਹਿਰਾਸਤ ਵਿਚ ਲਿਆ ਜਾ ਸਕਦਾ ਹੈ ਅਤੇ ਉਸ ਖ਼ਿਲਾਫ਼ ਹਟਾਉਣ ਦੀ ਕਾਰਵਾਈਆਂ ਸ਼ੁਰੂ ਹੋ ਸਕਦੀਆਂ ਹਨ। ਇਸ ਮੁੱਦੇ ਨੂੰ ਲੈ ਕੇ ਕੈਲੀਫੋਰਨੀਆ ਦੇ ਸੈਨ ਡਿਆਗੋ ਕਾਊਂਟੀ ਨਾਲ ਸਬੰਧਤ ਅਸੀਮ ਅਲਖਵਾਜਾ ਦਾ ਮਾਮਲਾ ਇਮੀਗ੍ਰੇਸ਼ਨ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ। ਦ ਗਾਰਡੀਅਨ ਵੱਲੋਂ ਪ੍ਰਕਾਸ਼ਿਤ ਵਿਸਥਾਰਤ ਰਿਪੋਰਟ ਤੋਂ ਬਾਅਦ ਇਹ ਮਾਮਲਾ ਇਸ ਹਫ਼ਤੇ ਮੁੜ ਸਾਹਮਣੇ ਆਇਆ ਹੈ।

53 ਸਾਲਾ ਅਲਖਵਾਜਾ ਫਲਸਤੀਨੀ ਮੂਲ ਦਾ ਸਾਊਦੀ ਅਰਬ ਦਾ ਨਾਗਰਿਕ ਹੈ ਅਤੇ ਕੈਲੀਫੋਰਨੀਆ ਦੇ ਓਸ਼ੀਅਨਸਾਈਡ ਇਲਾਕੇ ਵਿਚ ਕੌਫੀ ਕਾਰੋਬਾਰ ਚਲਾਉਂਦਾ ਹੈ। ਉਹ ਵਾਧੂ ਆਮਦਨ ਲਈ ਲਿਫਟ ਡਰਾਈਵਰ ਵਜੋਂ ਵੀ ਕੰਮ ਕਰਦਾ ਸੀ। ਫਰਵਰੀ 2026 ਵਿਚ ਉਹ ਦੋ ਯਾਤਰੀਆਂ ਨੂੰ ਮਰੀਨ ਕੋਰ ਬੇਸ ਕੈਂਪ ਪੈਂਡਲਟਨ ਛੱਡਣ ਗਿਆ ਸੀ। ਬੇਸ ਦੇ ਗੇਟ ਉੱਤੇ ਉਸਦਾ ਡਰਾਈਵਰ ਦਾ ਲਾਇਸੰਸ ਚੈੱਕ ਕਰਨ ਤੋਂ ਬਾਅਦ ਉਸ ਤੋਂ ਹੋਰ ਪਛਾਣ ਮੰਗੀ ਗਈ। ਅਲਖਵਾਜਾ ਨੇ



ਆਪਣਾ ਵੈਧ ਇੰਪਲਾਇਮੈਂਟ ਆਥੋਰਾਈਜ਼ੇਸ਼ਨ ਡਾਕੂਮੈਂਟ, ਯਾਨੀ ਵਰਕ ਪਰਮਿਟ ਦਿਖਾਇਆ, ਜੋ ਫਰਵਰੀ 2030 ਤੱਕ ਵੈਧ ਦੱਸਿਆ ਗਿਆ ਹੈ। ਇਸ ਤੋਂ ਬਾਅਦ ਆਈਸ ਏਜੰਟ ਉੱਥੇ ਪਹੁੰਚੇ ਅਤੇ ਉਸਨੂੰ ਹਿਰਾਸਤ ਵਿਚ ਲੈ ਲਿਆ ਗਿਆ।

ਰਿਪੋਰਟ ਮੁਤਾਬਕ ਅਲਖਵਾਜਾ ਦਾ ਅਸਾਇਲਮ ਕੇਸ ਪੈਂਡਿੰਗ ਸੀ ਅਤੇ ਉਸਦੇ ਖ਼ਿਲਾਫ਼ ਕੋਈ ਅਪਰਾਧਿਕ ਦੋਸ਼ ਨਹੀਂ ਸੀ। ਇਸ ਦੇ ਬਾਵਜੂਦ ਉਸਨੂੰ ਓਟੇ ਮੇਸਾ ਡਿਟੈਂਸ਼ਨ ਸੈਂਟਰ ਭੇਜਿਆ ਗਿਆ, ਜਿੱਥੇ ਉਹ ਅੱਠ ਦਿਨ ਹਿਰਾਸਤ ਵਿਚ ਰਿਹਾ। ਬਾਅਦ ਵਿਚ ਉਸਨੂੰ ਰਿਹਾਅ ਕਰ ਦਿੱਤਾ ਗਿਆ, ਪਰ ਉਸਦੀ ਲੱਤ ਉੱਤੇ ਜੀ.ਪੀ.ਐੱਸ. ਐਂਕਲ ਮਾਨੀਟਰ ਲਗਾਇਆ ਗਿਆ ਅਤੇ ਉਸਨੂੰ ਲਗਭਗ ਹਰ ਹਫ਼ਤੇ ਇਮੀਗ੍ਰੇਸ਼ਨ ਅਥਾਰਿਟੀ ਕੋਲ ਚੈੱਕ-ਇਨ ਕਰਵਾਉਣ ਦੀ ਸ਼ਰਤ ਦਿੱਤੀ ਗਈ। ਉਸਦਾ ਮਾਮਲਾ ਹੁਣ ਹਟਾਉਣ ਦੀ ਕਾਰਵਾਈ ਵਿਚ ਹੈ ਅਤੇ ਉਸਦੀ ਅਗਲੀ ਅਸਾਇਲਮ ਸੁਣਵਾਈ ਅਕਤੂਬਰ ਵਿਚ ਹੋਣੀ ਹੈ।

ਇਸ ਮਾਮਲੇ ਦੀ ਸਭ ਤੋਂ ਅਹਿਮ ਗੱਲ ਇਹ ਹੈ ਕਿ ਵਰਕ ਪਰਮਿਟ ਅਤੇ ਕਨੂੰਨੀ ਇਮੀਗ੍ਰੇਸ਼ਨ ਸਟੇਟਸ ਇੱਕੋ ਚੀਜ਼ ਨਹੀਂ ਹਨ। ਪੈਂਡਿੰਗ ਅਸਾਇਲਮ ਕੇਸ ਵਾਲਾ ਵਿਅਕਤੀ ਕੁਝ ਸ਼ਰਤਾਂ ਪੂਰੀਆਂ ਕਰਨ ਤੋਂ ਬਾਅਦ ਕਾਨੂੰਨੀ ਤੌਰ 'ਤੇ ਕੰਮ ਕਰਨ ਦੀ ਇਜਾਜ਼ਤ ਪ੍ਰਾਪਤ ਕਰ ਸਕਦਾ ਹੈ, ਪਰ ਇੰਪਲਾਇਮੈਂਟ ਆਥੋਰਾਈਜ਼ੇਸ਼ਨ ਡਾਕੂਮੈਂਟ ਆਪਣੇ ਆਪ ਗ੍ਰੀਨ ਕਾਰਡ, ਵੀਜ਼ਾ ਸਟੇਟਸ ਜਾਂ ਡਿਪੋਰਟੇਸ਼ਨ ਤੋਂ ਸੁਰੱਖਿਆ ਨਹੀਂ ਦਿੰਦਾ। ਅਲਖਵਾਜਾ ਦੀ ਅਟਾਰਨੀ ਨੇ ਵੀ ਇਸ ਕਾਨੂੰਨੀ ਅੰਤਰ ਨੂੰ ਇਸ ਮਾਮਲੇ ਦਾ ਮਹੱਤਵਪੂਰਨ ਹਿੱਸਾ ਦੱਸਿਆ ਹੈ।

ਡੀ.ਐੱਚ.ਐੱਸ. ਨੇ ਆਪਣਾ ਪੱਖ ਦਿੰਦਿਆਂ ਕਿਹਾ ਕਿ ਇਮੀਗ੍ਰੇਸ਼ਨ ਅਫਸਰਾਂ ਨੂੰ ਕਿਸੇ ਵਿਦੇਸ਼ੀ ਨਾਗਰਿਕ ਤੋਂ ਅਮਰੀਕਾ ਵਿਚ ਰਹਿਣ ਦੇ ਅਧਿਕਾਰ ਬਾਰੇ ਪੁੱਛਗਿੱਛ ਕਰਨ ਦਾ ਅਧਿਕਾਰ ਹੈ ਅਤੇ ਅਲਖਵਾਜਾ ਦੇ ਸਾਰੇ ਦਾਅਵੇ ਇਮੀਗ੍ਰੇਸ਼ਨ ਜੱਜ ਸਾਹਮਣੇ ਸੁਣੇ ਜਾਣਗੇ। ਉਸਦੀ ਵਕੀਲ ਦੇ ਅਨੁਸਾਰ ਉਸਦੇ ਰਿਕਾਰਡ ਉੱਤੇ ਕੋਈ ਅਪਰਾਧਿਕ ਦੋਸ਼ ਨਹੀਂ ਹੈ।

ਕੈਂਪ ਪੈਂਡਲਟਨ ਉੱਤੇ ਇਹ ਇਕੱਲਾ ਮਾਮਲਾ ਨਹੀਂ ਹੈ। ਪਹਿਲਾਂ ਦੀਆਂ ਰਿਪੋਰਟਾਂ ਮੁਤਾਬਕ ਰਾਈਡਸ਼ੇਅਰ ਅਤੇ ਡਿਲੀਵਰੀ ਡਰਾਈਵਰਾਂ ਸਮੇਤ ਦਰਜਨਾਂ ਇਮੀਗਰਾਂਟਸ ਨੂੰ ਇਸ ਮਿਲਟਰੀ ਬੇਸ ਦੇ ਗੇਟਾਂ ਉੱਤੇ ਇਮੀਗ੍ਰੇਸ਼ਨ ਅਥਾਰਟੀਜ਼ ਵੱਲੋਂ ਹਿਰਾਸਤ ਵਿਚ ਲਿਆ ਗਿਆ ਹੈ।

ਇਹ ਮਾਮਲਾ ਅਸਾਇਲਮ ਬਿਨੈਕਾਰਾਂ ਲਈ ਇੱਕ ਮਹੱਤਵਪੂਰਨ ਸੁਨੇਹਾ ਹੈ ਕਿ ਵੈਧ ਵਰਕ ਪਰਮਿਟ ਕੰਮ ਕਰਨ ਦੀ ਇਜਾਜ਼ਤ ਦਿੰਦਾ ਹੈ, ਪਰ ਇਹ ਆਪਣੇ ਆਪ ਆਈਸ ਡਿਟੈਂਸ਼ਨ ਜਾਂ ਹਟਾਉਣ ਦੀ ਕਾਰਵਾਈ ਤੋਂ ਕਾਨੂੰਨੀ ਸੁਰੱਖਿਆ ਨਹੀਂ ਦਿੰਦਾ। ਹਰ ਵਿਅਕਤੀ ਦਾ ਇਮੀਗ੍ਰੇਸ਼ਨ ਸਟੇਟਸ ਅਤੇ ਕੇਸ ਹਿਸਟਰੀ ਵੱਖਰੀ ਹੁੰਦੀ ਹੈ, ਇਸ ਲਈ ਕਿਸੇ ਵੀ ਕਾਰਵਾਈ ਦੀ ਸਥਿਤੀ ਵਿਚ ਯੋਗ ਇਮੀਗ੍ਰੇਸ਼ਨ ਅਟਾਰਨੀ ਤੋਂ ਕਾਨੂੰਨੀ ਸਲਾਹ ਲੈਣੀ ਚਾਹੀਦੀ ਹੈ।

ਰੋਜ਼ਾਨਾਂ ਤਾਜ਼ੀਆਂ ਖ਼ਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ : www.punjabmailusa.com

# ਅਮਰੀਕਾ 'ਚ ਵੱਖ-ਵੱਖ ਇਮੀਗ੍ਰੇਸ਼ਨ ਮਾਮਲਿਆਂ 'ਚ ਭਾਰਤੀ ਮੂਲ ਦੇ 2 ਲੋਕ ਗ੍ਰਿਫ਼ਤਾਰ

ਹਿਊਸਟਨ, (ਪੰਜਾਬ ਮੇਲ)- ਅਮਰੀਕਾ ਵਿਚ ਟਰੰਪ ਪ੍ਰਸ਼ਾਸਨ ਵੱਲੋਂ ਡਿਪੋਰਟੇਸ਼ਨ (ਦੇਸ਼ ਨਿਕਾਲੇ) ਅਤੇ ਇਮੀਗ੍ਰੇਸ਼ਨ ਕਾਨੂੰਨਾਂ ਦੀ ਪਾਲਣਾ ਲਈ ਕਾਰਵਾਈ ਤੇਜ਼ ਕੀਤੇ ਜਾਣ ਵਿਚਕਾਰ ਵੱਖ-ਵੱਖ ਇਮੀਗ੍ਰੇਸ਼ਨ ਮਾਮਲਿਆਂ ਵਿਚ ਭਾਰਤੀ ਮੂਲ ਦੇ 2 ਲੋਕਾਂ ਨੂੰ ਹਿਰਾਸਤ 'ਚ ਲਿਆ ਗਿਆ ਹੈ, ਜਿਨ੍ਹਾਂ ਵਿਚੋਂ ਇਕ ਵਿਅਕਤੀ ਜੈਜ਼ ਗਿਟਾਰਵਾਦਕ ਹੈ, ਜਦਕਿ ਦੂਜੀ ਗ੍ਰੀਨ ਕਾਰਡ ਹੋਲਡਰ ਬਜ਼ੁਰਗ ਔਰਤ ਹੈ।

ਨਵੀਂ ਦਿੱਲੀ ਵਿਚ ਜਨਮੇ ਜੈਜ਼ ਗਿਟਾਰਵਾਦਕ ਅਤੇ ਅਧਿਆਪਕ ਪ੍ਰਿਤੇਸ਼ ਵਾਲੀਆ ਨੂੰ ਇਸ ਮਹੀਨੇ ਦੀ ਸ਼ੁਰੂਆਤ ਵਿਚ ਲਾਸ ਏਂਜਲਸ ਪਰਤਣ ਤੋਂ ਬਾਅਦ ਅਮਰੀਕੀ ਇਮੀਗ੍ਰੇਸ਼ਨ ਅਤੇ ਕਸਟਮਜ਼ ਇਨਫੋਰਸਮੈਂਟ ਨੇ ਹਿਰਾਸਤ ਵਿਚ ਲਿਆ। ਉਨ੍ਹਾਂ ਦੇ ਇੰਸਟਾਗ੍ਰਾਮ ਅਕਾਊਂਟ 'ਤੇ ਪੋਸਟ ਕੀਤੇ ਗਏ ਇਕ ਲਿਖਤੀ ਬਿਆਨ ਦੇ ਅਨੁਸਾਰ ਉਨ੍ਹਾਂ ਨੂੰ ਅਡੇਲਾਂਟੋ ਆਈਸ ਪ੍ਰੋਸੈਸਿੰਗ ਸੈਂਟਰ ਲਿਜਾਇਆ ਗਿਆ। ਉਹ 14 ਦਿਨ ਹਿਰਾਸਤ ਵਿਚ ਰਹਿਣ ਤੋਂ ਬਾਅਦ ਜ਼ਮਾਨਤ 'ਤੇ ਰਿਹਾਅ ਹੋਏ ਹਨ।

ਦੂਜਾ ਮਾਮਲਾ ਵੇਂਕਟਾ ਵਾਸਮਸੈੱਟੀ ਦਾ ਹੈ, ਜੋ ਸਥਾਈ ਨਿਵਾਸੀ ਹੈ ਅਤੇ 2013 ਤੋਂ ਅਮਰੀਕੀ ਗ੍ਰੀਨ ਕਾਰਡ ਧਾਰਕ ਹੈ। ਉਸ ਨੂੰ 11 ਅਗਸਤ ਨੂੰ ਉੱਤਰੀ ਕੈਰੋਲੀਨਾ ਵਿਚ ਨਿਰਧਾਰਤ ਜਾਂਚ ਲਈ ਪਹੁੰਚਣ 'ਤੇ ਆਈਸ ਨੇ ਹਿਰਾਸਤ ਵਿਚ ਲੈ ਲਿਆ। ਵਾਸਮਸੈੱਟੀ 27 ਸਾਲਾਂ ਤੋਂ ਅਮਰੀਕਾ 'ਚ ਰਹਿ ਰਹੀ ਹਨ ਅਤੇ ਉੱਤਰੀ ਕੈਰੋਲੀਨਾ 'ਚ ਦਿਵਿਆਂਗ ਵਿਦਿਆਰਥੀਆਂ ਨਾਲ ਕੰਮ ਕਰਦੀਆਂ ਹਨ।

ਨਵੀਂ ਦਿੱਲੀ ਵਿਚ ਜਨਮੇ ਜੈਜ਼ ਗਿਟਾਰਵਾਦਕ ਅਤੇ ਅਧਿਆਪਕ ਪ੍ਰਿਤੇਸ਼ ਵਾਲੀਆ ਨੂੰ ਇਸ ਮਹੀਨੇ ਦੀ ਸ਼ੁਰੂਆਤ ਵਿਚ ਲਾਸ ਏਂਜਲਸ ਪਰਤਣ ਤੋਂ ਬਾਅਦ ਅਮਰੀਕੀ ਇਮੀਗ੍ਰੇਸ਼ਨ ਅਤੇ ਕਸਟਮਜ਼ ਇਨਫੋਰਸਮੈਂਟ ਨੇ ਹਿਰਾਸਤ ਵਿਚ ਲਿਆ। ਉਨ੍ਹਾਂ ਦੇ ਇੰਸਟਾਗ੍ਰਾਮ ਅਕਾਊਂਟ 'ਤੇ ਪੋਸਟ ਕੀਤੇ ਗਏ ਇਕ ਲਿਖਤੀ ਬਿਆਨ ਦੇ ਅਨੁਸਾਰ ਉਨ੍ਹਾਂ ਨੂੰ ਅਡੇਲਾਂਟੋ ਆਈਸ ਪ੍ਰੋਸੈਸਿੰਗ ਸੈਂਟਰ ਲਿਜਾਇਆ ਗਿਆ। ਉਹ 14 ਦਿਨ ਹਿਰਾਸਤ ਵਿਚ ਰਹਿਣ ਤੋਂ ਬਾਅਦ ਜ਼ਮਾਨਤ 'ਤੇ ਰਿਹਾਅ ਹੋਏ ਹਨ। ਦੂਜਾ ਮਾਮਲਾ ਵੇਂਕਟਾ ਵਾਸਮਸੈੱਟੀ ਦਾ ਹੈ, ਜੋ ਸਥਾਈ ਨਿਵਾਸੀ ਹੈ ਅਤੇ 2013 ਤੋਂ ਅਮਰੀਕੀ ਗ੍ਰੀਨ ਕਾਰਡ ਧਾਰਕ ਹੈ। ਉਸ ਨੂੰ 11 ਅਗਸਤ ਨੂੰ ਉੱਤਰੀ ਕੈਰੋਲੀਨਾ ਵਿਚ ਨਿਰਧਾਰਤ ਜਾਂਚ ਲਈ ਪਹੁੰਚਣ 'ਤੇ ਆਈਸ ਨੇ ਹਿਰਾਸਤ ਵਿਚ ਲੈ ਲਿਆ। ਵਾਸਮਸੈੱਟੀ 27 ਸਾਲਾਂ ਤੋਂ ਅਮਰੀਕਾ 'ਚ ਰਹਿ ਰਹੀ ਹਨ ਅਤੇ ਉੱਤਰੀ ਕੈਰੋਲੀਨਾ 'ਚ ਦਿਵਿਆਂਗ ਵਿਦਿਆਰਥੀਆਂ ਨਾਲ ਕੰਮ ਕਰਦੀਆਂ ਹਨ।

# ਐੱਫ-1 ਅਤੇ ਜੇ-1 ਵਿਦਿਆਰਥੀਆਂ ਲਈ 3 ਸਤੰਬਰ ਦੀ ਅਦਾਲਤੀ ਸੁਣਵਾਈ ਅਹਿਮ

## ਨਵੇਂ ਫਿਕਸਿਡ-ਪੀਰੀਅਡ ਰੂਲ ਦਾ ਭਵਿੱਖ ਹੋ ਸਕਦਾ ਤੈਅ

ਵਾਸ਼ਿੰਗਟਨ, (ਪੰਜਾਬ ਮੇਲ)- ਅਮਰੀਕਾ ਵਿਚ ਪੜ੍ਹ ਰਹੇ ਐੱਫ-1 ਅੰਤਰਰਾਸ਼ਟਰੀ ਵਿਦਿਆਰਥੀਆਂ ਅਤੇ ਜੇ-1 ਐਕਸਚੇਂਜ ਵਿਜ਼ਿਟਰਾਂ ਲਈ 3 ਸਤੰਬਰ 2026 ਦੀ ਤਾਰੀਖ ਬਹੁਤ ਮਹੱਤਵਪੂਰਨ ਬਣ ਗਈ ਹੈ। ਮੈਸਾਚੂਸੈਟਸ ਦੀ ਫੈਡਰਲ ਅਦਾਲਤ ਵਿਚ ਉਸ ਦਿਨ ਡਿਪਾਰਟਮੈਂਟ ਆਫ ਹੋਮਲੈਂਡ ਸਕਿਓਰਿਟੀ ਦੇ ਨਵੇਂ ਨਿਯਮ ਖ਼ਿਲਾਫ਼ ਦਾਇਰ ਮੁਕੱਦਮੇ ਵਿਚ ਸ਼ੁਰੂਆਤੀ ਹੁਕਮ ਬਾਰੇ ਸੁਣਵਾਈ ਹੋਣੀ ਹੈ। ਅਦਾਲਤੀ ਸੁਣਵਾਈ 3 ਸਤੰਬਰ ਨੂੰ ਸਵੇਰੇ 11 ਵਜੇ ਤੈਅ ਕੀਤੀ ਗਈ ਹੈ।

ਡੀ.ਐੱਚ.ਐੱਸ. ਨੇ 17 ਜੁਲਾਈ 2026 ਨੂੰ ਅੰਤਿਮ ਨਿਯਮ ਜਾਰੀ ਕੀਤਾ ਸੀ, ਜੋ 15 ਸਤੰਬਰ 2026 ਤੋਂ ਲਾਗੂ ਹੋਣਾ ਨਿਰਧਾਰਤ ਹੈ। ਇਸ ਨਿਯਮ ਨਾਲ ਐੱਫ-1, ਜੇ-1 ਅਤੇ ਕੁਝ 'ਆਈ' ਵੀਜ਼ਾ ਧਾਰਕਾਂ ਲਈ ਲੰਬੇ ਸਮੇਂ ਤੋਂ ਚੱਲ ਰਹੀ "ਸਟੇਟਸ ਦੀ ਮਿਆਦ", ਯਾਨੀ ਡੀ/ਐੱਸ ਪ੍ਰਣਾਲੀ ਖਤਮ ਕਰਕੇ ਨਿਸ਼ਚਿਤ ਮਿਆਦ ਵਾਲੀ ਐਡਮਿਸ਼ਨ ਸਿਸਟਮ ਲਿਆਂਦੀ ਜਾ ਰਹੀ ਹੈ। ਨਵੇਂ ਨਿਯਮ ਤਹਿਤ ਵਿਦਿਆਰਥੀਆਂ ਨੂੰ ਉਨ੍ਹਾਂ ਦੇ ਪ੍ਰੋਗਰਾਮ ਦੀ ਮਿਆਦ ਜਾਂ ਵੱਧ ਤੋਂ ਵੱਧ ਚਾਰ ਸਾਲ ਤੱਕ ਐਡਮਿਸ਼ਨ ਦਿੱਤੀ ਜਾ ਸਕਦੀ ਹੈ। ਜੇ ਪੜ੍ਹਾਈ ਪੂਰੀ ਕਰਨ ਲਈ ਹੋਰ ਸਮਾਂ ਚਾਹੀਦਾ ਹੈ, ਤਾਂ ਯੂ.ਐੱਸ.ਸੀ.ਆਈ.ਐੱਸ. ਕੋਲ ਐਕਸਟੈਂਸ਼ਨ ਆਫ ਸਟੇਅ ਲਈ ਅਰਜ਼ੀ ਦੇਣੀ ਪਵੇਗੀ।

18 ਅਗਸਤ ਨੂੰ ਐੱਨ.ਏ.ਐੱਫ.ਐੱਸ.ਏ., ਪ੍ਰੈਜ਼ੀਡੈਂਟਸ ਅਲਾਇੰਸ ਆਨ ਹਾਇਰ ਐਜੂਕੇਸ਼ਨ ਐਂਡ ਇਮੀਗ੍ਰੇਸ਼ਨ, ਅਮੈਰੀਕਨ ਫੈਡਰੇਸ਼ਨ ਆਫ ਟੀਚਰਸ ਅਤੇ ਹੋਰ ਸੰਸਥਾਵਾਂ ਨੇ ਡੀ.ਐੱਚ.ਐੱਸ. ਖ਼ਿਲਾਫ਼ ਮੁਕੱਦਮੇ ਦਾਇਰ ਕੀਤੇ। ਉਨ੍ਹਾਂ ਦਾ ਦੋਸ਼ ਹੈ ਕਿ ਇਹ ਨਿਯਮ ਡੀ.ਐੱਚ.ਐੱਸ. ਦੀ ਕਾਨੂੰਨੀ ਅਥਾਰਟੀ ਤੋਂ ਅੱਗੇ ਜਾਂਦਾ ਹੈ ਅਤੇ ਯੂਨੀਵਰਸਿਟੀਆਂ ਅਤੇ ਅੰਤਰਰਾਸ਼ਟਰੀ ਵਿਦਿਆਰਥੀਆਂ ਉੱਤੇ ਵੱਡਾ ਪ੍ਰਸ਼ਾਸਨਿਕ ਬੋਝ ਪਾ ਸਕਦਾ ਹੈ।

ਵਿਰੋਧ ਕਰਨ ਵਾਲੀਆਂ ਸੰਸਥਾਵਾਂ ਦਾ ਕਹਿਣਾ ਹੈ ਕਿ ਨਿਸ਼ਚਿਤ ਸਮਾਪਤੀ ਮਿਤੀ ਕਾਰਨ ਡਿਗਰੀ, ਖੋਜ ਜਾਂ ਹੋਰ ਅਕਾਦਮਿਕ ਕੰਮ ਲੰਬਾ ਹੋਣ ਦੀ ਸਥਿਤੀ ਵਿਚ ਵਿਦਿਆਰਥੀਆਂ ਲਈ ਇਮੀਗ੍ਰੇਸ਼ਨ ਸਟੇਟਸ ਕਾਇਮ ਰੱਖਣਾ ਹੋਰ ਮੁਸ਼ਕਲ ਹੋ ਸਕਦਾ ਹੈ। ਡੀ.ਐੱਚ.ਐੱਸ. ਦਾ ਕਹਿਣਾ ਹੈ ਕਿ ਨਵੀਂ ਪ੍ਰਣਾਲੀ ਨਾਲ ਪਾਲਣਾ ਦੀ ਨਿਗਰਾਨੀ ਮਜ਼ਬੂਤ ਹੋਵੇਗੀ ਅਤੇ ਧੋਖਾਧੜੀ ਜਾਂ ਸਟੇਟਸ ਉਲੰਘਣਾ ਨੂੰ ਬਿਹਤਰ ਤਰੀਕੇ ਨਾਲ ਪਤਾ ਲਗਾਇਆ ਜਾ ਸਕੇਗਾ।

3 ਸਤੰਬਰ ਦੀ ਸੁਣਵਾਈ ਇਸ ਲਈ ਅਹਿਮ ਹੈ ਕਿਉਂਕਿ ਜੇ ਅਦਾਲਤ ਸ਼ੁਰੂਆਤੀ ਹੁਕਮ ਜਾਰੀ ਕਰਦੀ ਹੈ, ਤਾਂ 15 ਸਤੰਬਰ ਤੋਂ ਲਾਗੂ ਹੋਣ ਵਾਲਾ ਨਿਯਮ ਅਸਥਾਈ ਤੌਰ 'ਤੇ ਰੁਕ ਸਕਦਾ ਹੈ। ਇਸ ਲਈ ਅਮਰੀਕਾ ਵਿਚ ਪੜ੍ਹ ਰਹੇ ਭਾਰਤੀ ਐੱਫ-1 ਅਤੇ ਜੇ-1 ਵਿਦਿਆਰਥੀਆਂ ਦੀ ਨਜ਼ਰ ਵੀ ਇਸ ਅਦਾਲਤੀ ਫੈਸਲੇ ਉੱਤੇ ਰਹੇਗੀ।

ਰੋਜ਼ਾਨਾਂ ਤਾਜ਼ੀਆਂ ਖ਼ਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ : www.punjabmailusa.com

# ਅਮਰੀਕੀ ਇਮੀਗ੍ਰੇਸ਼ਨ ਏਜੰਸੀ ਦੇ ਕਰਮਚਾਰੀਆਂ 'ਚ ਵੱਡਾ ਵਾਧਾ

## ਗ੍ਰਿਫ਼ਤਾਰੀਆਂ ਅਤੇ ਡਿਪੋਰਟੇਸ਼ਨ ਮੁਹਿੰਮ ਹੋਰ ਤੇਜ਼ ਹੋਣ ਦੇ ਸੰਕੇਤ

ਵਾਸ਼ਿੰਗਟਨ, (ਪੰਜਾਬ ਮੇਲ)- ਅਮਰੀਕਾ ਵਿਚ ਗੈਰਕਾਨੂੰਨੀ ਇਮੀਗ੍ਰੇਸ਼ਨ ਖ਼ਿਲਾਫ਼ ਚੱਲ ਰਹੀ ਸਖ਼ਤ ਕਾਰਵਾਈ ਦੇ ਵਿਚਕਾਰ ਇਮੀਗ੍ਰੇਸ਼ਨ ਅਤੇ ਕਸਟਮਜ਼ ਇਨਫੋਰਸਮੈਂਟ ਏਜੰਸੀ ਦੇ ਕਰਮਚਾਰੀਆਂ ਦੀ ਗਿਣਤੀ ਵਿਚ ਵੱਡਾ ਵਾਧਾ ਸਾਹਮਣੇ ਆਇਆ ਹੈ। ਸੰਘੀ ਕਰਮਚਾਰੀ ਪ੍ਰਬੰਧਨ ਦੇ ਅੰਕੜਿਆਂ ਦੇ ਵਿਸ਼ਲੇਸ਼ਣ ਮੁਤਾਬਕ ਏਜੰਸੀ ਦੀ ਵੱਡੀ ਭਰਤੀ ਮੁਹਿੰਮ ਦੌਰਾਨ ਡੇਢ ਲੱਖ ਤੋਂ ਵੱਧ ਲੋਕਾਂ ਨੇ ਨੌਕਰੀ ਲਈ ਅਰਜ਼ੀਆਂ ਦਿੱਤੀਆਂ ਸਨ।

ਅੰਕੜਿਆਂ ਅਨੁਸਾਰ ਸਤੰਬਰ 2025 ਤੋਂ ਜਨਵਰੀ 2026 ਤੱਕ 10,030 ਨਵੀਆਂ ਭਰਤੀ ਕਾਰਵਾਈਆਂ ਦਰਜ ਕੀਤੀਆਂ ਗਈਆਂ। ਇਸ ਤੋਂ ਬਾਅਦ ਜਨਵਰੀ ਵਿਚ ਏਜੰਸੀ ਦੇ ਕੁੱਲ ਕਰਮਚਾਰੀਆਂ ਦੀ ਗਿਣਤੀ ਲਗਭਗ 30461 ਤੱਕ ਪਹੁੰਚ ਗਈ ਸੀ। ਜੂਨ 2026 ਤੱਕ ਇਹ ਗਿਣਤੀ ਕੁਝ ਘੱਟ ਕੇ 29065 ਰਹਿ ਗਈ, ਪਰ ਅਗਸਤ 2025 ਦੇ ਮੁਕਾਬਲੇ ਇਹ ਅਜੇ ਵੀ ਅੱਠ ਹਜ਼ਾਰ ਤੋਂ ਵੱਧ ਕਰਮਚਾਰੀ ਜ਼ਿਆਦਾ ਹੈ।

ਇਹ ਵਾਧਾ ਉਸ ਸਮੇਂ ਹੋਇਆ ਹੈ, ਜਦੋਂ ਟਰੰਪ ਪ੍ਰਸ਼ਾਸਨ ਨੇ ਦੇਸ਼ ਭਰ ਵਿਚ ਗ੍ਰਿਫ਼ਤਾਰੀਆਂ, ਹਿਰਾਸਤ ਅਤੇ ਡਿਪੋਰਟੇਸ਼ਨ ਕਾਰਵਾਈ ਨੂੰ ਤੇਜ਼ ਕਰਨ ਨੂੰ ਆਪਣੀ ਮੁੱਖ ਇਮੀਗ੍ਰੇਸ਼ਨ ਨੀਤੀ ਬਣਾਇਆ ਹੋਇਆ ਹੈ। ਵੱਧ ਕਰਮਚਾਰੀਆਂ ਨਾਲ ਏਜੰਸੀ ਨੂੰ ਜਾਂਚ, ਗ੍ਰਿਫ਼ਤਾਰੀ, ਨਜ਼ਰਬੰਦੀ ਅਤੇ ਦੇਸ਼ ਨਿਕਾਲੇ ਨਾਲ ਸਬੰਧਤ ਕਾਰਵਾਈਆਂ ਲਈ ਹੋਰ ਮਨੁੱਖੀ ਸਰੋਤ ਮਿਲ ਰਹੇ ਹਨ।

ਇਸ ਭਰਤੀ ਵਿਚ ਕੇਵਲ ਮੈਦਾਨੀ ਅਧਿਕਾਰੀ ਹੀ ਨਹੀਂ, ਸਗੋਂ ਜਾਂਚਕਰਤਾ, ਕਾਨੂੰਨੀ ਕਰਮਚਾਰੀ, ਪ੍ਰਸ਼ਾਸਕੀ ਸਟਾਫ਼ ਅਤੇ ਹਿਰਾਸਤੀ ਕਾਰਵਾਈ ਨਾਲ ਜੁੜੇ ਹੋਰ ਅਹੁਦੇ ਵੀ ਸ਼ਾਮਲ ਹਨ।

ਇਮੀਗ੍ਰੇਸ਼ਨ ਹੱਕਾਂ ਲਈ ਕੰਮ ਕਰਨ ਵਾਲੀਆਂ ਸੰਸਥਾਵਾਂ ਨੇ ਚਿੰਤਾ ਜਤਾਈ ਹੈ ਕਿ ਕਰਮਚਾਰੀਆਂ ਦੀ ਇਹ ਵਧੀ ਗਿਣਤੀ ਦੇਸ਼ ਭਰ ਵਿਚ ਹੋਰ ਵੱਡੀ ਪੱਧਰ ਦੀਆਂ ਗ੍ਰਿਫ਼ਤਾਰੀਆਂ ਦਾ ਰਾਹ ਖੋਲ੍ਹ ਸਕਦੀ ਹੈ। ਸਰਕਾਰ ਦਾ ਕਹਿਣਾ ਹੈ ਕਿ ਵਾਧੂ ਭਰਤੀ ਦਾ ਮਕਸਦ ਇਮੀਗ੍ਰੇਸ਼ਨ ਕਾਨੂੰਨਾਂ ਨੂੰ ਪ੍ਰਭਾਵਸ਼ਾਲੀ ਢੰਗ ਨਾਲ ਲਾਗੂ ਕਰਨਾ ਅਤੇ ਦੇਸ਼ ਵਿਚ ਗੈਰਕਾਨੂੰਨੀ ਤੌਰ ਉੱਤੇ ਰਹਿ ਰਹੇ ਲੋਕਾਂ ਖ਼ਿਲਾਫ਼ ਕਾਰਵਾਈ ਨੂੰ ਮਜ਼ਬੂਤ ਕਰਨਾ ਹੈ।

# 75 ਦੇਸ਼ਾਂ ਲਈ ਇਮੀਗ੍ਰਾਂਟ ਵੀਜ਼ਾ ਰੋਕ ਅਦਾਲਤ ਵੱਲੋਂ ਰੱਦ

## ਟਰੰਪ ਪ੍ਰਸ਼ਾਸਨ ਨੂੰ ਵੱਡਾ ਕਾਨੂੰਨੀ ਝਟਕਾ

ਨਿਊਯਾਰਕ, (ਪੰਜਾਬ ਮੇਲ)-ਅਮਰੀਕਾ ਵਿਚ ਕਾਨੂੰਨੀ ਇਮੀਗ੍ਰੇਸ਼ਨ ਨਾਲ ਜੁੜਿਆ ਇੱਕ ਵੱਡਾ ਫੈਸਲਾ ਸਾਹਮਣੇ ਆਇਆ ਹੈ। ਨਿਊਯਾਰਕ ਦੀ ਫੈਡਰਲ ਅਦਾਲਤ ਨੇ ਟਰੰਪ ਪ੍ਰਸ਼ਾਸਨ ਦੀ ਉਹ ਨੀਤੀ ਰੱਦ ਕਰ ਦਿੱਤੀ ਹੈ, ਜਿਸ ਤਹਿਤ 75 ਦੇਸ਼ਾਂ ਦੇ ਨਾਗਰਿਕਾਂ ਲਈ ਇਮੀਗ੍ਰਾਂਟ ਵੀਜ਼ਾ ਜਾਰੀ ਕਰਨ ਦੀ ਪ੍ਰਕਿਰਿਆ ਰੋਕ ਦਿੱਤੀ ਗਈ ਸੀ। ਯੂ.ਐੱਸ. ਡਿਸਟ੍ਰਿਕਟ ਜੱਜ ਜੀਨੇਟ ਵਰਗਾਸ ਨੇ 21 ਅਗਸਤ ਨੂੰ ਦਿੱਤੇ ਫੈਸਲੇ ਵਿਚ ਇਸ ਨੀਤੀ ਨੂੰ ਕਾਨੂੰਨ ਦੇ ਉਲਟ ਦੱਸਦਿਆਂ ਕਿਹਾ ਕਿ ਸੈਕਟਰੀ ਆਫ ਸਟੇਟ ਮਾਰਕੋ ਰੂਬੀਓ ਨੇ ਆਪਣੀ ਕਾਨੂੰਨੀ ਹੱਦ ਤੋਂ ਬਾਹਰ ਜਾ ਕੇ ਇਹ ਰੋਕ ਲਗਾਈ ਸੀ। ਇਹ ਫੈਸਲਾ 22 ਅਤੇ 23 ਅਗਸਤ ਨੂੰ ਅਮਰੀਕੀ ਅਤੇ ਅੰਤਰਰਾਸ਼ਟਰੀ ਮੀਡੀਆ ਵਿਚ ਵੱਡੀ ਇਮੀਗ੍ਰੇਸ਼ਨ ਖ਼ਬਰ ਬਣਿਆ ਹੈ।

ਸਟੇਟ ਡਿਪਾਰਟਮੈਂਟ ਨੇ ਇਹ ਨੀਤੀ ਜਨਵਰੀ 2026 ਵਿਚ ਲਾਗੂ ਕੀਤੀ ਸੀ। ਇਸ ਤਹਿਤ ਅਫਗਾਨਿਸਤਾਨ, ਪਾਕਿਸਤਾਨ, ਬੰਗਲਾਦੇਸ਼, ਨੇਪਾਲ, ਬ੍ਰਾਜ਼ੀਲ,



ਕੋਲੰਬੀਆ, ਰੂਸ, ਈਰਾਨ, ਇਰਾਕ, ਨਾਈਜੀਰੀਆ ਅਤੇ ਸੋਮਾਲੀਆ ਸਮੇਤ 75 ਦੇਸ਼ਾਂ ਦੇ ਇਮੀਗ੍ਰਾਂਟ ਵੀਜ਼ਾ ਬਿਨੈਕਾਰਾਂ ਲਈ ਵੀਜ਼ਾ ਜਾਰੀ ਕਰਨਾ ਰੋਕ ਦਿੱਤਾ ਗਿਆ ਸੀ। ਸਰਕਾਰ ਦਾ ਤਰਕ ਸੀ ਕਿ ਇਨ੍ਹਾਂ ਦੇਸ਼ਾਂ ਤੋਂ ਆਉਣ ਵਾਲੇ ਕੁਝ ਇਮੀਗ੍ਰਾਂਟਸ ਦੇ ਅਮਰੀਕਾ ਵਿਚ ਜਨਤਕ ਲਾਭਾਂ ਉੱਤੇ ਨਿਰਭਰ ਹੋਣ ਦਾ ਖ਼ਤਰਾ ਵੱਧ ਹੋ ਸਕਦਾ ਹੈ। ਇਹ ਰੋਕ 21 ਜਨਵਰੀ 2026 ਤੋਂ ਲਾਗੂ ਹੋਈ ਸੀ।

ਜੱਜ ਵਰਗਾਸ ਨੇ ਕਿਹਾ ਕਿ ਅਮਰੀਕੀ ਇਮੀਗ੍ਰੇਸ਼ਨ ਅਤੇ ਨੈਸ਼ਨੇਲਿਟੀ ਐਕਟ ਅਧੀਨ ਕਿਸੇ ਵਿਅਕਤੀ ਦੀ ਵੀਜ਼ਾ ਯੋਗਤਾ ਦਾ ਫੈਸਲਾ ਕੌਂਸਲਰ ਅਫਸਰ ਨੂੰ ਕਾਨੂੰਨ ਵਿਚ ਦਿੱਤੇ ਮਾਪਦੰਡਾਂ ਦੇ ਆਧਾਰ 'ਤੇ ਕਰਨਾ ਹੁੰਦਾ ਹੈ। ਸਿਰਫ਼ ਕਿਸੇ ਵਿਅਕਤੀ ਦੀ ਨੈਸ਼ਨੇਲਿਟੀ ਦੇ ਆਧਾਰ 'ਤੇ ਸਾਰੇ ਯੋਗ ਬਿਨੈਕਾਰਾਂ ਨੂੰ ਵੀਜ਼ਾ ਦੇਣ ਤੋਂ ਰੋਕਣਾ ਕਾਨੂੰਨੀ ਪ੍ਰਕਿਰਿਆ ਦੇ ਅਨੁਕੂਲ ਨਹੀਂ ਹੈ। ਅਦਾਲਤ ਨੇ ਇਸ ਪਾਲਿਸੀ ਦੇ ਆਧਾਰ 'ਤੇ ਕੀਤੀਆਂ ਵੀਜ਼ਾ ਰਫਿਊਜ਼ਲ ਨੂੰ ਵੀ ਦੁਬਾਰਾ ਵਿਚਾਰਨ ਦਾ ਰਾਹ ਖੋਲ੍ਹਿਆ ਹੈ।

ਇੱਥੇ ਇੱਕ ਅਹਿਮ ਗੱਲ ਇਹ ਹੈ ਕਿ ਇਹ ਟੂਰਿਸਟ ਵੀਜ਼ਾ ਜਾਂ ਸਾਰੇ ਯੂ.ਐੱਸ. ਵੀਜ਼ਾ ਉੱਤੇ ਲੱਗੀ ਪਾਬੰਦੀ ਰੱਦ ਕਰਨ ਵਾਲਾ ਫੈਸਲਾ ਨਹੀਂ ਹੈ। ਇਹ ਖਾਸ ਤੌਰ 'ਤੇ 75 ਦੇਸ਼ਾਂ ਲਈ ਲਗਾਈ ਗਈ ਇਮੀਗ੍ਰੇਸ਼ਨ ਵੀਜ਼ਾ ਪਬਲਿਕ-ਚਾਰਜ ਪ੍ਰੋਸੈਸਿੰਗ ਸਸਪੈਂਸ਼ਨ ਨਾਲ ਸਬੰਧਤ ਹੈ। ਭਾਰਤ ਇਨ੍ਹਾਂ 75 ਦੇਸ਼ਾਂ ਦੀ ਸੂਚੀ ਵਿਚ ਸ਼ਾਮਲ ਨਹੀਂ ਸੀ, ਇਸ ਲਈ ਇਸ ਫੈਸਲੇ ਦਾ ਭਾਰਤੀ ਬਿਨੈਕਾਰਾਂ ਉੱਤੇ ਸਿੱਧਾ ਪ੍ਰਭਾਵ ਨਹੀਂ ਪੈਂਦਾ।

# ਅਮਰੀਕੀ ਜਲ ਸੈਨਾ 'ਚ ਸੇਵਾ ਕਰ ਰਹੇ ਪੁੱਤਰ ਦਾ ਪਿਤਾ ਸਰਹੱਦੀ ਗਸ਼ਤੀ ਦਲ ਵੱਲੋਂ ਗ੍ਰਿਫ਼ਤਾਰ

ਫਲੋਰੀਡਾ, (ਪੰਜਾਬ ਮੇਲ)- ਅਮਰੀਕਾ ਵਿਚ ਇਮੀਗ੍ਰੇਸ਼ਨ ਕਾਨੂੰਨਾਂ ਨੂੰ ਲਾਗੂ ਕਰਨ ਨਾਲ ਜੁੜੀ 23 ਅਗਸਤ 2026 ਦੀ ਇੱਕ ਨਵੀਂ ਮਹੱਤਵਪੂਰਨ ਰਿਪੋਰਟ ਸਾਹਮਣੇ ਆਈ ਹੈ। ਐਸੋਸੀਏਟਿਡ ਪ੍ਰੈੱਸ ਮੁਤਾਬਕ, 48 ਸਾਲਾ ਲੁਈਸ ਮੈਨੂਅਲ ਐਵੀਲੇਸ, ਜੋ ਨਿਕਾਰਾਗੁਆ ਦਾ ਨਾਗਰਿਕ ਹੈ ਅਤੇ ਫਲੋਰੀਡਾ ਦੇ ਕੀ ਵੈਸਟ ਵਿਚ ਰਹਿ ਰਿਹਾ ਸੀ, ਨੂੰ ਅਮਰੀਕੀ ਸਰਹੱਦੀ ਗਸ਼ਤੀ ਦਲ ਨੇ ਉਸ ਸਮੇਂ ਗ੍ਰਿਫ਼ਤਾਰ ਕਰ ਲਿਆ, ਜਦੋਂ ਉਹ ਆਪਣੇ ਪੁੱਤਰ ਦੇ ਅਮਰੀਕੀ ਜਲ ਸੈਨਾ ਦੀ ਲੰਬੀ ਤੈਨਾਤੀ ਤੋਂ ਵਾਪਸ ਆਉਣ ਦੀ ਉਡੀਕ ਕਰ ਰਿਹਾ ਸੀ। ਐਵੀਲੇਸ ਕੋਲ ਅਮਰੀਕਾ ਵਿਚ ਕਾਨੂੰਨੀ ਤੌਰ 'ਤੇ ਕੰਮ ਕਰਨ ਦੀ ਵੈਧ ਇਜਾਜ਼ਤ ਵੀ ਸੀ। ਉਸਦਾ ਪੁੱਤਰ ਜੋਸ਼ੂਆ ਐਵੀਲੇਸ ਅਮਰੀਕੀ ਜਲ ਸੈਨਾ ਵਿਚ ਯੂ.ਐੱਸ.ਐੱਸ. ਅਬ੍ਰਾਹਮ ਲਿੰਕਨ ਜਹਾਜ਼ ਉੱਤੇ ਸੇਵਾ ਕਰਦਾ ਹੈ ਅਤੇ ਲਗਭਗ ਨੌਂ ਮਹੀਨਿਆਂ ਦੀ ਤੈਨਾਤੀ ਤੋਂ ਬਾਅਦ ਘਰ ਵਾਪਸ ਆ ਰਿਹਾ ਸੀ। ਪਰ ਪਰਿਵਾਰ ਦੇ ਮਿਲਾਪ ਤੋਂ ਪਹਿਲਾਂ ਹੀ ਉਸਦੇ ਪਿਤਾ ਨੂੰ ਇਮੀਗ੍ਰੇਸ਼ਨ ਅਧਿਕਾਰੀਆਂ ਨੇ ਹਿਰਾਸਤ ਵਿਚ ਲੈ ਲਿਆ।

# ਕਰਾਸ ਨੇਸ਼ਨ ਕ੍ਰੋਨਿਕਲ 'ਮੇਲਾ ਪੰਜਾਬਣਾਂ ਦਾ 2026' ਨੇ ਵਰਜੀਨੀਆ ਦੇ ਮੈਨਸਾਸ 'ਚ ਪੰਜਾਬੀ ਸੱਭਿਆਚਾਰ ਨੂੰ ਜੀਵੰਤ ਕੀਤਾ

**ਵਰਜੀਨੀਆ, (ਰਾਜ ਗੋਗਨਾ/ ਕੁਲਵਿੰਦਰ ਫਲੋਰਾ/ ਪੰਜਾਬ ਮੇਲ)**- ਅਮਰੀਕਾ ਦੇ ਸੂਬੇ ਵਰਜੀਨੀਆ ਦੇ ਮੈਨਸਾਸ ਸ਼ਹਿਰ 'ਚ ਸਥਿਤ ਮੈਗਨੋਲੀਆ ਹਾਲ ਵਿਖੇ ਆਯੋਜਿਤ 'ਮੇਲਾ ਪੰਜਾਬਣਾਂ ਦਾ 2026' ਵਿਚ ਪੰਜਾਬੀ ਸੱਭਿਆਚਾਰ, ਗੀਤੀ-ਰਿਵਾਜ਼ ਅਤੇ ਵਿਰਾਸਤ ਦੀ ਝਲਕ ਦੇਖਣ ਨੂੰ ਮਿਲੀ। ਇਸ ਸਮਾਗਮ ਵਿਚ ਵਰਜੀਨੀਆ, ਵਾਸ਼ਿੰਗਟਨ ਡੀ.ਸੀ., ਮੈਰੀਲੈਂਡ ਅਤੇ ਡੀ.ਐੱਮ.ਵੀ. ਖੇਤਰ ਦੇ ਹੋਰ ਹਿੱਸਿਆਂ ਤੋਂ ਲਗਭਗ 1,000 ਔਰਤਾਂ ਅਤੇ ਲੜਕੀਆਂ ਸ਼ਾਮਲ ਹੋਈਆਂ। ਇਸ ਰੰਗਾਰੰਗ ਸਮਾਗਮ ਵਿਚ ਲੜਕੀਆਂ ਅਤੇ ਮੁਟਿਆਰਾਂ ਵੱਲੋਂ ਗਿੱਧਾ ਅਤੇ ਭੰਗੜਾ ਪੇਸ਼ ਕੀਤਾ ਗਿਆ। ਭਾਗ ਲੈਣ ਵਾਲਿਆਂ ਨੂੰ ਤਿੰਨ ਉਮਰ ਵਰਗਾਂ '6-12, 12-16 ਅਤੇ 16-21 ਸਾਲ' ਵਿਚ ਵੰਡਿਆ ਗਿਆ ਸੀ, ਜਿਸ ਨਾਲ ਨੌਜਵਾਨ ਕਲਾਕਾਰਾਂ ਨੂੰ ਆਪਣੀ ਪ੍ਰਤਿਭਾ ਦਿਖਾਉਣ ਅਤੇ ਪੰਜਾਬੀ ਸੱਭਿਆਚਾਰ ਨਾਲ ਜੁੜੇ ਰਹਿਣ ਦਾ ਮੌਕਾ ਮਿਲਿਆ। ਮੇਲੇ ਵਿਚ ਰਵਾਇਤੀ ਅਤੇ ਮਨੋਰੰਜਕ ਮੁਕਾਬਲਿਆਂ ਦੇ ਨਾਲ-ਨਾਲ ਪੰਜਾਬੀ ਕੱਪੜੇ, ਗਹਿਣੇ, ਸਹਾਇਕ ਸਮੱਗਰੀ (ਅਸੈਸਰੀਜ਼) ਅਤੇ ਹੋਰ ਸੱਭਿਆਚਾਰਕ ਵਸਤਾਂ ਵੇਚਣ ਵਾਲੇ ਸਟਾਲ ਵੀ ਲਗਾਏ ਗਏ ਸਨ। ਪ੍ਰਬੰਧਕਾਂ ਨੇ ਦੱਸਿਆ ਕਿ 'ਮੇਲਾ ਪੰਜਾਬਣਾਂ ਦਾ' ਦਾ ਮੁੱਖ ਉਦੇਸ਼ ਵਿਦੇਸ਼ਾਂ ਵਿਚ ਜੰਮੇ-ਪਲੇ, ਵੱਡੇ ਬੱਚਿਆਂ ਅਤੇ ਨੌਜਵਾਨਾਂ ਨੂੰ ਪੰਜਾਬ ਦੀ ਭਾਸ਼ਾ, ਸੱਭਿਆਚਾਰ, ਗੀਤੀ-ਰਿਵਾਜ਼ਾਂ ਅਤੇ ਵਿਰਾਸਤ ਨਾਲ ਜੋੜਨਾ ਹੈ। ਇਹ ਸਮਾਗਮ ਡਾ. ਜਸਵੀਰ ਕੌਰ, ਡਾ. ਗਗਨਦੀਪ ਕੌਰ ਅਤੇ ਵਰਿੰਦਰ ਸਿੰਘ ਦੇ ਉਪਰਾਲਿਆਂ ਸਦਕਾ ਆਯੋਜਿਤ ਕੀਤਾ ਗਿਆ ਸੀ। ਪ੍ਰਬੰਧਕਾਂ ਨੇ ਅਮਰੀਕਾ ਵਿਚ ਪੰਜਾਬੀ ਸੱਭਿਆਚਾਰ ਨੂੰ ਉਤਸ਼ਾਹਿਤ ਕਰਨ ਲਈ 'ਸਿੱਖਸ ਆਫ਼ ਅਮੈਰਿਕਾ' ਦੇ ਚੇਅਰਮੈਨ ਡਾ. ਜਸਦੀਪ ਸਿੰਘ ਜੱਸੀ' ਪ੍ਰਧਾਨ ਕੰਵਲਜੀਤ ਸਿੰਘ ਸੋਨੀ, ਉਪ-ਪ੍ਰਧਾਨ ਬਲਜਿੰਦਰ ਸਿੰਘ ਸੰਮੀ' ਵੱਲੋਂ ਦਿੱਤੇ ਗਏ ਲਗਾਤਾਰ ਸਹਿਯੋਗ ਅਤੇ ਸਪਾਂਸਰਸ਼ਿਪ ਲਈ ਵੀ ਧੰਨਵਾਦ ਕੀਤਾ। ਇਸ ਸਫਲ ਸਮਾਗਮ ਨੇ ਇੱਕ ਵਾਰ ਫਿਰ ਵਿਦੇਸ਼ਾਂ ਵਿਚ ਰਹਿਣ ਵਾਲੇ ਪੰਜਾਬੀਆਂ ਦੇ ਆਪਣੀ ਮਾਂ-ਬੋਲੀ, ਸੱਭਿਆਚਾਰਕ ਰਵਾਇਤਾਂ ਅਤੇ ਜੜ੍ਹਾਂ ਨਾਲ ਡੂੰਘੇ ਸਬੰਧ ਨੂੰ ਉਜਾਗਰ ਕੀਤਾ।









# ਟੈਨੇਸੀ 'ਚ ਇੱਕ ਭਾਰਤੀ-ਗੁਜਰਾਤੀ ਸਟੋਰ ਮਾਲਕ ਦਾ ਲੁੱਟ ਤੋ ਬਾਅਦ ਗੋਲੀਆਂ ਮਾਰ ਕੇ ਕਤਲ

**ਨਿਊਯਾਰਕ, (ਰਾਜ ਗੋਗਨਾ/ ਪੰਜਾਬ ਮੇਲ)**- ਅਮਰੀਕਾ ਦੇ ਟੈਨੇਸੀ ਰਾਜ ਵਿਚ ਇੱਕ ਹੈਰਾਨ ਕਰਨ ਵਾਲੀ ਘਟਨਾ ਵਾਪਰੀ ਹੈ। ਜੈਕਸਨ ਸ਼ਹਿਰ ਵਿਚ ਇੱਕ ਹਥਿਆਰਬੰਦ ਲੁਟੇਰੇ ਨੇ 62 ਸਾਲਾ ਭਾਰਤੀ-ਗੁਜਰਾਤੀ ਸਟੋਰ ਮਾਲਕ ਸੁਰੇਸ਼ ਪਟੇਲ ਦੀ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ। ਗੁਜਰਾਤ ਦੇ ਮੇਹਸਾਣਾ ਦੇ ਰਹਿਣ ਵਾਲੇ ਸੁਰੇਸ਼ ਪਟੇਲ ਨੇ 7 ਦਿਨ ਪਹਿਲਾਂ ਹੀ ਇਹ ਸਟੋਰ ਖਰੀਦਿਆ ਸੀ। ਪੁਲਿਸ ਨੇ ਮੁਲਜ਼ਮ ਨੂੰ ਗ੍ਰਿਫ਼ਤਾਰ ਕਰਨ ਲਈ ਵਿਆਪਕ ਜਾਂਚ ਸ਼ੁਰੂ ਕਰ ਦਿੱਤੀ ਹੈ। ਟੈਨੇਸੀ ਦੇ ਜੈਕਸਨ ਵਿਚ ਸਥਿਤ ਪਟੇਲ ਵਾਈਨ ਅਤੇ ਸਪਿਰਿਟ ਨਾਂ ਦਾ ਸਟੋਰ ਚਲਾਉਂਦਾ ਸੀ। ਹਥਿਆਰਬੰਦ ਲੁਟੇਰੇ ਨੇ ਪੈਸੇ ਲੁੱਟ ਕੇ 62 ਸਾਲਾ ਭਾਰਤੀ-ਗੁਜਰਾਤੀ ਸਟੋਰ ਮਾਲਕ ਸੁਰੇਸ਼ ਪਟੇਲ ਦੀ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ। ਇਹ ਦੁਖਦਾਈ ਘਟਨਾ ਵੀਰਵਾਰ ਰਾਤ ਨੂੰ ਵਾਪਰੀ, ਜਦੋਂ ਉਸ ਦੀ 19 ਸਾਲਾ ਧੀ ਵੀ ਉਸ ਦੇ ਨਾਲ ਸਟੋਰ ਵਿਚ ਮੌਜੂਦ ਸੀ, ਜੋ ਜਾਨੋਂ ਬੱਚ ਗਈ ਅਤੇ ਲੁਟੇਰੇ ਨੇ ਉਸਦੀ ਧੀ ਦੇ ਸਾਹਮਣੇ ਹੀ ਉਸਦੇ ਪਿਤਾ 'ਤੇ ਗੋਲੀਬਾਰੀ ਕੀਤੀ। ਸੁਰੇਸ਼ ਪਟੇਲ ਦੀ ਮੌਕੇ 'ਤੇ ਹੀ ਮੌਤ ਹੋ ਗਈ। ਸੀ.ਸੀ.ਟੀ.ਵੀ. ਫੁਟੇਜ ਵਿਚ ਕੈਦ ਹੋਏ ਸ਼ੱਕੀ ਲੁਟੇਰੇ ਦੀ ਪਛਾਣ ਇੱਕ ਕਾਲੇ ਆਦਮੀ ਵਜੋਂ ਹੋਈ ਹੈ, ਜਿਸਨੇ ਸਲੇਟੀ ਰੰਗ ਦੀ ਹੂਡੀ, ਜੀਨਸ ਅਤੇ ਕਾਲੇ ਬੂਟ ਪਾਏ ਹੋਏ ਹਨ। ਉਸਨੇ ਆਪਣੇ ਚਿਹਰੇ 'ਤੇ ਪੇਂਟਬਾਲ ਮਾਸਕ ਪਾਇਆ ਹੋਇਆ ਸੀ। ਡਕੈਤੀ ਅਤੇ ਗੋਲੀਬਾਰੀ ਤੋਂ ਬਾਅਦ, ਸ਼ੱਕੀ ਇੱਕ ਚਿੱਟੇ ਰੰਗ ਦੀ ਸੇਡਾਨ ਵਿਚ ਭੱਜ ਗਿਆ।



*ਮ੍ਰਿਤਕ ਦੀ ਫ਼ਾਈਲ ਫੋਟੋ।*

**ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ : www.punjabmailusa.com**



# ਅੰਤਰਰਾਸ਼ਟਰੀ ਸਾਹਿਤਕ ਸਾਂਝਾਂ ਵੱਲੋਂ "ਸਿਰਜਨਾ ਦੇ ਆਰ ਪਾਰ" ਪ੍ਰੋਗਰਾਮ 'ਚ ਡਾ. ਬਲਵਿੰਦਰ ਕੌਰ ਬਰਾੜ ਨਾਲ ਯਾਦਗਾਰੀ ਰੂਬਰੂ

## ਸਾਹਿਤਕ ਸਫ਼ਰ, ਜੀਵਨ ਅਨੁਭਵ ਅਤੇ ਨਾਰੀ




**ਬਰੈਂਪਟਨ, (ਰਮਿੰਦਰ ਵਾਲੀਆ/ ਡਾ. ਪੁਸ਼ਵਿੰਦਰ ਖੋਖਰ/ ਪ੍ਰੋ. ਕੁਲਜੀਤ ਕੌਰ/ ਪੰਜਾਬ ਮੇਲ)-** ਅੰਤਰਰਾਸ਼ਟਰੀ ਸਾਹਿਤਕ ਸਾਂਝਾਂ ਦੇ ਫਾਊਂਡਰ ਅਤੇ ਪ੍ਰਬੰਧਕ ਰਮਿੰਦਰ ਰੰਮੀ ਦੀ ਅਗਵਾਈ ਹੇਠ 'ਸਿਰਜਣਾ ਦੇ ਆਰ-ਪਾਰ' ਪ੍ਰੋਗਰਾਮ ਤਹਿਤ ਪ੍ਰੋ. ਕੁਲਜੀਤ ਕੌਰ ਵੱਲੋਂ ਪੰਜਾਬੀ ਦੀ ਪ੍ਰਸਿੱਧ ਸਾਹਿਤਕਾਰ, ਸੇਵਾਮੁਕਤ ਪ੍ਰੋਫੈਸਰ ਤੇ ਪੰਜਾਬੀ ਵਿਭਾਗ, ਪੰਜਾਬੀ ਯੂਨੀਵਰਸਿਟੀ ਪਟਿਆਲਾ ਦੀ ਸਾਬਕਾ ਮੁਖੀ ਡਾ. ਬਲਵਿੰਦਰ ਕੌਰ ਬਰਾੜ ਨਾਲ ਵਿਸ਼ੇਸ਼ ਰੂਬਰੂ ਕਰਵਾਇਆ ਗਿਆ।

ਅੰਤਰਰਾਸ਼ਟਰੀ ਸਾਹਿਤਕ ਸਾਂਝਾਂ ਦੇ ਸਰਪ੍ਰਸਤ ਸੁਰਜੀਤ ਨੇ ਡਾ. ਬਲਵਿੰਦਰ ਕੌਰ ਬਰਾੜ ਦਾ ਨਿੱਘਾ ਸਵਾਗਤ ਕਰਦਿਆਂ ਕਿਹਾ ਕਿ ਉਨ੍ਹਾਂ ਦੀਆਂ ਲਿਖਤਾਂ ਤਾਂ ਪਹਿਲਾਂ ਹੀ ਪਾਠਕਾਂ ਦੇ ਦਿਲਾਂ ਵਿਚ ਆਪਣੀ ਥਾਂ ਬਣਾ ਚੁੱਕੀਆਂ ਹਨ, ਪਰ ਸੋਸ਼ਲ ਮੀਡੀਆ ਰਾਹੀਂ ਉਨ੍ਹਾਂ ਦੇ ਵਿਚਾਰ ਅਤੇ ਬੋਲ ਹੋਰ ਵੀ ਵੱਡੇ ਘੇਰੇ ਤੱਕ ਪਹੁੰਚੇ ਹਨ। ਰਮਿੰਦਰ ਰੰਮੀ ਨੇ ਅੰਤਰਰਾਸ਼ਟਰੀ ਸਾਹਿਤਕ ਸਾਂਝਾਂ ਮੰਚ ਦੀ ਜਾਣ-ਪਛਾਣ ਕਰਵਾਉਂਦਿਆਂ ਡਾ. ਬਰਾੜ ਦਾ ਸਵਾਗਤ ਕੀਤਾ। ਉਨ੍ਹਾਂ ਕਿਹਾ ਕਿ "ਤੁਸੀਂ ਘਰ ਅਸਾਡੇ ਆਏ, ਅਸੀਂ ਫੁਲੇ ਨਹੀਂ ਸਮਾਏ" ਆਪ ਸਭ ਦੇ ਪਿਆਰ, ਸਾਥ ਤੇ ਸਹਿਯੋਗ ਸਦਕਾ ਹੀ ਇਹ ਸਫ਼ਲ ਪ੍ਰੋਗਰਾਮ ਹੋ ਰਹੇ ਹਨ। ਰੂਬਰੂ ਦਾ ਆਗਾਜ਼ ਕਰਦਿਆਂ ਪ੍ਰੋ. ਕੁਲਜੀਤ ਕੌਰ ਨੇ ਡਾ. ਬਲਵਿੰਦਰ ਕੌਰ ਬਰਾੜ ਦੇ ਅਨੁਸ਼ਾਸਨ, ਸੰਘਰਸ਼ਮਈ ਜੀਵਨ ਅਤੇ ਸਾਹਿਤਕ ਸਫ਼ਰ ਬਾਰੇ ਗੱਲ ਕਰਦਿਆਂ ਦੱਸਿਆ ਕਿ ਉਨ੍ਹਾਂ ਨੇ 38 ਸਾਲ ਅਧਿਆਪਨ ਦੇ ਖੇਤਰ ਵਿਚ ਸੇਵਾ ਨਿਭਾਈ ਅਤੇ ਲਗਭਗ 20 ਪੁਸਤਕਾਂ ਦੀ ਰਚਨਾ ਕੀਤੀ।

ਗੱਲਬਾਤ ਦੌਰਾਨ ਡਾ. ਬਰਾੜ ਨੇ ਪੰਜਾਬੀ ਯੂਨੀਵਰਸਿਟੀ ਵਿਚ ਆਪਣੇ ਅਧਿਐਨ ਅਤੇ ਅਧਿਆਪਨ ਦੇ ਦੌਰ ਨੂੰ ਵੀ ਯਾਦ ਕੀਤਾ। ਪੰਜਾਬ ਦੇ ਕਾਲੇ ਦੌਰ ਦੌਰਾਨ ਨੌਜਵਾਨਾਂ ਅਤੇ ਵਿਦਿਆਰਥੀਆਂ 'ਤੇ ਹੋਏ ਜ਼ੁਲਮ ਅਤੇ ਮਾਵਾਂ ਵੱਲੋਂ ਸਹੇ ਮਾਨਸਿਕ ਸੰਤਾਪ ਨੇ ਉਨ੍ਹਾਂ ਦੀ ਸੰਵੇਦਨਾ ਨੂੰ ਡੂੰਘਾ ਪ੍ਰਭਾਵਿਤ ਕੀਤਾ। ਇਹੀ ਅਨੁਭਵ ਬਾਅਦ ਵਿਚ ਉਨ੍ਹਾਂ ਦੀ ਗਲਪ ਰਚਨਾ ਦਾ ਮਹੱਤਵਪੂਰਨ ਆਧਾਰ ਬਣੇ।

ਇਹ ਵਰਨਣਯੋਗ ਹੈ ਕਿ ਡਾ. ਬਲਵਿੰਦਰ ਕੌਰ ਬਰਾੜ ਨੇ ਨਾਵਲ, ਕਹਾਣੀ ਅਤੇ ਵਾਰਤਕ ਤਿੰਨਾਂ ਖੇਤਰਾਂ ਵਿਚ ਆਪਣੀ ਵਿਲੱਖਣ ਪਛਾਣ ਬਣਾਈ। ਉਨ੍ਹਾਂ ਦੇ ਨਾਵਲਾਂ ਵਿਚ 'ਹਬੇ ਸਾਕ ਕੂੜਾਵੇ' ਅਤੇ 'ਅੰਗੂਠੇ ਦੇ ਨਿਸ਼ਾਨ' ਸ਼ਾਮਲ ਹਨ, ਜਦਕਿ ਕਹਾਣੀ-ਸੰਗ੍ਰਹਿਆਂ ਵਿਚ 'ਮਿੱਟੀ ਨਾ ਫਰੋਲ ਜੋਗੀਆ', 'ਜੱਗ ਵਿਚ ਸੀਰ', 'ਖੁਰਦੇ ਪੱਤਣ', 'ਤਲੀ 'ਤੇ ਉੱਗਿਆ ਫੁੱਲ', 'ਰੁੱਤ ਫਿਰੀ ਵਣ ਕੰਬਿਆ' ਅਤੇ 'ਉੱਚੇ ਬੁਰਜ' ਵਰਗੀਆਂ ਰਚਨਾਵਾਂ ਦਰਜ ਹਨ। ਇਸ ਤੋਂ ਇਲਾਵਾ 'ਮਨ ਦਾ ਕੋਨਾ' ਅਤੇ 'ਓਹ ਵੇਲਾ ਯਾਦ ਕਰ' ਉਨ੍ਹਾਂ ਦੀਆਂ ਵਾਰਤਕ ਪੁਸਤਕਾਂ ਹਨ।

ਅੰਤਰਰਾਸ਼ਟਰੀ ਸਾਹਿਤਕ ਸਾਂਝਾਂ ਦੇ ਚੇਅਰਮੈਨ ਪਿਆਰਾ ਸਿੰਘ ਕੁੱਦੋਵਾਲ ਨੇ ਡਾ. ਬਰਾੜ ਨੂੰ ਸਤਿਕਾਰ ਭੇਟ ਕਰਦਿਆਂ ਕਿਹਾ ਕਿ ਇਹ ਰੂਬਰੂ ਇੱਕ ਸਿਤਾਰੇ ਨੂੰ ਮਿਲਣ ਵਰਗਾ ਅਨੁਭਵ ਰਿਹਾ। ਉਨ੍ਹਾਂ ਪ੍ਰੋ. ਕੁਲਜੀਤ ਕੌਰ ਦੀ ਵੀ ਸ਼ਲਾਘਾ ਕੀਤੀ, ਜਿਨ੍ਹਾਂ ਨੇ ਆਪਣੀ ਸਹਿਜ, ਸੰਵੇਦਨਸ਼ੀਲ ਅਤੇ ਸੁਚੱਜੀ ਸੰਵਾਦ-ਸ਼ੈਲੀ ਰਾਹੀਂ ਡਾ. ਬਲਵਿੰਦਰ ਕੌਰ ਬਰਾੜ ਦੀ ਬਹੁਪੱਖੀ ਸਾਹਿਤਕ ਸ਼ਖ਼ਸੀਅਤ ਨੂੰ ਸਰੋਤਿਆਂ ਸਾਹਮਣੇ ਉਜਾਗਰ ਕੀਤਾ। ਰਮਿੰਦਰ ਰਮੀ ਨੇ ਵੀ ਪ੍ਰੋ. ਕੁਲਜੀਤ ਕੌਰ ਦੀ ਸਹਿਜਤਾ ਅਤੇ ਡਾ. ਬਰਾੜ ਦੇ ਵਿਦਵਤਾ ਭਰੇ ਵਿਚਾਰਾਂ ਦੀ ਪ੍ਰਸ਼ੰਸਾ ਕੀਤੀ। ਬਹੁਤ ਸਾਰੇ ਮੈਂਬਰਜ਼ ਨੇ ਵੀ ਮੈਡਮ ਬਰਾੜ ਨਾਲ ਵਿਚਾਰਾਂ ਪ੍ਰਬੰਧਕੀ ਟੀਮ ਮੈਂਬਰ ਰਿੰਟੂ ਭਾਟੀਆ, ਡਾ. ਨਵਰੂਪ ਕੌਰ, ਡਾ. ਨਵਜੋਤ ਕੌਰ, ਡਾ. ਬਲਜੀਤ ਕੌਰ ਰਿਆੜ, ਸਤਿੰਦਰ ਕੌਰ ਕਾਹਲੋਂ, ਪ੍ਰੋ. ਪਵਨ ਖਿੱਚੀ, ਅਜੈਬ ਸਿੰਘ ਚੱਠਾ, ਕੁਸਮ ਧੀਮਾਨ, ਰਵਿੰਦਰ ਸਿੰਘ ਕੰਗ, ਅੰਜੂ ਗਰੋਵਰ ਤੇ ਪਰਮਜੀਤ ਸਿੰਘ ਢਿੱਲੋਂ ਨੇ ਵੀ ਬਹੁਮੁੱਲੇ ਵਿਚਾਰ ਸਾਂਝੇ ਕੀਤੇ।

ਸਮੁੱਚੇ ਰੂਪ ਵਿਚ ਇਹ ਰੂਬਰੂ ਸਾਹਿਤ, ਜੀਵਨ, ਨਾਰੀ ਚੇਤਨਾ, ਪਰਵਾਸ ਅਤੇ ਮਨੁੱਖੀ ਸੰਵੇਦਨਾਵਾਂ ਦੇ ਅਨੇਕਾਂ ਪੱਖਾਂ ਨੂੰ ਛੂੰਹਦਾ ਹੋਇਆ ਇੱਕ ਯਾਦਗਾਰੀ ਅਤੇ ਪ੍ਰੇਰਨਾਮਈ ਸਾਹਿਤਕ ਸਮਾਗਮ ਹੋ ਨਿੱਬੜਿਆ।

# ਆਈਸ ਵੱਲੋਂ ਟੈਨੇਸੀ ਵਿਚ ਨਵਾਂ ਪਬਲਿਕ ਸੇਫਟੀ ਕੋਆਰਡੀਨੇਸ਼ਨ ਸੈਂਟਰ

## ਦੇਸ਼ ਭਰ ਦੀਆਂ ਇਨਫੋਰਸਮੈਂਟ ਅਤੇ ਡਿਪੋਰਟੇਸ਼ਨ ਕਾਰਵਾਈਆਂ ਨੂੰ ਮਿਲੇਗਾ ਸਮਰਥਨ

**ਵਾਸ਼ਿੰਗਟਨ/ਟੈਨੇਸੀ, (ਪੰਜਾਬ ਮੇਲ)-** ਅਮਰੀਕੀ ਇਮੀਗ੍ਰੇਸ਼ਨ ਇਨਫੋਰਸਮੈਂਟ ਨਾਲ ਜੁੜੀ 21 ਅਗਸਤ 2026 ਦੀ ਇੱਕ ਨਵੀਂ ਅਧਿਕਾਰਤ ਅਪਡੇਟ ਸਾਹਮਣੇ ਆਈ ਹੈ। ਯੂ.ਐੱਸ. ਇਮੀਗ੍ਰੇਸ਼ਨ ਅਤੇ ਕਸਟਮਜ਼ ਐਨਫੋਰਸਮੈਂਟ (ਆਈਸ) ਨੇ ਪੁਸ਼ਟੀ ਕੀਤੀ ਹੈ ਕਿ ਟੈਨੇਸੀ ਵਿਚ ਇੱਕ ਪਬਲਿਕ ਸੇਫਟੀ ਕੋਆਰਡੀਨੇਸ਼ਨ ਸੈਂਟਰ ਬਣਾਉਣ ਦੀ ਯੋਜਨਾ ਉੱਤੇ ਕੰਮ ਚੱਲ ਰਿਹਾ ਹੈ। ਆਈਸ ਮੁਤਾਬਕ ਇਹ ਸੈਂਟਰ ਦੇਸ਼ ਭਰ ਵਿਚ ਏਜੰਸੀ ਦੀਆਂ ਇਨਫੋਰਸਮੈਂਟ ਅਤੇ ਰਿਮੂਵਲ ਓਪਰੇਸ਼ਨਜ਼ ਨੂੰ ਸਮਰਥਨ ਕਰੇਗਾ।

ਸਰਕਾਰੀ ਕੰਟਰੈਕਟ ਰਿਕਾਰਡਸ ਬਾਰੇ ਪਹਿਲਾਂ ਸਾਹਮਣੇ ਆਈ ਜਾਣਕਾਰੀ ਅਨੁਸਾਰ ਇਹ ਪ੍ਰਸਤਾਵਿਤ ਨੈਸ਼ਨਲ ਕੋਆਰਡੀਨੇਸ਼ਨ ਸੈਂਟਰ ਐਡਮਜ਼, ਟੇਨੇਸੀ ਵਿਚ ਬਣਾਉਣ ਦੀ ਯੋਜਨਾ ਹੈ। ਇਸ ਲਈ ਲਗਭਗ 17.46 ਮਿਲੀਅਨ ਡਾਲਰ ਦਾ ਇੱਕ ਸਾਲ ਦਾ ਕੰਟਰੈਕਟ ਦਿੱਤਾ ਗਿਆ ਹੈ, ਜਿਸਦੀ ਮਿਆਦ 6 ਅਗਸਤ 2026 ਤੋਂ 5 ਅਗਸਤ 2027 ਤੱਕ ਦੱਸੀ ਗਈ ਹੈ। ਜੇ ਕੰਟਰੈਕਟ ਨੂੰ 2030 ਤੱਕ ਵਧਾਇਆ ਜਾਂਦਾ ਹੈ, ਤਾਂ ਇਸਦੀ ਸੰਭਾਵਿਤ ਕੁੱਲ ਕੀਮਤ ਲਗਭਗ 63 ਮਿਲੀਅਨ ਡਾਲਰ ਤੱਕ ਪਹੁੰਚ ਸਕਦੀ ਹੈ।

ਆਈਸ ਦਾ ਕਹਿਣਾ ਹੈ ਕਿ ਇਹ ਸਹੂਲਤ ਉਸਦੀ ਨੇਸ਼ਨਵਾਈਡ ਇਨਫੋਰਸਮੈਂਟ ਇਨਫਰਾਸਟਰਕਚਰ ਦੇ ਵਿਸਥਾਰ ਵਿਚ ਸਹਾਇਤਾ ਕਰੇਗੀ। ਕੰਟਰੈਕਟ ਵਿਚ ਇਸਦਾ ਉਦੇਸ਼ "ਇਨਫੋਰਸਮੈਂਟ ਅਤੇ ਰਿਮੂਵਲ ਓਪਰੇਸ਼ਨਜ਼" ਲਈ ਸਹਾਇਤਾ ਸੇਵਾਵਾਂ ਮੁਹੱਈਆ ਕਰਵਾਉਣਾ ਦਰਜ ਹੈ। ਇਸਦਾ ਮਤਲਬ ਇਹ ਨਹੀਂ ਕਿ ਕੋਈ ਨਵਾਂ ਡਿਪੋਰਟੇਸ਼ਨ ਕਾਨੂੰਨ ਅੱਜ ਤੋਂ ਲਾਗੂ ਹੋ ਗਿਆ ਹੈ, ਇਹ ਮੁੱਖ ਤੌਰ 'ਤੇ ਆਈਸ ਦੀ ਸੰਚਾਲਨ ਸਮਰੱਥਾ ਅਤੇ ਤਾਲਮੇਲ ਵਧਾਉਣ ਨਾਲ ਸਬੰਧਤ ਡਿਵੈਲਪਮੈਂਟ ਹੈ।

**ਰੋਜ਼ਾਨਾਂ ਤਾਜ਼ੀਆਂ ਖ਼ਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਈਟ 'ਤੇ ਕਲਿੱਕ ਕਰੋ : www.punjabmailusa.com**




# ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਨੇ ਨਗਰ ਕੌਂਸਲ ਪ੍ਰਧਾਨ ਦੀ ਹਾਜ਼ਰੀ ਵਿਚ 130 ਪਰਿਵਾਰਾਂ ਨੂੰ ਦਿੱਤੀ ਵਿੱਤੀ ਸਹਾਇਤਾ



**ਸ੍ਰੀ ਮੁਕਤਸਰ ਸਾਹਿਬ, (ਪੰਜਾਬ ਮੇਲ)-** ਡਾਕਟਰ ਐੱਸ.ਪੀ. ਸਿੰਘ ਓਬਰਾਏ ਵਲੋਂ ਮਾਨਵਤਾ ਦੀ ਭਲਾਈ ਲਈ ਕੀਤੇ ਜਾ ਰਹੇ ਕਾਰਜਾਂ ਦੀ ਲੜੀ ਤਹਿਤ ਡੇਰਾ ਭਾਈ ਮਸਤਾਨ ਸਿੰਘ ਸ੍ਰੀ ਮੁਕਤਸਰ ਸਾਹਿਬ ਵਿਖੇ ਮਿਸਿਜ਼ ਯੋਗਤਾ ਗੂੰਬਰ ਪ੍ਰਧਾਨ ਨਗਰ ਕੌਂਸਲ ਸ੍ਰੀ ਮੁਕਤਸਰ ਸਾਹਿਬ ਦੀ ਰਹਿਨੁਮਾਈ ਹੇਠ 130 ਪਰਿਵਾਰਾਂ ਨੂੰ ਇੱਕ ਲੱਖ ਤੀਹ ਹਜ਼ਾਰ ਰੁਪਏ ਦੀ ਸਹਾਇਤਾ ਰਾਸ਼ੀ ਦਿੱਤੀ ਗਈ। ਨਗਰ ਕੌਂਸਲ ਪ੍ਰਧਾਨ ਨੇ ਕਿਹਾ ਕਿ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੁਨੀਆਂ ਭਰ ਵਿਚ ਨਿਵੇਕਲੀ ਸੰਸਥਾ ਹੈ, ਜੋ ਬਿਨਾਂ ਕਿਸੇ ਤੋਂ ਪੈਸਾ ਲਿਆ ਕੰਮ ਕਰ ਰਹੀ ਹੈ। ਅਰਵਿੰਦਰ ਪਾਲ ਸਿੰਘ ਚਾਹਲ ਬੂੜਾ ਗੁੱਜਰ ਜ਼ਿਲ੍ਹਾ ਪ੍ਰਧਾਨ ਸ੍ਰੀ ਮੁਕਤਸਰ ਸਾਹਿਬ ਨੇ ਦੱਸਿਆ ਕਿ ਇਹ ਲੋਕ ਕੰਮ ਕਰਨ ਤੋਂ ਅਸਮਰਥ ਹਨ ਅਤੇ ਕਈ ਵੱਖ-ਵੱਖ ਬੀਮਾਰੀਆਂ ਤੋਂ ਵੀ ਪੀੜ੍ਹਤ ਹਨ। ਇਸ ਮੌਕੇ ਸੰਨਦੀਪ ਸਿੰਘ ਡਾਇਰੈਕਟਰ ਸੀਨੀਅਰ ਸੈਕੰਡਰੀ ਸਕੂਲ ਡੇਰਾ ਭਾਈ ਮਸਤਾਨ ਸਿੰਘ ਸ੍ਰੀ ਮੁਕਤਸਰ ਸਾਹਿਬ ਵਿਸ਼ੇਸ਼ ਤੌਰ ’ਤੇ ਪਹੁੰਚੇ ਅਤੇ ਡਾਕਟਰ ਐੱਸ.ਪੀ. ਸਿੰਘ ਓਬਰਾਏ ਦੇ ਇਸ ਉਪਰਾਲੇ ਦੀ ਭਰਪੂਰ ਸ਼ਲਾਘਾ ਕੀਤੀ, ਗੁਰਸੇਵਕ ਸਿੰਘ ਯੂ.ਐੱਸ.ਏ. ਨੇ ਕਿਹਾ ਕਿ ਡਾ.



ਡਾ. ਐੱਸ.ਪੀ. ਸਿੰਘ ਓਬਰਾਏ।

ਓਬਰਾਏ ਵਲੋਂ ਦੁਨੀਆਂ ਭਰ ਵਿਚ ਅਪਣੀ ਨੇਕ ਕਮਾਈ ਵਿਚੋਂ ਕੀਤੇ ਜਾ ਰਹੇ ਲੋਕ ਭਲਾਈ ਦੇ ਕਾਰਜਾਂ ਤੋਂ ਸਾਨੂੰ ਵੀ ਸੇਧ ਲੈਣੀ ਚਾਹੀਦੀ ਹੈ। ਸਹਾਇਤਾ ਰਾਸ਼ੀ ਲੈਣ ਉਪਰੰਤ ਲੋੜਵੰਦਾਂ ਵੱਲੋਂ ਡਾ. ਓਬਰਾਏ ਦਾ ਧੰਨਵਾਦ ਕੀਤਾ ਗਿਆ ਅਤੇ ਕਿਹਾ ਕਿ ਇਸ ਉਪਰਾਲੇ ਨਾਲ ਅਸੀਂ ਆਪਣੀਆਂ ਨਿੱਜੀ ਲੋੜਾਂ ਪੂਰੀਆਂ ਕਰਨ ਦੇ ਸਮਰੱਥ ਹੋ ਗਏ ਹਾਂ। ਇਸ ਮੌਕੇ ਬਲਵਿੰਦਰ ਸਿੰਘ ਬਰਾੜ ਰਿਟਾ. ਪ੍ਰਿੰਸੀਪਲ, ਗੁਰਪਾਲ ਸਿੰਘ ਪਾਲੀ, ਮਲਕੀਤ ਸਿੰਘ ਰਿਟਾ. ਲੈਕਚਰਾਰ ਮੀਤ ਪ੍ਰਧਾਨ, ਜਸਪਾਲ ਸਿੰਘ ਰਿਟਾ. ਲੈਕਚਰਾਰ ਮੀਤ ਪ੍ਰਧਾਨ, ਚਰਨਜੀਤ ਸਿੰਘ, ਸੁਖਬੀਰ ਸਿੰਘ ਜੈਲਦਾਰ, ਹਰਭਗਵਾਨ ਸਿੰਘ ਖੱਪਿਆਂਵਾਲ਼ੀ, ਮਲਕੀਤ ਸਿੰਘ ਕਾਲਾ ਖੱਪਿਆਂਵਾਲ਼ੀ, ਬਰਨੇਕ ਸਿੰਘ ਰਿਟਾ ਲੈਕਚਰਾਰ, ਸੋਮ ਨਾਥ, ਮਾਸਟਰ ਰਾਜਿੰਦਰ ਸਿੰਘ, ਅਸ਼ੋਕ ਕੁਮਾਰ, ਗੁਰਚਰਨ ਸਿੰਘ ਆਸਟ੍ਰੇਲੀਆ ਵਾਲੇ, ਸੁਖਦਰਸ਼ਨ ਸਿੰਘ ਬੇਦੀ ਰਿਟਾ. ਜ਼ਿਲ੍ਹਾ ਉੱਪ ਸਿੱਖਿਆ ਅਫ਼ਸਰ, ਜਸਬੀਰ ਸਿੰਘ ਰਿਟਾ. ਏ.ਐੱਸ.ਆਈ., ਗੁਰਜੀਤ ਸਿੰਘ ਜੀਤਾ ਅਤੇ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਇਕਾਈ ਸ੍ਰੀ ਮੁਕਤਸਰ ਸਾਹਿਬ ਟੀਮ ਦੇ ਸੇਵਾਦਾਰ ਹਾਜ਼ਰ ਸਨ।

# ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੀ ਅਗਵਾਈ ’ਚ ਹੋਈ ਅੰਤ੍ਰਿੰਗ ਕਮੇਟੀ ਦੀ ਇਕੱਤਰਤਾ ’ਚ ਲਏ ਗਏ ਅਹਿਮ ਫੈਸਲੇ

**■ ਬੰਦੀ ਸਿੰਘਾਂ ਦੀ ਚੜ੍ਹਦੀ ਕਲਾ ਅਤੇ ਰਿਹਾਈ ਲਈ ਸਮੂਹ ਗੁਰਦੁਆਰਾ ਸਾਹਿਬਾਨ ਵਿਖੇ 29 ਅਗਸਤ ਨੂੰ ਹੋਣਗੇ ਅਰਦਾਸ ਸਮਾਗਮ**



**ਅੰਮ੍ਰਿਤਸਰ, (ਪੰਜਾਬ ਮੇਲ)-** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੀ ਅਗਵਾਈ ਹੇਠ ਹੋਈ ਅੰਤ੍ਰਿੰਗ ਕਮੇਟੀ ਦੀ ਇਕੱਤਰਤਾ ’ਚ ਸ੍ਰੀ ਦਰਬਾਰ ਸਾਹਿਬ ਸਮੂਹ ਵਿਖੇ ਭਾਈ ਗੁਰਦਾਸ ਜੀ ਤੇ ਸ਼ਹੀਦ ਭਾਈ ਮਨੀ ਸਿੰਘ ਦੇ ਯਾਦਗਾਰੀ ਅਸਥਾਨ ਬਨਾਉਣ, ਬੰਦੀ ਸਿੰਘਾਂ ਦੀ ਚੜ੍ਹਦੀ ਕਲਾ ਅਤੇ ਰਿਹਾਈ ਲਈ ਸਮੂਹ ਗੁਰਦੁਆਰਾ ਸਾਹਿਬਾਨ ਅੰਦਰ 29 ਅਗਸਤ 2026 ਨੂੰ ਸ੍ਰੀ ਅਖੰਡ ਪਾਠ ਸਾਹਿਬ ਭੋਗ ਪਾ ਕੇ ਸਮੂਹ ਅਰਦਾਸ ਕਰਨ, ਸ਼ਹੀਦ ਭਾਈ ਜਸਵੰਤ ਸਿੰਘ ਖਾਲੜਾ ਦੀ ਹਰੀਕੇ ਪੱਤਣ ਵਿਖੇ ਯਾਦਗਾਰ ਬਨਾਉਣ ਦੀ ਪ੍ਰਵਾਨਗੀ ਸਮੇਤ ਕਈ ਅਹਿਮ ਫੈਸਲੇ ਕੀਤੇ ਗਏ। ਹੋਏ ਫੈਸਲਿਆਂ ਬਾਰੇ ਜਾਣਕਾਰੀ ਦਿੰਦਿਆਂ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਦੱਸਿਆ ਕਿ ਅੰਤ੍ਰਿੰਗ ਕਮੇਟੀ ਦੀ ਇਕੱਤਰਤਾ ਵਿਚ ਸਿੱਖ ਇਤਿਹਾਸ ਅੰਦਰ ਅਹਿਮ ਸਥਾਨ ਰੱਖਣ ਵਾਲੀਆਂ ਸ਼ਖ਼ਸੀਅਤਾਂ ਭਾਈ ਗੁਰਦਾਸ ਜੀ ਅਤੇ ਸ਼ਹੀਦੀ ਭਾਈ ਮਨੀ ਸਿੰਘ ਜੀ ਸਬੰਧੀ ਸ੍ਰੀ ਦਰਬਾਰ ਸਾਹਿਬ ਸਮੂਹ ਯਾਦਗਾਰੀ ਅਸਥਾਨ ਬਨਾਉਣ ਦਾ ਸਿਧਾਂਤਕ ਫੈਸਲਾ ਕੀਤਾ ਹੈ। ਉਨ੍ਹਾਂ ਕਿਹਾ ਕਿ ਭਾਈ ਗੁਰਦਾਸ ਜੀ ਅਤੇ ਸ਼ਹੀਦੀ ਭਾਈ ਮਨੀ ਸਿੰਘ ਜੀ ਦਾ ਸਿੱਖ ਇਤਿਹਾਸ ਅੰਦਰ ਵੱਡਾ ਅਸਥਾਨ ਹੈ ਅਤੇ ਉਨ੍ਹਾਂ ਵੱਲੋਂ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਵਿਖੇ ਵੀ ਵੱਡੀਆਂ ਸੇਵਾਵਾਂ ਨਿਭਾਈਆਂ ਗਈਆਂ ਹਨ। ਉਨ੍ਹਾਂ ਦੱਸਿਆ ਕਿ ਇਹ ਯਾਦਗਾਰੀ ਅਸਥਾਨ ਗੁਰਦੁਆਰਾ ਸ਼ਹੀਦ ਬਾਬਾ ਗੁਰਬਖ਼ਸ਼ ਸਿੰਘ ਜੀ ਦੇ ਦੋਵੇਂ ਪਾਸੇ ਤਿਆਰ ਕੀਤੇ ਜਾਣਗੇ। ਉਨ੍ਹਾਂ ਦੱਸਿਆ ਕਿ ਅੰਤ੍ਰਿੰਗ ਕਮੇਟੀ ਨੇ ਬੰਦੀ ਸਿੰਘਾਂ ਦੀ ਚੜ੍ਹਦੀ ਕਲਾ ਅਤੇ ਰਿਹਾਈ ਲਈ ਸਮੂਹ ਗੁਰਦੁਆਰਾ ਸਾਹਿਬਾਨ ਅੰਦਰ ਸ੍ਰੀ ਅਖੰਡ ਪਾਠ ਸਾਹਿਬ ਕਰਵਾਉਣ ਅਤੇ ਸਮੂਹਕ ਅਰਦਾਸ ਕਰਨ ਦਾ ਫੈਸਲਾ ਕੀਤਾ ਹੈ। 27 ਅਗਸਤ ਨੂੰ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਕਰਕੇ 29 ਅਗਸਤ ਨੂੰ ਭੋਗ ਪਾਏ ਜਾਣਗੇ ਅਤੇ ਬੰਦੀ ਸਿੰਘਾਂ ਦੀ ਚੜ੍ਹਦੀ ਕਲਾ ਲਈ ਸਮੂਹਿਕ ਤੌਰ ’ਤੇ ਅਰਦਾਸ ਕੀਤੀ ਜਾਵੇਗੀ। ਇਸ ਦੇ ਨਾਲ ਹੀ ਸ਼੍ਰੋਮਣੀ ਕਮੇਟੀ ਦੇ ਪ੍ਰਬੰਧ ਵਾਲੇ ਸਮੂਹ ਵਿਦਿਅਕ ਅਦਾਰਿਆਂ ਅਤੇ ਟਰੱਸਟਾਂ ਵਿਚ ਵੀ 29 ਅਗਸਤ ਨੂੰ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਕਰਕੇ ਬੰਦੀ ਸਿੰਘਾਂ ਦੀ ਚੜ੍ਹਦੀ ਕਲਾ ਲਈ ਅਰਦਾਸ ਕੀਤੀ ਜਾਵੇਗੀ। ਉਨ੍ਹਾਂ ਕਿਹਾ ਕਿ ਭਾਈ ਜਗਤਾਰ ਸਿੰਘ ਹਵਾਰਾ ਨੂੰ ਤੁਰੰਤ ਪੈਰੋਲ ਦੇਣ ਦੀ ਵੀ ਮੰਗ ਕੀਤੀ ਗਈ ਹੈ। ਭਾਈ ਹਵਾਰਾ ਦੀ ਬਜ਼ੁਰਗ ਮਾਤਾ ਗੰਭੀਰ ਬਿਮਾਰ ਹਨ। ਉਨ੍ਹਾਂ ਵੱਲੋਂ ਆਪਣੀ ਬਿਮਾਰ ਮਾਤਾ ਨੂੰ ਮਿਲਣ ਲਈ ਮੰਗੀ ਪੈਰੋਲ ’ਤੇ ਸਰਕਾਰ ਦਾ ਰੁਖ਼ ਬੇਹੱਦ ਨਿਰਾਸ਼ਾ ਵਾਲਾ ਹੈ। ਉਨ੍ਹਾਂ ਕਿਹਾ ਕਿ ਬੰਦੀ ਸਿੰਘਾਂ ਦੇ ਮਾਮਲੇ ਵਿਚ ਸਰਕਾਰਾਂ ਵੱਲੋਂ ਨਾ-ਇਨਸਾਫ਼ੀ ਹੋ ਰਹੀ ਹੈ। ਭਾਈ ਬਲਵੰਤ ਸਿੰਘ ਰਾਜੋਆਣਾ ਦੀ ਸਜ਼ਾ ਤਬਦੀਲੀ ਦਾ ਮਾਮਲਾ ਵੀ ਸਰਕਾਰ ਵੱਲੋਂ ਕਿਸੇ ਪਾਸੇ ਨਹੀਂ ਲਗਾਇਆ ਜਾ ਰਿਹਾ।

# ਯੂ.ਕੇ. ਦੇ ਸੰਸਦ ਮੈਂਬਰ ਤਨਮਨਜੀਤ ਸਿੰਘ ਢੇਸੀ ਵੱਲੋਂ ਪ੍ਰਵਾਸੀ ਮਾਮਲੇ ਮੰਤਰੀ ਰਵਜੋਤ ਸਿੰਘ ਨਾਲ ਮੁਲਾਕਾਤ

**■ ਐੱਨ.ਆਰ.ਆਈਜ਼ ਦੇ ਮਸਲਿਆਂ, ਸਿੱਧੀਆਂ ਉਡਾਣਾਂ, ਕਾਰਗੋ ਸਹੂਲਤਾਂ ਤੇ ਕਰਤਾਰਪੁਰ ਸਾਹਿਬ ਲਾਂਘੇ ਬਾਰੇ ਕੀਤਾ ਵਿਚਾਰ-ਵਟਾਂਦਰਾ**



**ਚੰਡੀਗੜ੍ਹ, (ਪੰਜਾਬ ਮੇਲ)-** ਪੰਜਾਬ ਦੇ ਪ੍ਰਵਾਸੀ ਮਾਮਲਿਆਂ ਬਾਰੇ ਮੰਤਰੀ ਰਵਜੋਤ ਸਿੰਘ ਅਤੇ ਯੂ.ਕੇ. ਦੇ ਸੰਸਦ ਮੈਂਬਰ ਤੇ ਬਰਤਾਨਵੀ ਸੰਸਦ ਦੀ ਰੱਖਿਆ ਕਮੇਟੀ ਦੇ ਚੇਅਰਮੈਨ ਤਨਮਨਜੀਤ ਸਿੰਘ ਢੇਸੀ ਨੇ ਬੀਤੇ ਦਿਨੀਂ ਚੰਡੀਗੜ੍ਹ ਵਿਖੇ ਮੁਲਾਕਾਤ ਕਰਕੇ ਪ੍ਰਵਾਸੀ ਪੰਜਾਬੀਆਂ ਨਾਲ ਸਬੰਧਤ ਅਹਿਮ ਮੁੱਦਿਆਂ, ਪੰਜਾਬ ਨਾਲ ਹਵਾਈ ਸੰਪਰਕ, ਨਿਵੇਸ਼ ਅਤੇ ਉਨ੍ਹਾਂ ਦੀਆਂ ਜਾਇਦਾਦਾਂ ਦੀ ਸੁਰੱਖਿਆ ਸਮੇਤ ਕਈ ਮਾਮਲਿਆਂ ’ਤੇ ਵਿਸਥਾਰਪੂਰਵਕ ਵਿਚਾਰ-ਵਟਾਂਦਰਾ ਕੀਤਾ। ਇਸ ਮੌਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਪਰਮਜੀਤ ਸਿੰਘ ਰਾਏਪੁਰ ਵੀ ਮੌਜੂਦ ਸਨ।

ਮੀਟਿੰਗ ਦੌਰਾਨ ਸ੍ਰੀ ਗੁਰੂ ਰਾਮਦਾਸ ਜੀ ਅੰਤਰਰਾਸ਼ਟਰੀ ਹਵਾਈ ਅੱਡਾ, ਅੰਮ੍ਰਿਤਸਰ ਅਤੇ ਸ਼ਹੀਦ ਭਗਤ ਸਿੰਘ ਅੰਤਰਰਾਸ਼ਟਰੀ ਹਵਾਈ ਅੱਡਾ, ਚੰਡੀਗੜ੍ਹ ਤੋਂ ਹੋਰ ਕੌਮਾਂਤਰੀ ਉਡਾਣਾਂ ਸ਼ੁਰੂ ਕਰਨ ਅਤੇ ਮੌਜੂਦਾ ਸਿੱਧੀਆਂ ਹਵਾਈ ਸੇਵਾਵਾਂ ਵਿਚ ਵਾਧਾ ਕਰਨ ਦੀ ਲੋੜ ’ਤੇ ਜ਼ੋਰ ਦਿੱਤਾ ਗਿਆ। ਲੰਡਨ, ਬਰਮਿੰਘਮ ਅਤੇ ਯੂਰਪ ਦੇ ਹੋਰ ਪ੍ਰਮੁੱਖ ਸ਼ਹਿਰਾਂ ਨਾਲ ਪੰਜਾਬ ਦਾ ਸਿੱਧਾ ਹਵਾਈ ਸੰਪਰਕ ਹੋਰ ਮਜ਼ਬੂਤ ਕਰਨ ਦੇ ਨਾਲ-ਨਾਲ ਦੋਵਾਂ ਹਵਾਈ ਅੱਡਿਆਂ ’ਤੇ ਹਵਾਈ ਮਾਲ ਦੀ ਢੋਆ-ਢੁਆਈ ਲਈ ਬਿਹਤਰ ਕਾਰਗੋ ਬੁਨਿਆਦੀ ਢਾਂਚਾ ਵਿਕਸਤ ਕਰਨ ਬਾਰੇ ਵੀ ਵਿਚਾਰ ਕੀਤਾ ਗਿਆ।

ਤਨਮਨਜੀਤ ਸਿੰਘ ਢੇਸੀ ਨੇ ਕਿਹਾ ਕਿ ਪੰਜਾਬ ਅਤੇ ਵਿਦੇਸ਼ਾਂ ਵਿਚ ਵਸਦੇ ਪੰਜਾਬੀਆਂ ਦਰਮਿਆਨ ਆਰਥਿਕ ਸਬੰਧਾਂ ਨੂੰ ਹੋਰ ਮਜ਼ਬੂਤ ਕਰਨ ਲਈ ਬਿਹਤਰ ਹਵਾਈ ਅਤੇ ਕਾਰਗੋ ਸੰਪਰਕ ਬਹੁਤ ਜ਼ਰੂਰੀ ਹੈ। ਇਸ ਨਾਲ ਹੋਰਨਾਂ ਸੂਬਿਆਂ ਸਮੇਤ ਪੰਜਾਬ ਦੇ ਉਦਯੋਗ, ਖੇਤੀਬਾੜੀ, ਵਪਾਰ, ਸੈਰ-ਸਪਾਟਾ ਅਤੇ ਰੁਜ਼ਗਾਰ ਦੇ ਮੌਕਿਆਂ ਨੂੰ ਵੱਡਾ ਹੁਲਾਰਾ ਮਿਲਣ ਦੇ ਨਾਲ-ਨਾਲ ਪ੍ਰਵਾਸੀ ਪੰਜਾਬੀਆਂ ਵੱਲੋਂ ਸੂਬੇ ਵਿਚ ਨਿਵੇਸ਼ ਨੂੰ ਵੀ ਉਤਸ਼ਾਹਿਤ ਕੀਤਾ ਜਾ ਸਕਦਾ ਹੈ। ਮੀਟਿੰਗ ਦੌਰਾਨ ਪ੍ਰਵਾਸੀ ਪੰਜਾਬੀਆਂ ਨਾਲ ਸਬੰਧਤ ਜ਼ਮੀਨ ਅਤੇ ਜਾਇਦਾਦ ਦੇ ਵਿਵਾਦਾਂ ਦਾ ਮੁੱਦਾ ਵੀ ਵਿਸ਼ੇਸ਼ ਤੌਰ ’ਤੇ ਉਠਾਇਆ ਗਿਆ। ਸ੍ਰੀ ਢੇਸੀ ਨੇ ਅਜਿਹੇ ਮਾਮਲਿਆਂ ਦਾ ਮਿੱਥੇ ਸਮੇਂ ਅੰਦਰ ਨਿਪਟਾਰਾ ਕਰਨ ਅਤੇ ਐੱਨ.ਆਰ.ਆਈਜ਼ ਨੂੰ ਵਾਰ-ਵਾਰ ਪੰਜਾਬ ਆਉਣ ਜਾਂ ਲੰਬੇ ਸਮੇਂ ਤੱਕ ਅਦਾਲਤੀ ਅਤੇ ਪ੍ਰਸ਼ਾਸਨਿਕ ਪ੍ਰਕਿਰਿਆਵਾਂ ਵਿਚ ਉਲਝਣ ਤੋਂ ਬਚਾਉਣ ਲਈ ਪ੍ਰਭਾਵਸ਼ਾਲੀ ਪ੍ਰਬੰਧ ਕਰਨ ਦੀ ਲੋੜ ’ਤੇ ਜ਼ੋਰ ਦਿੱਤਾ। ਉਨ੍ਹਾਂ ਨੇ ਵਿਦੇਸ਼ਾਂ ਵਿਚ ਬੈਠੇ ਪੰਜਾਬੀਆਂ ਨਾਲ ਹੋ ਰਹੀਆਂ ਜਾਇਦਾਦੀ ਧੋਖਾਧੜੀਆਂ, ਸਾਈਬਰ ਅਪਰਾਧਾਂ ਅਤੇ ਹੋਰ ਸ਼ਿਕਾਇਤਾਂ ਦੇ ਤੁਰੰਤ ਨਿਪਟਾਰੇ ਦੀ ਲੋੜ ਵੀ ਉਜਾਗਰ ਕੀਤੀ।

# ਮੁੱਖ ਮੰਤਰੀ ਭਗਵੰਤ ਮਾਨ ਦੇ ਪਿੰਡ ਸਤੌਜ ’ਚ ਪੁਰਾਣੀ ਪੈਨਸ਼ਨ ਮੰਗਦੇ ਮੁਲਾਜ਼ਮਾਂ ਅਤੇ ਪੁਲਿਸ ਵਿਚਾਲੇ ਤਿੱਖਾ ਟਕਰਾਅ

**ਸੰਗਰੂਰ, (ਪੰਜਾਬ ਮੇਲ)-** ਸੰਗਰੂਰ ਜ਼ਿਲ੍ਹੇ ਵਿਚ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਜੱਦੀ ਪਿੰਡ ਸਤੌਜ ਵੱਲ ਰੋਸ ਮਾਰਚ ਕਰ ਰਹੇ ਸਰਕਾਰੀ ਮੁਲਾਜ਼ਮਾਂ ਅਤੇ ਪੁਲਿਸ ਵਿਚਾਲੇ ਤਿੱਖੀ ਖਿੱਚ-ਧੂਹ ਹੋਈ। ਪੁਰਾਣੀ ਪੈਨਸ਼ਨ ਬਹਾਲੀ ਸਾਂਝਾ ਮੰਚ ਦੇ ਸੱਦੇ ਉੱਤੇ ਪੰਜਾਬ ਦੇ ਵੱਖ-ਵੱਖ ਜ਼ਿਲ੍ਹਿਆਂ ਅਤੇ ਸਰਕਾਰੀ ਵਿਭਾਗਾਂ ਨਾਲ ਸਬੰਧਿਤ ਮੁਲਾਜ਼ਮ ਪਿੰਡ ਤੋਲਾਵਾਲ ਵਿਚ ਇਕੱਠੇ ਹੋਏ ਸਨ। ਇੱਥੇ ਰੋਸ ਰੈਲੀ ਕਰਨ ਤੋਂ ਬਾਅਦ ਮੁਲਾਜ਼ਮਾਂ ਨੇ ਮੁੱਖ ਮੰਤਰੀ ਦੇ ਪਿੰਡ ਸਤੌਜ ਵੱਲ ਮਾਰਚ ਸ਼ੁਰੂ ਕਰ ਦਿੱਤਾ।

ਪ੍ਰਦਰਸ਼ਨ ਦੇ ਪਹਿਲਾਂ ਤੋਂ ਕੀਤੇ ਗਏ ਐਲਾਨ ਨੂੰ ਦੇਖਦਿਆਂ ਪੁਲਿਸ ਪ੍ਰਸ਼ਾਸਨ ਨੇ ਸਤੌਜ ਨੂੰ ਜਾਣ ਵਾਲੇ ਰਸਤਿਆਂ ਉੱਤੇ ਸਖ਼ਤ ਸੁਰੱਖਿਆ ਪ੍ਰਬੰਧ ਕੀਤੇ ਹੋਏ ਸਨ। ਤੋਲਾਵਾਲ ਤੋਂ ਸਤੌਜ ਵਿਚਕਾਰ ਤਿੰਨ ਥਾਵਾਂ ਉੱਤੇ ਬੈਰੀਕੇਡ ਲਗਾ ਕੇ ਪੁਲਿਸ ਤਾਇਨਾਤ ਕੀਤੀ ਗਈ ਸੀ। ਪ੍ਰਦਰਸ਼ਨਕਾਰੀ ਮੁਲਾਜ਼ਮ ਪਹਿਲੇ ਦੋ ਨਾਕੇ ਪਾਰ ਕਰਨ ਵਿਚ ਕਾਮਯਾਬ ਹੋ ਗਏ। ਕਈ ਮੁਲਾਜ਼ਮ ਝੋਨੇ ਦੇ ਖੇਤਾਂ ਵਿਚੋਂ ਲੰਘਦੇ ਹੋਏ ਸਤੌਜ ਵੱਲ ਵਧੇ। ਤੀਜੇ ਨਾਕੇ ਉੱਤੇ ਪੁਲਿਸ ਨੇ ਉਨ੍ਹਾਂ ਨੂੰ ਰੋਕਣ ਲਈ ਪਾਣੀ ਦੀਆਂ ਤੇਜ਼ ਬੁਛਾੜਾਂ ਚਲਾਈਆਂ।

ਇਸ ਦੌਰਾਨ ਪੁਲਿਸ ਅਤੇ ਮੁਲਾਜ਼ਮਾਂ ਵਿਚਾਲੇ ਖਿੱਚ-ਧੂਹ ਹੋਈ। ਪ੍ਰਦਰਸ਼ਨਕਾਰੀ ਆਗੂਆਂ ਅਨੁਸਾਰ ਪਾਣੀ ਦੀਆਂ ਬੁਛਾੜਾਂ ਕਾਰਨ ਕਈ ਮੁਲਾਜ਼ਮ ਡਿੱਗ ਗਏ, ਕੁਝ ਦੀਆਂ ਪੱਗਾਂ ਲੱਥ ਗਈਆਂ ਅਤੇ ਕਈਆਂ ਨੂੰ ਸੱਟਾਂ ਲੱਗੀਆਂ। ਪੁਲਿਸ ਨੇ ਲਗਭਗ 15 ਮੁਲਾਜ਼ਮਾਂ ਨੂੰ ਹਿਰਾਸਤ ਵਿਚ ਲੈ ਕੇ ਧਰਮਗੜ੍ਹ ਥਾਣੇ ਪਹੁੰਚਾਇਆ। ਪੁਲਿਸ ਦੀਆਂ ਰੋਕਾਂ ਦੇ ਬਾਵਜੂਦ ਕੁਝ ਪ੍ਰਦਰਸ਼ਨਕਾਰੀ ਸਤੌਜ ਦੇ ਨੇੜੇ ਪਹੁੰਚ ਗਏ ਅਤੇ ਕੁਝ ਪਿੰਡ ਅੰਦਰ ਦਾਖ਼ਲ ਹੋਣ ਵਿਚ ਵੀ ਕਾਮਯਾਬ ਰਹੇ।

ਮੁਲਾਜ਼ਮਾਂ ਦੀ ਸਭ ਤੋਂ ਵੱਡੀ ਮੰਗ ਪੰਜਾਬ ਵਿਚ ਪੁਰਾਣੀ ਪੈਨਸ਼ਨ ਸਕੀਮ ਨੂੰ ਪੂਰੀ ਤਰ੍ਹਾਂ ਲਾਗੂ ਕਰਨਾ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਸਿਰਫ਼ ਐਲਾਨ ਜਾਂ ਨੋਟੀਫਿਕੇਸ਼ਨ ਕਾਫ਼ੀ ਨਹੀਂ, ਸਗੋਂ ਮੁਲਾਜ਼ਮਾਂ ਦੇ ਖਾਤਿਆਂ ਵਿਚੋਂ ਨਵੀਂ ਪੈਨਸ਼ਨ ਸਕੀਮ ਅਧੀਨ ਹੋ ਰਹੀ ਕਟੌਤੀ ਬੰਦ ਕਰਕੇ ਪੁਰਾਣੀ ਪੈਨਸ਼ਨ ਦੇ ਸਾਰੇ ਲਾਭ ਦਿੱਤੇ ਜਾਣ। ਇਸ ਤੋਂ ਇਲਾਵਾ ਬਕਾਇਆ ਮਹਿੰਗਾਈ ਭੱਤੇ ਦੀਆਂ ਕਿਸ਼ਤਾਂ ਜਾਰੀ ਕਰਨ, ਨਵੇਂ ਭਰਤੀ ਮੁਲਾਜ਼ਮਾਂ ਦਾ ਤਿੰਨ ਸਾਲ ਦਾ ਪਰਖ ਸਮਾਂ ਖ਼ਤਮ ਕਰਨ, ਕੇਂਦਰੀ ਤਨਖ਼ਾਹ ਸਕੇਲ ਰੱਦ ਕਰਨ ਅਤੇ ਕੱਚੇ ਤੇ ਠੇਕਾ ਮੁਲਾਜ਼ਮਾਂ ਨੂੰ ਪੱਕਾ ਕਰਨ ਦੀ ਮੰਗ ਵੀ ਕੀਤੀ ਗਈ। ਜਥੇਬੰਦੀ ਦੇ ਆਗੂਆਂ ਨੇ ਦੋਸ਼ ਲਾਇਆ ਕਿ ਆਮ ਆਦਮੀ ਪਾਰਟੀ ਨੇ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਪੁਰਾਣੀ ਪੈਨਸ਼ਨ ਬਹਾਲ ਕਰਨ ਅਤੇ ਮੁਲਾਜ਼ਮਾਂ ਦੀਆਂ ਬਕਾਇਆ ਮੰਗਾਂ ਪੂਰੀਆਂ ਕਰਨ ਦਾ ਵਾਅਦਾ ਕੀਤਾ ਸੀ, ਪਰ ਸਰਕਾਰ ਬਣਨ ਤੋਂ ਸਾਢੇ ਚਾਰ ਸਾਲ ਬਾਅਦ ਵੀ ਵਾਅਦੇ ਅਮਲ ਵਿਚ ਨਹੀਂ ਲਿਆਂਦੇ ਗਏ। ਤਣਾਅਪੂਰਨ ਸਥਿਤੀ ਤੋਂ ਬਾਅਦ ਸਿਵਲ ਅਤੇ ਪੁਲਿਸ ਪ੍ਰਸ਼ਾਸਨ ਨੇ ਮੁਲਾਜ਼ਮ ਆਗੂਆਂ ਦੀ 27 ਅਗਸਤ ਨੂੰ ਮੁੱਖ ਮੰਤਰੀ ਭਗਵੰਤ ਮਾਨ ਨਾਲ ਮੀਟਿੰਗ ਕਰਵਾਉਣ ਦਾ ਭਰੋਸਾ ਦਿੱਤਾ। ਇਸ ਮਗਰੋਂ ਪ੍ਰਦਰਸ਼ਨ ਸ਼ਾਂਤ ਹੋਇਆ, ਪਰ ਅਜੇ ਤੱਕ ਮੰਗਾਂ ਮੰਨੇ ਜਾਣ ਬਾਰੇ ਕੋਈ ਲਿਖਤੀ ਸਮਝੌਤਾ ਸਾਹਮਣੇ ਨਹੀਂ ਆਇਆ। ਹੁਣ ਸਾਰਿਆਂ ਦੀ ਨਜ਼ਰ 27 ਅਗਸਤ ਦੀ ਮੀਟਿੰਗ ਉੱਤੇ ਰਹੇਗੀ।

# ਚੰਡੀਗੜ੍ਹ ਦੇ ਸੈਕਟਰ-43 ਬੱਸ ਅੱਡੇ ਨੇੜੇ ਵਿਸਫੋਟਕ ਸਮੱਗਰੀ ਬਰਾਮਦ

**■ ਬੱਬਰ ਖਾਲਸਾ ਨਾਲ ਕਥਿਤ ਸਬੰਧਾਂ ਹੇਠ 3 ਨੌਜਵਾਨ ਕਾਬੂ**

**ਚੰਡੀਗੜ੍ਹ, (ਪੰਜਾਬ ਮੇਲ)-** ਚੰਡੀਗੜ੍ਹ ਪੁਲਿਸ ਨੇ ਸੈਕਟਰ-43 ਦੇ ਅੰਤਰਰਾਜੀ ਬੱਸ ਅੱਡੇ ਦੇ ਪਿਛਲੇ ਪਾਸੇ ਕਾਰਵਾਈ ਕਰਦਿਆਂ ਤਿੰਨ ਨੌਜਵਾਨਾਂ ਨੂੰ ਕਾਬੂ ਕਰਕੇ ਵੱਡੀ ਮਾਤਰਾ ਵਿਚ ਵਿਸਫੋਟਕ ਸਮੱਗਰੀ, ਧਮਾਕਾ ਕਰਨ ਵਾਲੇ ਉਪਕਰਨ ਅਤੇ ਹਥਿਆਰ ਬਰਾਮਦ ਕਰਨ ਦਾ ਦਾਅਵਾ ਕੀਤਾ ਹੈ। ਮੁੱਢਲੀਆਂ ਰਿਪੋਰਟਾਂ ਵਿਚ ਇਸ ਨੂੰ ਟਿਫ਼ਨ ਬੰਬ ਜਾਂ ਆਈ.ਈ.ਡੀ. ਦੱਸਿਆ ਗਿਆ ਸੀ, ਪਰ ਪੁਲਿਸ ਵੱਲੋਂ ਬਾਅਦ ਵਿਚ ਜਾਰੀ ਵੇਰਵਿਆਂ ਅਨੁਸਾਰ ਲਗਭਗ ਪੰਜ ਕਿਲੋ ਜੈਲੇਟਿਨ ਦੀਆਂ ਛੜਾਂ, ਇੱਕ ਡੈਟੋਨੇਟਰ, ਬਿਜਲੀ ਦਾ ਸਰੋਤ, ਦੂਰੋਂ ਚਲਾਇਆ ਜਾਣ ਵਾਲਾ ਪ੍ਰਬੰਧ, ਇੱਕ ਪਿਸਤੌਲ, ਮੈਗਜ਼ੀਨ ਅਤੇ ਪੰਜ ਜ਼ਿੰਦਾ ਕਾਰਤੂਸ ਬਰਾਮਦ ਹੋਏ ਹਨ। ਵਿਸਫੋਟਕ ਸਮੱਗਰੀ ਨੂੰ ਹਾਲੇ ਫੋਰੈਂਸਿਕ ਜਾਂਚ ਲਈ ਭੇਜਿਆ ਗਿਆ ਹੈ।

ਕਾਬੂ ਕੀਤੇ ਗਏ ਨੌਜਵਾਨਾਂ ਦੀ ਪਛਾਣ ਤਰਨ ਤਾਰਨ ਦੇ ਪਿੰਡ ਸਰਹਾਲੀ ਦੇ 19 ਸਾਲਾ ਲਵਪ੍ਰੀਤ ਸਿੰਘ, ਪਿੰਡ ਦੇਉਬਾਥ ਦੇ 21 ਸਾਲਾ ਜਸ਼ਨਪ੍ਰੀਤ ਸਿੰਘ ਉਰਫ਼ ਜਸ਼ਨਦੀਪ ਅਤੇ ਅੰਮ੍ਰਿਤਸਰ ਦੇ ਪਿੰਡ ਤਰਸਿੱਕਾ ਦੇ 19 ਸਾਲਾ ਪ੍ਰਭਪ੍ਰੀਤ ਸਿੰਘ ਉਰਫ਼ ਪ੍ਰਭ ਵਜੋਂ ਦੱਸੀ ਗਈ ਹੈ। ਸੈਕਟਰ-36 ਥਾਣੇ ਵਿਚ ਵਿਸਫੋਟਕ ਪਦਾਰਥ ਕਾਨੂੰਨ ਦੀਆਂ ਧਾਰਾਵਾਂ ਹੇਠ ਮਾਮਲਾ ਦਰਜ ਕੀਤਾ ਗਿਆ ਹੈ।

ਪੁਲਿਸ ਦੀ ਮੁੱਢਲੀ ਜਾਂਚ ਅਨੁਸਾਰ ਤਿੰਨੇ ਨੌਜਵਾਨ ਬੱਬਰ ਖ਼ਾਲਸਾ ਇੰਟਰਨੈਸ਼ਨਲ ਨਾਲ ਕਥਿਤ ਤੌਰ ’ਤੇ ਜੁੜੇ ਵਿਦੇਸ਼-ਆਧਾਰਿਤ ਹੈਂਡਲਰ ਸਤਨਾਮ ਸਿੰਘ ਉਰਫ਼ ਸੱਤਾ ਨੌਸ਼ਹਿਰਾ ਦੇ ਸੰਪਰਕ ਵਿਚ ਸਨ। ਪੁਲਿਸ ਦਾ ਦਾਅਵਾ ਹੈ ਕਿ ਉਸ ਦੇ ਨਿਰਦੇਸ਼ਾਂ ’ਤੇ ਚੰਡੀਗੜ੍ਹ ਵਿਚ ਆਈ.ਈ.ਡੀ. ਤਿਆਰ ਕਰਕੇ ਲਾਉਣ ਦੀ ਯੋਜਨਾ ਬਣਾਈ ਜਾ ਰਹੀ ਸੀ। ਸੰਭਾਵੀ ਨਿਸ਼ਾਨਾ ਕਿਹੜਾ ਸੀ, ਇਸ ਬਾਰੇ ਪੁਲਿਸ ਨੇ ਹਾਲੇ ਕੋਈ ਅਧਿਕਾਰਤ ਜਾਣਕਾਰੀ ਨਹੀਂ ਦਿੱਤੀ। ਇਹ ਸਾਰੇ ਦੋਸ਼ ਇਸ ਸਮੇਂ ਮੁੱਢਲੀ ਜਾਂਚ ਦਾ ਹਿੱਸਾ ਹਨ ਅਤੇ ਅਦਾਲਤ ਵਿਚ ਸਾਬਤ ਹੋਣੇ ਬਾਕੀ ਹਨ।

ਬੰਬ ਨਿਰੋਧਕ ਦਸਤੇ, ਡੌਗ ਸਕੁਐਡ ਅਤੇ ਹੋਰ ਜਾਂਚ ਟੀਮਾਂ ਨੇ ਇਲਾਕੇ ਦੀ ਜਾਂਚ ਕੀਤੀ। ਆਲੇ-ਦੁਆਲੇ ਦੇ ਸੀ.ਸੀ.ਟੀ.ਵੀ. ਕੈਮਰਿਆਂ ਦੀ ਫੁਟੇਜ ਵੀ ਖੰਗਾਲੀ ਜਾ ਰਹੀ ਹੈ। ਪੁਲਿਸ ਨੇ ਕਿਹਾ ਹੈ ਕਿ ਲੋਕਾਂ ਨੂੰ ਘਬਰਾਉਣ ਦੀ ਲੋੜ ਨਹੀਂ ਅਤੇ ਸ਼ਹਿਰ ਵਿਚ ਸੁਰੱਖਿਆ ਵਧਾ ਦਿੱਤੀ ਗਈ ਹੈ।

ਇਸ ਤੋਂ ਪਹਿਲਾਂ 10 ਅਗਸਤ ਨੂੰ ਵੀ ਪੰਜਾਬ ਪੁਲਿਸ ਨੇ ਇੱਕ ਵੱਖਰੇ ਮਾਮਲੇ ਵਿਚ ਬੱਬਰ ਖ਼ਾਲਸਾ ਨਾਲ ਕਥਿਤ ਤੌਰ ’ਤੇ ਜੁੜੇ ਇੱਕ ਵਿਅਕਤੀ ਨੂੰ ਗ੍ਰਿਫ਼ਤਾਰ ਕਰਕੇ ਜਲੰਧਰ ਨੇੜਿਓਂ 86-ਪੀ ਕਿਸਮ ਦਾ ਹੈਂਡ ਗ੍ਰਨੇਡ ਬਰਾਮਦ ਕਰਨ ਦਾ ਦਾਅਵਾ ਕੀਤਾ ਸੀ। ਫਿਲਹਾਲ ਪੁਲਿਸ ਨੇ ਦੋਵਾਂ ਮਾਮਲਿਆਂ ਵਿਚਕਾਰ ਕੋਈ ਸਿੱਧਾ ਸਬੰਧ ਅਧਿਕਾਰਤ ਤੌਰ ’ਤੇ ਸਥਾਪਤ ਨਹੀਂ ਕੀਤਾ।

# ਸੰਤ ਹਰਚੰਦ ਸਿੰਘ ਲੌਂਗੋਵਾਲ ਦੀ 41ਵੀਂ ਬਰਸੀ ਮੌਕੇ ਅਕਾਲੀ ਦਲ ਦੀ ਵੱਡੀ ਕਾਨਫਰੰਸ

**ਹਰਸਿਮਰਤ ਕੌਰ ਬਾਦਲ, ਮਜੀਠੀਆ, ਧਾਮੀ ਤੇ ਭੂੰਦੜ ਵੱਲੋਂ ਸ਼ਰਧਾਂਜਲੀ; 2027 ਵਿਚ ਅਕਾਲੀ ਸਰਕਾਰ ਬਣਾਉਣ ਦਾ ਸੱਦਾ**

**ਲੌਂਗੋਵਾਲ, (ਪੰਜਾਬ ਮੇਲ)-** ਸ਼੍ਰੋਮਣੀ ਅਕਾਲੀ ਦਲ ਵੱਲੋਂ ਸ਼ਹੀਦ ਸੰਤ ਹਰਚੰਦ ਸਿੰਘ ਲੌਂਗੋਵਾਲ ਦੀ 41ਵੀਂ ਬਰਸੀ ਮੌਕੇ ਸ਼ਹੀਦ ਭਾਈ ਮਨੀ ਸਿੰਘ ਖਾਲਸਾ ਕਾਲਜ, ਲੌਂਗੋਵਾਲ ਵਿਖੇ ਵੱਡੀ ਸ਼ਹੀਦੀ ਕਾਨਫਰੰਸ ਕੀਤੀ ਗਈ। ਇਸ ਮੌਕੇ ਬਠਿੰਡਾ ਤੋਂ ਸੰਸਦ ਮੈਂਬਰ ਹਰਸਿਮਰਤ ਕੌਰ ਬਾਦਲ, ਸੀਨੀਅਰ ਅਕਾਲੀ ਆਗੂ ਬਿਕਰਮ ਸਿੰਘ ਮਜੀਠੀਆ, ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਹਰਜਿੰਦਰ ਸਿੰਘ ਧਾਮੀ, ਬਲਵਿੰਦਰ ਸਿੰਘ ਭੂੰਦੜ, ਪਰਮਜੀਤ ਸਿੰਘ ਸਰਨਾ ਸਮੇਤ ਪਾਰਟੀ ਦੀ ਸੀਨੀਅਰ ਲੀਡਰਸ਼ਿਪ ਅਤੇ ਵੱਡੀ ਗਿਣਤੀ ਵਿਚ ਵਰਕਰਾਂ ਨੇ ਸੰਤ ਲੌਂਗੋਵਾਲ ਨੂੰ ਸ਼ਰਧਾਂਜਲੀ ਭੇਟ ਕੀਤੀ।

ਕਾਨਫਰੰਸ ਨੂੰ ਸੰਬੋਧਨ ਕਰਦਿਆਂ ਹਰਸਿਮਰਤ ਕੌਰ ਬਾਦਲ ਨੇ ਕਿਹਾ ਕਿ ਸੰਤ ਹਰਚੰਦ ਸਿੰਘ ਲੌਂਗੋਵਾਲ ਨੇ ਪੰਜਾਬ ਵਿਚ ਅਮਨ-ਸ਼ਾਂਤੀ ਅਤੇ ਭਾਈਚਾਰਕ ਸਾਂਝ ਲਈ ਆਪਣੀ ਜਾਨ ਕੁਰਬਾਨ ਕੀਤੀ। ਉਨ੍ਹਾਂ ਕਿਹਾ ਕਿ ਪੰਜਾਬ ਦੇ ਇਤਿਹਾਸ ਵਿਚ ਸੰਤ ਲੌਂਗੋਵਾਲ ਦੀ ਕੁਰਬਾਨੀ ਨੂੰ ਹਮੇਸ਼ਾ ਯਾਦ ਰੱਖਿਆ ਜਾਵੇਗਾ। ਸੰਤ ਲੌਂਗੋਵਾਲ ਦੀ 20 ਅਗਸਤ 1985 ਨੂੰ ਹੱਤਿਆ ਕਰ ਦਿੱਤੀ ਗਈ ਸੀ। ਇਹ ਘਟਨਾ ਰਾਜੀਵ-ਲੌਂਗੋਵਾਲ ਸਮਝੌਤੇ ਤੋਂ ਕੁਝ ਹਫ਼ਤਿਆਂ ਬਾਅਦ ਵਾਪਰੀ ਸੀ।

ਹਰਸਿਮਰਤ ਬਾਦਲ ਨੇ ਕਿਹਾ ਕਿ ਜਦੋਂ ਵੀ ਸ਼੍ਰੋਮਣੀ ਅਕਾਲੀ ਦਲ ਪੰਜਾਬ ਵਿਚ ਅਮਨ ਅਤੇ ਸੂਬੇ ਦੇ ਹੱਕਾਂ ਦੀ ਗੱਲ ਕਰਦਾ ਹੈ, ਤਾਂ ਪਾਰਟੀ ਨੂੰ ਕਮਜ਼ੋਰ ਕਰਨ ਦੀਆਂ ਕੋਸ਼ਿਸ਼ਾਂ ਹੁੰਦੀਆਂ ਹਨ। ਉਨ੍ਹਾਂ ਸੁਖਬੀਰ ਸਿੰਘ ਬਾਦਲ ਉੱਤੇ ਹੋਏ ਹਮਲਿਆਂ ਦਾ ਵੀ ਜ਼ਿਕਰ ਕੀਤਾ ਅਤੇ ਕਿਹਾ ਕਿ ਅਕਾਲੀ ਦਲ ਅਜਿਹੀਆਂ ਘਟਨਾਵਾਂ ਤੋਂ ਘਬਰਾਉਣ ਵਾਲਾ ਨਹੀਂ ਹੈ। ਉਨ੍ਹਾਂ ਪੰਜਾਬ ਦੀ ਮੌਜੂਦਾ ਕਾਨੂੰਨ-ਵਿਵਸਥਾ 'ਤੇ ਸਵਾਲ ਖੜ੍ਹੇ ਕਰਦਿਆਂ ਕਿਹਾ ਕਿ ਧਾਰਮਿਕ ਅਸਥਾਨਾਂ ਵਿਚ ਵੀ ਸੁਰੱਖਿਆ ਨੂੰ ਲੈ ਕੇ ਚਿੰਤਾ ਬਣੀ ਹੋਈ ਹੈ। ਇਹ ਅਕਾਲੀ ਦਲ ਵੱਲੋਂ ਲਗਾਏ ਗਏ ਸਿਆਸੀ ਦੋਸ਼ ਹਨ।

ਬਿਕਰਮ ਸਿੰਘ ਮਜੀਠੀਆ ਅਤੇ ਹੋਰ ਆਗੂਆਂ ਨੇ ਵੀ ਸੰਤ ਲੌਂਗੋਵਾਲ ਦੀ ਕੁਰਬਾਨੀ ਨੂੰ ਯਾਦ ਕਰਦਿਆਂ ਕਿਹਾ ਕਿ ਪੰਜਾਬ ਦੇ ਹੱਕਾਂ, ਪਾਣੀਆਂ, ਕਿਸਾਨਾਂ, ਨੌਜਵਾਨਾਂ ਅਤੇ ਪੰਥਕ ਮੁੱਦਿਆਂ ਲਈ ਅਕਾਲੀ ਦਲ ਆਪਣੀ ਲੜਾਈ ਜਾਰੀ ਰੱਖੇਗਾ। ਆਗੂਆਂ ਨੇ ਵਰਕਰਾਂ ਨੂੰ ਅਪੀਲ ਕੀਤੀ ਕਿ ਉਹ ਪਾਰਟੀ ਨੂੰ ਜ਼ਮੀਨੀ ਪੱਧਰ 'ਤੇ ਹੋਰ ਮਜ਼ਬੂਤ ਕਰਨ।

ਕਾਨਫਰੰਸ ਦੌਰਾਨ 2027 ਦੀਆਂ ਪੰਜਾਬ ਵਿਧਾਨ ਸਭਾ ਚੋਣਾਂ ਦਾ ਮੁੱਦਾ ਵੀ ਛਾਇਆ ਰਿਹਾ। ਹਰਸਿਮਰਤ ਕੌਰ ਬਾਦਲ ਨੇ ਕਿਹਾ ਕਿ ਪੰਜਾਬ ਦੇ ਫੈਸਲੇ ਪੰਜਾਬੀਆਂ ਵੱਲੋਂ ਹੀ ਕੀਤੇ ਜਾਣੇ ਚਾਹੀਦੇ ਹਨ ਅਤੇ ਲੋਕਾਂ ਨੂੰ ਅਪੀਲ ਕੀਤੀ ਕਿ 2027 ਵਿਚ ਸ਼੍ਰੋਮਣੀ ਅਕਾਲੀ ਦਲ ਦੀ ਸਰਕਾਰ ਬਣਾਉਣ ਲਈ ਇਕੱਠੇ ਹੋਣ। ਅਕਾਲੀ ਲੀਡਰਸ਼ਿਪ ਨੇ ਕਿਹਾ ਕਿ ਆਉਣ ਵਾਲੇ ਸਮੇਂ ਵਿਚ ਪਾਰਟੀ ਪੰਜਾਬ ਭਰ ਵਿਚ ਲੋਕਾਂ ਨਾਲ ਸਿੱਧਾ ਸੰਪਰਕ ਵਧਾਏਗੀ ਅਤੇ ਸੂਬੇ ਦੇ ਮੁੱਦਿਆਂ ਨੂੰ ਲੈ ਕੇ ਆਪਣੀ ਸਿਆਸੀ ਮੁਹਿੰਮ ਹੋਰ ਤੇਜ਼ ਕਰੇਗੀ।

## ਚੀਮਾ ਵੱਲੋਂ ਸੰਤ ਲੌਂਗੋਵਾਲ ਨੂੰ ਸ਼ਰਧਾਂਜਲੀ, ਸਰਕਾਰ ਸ਼ਾਂਤੀ ਤੇ ਭਾਈਚਾਰੇ ਲਈ ਵਚਨਬੱਧ



**ਲੌਂਗੋਵਾਲ, (ਪੰਜਾਬ ਮੇਲ)-** ਪੰਜਾਬ ਦੇ ਵਿੱਤ, ਯੋਜਨਾ, ਕਰ ਅਤੇ ਆਬਕਾਰੀ ਮੰਤਰੀ ਹਰਪਾਲ ਸਿੰਘ ਚੀਮਾ ਨੇ ਸੰਤ ਹਰਚੰਦ ਸਿੰਘ ਲੌਂਗੋਵਾਲ ਦੀ 41ਵੀਂ ਬਰਸੀ ਮੌਕੇ ਰੈੱਡ ਕਰਾਸ ਵੱਲੋਂ ਲਾਏ ਖ਼ੂਨਦਾਨ ਕੈਂਪ ਵਿਚ ਸ਼ਮੂਲੀਅਤ ਕਰਕੇ ਉਨ੍ਹਾਂ ਨੂੰ ਸ਼ਰਧਾਂਜਲੀ ਭੇਟ ਕੀਤੀ। ਇਸ ਮੌਕੇ ਕੈਬਨਿਟ ਮੰਤਰੀ ਅਮਨ ਅਰੋੜਾ ਦੀ ਪਤਨੀ ਸਬੀਨਾ ਅਰੋੜਾ ਸਮੇਤ ਕਈ ਆਗੂ ਅਤੇ ਵਰਕਰ ਹਾਜ਼ਰ ਸਨ। ਵੱਡੀ ਗਿਣਤੀ ਵਿਚ ਲੋਕਾਂ ਨੇ ਖ਼ੂਨਦਾਨ ਕਰਕੇ ਸੰਤ ਲੌਂਗੋਵਾਲ ਦੀ ਯਾਦ ਨੂੰ ਨਮਨ ਕੀਤਾ। ਚੀਮਾ ਨੇ ਕਿਹਾ ਕਿ ਸੰਤ ਲੌਂਗੋਵਾਲ ਨੇ 41 ਸਾਲ ਪਹਿਲਾਂ ਪੰਜਾਬ ਦੀ ਅਮਨ-ਸ਼ਾਂਤੀ ਅਤੇ ਭਾਈਚਾਰਕ ਸਾਂਝ ਲਈ ਆਪਣੀ ਜਾਨ ਕੁਰਬਾਨ ਕੀਤੀ ਸੀ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਉਨ੍ਹਾਂ ਵੱਲੋਂ ਦਰਸਾਏ ਸ਼ਾਂਤੀ ਅਤੇ ਏਕਤਾ ਦੇ ਰਾਹ 'ਤੇ ਚੱਲਣ ਲਈ ਵਚਨਬੱਧ ਹੈ। ਉਨ੍ਹਾਂ ਦੱਸਿਆ ਕਿ ਬੰਗਲੂਰੂ ਵਿਚ ਇੱਕ ਕਾਨਫਰੰਸ ਵਿਚ ਪੰਜਾਬ ਦੀ ਨੁਮਾਇੰਦਗੀ ਕਰ ਰਹੇ 'ਆਪ' ਦੇ ਸੂਬਾ ਪ੍ਰਧਾਨ ਅਮਨ ਅਰੋੜਾ ਨੇ ਵੀ ਸੰਤ ਲੌਂਗੋਵਾਲ ਨੂੰ ਸ਼ਰਧਾਂਜਲੀ ਦਿੱਤੀ ਹੈ। ਮੀਡੀਆ ਦੀ ਆਜ਼ਾਦੀ ਬਾਰੇ ਚੀਮਾ ਨੇ ਕਿਹਾ ਕਿ ਸਰਕਾਰ ਕਿਸੇ ਪੱਤਰਕਾਰ ਜਾਂ ਮੀਡੀਆ ਹਾਊਸ ਦੀ ਆਵਾਜ਼ ਦਬਾਉਣ ਦੀ ਕੋਸ਼ਿਸ਼ ਨਹੀਂ ਕਰ ਰਹੀ। ਮੁਲਾਜ਼ਮ ਜਥੇਬੰਦੀਆਂ ਦੀਆਂ ਮੰਗਾਂ ਬਾਰੇ ਉਨ੍ਹਾਂ ਕਿਹਾ ਕਿ ਕੈਬਨਿਟ ਸਬ-ਕਮੇਟੀ ਲਗਾਤਾਰ ਗੱਲਬਾਤ ਕਰ ਰਹੀ ਹੈ ਅਤੇ ਕਈ ਮੰਗਾਂ ਮੰਨੀਆਂ ਜਾ ਚੁੱਕੀਆਂ ਹਨ।

# ਗਿਆਨੀ ਹਰਪ੍ਰੀਤ ਸਿੰਘ ਵੱਲੋਂ ਸੰਤ ਲੌਂਗੋਵਾਲ ਨੂੰ ਸ਼ਰਧਾਂਜਲੀ



**ਲੌਂਗੋਵਾਲ, (ਪੰਜਾਬ ਮੇਲ)-** ਸ਼੍ਰੋਮਣੀ ਅਕਾਲੀ ਦਲ ਪੁਨਰਸੁਰਜੀਤ ਵੱਲੋਂ ਸ਼੍ਰੋਮਣੀ ਅਕਾਲੀ ਦਲ ਦੇ ਸਾਬਕਾ ਪ੍ਰਧਾਨ ਸੰਤ ਹਰਚੰਦ ਸਿੰਘ ਲੌਂਗੋਵਾਲ ਦਾ 41ਵਾਂ ਸ਼ਹੀਦੀ ਦਿਹਾੜਾ ਲੌਂਗੋਵਾਲ ਦੀ ਅਨਾਜ ਮੰਡੀ ਵਿਚ ਮਨਾਇਆ ਗਿਆ। ਸਮਾਗਮ ਵਿਚ ਪਾਰਟੀ ਆਗੂਆਂ, ਵਰਕਰਾਂ ਅਤੇ ਅਕਾਲੀ ਸੋਚ ਨਾਲ ਜੁੜੇ ਵੱਡੀ ਗਿਣਤੀ ਵਿਚ ਲੋਕਾਂ ਨੇ ਸ਼ਮੂਲੀਅਤ ਕਰਕੇ ਸੰਤ ਲੌਂਗੋਵਾਲ ਦੀ ਕੁਰਬਾਨੀ ਨੂੰ ਸ਼ਰਧਾਂਜਲੀ ਭੇਟ ਕੀਤੀ।

ਸਮਾਗਮ ਨੂੰ ਸੰਬੋਧਨ ਕਰਦਿਆਂ ਸ਼੍ਰੋਮਣੀ ਅਕਾਲੀ ਦਲ ਪੁਨਰਸੁਰਜੀਤ ਦੇ ਪ੍ਰਧਾਨ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਸੰਤ ਹਰਚੰਦ ਸਿੰਘ ਲੌਂਗੋਵਾਲ ਨੇ ਪੰਜਾਬ ਵਿਚ ਅਮਨ, ਸ਼ਾਂਤੀ, ਭਾਈਚਾਰਕ ਏਕਤਾ ਅਤੇ ਪੰਥਕ ਹੱਕਾਂ ਲਈ ਆਪਣਾ ਜੀਵਨ ਸਮਰਪਿਤ ਕੀਤਾ। ਉਨ੍ਹਾਂ ਕਿਹਾ ਕਿ ਸੰਤ ਲੌਂਗੋਵਾਲ ਦੀ ਸ਼ਹਾਦਤ ਪੰਜਾਬ ਦੇ ਇਤਿਹਾਸ ਦਾ ਅਜਿਹਾ ਅਧਿਆਇ ਹੈ, ਜੋ ਆਉਣ ਵਾਲੀਆਂ ਪੀੜ੍ਹੀਆਂ ਨੂੰ ਵੀ ਰਾਹ ਦਿਖਾਉਂਦਾ ਰਹੇਗਾ।

ਗਿਆਨੀ ਹਰਪ੍ਰੀਤ ਸਿੰਘ ਨੇ ਮੌਜੂਦਾ ਪੰਜਾਬ ਦੀ ਸਥਿਤੀ ਬਾਰੇ ਚਿੰਤਾ ਪ੍ਰਗਟ ਕਰਦਿਆਂ ਕਿਹਾ ਕਿ ਸੂਬਾ ਕਈ ਤਰ੍ਹਾਂ ਦੇ ਸਮਾਜਿਕ, ਆਰਥਿਕ ਅਤੇ ਸਿਆਸੀ ਸੰਕਟਾਂ ਦਾ ਸਾਹਮਣਾ ਕਰ ਰਿਹਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਨੂੰ ਇਨ੍ਹਾਂ ਹਾਲਾਤਾਂ ਵਿਚੋਂ ਕੱਢਣ ਲਈ ਸਿਰਫ਼ ਸੱਤਾ ਹਾਸਲ ਕਰਨ ਦੀ ਰਾਜਨੀਤੀ ਕਾਫ਼ੀ ਨਹੀਂ, ਸਗੋਂ ਸਿਧਾਂਤਕ, ਪੰਥਕ ਅਤੇ ਪੰਜਾਬ-ਪੱਖੀ ਸੋਚ ਨੂੰ ਮਜ਼ਬੂਤ ਕਰਨ ਦੀ ਲੋੜ ਹੈ।

ਉਨ੍ਹਾਂ ਪਾਰਟੀ ਵਰਕਰਾਂ ਅਤੇ ਪੰਜਾਬੀਆਂ ਨੂੰ ਸੰਤ ਲੌਂਗੋਵਾਲ ਦੇ ਸ਼ਾਂਤੀ, ਏਕਤਾ ਅਤੇ ਪੰਜਾਬ ਦੇ ਹੱਕਾਂ ਲਈ ਸੰਘਰਸ਼ ਵਾਲੇ ਵਿਚਾਰਾਂ ਤੋਂ ਪ੍ਰੇਰਣਾ ਲੈਣ ਦੀ ਅਪੀਲ ਕੀਤੀ।

ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ :
www.punjabmailusa.com

Jaspreet Singh
Attorney at Law
ਅਮਰੀਕਾ ਦੀ ਇਮੀਗ੍ਰੇਸ਼ਨ
ਰਿਫਿਊਜ਼ੀ ਸਟੇਅ, ਬੱਚਾ ਗੋਦ ਲੈਣਾ, ਡਿਪੋਰਟੇਸ਼ਨ ਵਿਆਹ,
ਐਚ.1 ਵੀਜ਼ਾ, ਲੇਬਰ ਸਰਟੀਫਿਕੇਟ ਦੇ ਕੇਸਾਂ ਲਈ
ਅਟਾਰਨੀ ਐਟ ਲਾਅ, ਨਿਊਯਾਰਕ ਅਤੇ ਕੈਲੀਫੋਰਨੀਆ



ਜਸਪ੍ਰੀਤ ਸਿੰਘ ਅਟਾਰਨੀ ਐਟ ਲਾਅ

SACRAMENTO
5855 Auburn Blvd,
Sacramento, CA 95841,
+1-916-307-4620

FRESNO
1625 E Shaw Ave
#122, Fresno,
CA 93726
559-271-5511

FREMONT
3155 KEARNEY ST,
SUITE #248,
FREMONT, CA 94538.
+1-510-657-6444

NEWYORK
108-14 Jamaica Ave,
Richmond Hill,
NY 11418
Phone: 718-533-8444

Designed By Punjab Mail USA

# 1984 ਦੇ ਸਿੱਖ ਕਤਲੇਆਮ ਦੇ ਦੋਸ਼ੀ ਸੱਜਣ ਕੁਮਾਰ ਦੀ ਤਿਹਾੜ ਜੇਲ੍ਹ ’ਚ ਸਜ਼ਾ ਕੱਟਦਿਆਂ



ਨਵੀਂ ਦਿੱਲੀ, (ਪੰਜਾਬ ਮੇਲ)- 1984 ਦੇ ਸਿੱਖ ਕਤਲੇਆਮ ਨਾਲ ਜੁੜੇ ਦੋ ਵੱਖ-ਵੱਖ ਮਾਮਲਿਆਂ ’ਚ ਉਮਰ ਕੈਦ ਦੀ ਸਜ਼ਾ ਕੱਟ ਰਹੇ ਕਾਂਗਰਸ ਦੇ ਸਾਬਕਾ ਸੰਸਦ ਮੈਂਬਰ ਸੱਜਣ ਕੁਮਾਰ ਦੀ ਵੀਰਵਾਰ ਨੂੰ 80 ਸਾਲ ਦੀ ਉਮਰ ਵਿਚ ਮੌਤ ਹੋ ਗਈ। ਉਹ ਸਾਲ 2018 ਤੋਂ ਦਿੱਲੀ ਦੀ ਤਿਹਾੜ ਜੇਲ੍ਹ ਵਿਚ ਬੰਦ ਸੀ। ਜੇਲ੍ਹ ਅੰਦਰ ਸਿਹਤ ਵਿਗੜਨ ਤੋਂ ਬਾਅਦ ਉਸ ਨੂੰ ਸਫਦਰਜੰਗ ਹਸਪਤਾਲ ਲਿਜਾਇਆ ਗਿਆ, ਜਿੱਥੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ। ਹਸਪਤਾਲ ਵੱਲੋਂ ਉਸ ਦੀ ਮੌਤ ਦਾ ਪੱਕਾ ਕਾਰਨ ਤੁਰੰਤ ਜਨਤਕ ਨਹੀਂ ਕੀਤਾ ਗਿਆ। ਹਾਲਾਂਕਿ ਅਦਾਲਤੀ ਦਸਤਾਵੇਜ਼ਾਂ ਅਨੁਸਾਰ ਉਹ ਪਾਰਕਿਨਸਨ ਰੋਗ, ਉੱਚ ਖ਼ੂਨ ਦਬਾਅ, ਰੀੜ੍ਹ ਦੀ ਹੱਡੀ ਨਾਲ ਸਬੰਧਤ ਸਮੱਸਿਆਵਾਂ ਅਤੇ ਲਗਾਤਾਰ ਭਾਰ ਘਟਣ ਸਮੇਤ ਕਈ ਬਿਮਾਰੀਆਂ ਤੋਂ ਪੀੜਤ ਸੀ।

ਸੱਜਣ ਕੁਮਾਰ ਕਿਸੇ ਸਮੇਂ ਦਿੱਲੀ ਵਿਚ ਕਾਂਗਰਸ ਦੇ ਸਭ ਤੋਂ ਪ੍ਰਭਾਵਸ਼ਾਲੀ ਆਗੂਆਂ ਵਿਚ ਗਿਣਿਆ ਜਾਂਦਾ ਸੀ। ਉਸ ਨੇ 1977 ਵਿਚ ਦਿੱਲੀ ਨਗਰ ਨਿਗਮ ਦੇ ਕੌਂਸਲਰ ਵਜੋਂ ਆਪਣਾ ਸਿਆਸੀ ਸਫ਼ਰ ਸ਼ੁਰੂ ਕੀਤਾ ਸੀ। ਇਸ ਤੋਂ ਬਾਅਦ ਉਹ 1980, 1991 ਅਤੇ 2004 ਵਿਚ ਬਾਹਰੀ ਦਿੱਲੀ ਲੋਕ ਸਭਾ ਹਲਕੇ ਤੋਂ ਸੰਸਦ ਮੈਂਬਰ ਚੁਣਿਆ ਗਿਆ। ਦਿੱਲੀ ਦੀ ਸਿਆਸਤ ਵਿਚ ਵੱਡਾ ਪ੍ਰਭਾਵ ਰੱਖਣ ਵਾਲੇ ਸੱਜਣ ਕੁਮਾਰ ਦਾ ਨਾਂ 1984 ਵਿਚ ਸਿੱਖਾਂ ਵਿਰੁੱਧ ਹੋਏ ਯੋਜਨਾਬੱਧ ਹਮਲਿਆਂ ਨਾਲ ਲਗਾਤਾਰ ਜੁੜਦਾ ਰਿਹਾ। ਦਸੰਬਰ 2018 ਵਿਚ ਦੋਸ਼ੀ ਕਰਾਰ ਦਿੱਤੇ ਜਾਣ ਤੋਂ ਬਾਅਦ ਉਸ ਨੇ ਕਾਂਗਰਸ ਦੀ ਮੁੱਢਲੀ ਮੈਂਬਰਸ਼ਿਪ ਤੋਂ ਅਸਤੀਫ਼ਾ ਦੇ ਦਿੱਤਾ ਸੀ।

31 ਅਕਤੂਬਰ 1984 ਨੂੰ ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੀ ਹੱਤਿਆ ਤੋਂ ਬਾਅਦ ਦਿੱਲੀ ਅਤੇ ਦੇਸ਼ ਦੇ ਹੋਰ ਹਿੱਸਿਆਂ ਵਿਚ ਸਿੱਖਾਂ ਨੂੰ ਨਿਸ਼ਾਨਾ ਬਣਾਇਆ ਗਿਆ। ਸਿੱਖਾਂ ਦੇ ਘਰਾਂ, ਦੁਕਾਨਾਂ ਅਤੇ ਗੁਰਦੁਆਰਿਆਂ ਨੂੰ ਅੱਗ ਲਾਈ ਗਈ ਅਤੇ ਹਜ਼ਾਰਾਂ ਲੋਕਾਂ ਦੀ ਹੱਤਿਆ ਕੀਤੀ ਗਈ। ਦਿੱਲੀ ਹਾਈ ਕੋਰਟ ਦੇ 2018 ਦੇ ਫ਼ੈਸਲੇ ਵਿਚ ਦਰਜ ਸਰਕਾਰੀ ਅੰਕੜਿਆਂ ਅਨੁਸਾਰ ਇਕੱਲੀ ਦਿੱਲੀ ਵਿਚ 2,733 ਅਤੇ ਪੂਰੇ ਦੇਸ਼ ਵਿਚ ਲਗਭਗ 3,350 ਸਿੱਖ ਮਾਰੇ ਗਏ ਸਨ। ਅਦਾਲਤ ਨੇ ਕਿਹਾ ਸੀ ਕਿ ਇਹ ਹਮਲੇ ਸਿਰਫ਼ ਅਚਾਨਕ ਭੜਕੀ ਹਿੰਸਾ ਨਹੀਂ ਸਨ, ਸਗੋਂ ਸਿਆਸੀ ਲੋਕਾਂ ਦੀ ਸ਼ਹਿ ਅਤੇ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਦੀ ਮਿਲੀਭੁਗਤ ਜਾਂ ਨਾਕਾਮੀ ਨਾਲ ਕੀਤੇ ਗਏ ਵਿਆਪਕ ਅਤੇ ਯੋਜਨਾਬੱਧ ਅਪਰਾਧ ਸਨ। ਅਦਾਲਤ ਨੇ ਇਸ ਕਤਲੇਆਮ ਨੂੰ ਮਨੁੱਖਤਾ ਵਿਰੁੱਧ ਅਪਰਾਧ ਦੱਸਿਆ ਸੀ।

ਸੱਜਣ ਕੁਮਾਰ ਨੂੰ ਪਹਿਲੀ ਵਾਰ 17 ਦਸੰਬਰ 2018 ਨੂੰ ਦਿੱਲੀ ਹਾਈ ਕੋਰਟ ਨੇ ਦੋਸ਼ੀ ਕਰਾਰ ਦਿੰਦਿਆਂ ਬਾਕੀ ਕੁਦਰਤੀ ਜੀਵਨ ਤੱਕ ਕੈਦ ਦੀ ਸਜ਼ਾ ਸੁਣਾਈ ਸੀ। ਇਹ ਮਾਮਲਾ ਪਹਿਲੀ ਅਤੇ ਦੂਜੀ ਨਵੰਬਰ 1984 ਨੂੰ ਪਾਲਮ ਕਾਲੋਨੀ ਦੇ ਰਾਜ ਨਗਰ ਇਲਾਕੇ ਵਿਚ ਇੱਕੋ ਪਰਿਵਾਰ ਨਾਲ ਸਬੰਧਤ ਪੰਜ ਸਿੱਖ ਵਿਅਕਤੀਆਂ ਦੀ ਹੱਤਿਆ, ਉਨ੍ਹਾਂ ਦੇ ਘਰਾਂ ਦੀ ਲੁੱਟਮਾਰ ਅਤੇ ਇੱਕ ਗੁਰਦੁਆਰਾ ਸਾਹਿਬ ਨੂੰ ਅੱਗ ਲਾਉਣ ਨਾਲ ਜੁੜਿਆ ਸੀ। ਇਸ ਮਾਮਲੇ ਵਿਚ ਹੇਠਲੀ ਅਦਾਲਤ ਨੇ 2013 ਵਿਚ ਸੱਜਣ ਕੁਮਾਰ ਨੂੰ ਬਰੀ ਕਰ ਦਿੱਤਾ ਸੀ, ਪਰ ਕੇਂਦਰੀ ਜਾਂਚ ਬਿਊਰੋ ਅਤੇ ਪੀੜਤ ਪਰਿਵਾਰਾਂ ਵੱਲੋਂ ਕੀਤੀ ਗਈ ਅਪੀਲ ਤੋਂ ਬਾਅਦ ਦਿੱਲੀ ਹਾਈ ਕੋਰਟ ਨੇ ਉਹ ਫ਼ੈਸਲਾ ਪਲਟ ਦਿੱਤਾ।

ਹਾਈ ਕੋਰਟ ਨੇ ਸੱਜਣ ਕੁਮਾਰ ਨੂੰ ਅਪਰਾਧਕ ਸਾਜ਼ਿਸ਼, ਕਤਲਾਂ ਲਈ ਭੀੜ ਨੂੰ ਉਕਸਾਉਣ, ਧਾਰਮਿਕ ਫਿਰਕਿਆਂ ਵਿਚਕਾਰ ਦੁਸ਼ਮਣੀ ਪੈਦਾ ਕਰਨ ਅਤੇ ਧਾਰਮਿਕ ਅਸਥਾਨ ਨੂੰ ਨੁਕਸਾਨ ਪਹੁੰਚਾਉਣ ਸਮੇਤ ਕਈ ਦੋਸ਼ਾਂ ਵਿਚ ਦੋਸ਼ੀ ਪਾਇਆ ਸੀ। ਅਦਾਲਤ ਨੇ ਆਪਣੇ ਫ਼ੈਸਲੇ ਵਿਚ ਇਹ ਵੀ ਦਰਜ ਕੀਤਾ ਸੀ ਕਿ ਸਿਆਸੀ ਪ੍ਰਭਾਵ ਅਤੇ ਪੁਲਿਸ ਦੀ ਭੂਮਿਕਾ ਕਾਰਨ ਪੀੜਤਾਂ ਨੂੰ ਇਨਸਾਫ਼ ਪ੍ਰਾਪਤ ਕਰਨ ਵਿਚ ਤਿੰਨ ਦਹਾਕਿਆਂ ਤੋਂ ਵੱਧ ਸਮਾਂ ਲੱਗਾ। ਸੱਜਣ ਕੁਮਾਰ ਨੇ ਇਸ ਦੋਸ਼ਸਿੱਧੀ ਅਤੇ ਸਜ਼ਾ ਨੂੰ ਸੁਪਰੀਮ ਕੋਰਟ ਵਿਚ ਚੁਣੌਤੀ ਦਿੱਤੀ ਸੀ, ਪਰ ਉਸ ਦੀ ਮੌਤ ਤੱਕ ਅਪੀਲ ਦਾ ਅੰਤਿਮ ਫ਼ੈਸਲਾ ਨਹੀਂ ਆਇਆ ਸੀ।

ਸੱਜਣ ਕੁਮਾਰ ਨੂੰ ਦੂਜੀ ਉਮਰ ਕੈਦ ਦੀ ਸਜ਼ਾ 25 ਫਰਵਰੀ 2025 ਨੂੰ ਦਿੱਲੀ ਦੀ ਰਾਊਜ਼ ਐਵੇਨਿਊ ਅਦਾਲਤ ਨੇ ਸੁਣਾਈ ਸੀ। ਇਹ ਮਾਮਲਾ ਪਹਿਲੀ ਨਵੰਬਰ 1984 ਨੂੰ ਸਰਸਵਤੀ ਵਿਹਾਰ ਵਿਚ ਜਸਵੰਤ ਸਿੰਘ ਅਤੇ ਉਨ੍ਹਾਂ ਦੇ ਪੁੱਤਰ ਤਰੁਣਦੀਪ ਸਿੰਘ ਦੀ ਹੱਤਿਆ ਨਾਲ ਸਬੰਧਤ ਸੀ। ਅਦਾਲਤ ਨੇ 12 ਫਰਵਰੀ 2025 ਨੂੰ ਸੱਜਣ ਕੁਮਾਰ ਨੂੰ ਕਤਲ, ਦੰਗਾ ਕਰਨ, ਮਾਰੂ ਹਥਿਆਰਾਂ ਨਾਲ ਗੈਰਕਾਨੂੰਨੀ ਇਕੱਠ ਦਾ ਹਿੱਸਾ ਬਣਨ, ਲੁੱਟਮਾਰ, ਕਤਲ ਦੀ ਕੋਸ਼ਿਸ਼ ਅਤੇ ਘਰ ਨੂੰ ਅੱਗ ਲਾਉਣ ਸਮੇਤ ਕਈ ਅਪਰਾਧਾਂ ਵਿਚ ਦੋਸ਼ੀ ਕਰਾਰ ਦਿੱਤਾ ਸੀ।

ਇਸਤਗਾਸਾ ਪੱਖ ਅਨੁਸਾਰ ਸੱਜਣ ਕੁਮਾਰ ਦੀ ਅਗਵਾਈ ਵਾਲੀ ਭੀੜ ਨੇ ਜਸਵੰਤ ਸਿੰਘ ਅਤੇ ਤਰੁਣਦੀਪ ਸਿੰਘ ਨੂੰ ਜਿਊਂਦਿਆਂ ਸਾੜ ਦਿੱਤਾ ਸੀ। ਇਸ ਤੋਂ ਬਾਅਦ ਪਰਿਵਾਰ ਦੇ ਘਰ ਵਿਚ ਲੁੱਟਮਾਰ ਕਰਕੇ ਉਸ ਨੂੰ ਅੱਗ ਲਾ ਦਿੱਤੀ ਗਈ ਅਤੇ ਪਰਿਵਾਰ ਦੀਆਂ ਔਰਤਾਂ ਨੂੰ ਵੀ ਜ਼ਖ਼ਮੀ ਕੀਤਾ ਗਿਆ। ਇਸ ਕੇਸ ਵਿਚ ਸਰਕਾਰੀ ਵਕੀਲਾਂ ਅਤੇ ਪੀੜਤ ਪਰਿਵਾਰ ਨੇ ਮੌਤ ਦੀ ਸਜ਼ਾ ਦੀ ਮੰਗ ਕੀਤੀ ਸੀ।

# ਸੁਪਰੀਮ ਕੋਰਟ ਵੱਲੋਂ ਮਾਣਹਾਨੀ ਮਾਮਲੇ ’ਤੇ ਸੁਖਬੀਰ ਬਾਦਲ ਦੀ ਪਟੀਸ਼ਨ ਖਾਰਜ



ਨਵੀਂ ਦਿੱਲੀ, (ਪੰਜਾਬ ਮੇਲ)- ਸਰਵਉੱਚ ਅਦਾਲਤ ਨੇ ਮਾਣਹਾਨੀ ਮਾਮਲੇ ’ਚ ਸੁਖਬੀਰ ਬਾਦਲ ਨੂੰ ਰਾਹਤ ਨਹੀਂ ਦਿੱਤੀ। ਅਦਾਲਤ ਨੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੀ ਸਾਲ 2017 ਦੇ ਇੱਕ ਅਪਰਾਧਿਕ ਮਾਣਹਾਨੀ ਮਾਮਲੇ ਨੂੰ ਰੱਦ ਕਰਨ ਦੀ ਮੰਗ ਵਾਲੀ ਪਟੀਸ਼ਨ ਨੂੰ ਖਾਰਜ ਕਰ ਦਿੱਤਾ ਹੈ।

ਸੁਖਬੀਰ ਬਾਦਲ ਨੇ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਉਸ ਫ਼ੈਸਲੇ ਨੂੰ ਚੁਣੌਤੀ ਦਿੱਤੀ ਸੀ, ਜਿਸ ਵਿਚ ਹਾਈ ਕੋਰਟ ਨੇ ਇਸ ਮਾਮਲੇ ਨੂੰ ਰੱਦ ਕਰਨ ਤੋਂ ਇਨਕਾਰ ਕਰ ਦਿੱਤਾ ਸੀ। ਇਹ ਵਿਵਾਦ ਉਸ ਸਮੇਂ ਸ਼ੁਰੂ ਹੋਇਆ ਸੀ, ਜਦੋਂ ਜਨਵਰੀ 2017 ਵਿਚ ਪੰਜਾਬ ਦੇ ਉਪ ਮੁੱਖ ਮੰਤਰੀ ਰਹੇ ਸੁਖਬੀਰ ਬਾਦਲ ਨੇ ਇੱਕ ਬਿਆਨ ਦਿੱਤਾ ਸੀ। ਇਸ ਬਿਆਨ ਵਿਚ ਉਨ੍ਹਾਂ ਨੇ ‘ਅਖੰਡ ਕੀਰਤਨੀ ਜਥਾ’ (ਏ.ਕੇ.ਜੇ.) ਨਾਮਕ ਧਾਰਮਿਕ ਸੰਸਥਾ ਨੂੰ ਅੱਤਵਾਦੀ ਸੰਗਠਨ ‘ਬੱਬਰ ਖਾਲਸਾ ਇੰਟਰਨੈਸ਼ਨਲ’ ਦਾ ਸਿਆਸੀ ਵਿੰਗ ਦੱਸਿਆ ਸੀ।

ਇਸ ਤੋਂ ਬਾਅਦ ਸੰਸਥਾ ਦੇ ਮੁੱਖ ਬੁਲਾਰੇ ਨੇ ਸੁਖਬੀਰ ਬਾਦਲ ਖ਼ਿਲਾਫ਼ ਮਾਣਹਾਨੀ ਦੀ ਸ਼ਿਕਾਇਤ ਦਰਜ ਕਰਵਾਈ ਸੀ। ਸ਼ਿਕਾਇਤਕਰਤਾ ਦਾ ਕਹਿਣਾ ਸੀ ਕਿ ਸੁਖਬੀਰ ਬਾਦਲ ਨੇ ਇਹ ਬਿਆਨ ਵੱਖ-ਵੱਖ ਸਿਆਸੀ ਰੈਲੀਆਂ ਅਤੇ ਮੀਡੀਆ ਵਿਚ ਦਿੱਤੇ ਸਨ, ਜਿਸ ਨਾਲ ਉਨ੍ਹਾਂ ਦੀ ਬਦਨਾਮੀ ਹੋਈ। ਬਾਦਲ ਦੇ ਵਕੀਲਾਂ ਨੇ ਹਾਈ ਕੋਰਟ ਵਿਚ ਦਲੀਲ ਦਿੱਤੀ ਸੀ ਕਿ ਇਹ ਬਿਆਨ ਮਾਣਹਾਨੀ ਦੇ ਦਾਇਰੇ ਵਿਚ ਨਹੀਂ ਆਉਂਦਾ ਅਤੇ ਸ਼ਿਕਾਇਤਕਰਤਾ ਕੋਲ ਸੰਸਥਾ ਵੱਲੋਂ ਕੇਸ ਕਰਨ ਦਾ ਕੋਈ ਅਧਿਕਾਰ ਪੱਤਰ ਵੀ ਨਹੀਂ ਸੀ ਪਰ ਹਾਈ ਕੋਰਟ ਨੇ ਉਨ੍ਹਾਂ ਦੀ ਪਟੀਸ਼ਨ ਨੂੰ ਖਾਰਜ ਕਰ ਦਿੱਤਾ ਸੀ, ਜਿਸ ਤੋਂ ਬਾਅਦ ਉਨ੍ਹਾਂ ਸੁਪਰੀਮ ਕੋਰਟ ਦਾ ਰੁਖ਼ ਕੀਤਾ ਸੀ।

ਸੁਪਰੀਮ ਕੋਰਟ ਵਿਚ ਜਸਟਿਸ ਦੀਪਾਂਕਰ ਦੱਤਾ ਅਤੇ ਜਸਟਿਸ ਸ਼ੀਲ ਨਾਗੂ ਦੇ ਬੈਂਚ ਸਾਹਮਣੇ ਸੁਖਬੀਰ ਬਾਦਲ ਵੱਲੋਂ ਸੀਨੀਅਰ ਵਕੀਲ ਕਪਿਲ ਸਿੱਬਲ ਪੇਸ਼ ਹੋਏ। ਕਪਿਲ ਸਿੱਬਲ ਨੇ ਅਦਾਲਤ ਵਿਚ ਦਲੀਲ ਦਿੱਤੀ ਕਿ ਸੁਖਬੀਰ ਬਾਦਲ ਨੇ ਆਪਣੇ ਬਿਆਨ ਵਿਚ ਕਦੇ ਵੀ ਇਸ ਖਾਸ ਸ਼ਿਕਾਇਤਕਰਤਾ ਦਾ ਨਾਮ ਲੈ ਕੇ ਕੋਈ ਗੱਲ ਨਹੀਂ ਕਹੀ ਸੀ ਅਤੇ ਇਹ ਵੀ ਸਪੱਸ਼ਟ ਨਹੀਂ ਹੈ ਕਿ ਸ਼ਿਕਾਇਤਕਰਤਾ ਨੂੰ ਅਜਿਹੀ ਸ਼ਿਕਾਇਤ ਕਰਨ ਲਈ ਕਿਸ ਨੇ ਅਧਿਕਾਰ ਦਿੱਤਾ ਹੈ। ਦੂਜੇ ਪਾਸੇ, ਬੈਂਚ ਨੇ ਮਾਮਲੇ ਦੀ ਸੁਣਵਾਈ ਕਰਦਿਆਂ ਕਿਹਾ ਕਿ ਜਦੋਂ ਸ਼ਿਕਾਇਤਕਰਤਾ ਨੇ ਖ਼ੁਦ ਨੂੰ ਸੰਸਥਾ ਦਾ ਮੁੱਖ ਬੁਲਾਰਾ ਦੱਸਿਆ ਹੈ ਅਤੇ ਸੰਗਠਨ ਉੱਤੇ ਅਜਿਹੇ ਗੰਭੀਰ ਇਲਜ਼ਾਮ ਲਗਾਏ ਗਏ ਹਨ, ਤਾਂ ਇਸ ਮਾਮਲੇ ਨੂੰ ਮੁੱਢੋਂ ਖਾਰਜ ਨਹੀਂ ਕੀਤਾ ਜਾ ਸਕਦਾ। ਦੋਵਾਂ ਪਾਸਿਆਂ ਦੀਆਂ ਦਲੀਲਾਂ ਸੁਣਨ ਤੋਂ ਬਾਅਦ ਸੁਪਰੀਮ ਕੋਰਟ ਨੇ ਸੁਖਬੀਰ ਬਾਦਲ ਦੀ ਪਟੀਸ਼ਨ ਨੂੰ ਰੱਦ ਕਰ ਦਿੱਤਾ। ਅਦਾਲਤ ਦੇ ਇਸ ਫ਼ੈਸਲੇ ਨਾਲ ਸੁਖਬੀਰ ਬਾਦਲ ਨੂੰ ਵੱਡੀ ਕਾਨੂੰਨੀ ਰਾਹਤ ਨਹੀਂ ਮਿਲ ਸਕੀ ਅਤੇ ਹੁਣ ਮਾਮਲੇ ਦੀ ਅੱਗੇ ਦੀ ਕਾਰਵਾਈ ਮਜਿਸਟ੍ਰੇਟ ਦੀ ਅਦਾਲਤ ਵਿਚ ਚੱਲੇਗੀ।




## ਅਮਰੀਕਾ 'ਚ ਕਰੋੜਾਂ ਡਾਲਰ ਦੀ ਧੋਖਾਧੜੀ ਦੇ ਦੋਸ਼ 'ਚ ਭਾਰਤੀ ਨੌਜਵਾਨ ਗ੍ਰਿਫ਼ਤਾਰ

ਨਿਊਯਾਰਕ, (ਪੰਜਾਬ ਮੇਲ)- ਅਮਰੀਕਾ ਵਿਚ ਬਜ਼ੁਰਗਾਂ ਨੂੰ ਨਿਸ਼ਾਨਾ ਬਣਾ ਕੇ ਕਰੋੜਾਂ ਡਾਲਰ ਦੀ ਧੋਖਾਧੜੀ ਦੇ ਮਾਮਲੇ ਵਿਚ ਇੱਕ ਭਾਰਤੀ ਨਾਗਰਿਕ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਗੁਜਰਾਤ ਦਾ ਰਹਿਣ ਵਾਲਾ ਜੈ ਸੁਨੀਲਭਾਰਤੀ ਗੋਸਵਾਮੀ (21), ਨਿਊ ਜਰਸੀ ਦੇ ਜਰਸੀ ਸਿਟੀ ਵਿਚ ਰਹਿ ਰਿਹਾ ਸੀ ਅਤੇ ਉਸ ਨੂੰ ਕੈਨੇਡਾ ਵਿਚ ਉਸ ਸਮੇਂ ਹਿਰਾਸਤ ਵਿਚ ਲੈ ਲਿਆ ਗਿਆ, ਜਦੋਂ ਉਹ ਕਤਰ ਭੱਜਣ ਦੀ ਕੋਸ਼ਿਸ਼ ਕਰ ਰਿਹਾ ਸੀ। ਅਮਰੀਕੀ ਅਟਾਰਨੀ ਮਾਈਕਲ ਡਿਗਿਆਕੋਮੋ ਨੇ ਸ਼ੁੱਕਰਵਾਰ ਨੂੰ ਕਿਹਾ ਕਿ ਅਧਿਕਾਰੀਆਂ ਨੇ ਗੋਸਵਾਮੀ 'ਤੇ ਵਾਇਰ ਧੋਖਾਧੜੀ, ਧੋਖਾਧੜੀ ਦੀ ਸਾਜ਼ਿਸ਼, ਮਨੀ ਲਾਂਡਰਿੰਗ ਅਤੇ ਮਨੀ ਲਾਂਡਰਿੰਗ ਦੀ ਸਾਜ਼ਿਸ਼ ਦੇ ਦੋਸ਼ ਲਗਾਏ ਹਨ। ਇਨ੍ਹਾਂ ਦੋਸ਼ਾਂ ਵਿਚ ਵੱਧ ਤੋਂ ਵੱਧ 20 ਸਾਲ ਦੀ ਕੈਦ ਦੀ ਸਜ਼ਾ ਹੋ ਸਕਦੀ ਹੈ। ਗੋਸਵਾਮੀ ਨੂੰ 17 ਅਗਸਤ ਨੂੰ ਅਮਰੀਕੀ ਮੈਜਿਸਟ੍ਰੇਟ ਜੱਜ ਮਾਰਕ ਪੀਟਰਸਨ ਦੇ ਸਾਹਮਣੇ ਪੇਸ਼ ਕੀਤਾ ਗਿਆ ਸੀ, ਜਿੱਥੇ ਉਸਨੂੰ ਕੁਝ ਸ਼ਰਤਾਂ 'ਤੇ ਰਿਹਾਅ ਕਰ ਦਿੱਤਾ ਗਿਆ ਸੀ। ਇਸ ਤੋਂ ਅਗਲੇ ਹੀ ਦਿਨ ਉਹ ਕੈਨੇਡਾ ਲਈ ਰਵਾਨਾ ਹੋ ਗਿਆ। ਜਾਂਚ ਏਜੰਸੀਆਂ ਨੂੰ ਪਤਾ ਲੱਗਾ ਕਿ ਉਸਨੇ 18 ਅਗਸਤ ਦੀ ਸ਼ਾਮ ਨੂੰ ਟੋਰਾਂਟੋ ਤੋਂ ਕਤਰ ਦੇ ਦੋਹਾ ਲਈ ਇੱਕ ਉਡਾਣ ਟਿਕਟ ਖਰੀਦੀ ਸੀ। ਸੰਯੁਕਤ ਰਾਜ ਅਮਰੀਕਾ ਦੀ ਬੇਨਤੀ 'ਤੇ, ਕੈਨੇਡੀਅਨ ਅਧਿਕਾਰੀਆਂ ਨੇ ਗੋਸਵਾਮੀ ਨੂੰ ਟੋਰਾਂਟੋ ਪੀਅਰਸਨ ਅੰਤਰਰਾਸ਼ਟਰੀ ਹਵਾਈ ਅੱਡੇ 'ਤੇ ਹਿਰਾਸਤ ਵਿਚ ਲੈ ਲਿਆ ਅਤੇ 20 ਅਗਸਤ ਨੂੰ ਉਸਨੂੰ ਗ੍ਰਿਫਤਾਰ ਕਰ ਲਿਆ।

## ਅਮਰੀਕਾ 'ਚ ਗੈਰ ਕਾਨੂੰਨੀ ਪ੍ਰਵਾਸੀਆਂ ਨੂੰ ਫੜਨ ਲਈ ਆਈਸ ਨੂੰ ਨਵਾਂ ਹਥਿਆਰ ਦੇਣ ਦੀਆਂ ਤਿਆਰੀਆਂ!

ਵਾਸ਼ਿੰਗਟਨ, (ਰਾਜ ਗੋਗਨਾ/ ਪੰਜਾਬ ਮੇਲ)- ਅਮਰੀਕਾ 'ਚ ਗੈਰ-ਕਾਨੂੰਨੀ ਪ੍ਰਵਾਸੀਆਂ 'ਚ ਡਰ ਦਾ ਮਾਹੌਲ ਪੈਦਾ ਕਰਨ ਲਈ ਇੰਮੀਗ੍ਰੇਸ਼ਨ ਕਸਟਮਸ ਇਨਫੋਰਸਮੈਂਟ (ਆਈਸ) ਨੂੰ ਇੱਕ ਨਵਾਂ ਹਥਿਆਰ ਦੇਣ ਦੀਆਂ ਤਿਆਰੀਆਂ ਚੱਲ ਰਹੀਆਂ ਹਨ। ਲੰਘੇ ਪਿਛਲੇ 19 ਮਹੀਨਿਆਂ 'ਚ ਇਮੀਗ੍ਰੇਸ਼ਨ ਲਾਗੂ ਕਰਨ ਦੌਰਾਨ ਆਈਸ ਵੱਲੋਂ ਗੋਲੀਬਾਰੀ ਦੀਆਂ ਲਗਭਗ ਇੱਕ ਦਰਜਨ ਦੇ ਕਰੀਬ ਘਟਨਾਵਾਂ ਵਾਪਰੀਆਂ ਹਨ, ਜਿਨ੍ਹਾਂ ਵਿਚ 6 ਲੋਕਾਂ ਦੀ ਮੌਤ ਵੀ ਹੋ ਗਈ ਸੀ। ਦਰਅਸਲ, ਟਰੰਪ ਸਰਕਾਰ ਆਈਸ ਦੇ ਏਜੰਟਾਂ ਨੂੰ ਬਾਡੀ ਕੈਮਰੇ ਦੇਣ ਦੀ ਵੀ ਯੋਜਨਾ ਬਣਾ ਰਹੀ ਹੈ ਪਰ ਹੁਣ ਇਸ ਸਭ ਤੋਂ ਇਲਾਵਾ ਉਹ ਇੱਕ ਹੋਰ ਵੱਡਾ ਹਥਿਆਰ ਪ੍ਰਾਪਤ ਕਰਨ ਜਾ ਰਹੀ ਹੈ, ਜਿਸ ਨਾਲ ਏਜੰਟ ਕਿਸੇ ਵੀ ਹਿੰਸਕ ਪ੍ਰਵਾਸੀ ਨੂੰ ਇੱਕ ਸਕਿੰਟ ਵਿਚ ਕਾਬੂ ਕਰ ਸਕਣਗੇ।

ਅਮਰੀਕੀ ਮੀਡੀਆ ਰਿਪੋਰਟਾਂ ਅਨੁਸਾਰ ਆਈਸ ਏਜੰਟਾਂ ਨੂੰ ਹੁਣ ਇਲੈਕਟ੍ਰਿਕ ਦਸਤਾਨੇ ਦਿੱਤੇ ਜਾਣਗੇ, ਜੋ ਕਿਸੇ ਨੂੰ ਛੂਹਣ 'ਤੇ ਉਨ੍ਹਾਂ ਦੇ ਸਾਹਮਣੇ ਵਾਲੇ ਵਿਅਕਤੀ ਨੂੰ ਜ਼ੋਰਦਾਰ ਬਿਜਲੀ ਦਾ ਝਟਕਾ ਦੇਣਗੇ, ਜਿਸ ਕਰਨ ਉਨ੍ਹਾਂ ਦੀ ਗ੍ਰਿਫਤਾਰੀ ਸੁਖਾਲੀ ਹੋ ਜਾਵੇਗੀ। ਡਿਪਾਰਟਮੈਂਟ ਹੋਮਲੈਂਡ ਸਕਿਓਰਿਟੀ ਨੇ ਕਿਹਾ ਕਿ ਆਈਸ ਹਜ਼ਾਰਾਂ ਇਲੈਕਟ੍ਰਿਕ ਦਸਤਾਨੇ ਖਰੀਦਣ ਲਈ 20 ਮਿਲੀਅਨ ਡਾਲਰ ਖਰਚ ਕਰੇਗਾ ਅਤੇ ਅਗਲੇ ਸਾਲ ਮਾਰਚ ਤੱਕ ਅਧਿਕਾਰੀ ਅਤੇ ਏਜੰਟ ਇਨ੍ਹਾਂ ਨਾਲ ਪੂਰੇ ਲੈਸ ਹੋ ਜਾਣਗੇ। ਦਸਤਾਨੇ ਵਜੋਂ ਜਾਣਿਆ ਜਾਂਦਾ ਇਹ ਯੰਤਰ, ਇੱਕ ਪੂਰੇ ਰੂਪ ਵਿਚ ਤਿਆਰ ਕੀਤੇ





ਘੱਟ ਆਉਟਪੁੱਟ ਵੋਲਟੇਜ ਐਮੀਟਰ ਲਈ ਖੜ੍ਹਾ ਹੋ ਰਿਹਾ ਹੈ ਅਤੇ ਇਸਨੂੰ ਲੈਕਸਿੰਗਟਨ, ਕਨੈਕਟੀਕਟ 'ਚ ਕੰਪਲੀਐਂਟ ਟੈਕਨਾਲੋਜੀ ਦੁਆਰਾ ਨਿਰਮਿਤ ਕੀਤਾ ਗਿਆ ਹੈ।

ਹਾਲ ਹੀ ਦੇ ਸਾਲਾਂ ਵਿਚ ਸੰਯੁਕਤ ਰਾਜ ਅਮਰੀਕਾ ਵਿਚ ਕਈ ਜੇਲ੍ਹਾਂ ਤੇ ਪੁਲਿਸ ਵਿਭਾਗਾਂ ਦੁਆਰਾ ਇਲੈਕਟ੍ਰਿਕ ਦਸਤਾਨੇ ਵਰਤੇ ਗਏ ਹਨ। ਹਾਲਾਂਕਿ ਇੱਕ ਸਮੇਂ ਜਦੋਂ ਅਧਿਕਾਰੀਆਂ 'ਤੇ ਇਸ ਸਮੇਂ ਗੈਰ-ਕਾਨੂੰਨੀ ਪ੍ਰਵਾਸੀਆਂ ਨਾਲ ਹਿੰਸਕ ਵਿਵਹਾਰ ਕਰਨ ਦਾ ਦੋਸ਼ ਲਗਾਇਆ ਜਾ ਰਿਹਾ ਹੈ, ਤਾਂ ਇਹ ਦਾਅਵੇ ਕੀਤੇ ਜਾ ਰਹੇ ਹਨ ਕਿ ਇਲੈਕਟ੍ਰਿਕ ਦਸਤਾਨੇ ਉਨ੍ਹਾਂ ਨੂੰ ਹੋਰ ਹਮਲਾਵਰ ਬਣਾ ਦੇਣਗੇ। ਕੰਪਲੀਐਂਟ ਟੈਕਨਾਲੋਜੀ ਦਾ ਕਹਿਣਾ ਹੈ ਕਿ ਇਹ ਆਮ ਪੈਟਰੋਲ ਦਸਤਾਨਿਆਂ ਵਾਂਗ ਦਿਖਾਈ ਦਿੰਦੇ ਹਨ, ਪਰ ਜਦੋਂ ਉਨ੍ਹਾਂ 'ਤੇ ਇੱਕ ਬਟਨ ਦਬਾਇਆ ਜਾਂਦਾ ਹੈ, ਤਾਂ ਇਹ ਇਲੈਕਟ੍ਰਿਕ ਮੋਡ ਵਿਚ ਚਲੇ ਜਾਂਦੇ ਹਨ। ਹਾਲਾਂਕਿ, ਇਨ੍ਹਾਂ ਦਸਤਾਨਿਆਂ ਨਾਲ ਸਿਰਫ਼ ਉਦੋਂ ਹੀ ਬਿਜਲੀ ਦਾ ਝਟਕਾ ਲੱਗਦਾ ਹੈ, ਜਦੋਂ ਕੋਈ ਉਨ੍ਹਾਂ ਦੀ ਚਮੜੀ ਨੂੰ ਛੂੰਹਦਾ ਹੈ, ਜਿਸ ਨੂੰ ਵੀ ਬਿਜਲੀ ਦਾ ਝਟਕਾ ਲੱਗਦਾ ਹੈ, ਉਹ ਕੁਝ ਸਕਿੰਟਾਂ ਲਈ ਝਟਕੇ ਮਾਰਦਾ ਹੈ ਅਤੇ ਉਸ ਸਮੇਂ ਉਨ੍ਹਾਂ ਨੂੰ ਕਾਬੂ 'ਚ ਲਿਆ ਜਾ ਸਕਦਾ ਅਤੇ ਗ੍ਰਿਫ਼ਤਾਰ ਕੀਤਾ ਜਾ ਸਕਦਾ ਹੈ।

## ਐਡਮਿੰਟਨ 'ਚ ਭਾਰਤੀ ਮੂਲ ਦੀ ਲੜਕੀ ਦੀ ਗੋਲੀਆਂ ਮਾਰ ਕੇ ਹੱਤਿਆ

ਵੈਨਕੂਵਰ, (ਪੰਜਾਬ ਮੇਲ)- ਕੈਨੇਡਾ ਦੇ ਸੂਬੇ ਅਲਬਰਟਾ ਦੀ ਰਾਜਧਾਨੀ ਐਡਮਿੰਟਨ ਦੇ ਟਾਊਨ ਹੋਮ ਕੰਪਲੈਕਸ 'ਚ 16 ਸਾਲਾ ਭਾਰਤੀ ਮੂਲ ਦੀ ਲੜਕੀ ਦੀ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ ਗਈ। ਬੇਸ਼ੱਕ ਪੁਲਿਸ ਨੇ ਮ੍ਰਿਤਕਾ ਦੀ ਪਛਾਣ ਜਾਰੀ ਨਹੀਂ ਕੀਤੀ ਪਰ ਜਨਤਕ ਹੋਈ ਜਾਣਕਾਰੀ ਮੁਤਾਬਕ ਉਸ ਦਾ ਨਾਮ ਜੈਜ਼ਮੀਨ ਧਾਮੀ ਉਰਫ਼ ਢੇਸੀ ਹੈ, ਜੋ ਉੱਥੇ ਕਿਸੇ ਨੂੰ ਮਿਲਣ ਗਈ ਸੀ। ਘਟਨਾ 129 ਐਵੇਨਿਊ ਅਤੇ 16 ਸਟਰੀਟ ਖੇਤਰ ਨੇੜਲੇ ਟਾਊਨ ਹੋਮ ਕੰਪਲੈਕਸ ਵਿਚ ਵਾਪਰੀ। ਪੁਲਿਸ ਨੇ ਦੱਸਿਆ ਕਿ ਮੌਕੇ 'ਤੇ ਪਹੁੰਚਣ ਮਗਰੋਂ ਉਨ੍ਹਾਂ ਨੂੰ ਲੜਕੀ ਗੰਭੀਰ ਹਾਲਤ 'ਚ ਮਿਲੀ ਅਤੇ ਹਸਪਤਾਲ ਪਹੁੰਚਾਏ ਜਾਣ ਤੋਂ ਪਹਿਲਾਂ ਹੀ ਉਸ ਦੀ ਮੌਤ ਹੋ ਗਈ। ਪੁਲਿਸ ਉਸ ਦੇ ਹਾਣੀ ਨਾਬਾਲਗ ਲੜਕੇ ਨੂੰ ਹਿਰਾਸਤ ਵਿਚ ਲੈ ਕੇ ਪੁੱਛ-ਪੜਤਾਲ ਕਰ ਰਹੀ ਹੈ। ਪੁਲਿਸ ਨੇ ਹੱਤਿਆ ਦੇ ਕਾਰਨ ਬਾਰੇ ਕੁਝ ਨਹੀਂ ਦੱਸਿਆ।



ਰੋਜ਼ਾਨਾਂ ਤਾਜ਼ੀਆਂ ਖ਼ਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ : www.punjabmailusa.com

## ਸ਼ਰਾਬ ਦੇ ਨਸ਼ੇ 'ਚ ਡੰਪ ਟਰੱਕ ਚਲਾਉਂਦਾ ਪੰਜਾਬੀ ਡਰਾਈਵਰ ਗ੍ਰਿਫ਼ਤਾਰ

**ਪੁਲਿਸ ਨੇ ਡਰਾਈਵਿੰਗ ਲਾਇਸੈਂਸ ਕੀਤਾ ਮੁਅੱਤਲ; ਟਰੱਕ ਵੀ ਜ਼ਬਤ**



ਵਿਨੀਪੈੱਗ, (ਪੰਜਾਬ ਮੇਲ)- ਓਨਟਾਰੀਓ ਸੂਬੇ ਦੇ ਕੈਲੇਡਨ ਇਲਾਕੇ 'ਚ ਪੁਲਿਸ ਨੇ ਸ਼ਰਾਬ ਦੇ ਨਸ਼ੇ ਵਿਚ ਟਰੱਕ ਚਲਾਉਣ ਦੇ ਦੋਸ਼ ਹੇਠ ਬਰੈਂਪਟਨ ਦੇ ਰਹਿਣ ਵਾਲੇ 33 ਸਾਲਾ ਚਮਕੌਰ ਸੰਧੂ ਨੂੰ ਗ੍ਰਿਫ਼ਤਾਰ ਕੀਤਾ ਹੈ। ਇਸ ਘਟਨਾ ਨੇ ਇੱਕ ਵਾਰ ਫਿਰ ਸੜਕੀ ਸੁਰੱਖਿਆ ਅਤੇ ਨਸ਼ੇ ਵਿਚ ਗੱਡੀ ਚਲਾਉਣ ਦੇ ਗੰਭੀਰ ਮੁੱਦੇ ਨੂੰ ਉਭਾਰਿਆ ਹੈ।

ਓਨਟਾਰੀਓ ਪ੍ਰੋਵਿੰਸ਼ੀਅਲ ਪੁਲਿਸ (ਓ.ਪੀ.ਪੀ.) ਦੇ ਅਧਿਕਾਰੀਆਂ ਅਨੁਸਾਰ, ਇਹ ਮਾਮਲਾ ਉਦੋਂ ਸਾਹਮਣੇ ਆਇਆ, ਜਦੋਂ ਪੁਲਿਸ ਗਸ਼ਤ ਦੌਰਾਨ ਮਾਊਂਟੇਨਵਿਊ ਰੋਡ ਅਤੇ ਐਸਕਾਰਪਮੈਂਟ ਸਾਈਡ ਰੋਡ ਦੇ ਖੇਤਰ ਵਿਚ ਸੀ। ਉੱਥੇ ਇੱਕ ਡੰਪ ਟਰੱਕ ਨੂੰ ਉਸ ਸੜਕ 'ਤੇ ਜਾਂਦਿਆਂ ਵੇਖਿਆ ਗਿਆ, ਜਿੱਥੇ ਭਾਰੀ ਵਾਹਨਾਂ ਦੇ ਜਾਣ 'ਤੇ ਸਖ਼ਤ ਮਨਾਹੀ ਹੈ।

ਸ਼ੱਕ ਪੈਣ 'ਤੇ ਪੁਲਿਸ ਨੇ ਤੁਰੰਤ ਟਰੱਕ ਨੂੰ ਰੋਕ ਲਿਆ। ਪੁੱਛਗਿੱਛ ਦੌਰਾਨ ਅਧਿਕਾਰੀਆਂ ਨੇ ਪਾਇਆ ਕਿ ਡਰਾਈਵਰ ਚਮਕੌਰ ਸੰਧੂ ਨੇ ਭਾਰੀ ਮਾਤਰਾ ਵਿਚ ਸ਼ਰਾਬ ਪੀਤੀ ਹੋਈ ਸੀ ਅਤੇ ਉਹ ਵਾਹਨ ਨੂੰ ਸੁਰੱਖਿਅਤ ਢੰਗ ਨਾਲ ਕੰਟਰੋਲ ਕਰਨ ਦੇ ਸਮਰੱਥ ਨਹੀਂ ਸੀ।

ਪੁਲਿਸ ਨੇ ਡਰਾਈਵਰ ਵਿਰੁੱਧ ਨਸ਼ੇ ਦੀ ਹਾਲਤ ਵਿਚ ਟਰੱਕ ਚਲਾਉਣ, ਨਸ਼ੇ ਦੀ ਮੌਜੂਦਗੀ ਅਤੇ ਪਾਬੰਦੀਸ਼ੁਦਾ ਰਸਤੇ 'ਤੇ ਗ਼ੈਰ-ਕਾਨੂੰਨੀ ਢੰਗ ਨਾਲ ਭਾਰੀ ਵਾਹਨ ਲਿਜਾਣ ਦੇ ਦੋਸ਼ ਲਾਏ ਹਨ। ਪ੍ਰਸ਼ਾਸਨਿਕ ਕਾਰਵਾਈ ਕਰਦਿਆਂ ਪੁਲਿਸ ਨੇ ਟਰੱਕ ਨੂੰ 7 ਦਿਨਾਂ ਲਈ ਜ਼ਬਤ ਕਰ ਲਿਆ ਹੈ ਅਤੇ ਦੋਸ਼ੀ ਦਾ ਡਰਾਈਵਿੰਗ ਲਾਇਸੰਸ 90 ਦਿਨਾਂ ਲਈ ਮੁਅੱਤਲ ਕਰ ਦਿੱਤਾ ਗਿਆ ਹੈ।

ਚਮਕੌਰ ਸੰਧੂ ਨੂੰ ਇਸ ਮਾਮਲੇ ਸਬੰਧੀ ਅਗਲੇ ਮਹੀਨੇ ਅਦਾਲਤ ਵਿਚ ਪੇਸ਼ ਹੋਣਾ ਪਵੇਗਾ। ਜ਼ਿਕਰਯੋਗ ਹੈ ਕਿ ਕੈਨੇਡਾ ਵਿਚ ਕਮਰਸ਼ੀਅਲ (ਟਰੱਕ ਜਾਂ ਬੱਸ) ਡਰਾਈਵਰਾਂ ਲਈ ਕਾਨੂੰਨ ਬਹੁਤ ਸਖ਼ਤ ਹਨ ਅਤੇ ਖ਼ੂਨ ਵਿਚ ਅਲਕੋਹਲ ਦੀ ਮਾਤਰਾ ਸਬੰਧੀ ਇੱਥੇ 'ਜ਼ੀਰੋ-ਟਾਲਰੈਂਸ' ਨੀਤੀ ਲਾਗੂ ਹੈ।



Designed By Punjab Mail USA

# ਗਮਾਡਾ ਦੇ 15 ਹਜ਼ਾਰ ਕਰੋੜ ਰੁਪਏ ਦੇ ਫੰਡ ਨੂੰ ਲੈ ਕੇ ਪੰਜਾਬ ਦੀ ਸਿਆਸਤ ਗਰਮਾਈ

**ਚੰਡੀਗੜ੍ਹ, (ਪੰਜਾਬ ਮੇਲ)-** ਗ੍ਰੇਟਰ ਮੋਹਾਲੀ ਏਰੀਆ ਡਿਵੈਲਪਮੈਂਟ ਅਥਾਰਟੀ, ਯਾਨੀ ਗਮਾਡਾ ਵੱਲੋਂ 15 ਹਜ਼ਾਰ ਕਰੋੜ ਰੁਪਏ ਇਕੱਠੇ ਕਰਨ ਦੀ ਯੋਜਨਾ ਨੂੰ ਲੈ ਕੇ ਪੰਜਾਬ ਵਿਚ ਵੱਡਾ ਸਿਆਸੀ ਵਿਵਾਦ ਖੜ੍ਹਾ ਹੋ ਗਿਆ ਹੈ। ਵਿਰੋਧੀ ਧਿਰ ਨੇ ਇਸ ਯੋਜਨਾ ਦੇ ਖਰਚੇ, ਵਿਆਜ ਅਤੇ ਪੈਸੇ ਦੀ ਵਰਤੋਂ ਬਾਰੇ ਪੰਜਾਬ ਸਰਕਾਰ ਤੋਂ ਪੂਰੀ ਜਾਣਕਾਰੀ ਜਨਤਕ ਕਰਨ ਦੀ ਮੰਗ ਕੀਤੀ ਹੈ। ਸਰਕਾਰ ਦਾ ਕਹਿਣਾ ਹੈ ਕਿ ਇਸ ਨੂੰ ਸਿੱਧਾ "ਕਰਜ਼ਾ" ਕਹਿਣਾ ਠੀਕ ਨਹੀਂ ਅਤੇ ਇਹ ਬੁਨਿਆਦੀ ਢਾਂਚੇ ਲਈ ਇੰਫਰਾਸਟਰੱਕਚਰ ਡਿਵੈਲਪਮੈਂਟ ਬਾਂਡ ਪ੍ਰੋਗਰਾਮ ਹੈ।

ਰਿਪੋਰਟਾਂ ਮੁਤਾਬਕ ਗਮਾਡਾ ਨੇ 15 ਹਜ਼ਾਰ ਕਰੋੜ ਰੁਪਏ ਇਕੱਠੇ ਕਰਨ ਲਈ ਗੁਜਰਾਤ ਦੀ ਟਿਪਸਨਸ ਕੰਸਲਟੇਂਸੀ ਸਰਵਿਸੇਸ ਪ੍ਰਾਇਵੇਟ ਲਿਮਿਟੇਡ ਨੂੰ ਮਰਚੈਂਟ ਬੈਂਕਰ ਵਜੋਂ ਚੁਣਿਆ ਹੈ। ਪੂਰੀ ਰਕਮ ਇਕੱਠੀ ਹੋਣ 'ਤੇ ਕੰਪਨੀ ਨੂੰ ਲਗਭਗ 191.16 ਕਰੋੜ ਰੁਪਏ ਫੀਸ ਦਿੱਤੀ ਜਾਵੇਗੀ। ਪੰਜਾਬ ਦੇ ਮੁੱਖ ਸਕੱਤਰ ਅਤੇ ਗਮਾਡਾ ਚੇਅਰਪਰਸਨ ਕੇ.ਏ.ਪੀ. ਸਿਨ੍ਹਾ ਨੇ ਕਿਹਾ ਹੈ ਕਿ ਕੰਪਨੀ ਦੀ ਚੋਣ ਖੁੱਲ੍ਹੇ ਟੈਂਡਰ ਰਾਹੀਂ ਹੋਈ ਹੈ ਅਤੇ ਫੀਸ ਪੈਸਾ ਇਕੱਠਾ ਹੋਣ ਤੋਂ ਬਾਅਦ ਹੀ ਦਿੱਤੀ ਜਾਵੇਗੀ।

ਵਿਰੋਧੀ ਧਿਰ ਦੇ ਨੇਤਾ ਪ੍ਰਤਾਪ ਸਿੰਘ ਬਾਜਵਾ ਨੇ ਸਵਾਲ ਕੀਤਾ ਹੈ ਕਿ ਜੇ ਸਰਕਾਰ 15 ਹਜ਼ਾਰ ਕਰੋੜ ਦਾ ਪ੍ਰਬੰਧ ਕਰ ਸਕਦੀ ਹੈ, ਤਾਂ ਵਿਚਕਾਰਲੀ ਕੰਪਨੀ ਨੂੰ ਕਰੀਬ 191 ਕਰੋੜ ਰੁਪਏ ਕਿਉਂ ਦਿੱਤੇ ਜਾਣ। ਉਨ੍ਹਾਂ ਦਾ ਦਾਅਵਾ ਹੈ ਕਿ ਜੇ ਸਾਲਾਨਾ ਵਿਆਜ ਦਾ ਬੋਝ ਲਗਭਗ 1,200 ਕਰੋੜ ਰੁਪਏ ਰਿਹਾ, ਤਾਂ ਲੰਮੇ ਸਮੇਂ ਵਿਚ ਪੰਜਾਬ ਉੱਤੇ ਵੱਡੀ ਵਿੱਤੀ ਜ਼ਿੰਮੇਵਾਰੀ ਬਣ ਸਕਦੀ ਹੈ। ਬਾਜਵਾ ਨੇ ਵਿਆਜ ਦਰ, ਵਾਪਸੀ ਦੀ ਮਿਆਦ, ਗਾਰੰਟੀ ਅਤੇ ਪੈਸੇ ਦੀ ਵਰਤੋਂ ਦਾ ਪੂਰਾ ਵੇਰਵਾ ਜਨਤਕ ਕਰਨ ਦੀ ਮੰਗ ਕੀਤੀ ਹੈ।

ਗਮਾਡਾ ਦਾ ਕਹਿਣਾ ਹੈ ਕਿ ਇਹ ਪੈਸਾ ਏਰੋਟ੍ਰੋਪੋਲਿਸ, ਈਕੋ ਸਿਟੀ-3 ਅਤੇ ਸੈਕਟਰ 87, 101 ਤੇ 103 ਸਮੇਤ ਵੱਡੇ ਵਿਕਾਸ ਪ੍ਰੋਜੈਕਟਾਂ ਅਤੇ ਹਜ਼ਾਰਾਂ ਏਕੜ ਜ਼ਮੀਨ ਦੀ ਪ੍ਰਾਪਤੀ ਲਈ ਵਰਤਿਆ ਜਾਵੇਗਾ। ਸਰਕਾਰ ਮੁਤਾਬਕ ਇਸ ਨਾਲ ਮੋਹਾਲੀ ਖੇਤਰ ਵਿਚ ਰਿਹਾਇਸ਼ੀ, ਵਪਾਰਕ ਅਤੇ ਉਦਯੋਗਿਕ ਵਿਕਾਸ ਤੇਜ਼ ਹੋਵੇਗਾ।

ਇਸ ਮਾਮਲੇ ਵਿਚ ਵਿਰੋਧੀ ਧਿਰ ਦੇ ਦੋਸ਼ ਅਤੇ ਸਰਕਾਰ ਦਾ ਜਵਾਬ ਦੋਵੇਂ ਸਾਹਮਣੇ ਹਨ; ਇਸ ਵੇਲੇ ਕਿਸੇ ਵਿੱਤੀ ਗੜਬੜ ਦਾ ਕੋਈ ਨਿਆਂਇਕ ਨਤੀਜਾ ਸਾਹਮਣੇ ਨਹੀਂ ਆਇਆ।

## ਪੰਜਾਬ ਵਿਜੀਲੈਂਸ ਮੁਖੀ ਦੇ ਰੀਡਰ ਓਮ ਪ੍ਰਕਾਸ਼ ਰਾਣਾ ਦੀ ਜ਼ਮਾਨਤ ਅਰਜ਼ੀ ਰੱਦ

**ਚੰਡੀਗੜ੍ਹ, (ਪੰਜਾਬ ਮੇਲ)-** ਚੰਡੀਗੜ੍ਹ ਦੀ ਵਿਸ਼ੇਸ਼ ਸੀ.ਬੀ.ਆਈ. ਅਦਾਲਤ ਨੇ ਪੰਜਾਬ ਵਿਜੀਲੈਂਸ ਬਿਊਰੋ ਦੇ ਪੁਲਿਸ ਮੁਖੀ ਦੇ ਰੀਡਰ ਓਮ ਪ੍ਰਕਾਸ਼ ਸਿੰਘ ਰਾਣਾ ਦੀ ਜ਼ਮਾਨਤ ਅਰਜ਼ੀ ਰੱਦ ਕਰ ਦਿੱਤੀ ਹੈ। ਰਾਣਾ ਨੂੰ 13 ਲੱਖ ਰੁਪਏ ਦੀ ਕਥਿਤ ਰਿਸ਼ਵਤ ਨਾਲ ਜੁੜੇ ਮਾਮਲੇ ਵਿਚ ਸੀ.ਬੀ.ਆਈ. ਵੱਲੋਂ ਗ੍ਰਿਫ਼ਤਾਰ ਕੀਤਾ ਗਿਆ ਸੀ। ਅਦਾਲਤ ਨੇ ਦੋਵਾਂ ਧਿਰਾਂ ਦੀਆਂ ਦਲੀਲਾਂ ਸੁਣਨ ਤੋਂ ਬਾਅਦ ਉਸ ਨੂੰ ਇਸ ਪੜਾਅ ਉੱਤੇ ਜ਼ਮਾਨਤ ਦੇਣ ਤੋਂ ਇਨਕਾਰ ਕਰ ਦਿੱਤਾ। ਇਹ ਮਾਮਲਾ ਮਲੋਟ ਵਿਚ ਤਾਇਨਾਤ ਰਾਜ ਕਰ ਅਧਿਕਾਰੀ ਅਮਿਤ ਕੁਮਾਰ ਦੀ ਸ਼ਿਕਾਇਤ ਉੱਤੇ ਦਰਜ ਕੀਤਾ ਗਿਆ ਸੀ। ਸੀ.ਬੀ.ਆਈ. ਮੁਤਾਬਕ ਅਮਿਤ ਕੁਮਾਰ ਵਿਰੁੱਧ ਪੰਜਾਬ ਵਿਜੀਲੈਂਸ ਕੋਲ ਆਮਦਨ ਤੋਂ ਵੱਧ ਜਾਇਦਾਦ ਬਣਾਉਣ ਨਾਲ ਸਬੰਧਤ ਇੱਕ ਕਥਿਤ ਸ਼ਿਕਾਇਤ ਲੰਬਿਤ ਦੱਸੀ ਗਈ ਸੀ। ਜਾਂਚ ਏਜੰਸੀ ਦਾ ਦਾਅਵਾ ਹੈ ਕਿ ਰਾਘਵ ਗੋਇਲ ਅਤੇ ਵਿਕਾਸ ਉਰਫ਼ ਵਿੱਕੀ ਗੋਇਲ ਨੇ 29 ਅਪ੍ਰੈਲ 2026 ਨੂੰ ਸ਼ਿਕਾਇਤਕਰਤਾ ਦੀ ਮੁਲਾਕਾਤ ਓਮ ਪ੍ਰਕਾਸ਼ ਰਾਣਾ ਨਾਲ ਉਸ ਦੇ ਦਫ਼ਤਰ ਵਿਚ ਕਰਵਾਈ ਸੀ। ਸੀ.ਬੀ.ਆਈ. ਦਾ ਦੋਸ਼ ਹੈ ਕਿ ਇਸ ਮਾਮਲੇ ਨੂੰ ਨਿਪਟਾਉਣ ਬਦਲੇ 13 ਲੱਖ ਰੁਪਏ ਅਤੇ ਸੈਮਸੰਗ ਗਲੈਕਸੀ ਜ਼ੈੱਡ ਫੋਲਡ-7 ਮੋਬਾਈਲ ਫ਼ੋਨ ਦੀ ਕਥਿਤ ਮੰਗ ਕੀਤੀ ਗਈ।

# 2027 ਦੀਆਂ ਚੋਣਾਂ ਲਈ ਪੰਜਾਬ 'ਚ ਵੱਡੀ ਟੀਮ ਉਤਾਰਨ ਦੀ ਤਿਆਰੀ 'ਚ ਭਾਜਪਾ

**ਨਵੀਂ ਦਿੱਲੀ, (ਪੰਜਾਬ ਮੇਲ)-** ਭਾਰਤੀ ਜਨਤਾ ਪਾਰਟੀ ਨੇ 2027 ਦੀਆਂ ਪੰਜਾਬ ਵਿਧਾਨ ਸਭਾ ਚੋਣਾਂ ਲਈ ਆਪਣੀਆਂ ਤਿਆਰੀਆਂ ਤੇਜ਼ ਕਰ ਦਿੱਤੀਆਂ ਹਨ। ਪਾਰਟੀ ਵੱਲੋਂ ਕੇਂਦਰੀ ਜਲ ਸ਼ਕਤੀ ਮੰਤਰੀ ਚੰਦਰਕਾਂਤ ਰਘੂਨਾਥ ਪਾਟਿਲ ਨੂੰ ਪੰਜਾਬ ਦਾ ਚੋਣ ਇੰਚਾਰਜ ਬਣਾਏ ਜਾਣ ਦੀ ਸੰਭਾਵਨਾ ਹੈ। ਹਾਲਾਂਕਿ ਉਨ੍ਹਾਂ ਦੀ ਨਿਯੁਕਤੀ ਦਾ ਰਸਮੀ ਐਲਾਨ ਅਜੇ ਨਹੀਂ ਹੋਇਆ, ਇਸ ਲਈ ਇਸਨੂੰ ਫਿਲਹਾਲ ਪਾਰਟੀ ਸੂਤਰਾਂ ਉੱਤੇ ਆਧਾਰਿਤ ਜਾਣਕਾਰੀ ਹੀ ਮੰਨਿਆ ਜਾਵੇਗਾ।

ਪਾਟਿਲ ਨੂੰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੇ ਭਰੋਸੇਯੋਗ ਆਗੂਆਂ ਵਿਚ ਗਿਣਿਆ ਜਾਂਦਾ ਹੈ। ਉਹ ਗੁਜਰਾਤ ਭਾਜਪਾ ਦੇ ਪ੍ਰਧਾਨ ਰਹਿ ਚੁੱਕੇ ਹਨ ਅਤੇ ਪਾਰਟੀ ਦੀਆਂ ਕਈ ਚੋਣ ਮੁਹਿੰਮਾਂ ਸੰਭਾਲ ਚੁੱਕੇ ਹਨ। ਭਾਜਪਾ ਨੂੰ ਉਮੀਦ ਹੈ ਕਿ ਉਨ੍ਹਾਂ ਦੇ ਤਜ਼ਰਬੇ ਨਾਲ ਪੰਜਾਬ ਵਿਚ ਪਾਰਟੀ ਦੀ ਜਥੇਬੰਦੀ ਮਜ਼ਬੂਤ ਕਰਨ, ਵਰਕਰਾਂ ਨੂੰ ਸਰਗਰਮ ਕਰਨ ਅਤੇ ਉਮੀਦਵਾਰਾਂ ਦੀ ਚੋਣ ਕਰਨ ਵਿਚ ਮਦਦ ਮਿਲੇਗੀ।

ਇਸ ਤੋਂ ਇੱਕ ਦਿਨ ਪਹਿਲਾਂ ਰਾਜ ਸਭਾ ਮੈਂਬਰ ਸਤੀਸ਼ ਪੂਨੀਆ ਨੂੰ ਪੰਜਾਬ ਭਾਜਪਾ ਦਾ ਨਵਾਂ ਇੰਚਾਰਜ ਬਣਾਇਆ ਗਿਆ ਸੀ। ਪੂਨੀਆ ਪੰਜਾਬ ਭਾਜਪਾ ਦੇ ਨਾਰਾਜ਼ ਅਤੇ ਸੀਨੀਅਰ ਆਗੂਆਂ ਨਾਲ ਗੱਲਬਾਤ ਸ਼ੁਰੂ ਕਰ ਸਕਦੇ ਹਨ। ਸੂਬਾ ਇਕਾਈ ਵਿੱਚ ਕੁਝ ਜ਼ਿਲ੍ਹਾ ਪ੍ਰਧਾਨਾਂ ਨੂੰ ਨਿਯੁਕਤੀ ਤੋਂ ਸਿਰਫ਼ 13 ਦਿਨਾਂ ਬਾਅਦ ਬਦਲਣ ਅਤੇ ਨਵੀਂ ਸੂਬਾਈ ਟੀਮ ਬਣਾਉਣ ਕਾਰਨ ਨਾਰਾਜ਼ਗੀ ਸਾਹਮਣੇ ਆਈ ਸੀ। ਪੂਨੀਆ ਨੂੰ ਇਹ ਮਤਭੇਦ ਘਟਾਉਣ ਦੀ ਜ਼ਿੰਮੇਵਾਰੀ ਦਿੱਤੀ ਗਈ ਹੈ।

ਭਾਜਪਾ ਨੇ ਸਾਬਕਾ ਪੰਜਾਬ ਵਿੱਤ ਮੰਤਰੀ ਮਨਪ੍ਰੀਤ ਸਿੰਘ ਬਾਦਲ ਨੂੰ ਕੌਮੀ ਮੀਤ ਪ੍ਰਧਾਨ ਬਣਾਇਆ ਹੈ। ਪਾਰਟੀ ਮੰਨਦੀ ਹੈ ਕਿ ਇਸ ਨਾਲ ਪੰਜਾਬ ਦੇ ਸਿੱਖ ਅਤੇ ਪੇਂਡੂ ਵੋਟਰਾਂ ਤੱਕ ਪਹੁੰਚ ਵਧਾਉਣ ਵਿਚ ਮਦਦ ਮਿਲ ਸਕਦੀ ਹੈ।

ਭਾਜਪਾ ਦੀ ਸੂਬਾਈ ਲੀਡਰਸ਼ਿਪ ਲਗਾਤਾਰ ਕਹਿ ਰਹੀ ਹੈ ਕਿ ਪਾਰਟੀ ਪੰਜਾਬ ਦੀਆਂ ਸਾਰੀਆਂ 117 ਵਿਧਾਨ ਸਭਾ ਸੀਟਾਂ ਉੱਤੇ ਆਪਣੇ ਦਮ 'ਤੇ ਚੋਣ ਲੜੇਗੀ। ਦੂਜੇ ਪਾਸੇ, ਅਕਾਲੀ ਦਲ ਨਾਲ ਮੁੜ ਗੱਠਜੋੜ ਦੀਆਂ ਚਰਚਾਵਾਂ ਵੀ ਚੱਲ ਰਹੀਆਂ ਹਨ, ਪਰ ਅਜੇ ਤੱਕ ਦੋਵਾਂ ਪਾਰਟੀਆਂ ਵੱਲੋਂ ਕੋਈ ਰਸਮੀ ਸਮਝੌਤਾ ਨਹੀਂ ਕੀਤਾ ਗਿਆ।

# ਸਤਿੰਦਰ ਜੈਨ ਦੀ ਗ੍ਰਿਫ਼ਤਾਰੀ ਪਿੱਛੇ ਪੰਜਾਬ ਚੋਣਾਂ ਦਾ ਸਬੰਧ ਹੋਣ ਦਾ 'ਆਪ' ਵੱਲੋਂ ਦਾਅਵਾ

**ਚੰਡੀਗੜ੍ਹ, (ਪੰਜਾਬ ਮੇਲ)-** ਆਮ ਆਦਮੀ ਪਾਰਟੀ ਦੇ ਸੀਨੀਅਰ ਆਗੂ ਅਤੇ ਦਿੱਲੀ ਦੇ ਸਾਬਕਾ ਮੰਤਰੀ ਸਤਿੰਦਰ ਜੈਨ ਦੀ ਗ੍ਰਿਫ਼ਤਾਰੀ ਨੂੰ ਲੈ ਕੇ ਪੰਜਾਬ ਵਿਚ ਸਿਆਸੀ ਵਿਵਾਦ ਭਖ ਗਿਆ ਹੈ। ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਅਤੇ 'ਆਪ' ਦੇ ਹੋਰ ਆਗੂਆਂ ਨੇ ਦਾਅਵਾ ਕੀਤਾ ਹੈ ਕਿ ਇਹ ਕਾਰਵਾਈ 2027 ਦੀਆਂ ਪੰਜਾਬ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਪਾਰਟੀ ਉੱਤੇ ਦਬਾਅ ਬਣਾਉਣ ਦੀ ਸਿਆਸੀ ਕੋਸ਼ਿਸ਼ ਹੈ। ਇੱਥੇ ਇਹ ਸਪੱਸ਼ਟ ਕਰਨਾ ਜ਼ਰੂਰੀ ਹੈ ਕਿ ਸਤਿੰਦਰ ਜੈਨ ਨੂੰ ਇਸ ਵਾਰ ਇਨਫੋਰਸਮੈਂਟ ਡਾਇਰੈਕਟੋਰੇਟ ਨੇ ਨਹੀਂ, ਸਗੋਂ ਦਿੱਲੀ ਸਰਕਾਰ ਦੀ ਭ੍ਰਿਸ਼ਟਾਚਾਰ ਵਿਰੋਧੀ ਸ਼ਾਖਾ ਨੇ ਦਿੱਲੀ ਜਲ ਬੋਰਡ ਨਾਲ ਸਬੰਧਤ ਕਥਿਤ ਟੈਂਡਰ ਘੁਟਾਲੇ ਵਿਚ ਗ੍ਰਿਫ਼ਤਾਰ ਕੀਤਾ ਹੈ।

## ਲੁਧਿਆਣਾ ਦੇ ਪੀਜ਼ਾ ਸਟੋਰ 'ਚ 3 ਸਕਿੰਟਾਂ ਦੌਰਾਨ 3 ਗੋਲੀਆਂ ਚੱਲੀਆਂ; ਹਮਲਾਵਰਾਂ ਦੀ ਭਾਲ ਜਾਰੀ

**ਲੁਧਿਆਣਾ, (ਪੰਜਾਬ ਮੇਲ)-** ਸ਼ਹਿਰ ਦੇ ਬੀ.ਆਰ.ਐੱਸ. ਨਗਰ ਦੇ ਜੇ-ਬਲਾਕ ਵਿਚ ਸਥਿਤ ਇੱਕ ਪੀਜ਼ਾ ਸਟੋਰ ਅੰਦਰ ਹੋਈ ਗੋਲੀਬਾਰੀ ਦੀ ਸੀ.ਸੀ.ਟੀ.ਵੀ. ਫੁਟੇਜ ਸਾਹਮਣੇ ਆਉਣ ਮਗਰੋਂ ਪੁਲਿਸ ਨੇ ਹਮਲਾਵਰਾਂ ਦੀ ਭਾਲ ਤੇਜ਼ ਕਰ ਦਿੱਤੀ ਹੈ। ਫੁਟੇਜ ਵਿਚ ਦਿਖਾਈ ਦਿੰਦਾ ਹੈ ਕਿ ਦੋ ਵਿਅਕਤੀ ਸਟੋਰ ਅੰਦਰ ਬੈਠ ਕੇ ਗੱਲਬਾਤ ਕਰ ਰਹੇ ਸਨ। ਇਸੇ ਦੌਰਾਨ ਟੋਪੀ ਪਹਿਨਿਆ ਇੱਕ ਨੌਜਵਾਨ ਆਪਣੇ ਸਾਥੀ ਨਾਲ ਅੰਦਰ ਦਾਖ਼ਲ ਹੋਇਆ ਅਤੇ ਉਸ ਨੇ ਪਿਸਤੌਲ ਨਾਲ ਲਗਾਤਾਰ ਤਿੰਨ ਗੋਲੀਆਂ ਚਲਾ ਦਿੱਤੀਆਂ। ਇਹ ਸਾਰੀ ਘਟਨਾ ਸਿਰਫ਼ ਤਿੰਨ ਸਕਿੰਟਾਂ ਵਿਚ ਵਾਪਰੀ ਦੱਸੀ ਜਾ ਰਹੀ ਹੈ।

# ਕਾਂਗਰਸ ਪ੍ਰਧਾਨ ਰਾਜਾ ਵੜਿੰਗ ਨੇ ਅਸਤੀਫ਼ੇ ਦੀਆਂ ਚਰਚਾਵਾਂ ਨੂੰ ਕੀਤਾ ਰੱਦ



**ਚੰਡੀਗੜ੍ਹ, (ਪੰਜਾਬ ਮੇਲ)-** ਪੰਜਾਬ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਸੂਬਾ ਕਾਂਗਰਸ ਵਿਚ ਚੱਲ ਰਹੀ ਅੰਦਰੂਨੀ ਖਿੱਚੋਤਾਣ ਇੱਕ ਵਾਰ ਫਿਰ ਖੁੱਲ੍ਹ ਕੇ ਸਾਹਮਣੇ ਆ ਗਈ ਹੈ। ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਆਪਣੇ ਅਹੁਦੇ ਤੋਂ ਅਸਤੀਫ਼ਾ ਦੇਣ ਦੀਆਂ ਚਰਚਾਵਾਂ ਨੂੰ ਪੂਰੀ ਤਰ੍ਹਾਂ ਰੱਦ ਕਰਦਿਆਂ ਕਿਹਾ ਹੈ ਕਿ ਉਹ ਪਾਰਟੀ ਪ੍ਰਧਾਨ ਵਜੋਂ ਆਪਣੀ ਜ਼ਿੰਮੇਵਾਰੀ ਨਿਭਾਉਂਦੇ ਰਹਿਣਗੇ।

ਪਾਰਟੀ ਵਰਕਰਾਂ ਨੂੰ ਸੰਬੋਧਨ ਕਰਦਿਆਂ ਰਾਜਾ ਵੜਿੰਗ ਭਾਵੁਕ ਵੀ ਹੋ ਗਏ। ਉਨ੍ਹਾਂ ਕਿਹਾ ਕਿ ਆਮ ਆਦਮੀ ਪਾਰਟੀ ਅਤੇ ਭਾਰਤੀ ਜਨਤਾ ਪਾਰਟੀ ਵੱਲੋਂ ਉਨ੍ਹਾਂ ਨੂੰ ਨਿਸ਼ਾਨਾ ਬਣਾਇਆ ਜਾਣਾ ਸਮਝ ਆਉਂਦਾ ਹੈ, ਪਰ ਆਪਣੀ ਹੀ ਪਾਰਟੀ ਦੇ ਕੁਝ ਆਗੂਆਂ ਵੱਲੋਂ ਵਿਰੋਧ ਕੀਤੇ ਜਾਣ ਨਾਲ ਉਨ੍ਹਾਂ ਨੂੰ ਦੁੱਖ ਪਹੁੰਚਿਆ ਹੈ। ਵੜਿੰਗ ਨੇ ਸਪੱਸ਼ਟ ਕੀਤਾ ਕਿ ਉਹ ਕਿਸੇ ਦਬਾਅ ਹੇਠ ਅਹੁਦਾ ਨਹੀਂ ਛੱਡਣਗੇ ਅਤੇ ਪੰਜਾਬ ਵਿਚ ਕਾਂਗਰਸ ਨੂੰ ਮਜ਼ਬੂਤ ਕਰਨ ਲਈ ਕੰਮ ਜਾਰੀ ਰੱਖਣਗੇ।

ਪੰਜਾਬ ਕਾਂਗਰਸ ਅੰਦਰ ਪਿਛਲੇ ਕੁਝ ਸਮੇਂ ਤੋਂ ਲੀਡਰਸ਼ਿਪ ਅਤੇ 2027 ਦੀਆਂ ਚੋਣਾਂ ਵਿਚ ਮੁੱਖ ਮੰਤਰੀ ਦੇ ਚਿਹਰੇ ਨੂੰ ਲੈ ਕੇ ਵੱਖ-ਵੱਖ ਧੜਿਆਂ ਵਿਚਾਲੇ ਮਤਭੇਦਾਂ ਦੀਆਂ ਰਿਪੋਰਟਾਂ ਸਾਹਮਣੇ ਆ ਰਹੀਆਂ ਹਨ। ਸਾਬਕਾ ਮੁੱਖ ਮੰਤਰੀ ਚਰਨਜੀਤ ਸਿੰਘ ਚੰਨੀ, ਵਿਰੋਧੀ ਧਿਰ ਦੇ ਆਗੂ ਪ੍ਰਤਾਪ ਸਿੰਘ ਬਾਜਵਾ ਅਤੇ ਰਾਜਾ ਵੜਿੰਗ ਦੇ ਸਮਰਥਕਾਂ ਨੂੰ ਵੱਖ-ਵੱਖ ਧੜਿਆਂ ਵਜੋਂ ਦੇਖਿਆ ਜਾ ਰਿਹਾ ਹੈ। ਹਾਲਾਂਕਿ ਪਾਰਟੀ ਦੀ ਕੇਂਦਰੀ ਲੀਡਰਸ਼ਿਪ ਨੇ ਅਜੇ ਕਿਸੇ ਤਬਦੀਲੀ ਦਾ ਅਧਿਕਾਰਤ ਐਲਾਨ ਨਹੀਂ ਕੀਤਾ। ਰਾਜਾ ਵੜਿੰਗ ਦੇ ਤਾਜ਼ਾ ਬਿਆਨ ਤੋਂ ਸਪੱਸ਼ਟ ਹੈ ਕਿ ਪੰਜਾਬ ਕਾਂਗਰਸ ਅੰਦਰ ਸਭ ਕੁਝ ਠੀਕ ਨਹੀਂ ਹੈ। ਸਿਆਸੀ ਮਾਹਿਰਾਂ ਅਨੁਸਾਰ ਜੇ ਪਾਰਟੀ ਨੇ ਚੋਣਾਂ ਤੋਂ ਪਹਿਲਾਂ ਅੰਦਰੂਨੀ ਮਤਭੇਦ ਦੂਰ ਨਾ ਕੀਤੇ, ਤਾਂ ਇਸ ਦਾ ਸਿੱਧਾ ਲਾਭ ਆਮ ਆਦਮੀ ਪਾਰਟੀ, ਭਾਜਪਾ ਅਤੇ ਅਕਾਲੀ ਦਲ ਨੂੰ ਮਿਲ ਸਕਦਾ ਹੈ। ਦੂਜੇ ਪਾਸੇ, ਕਾਂਗਰਸ ਆਗੂ ਦਾਅਵਾ ਕਰ ਰਹੇ ਹਨ ਕਿ ਪਾਰਟੀ ਇਕਜੁੱਟ ਹੋ ਕੇ 2027 ਦੀਆਂ ਚੋਣਾਂ ਲੜੇਗੀ।

# ਪੰਜਾਬ ਅਤੇ ਹਰਿਆਣਾ ਹਾਈ ਕੋਰਟ ਲਈ ਨੌਂ ਨਵੇਂ ਵਧੀਕ ਜੱਜ ਨਿਯੁਕਤ




**ਚੰਡੀਗੜ੍ਹ, (ਪੰਜਾਬ ਮੇਲ)-** ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿਚ ਜੱਜਾਂ ਦੀ ਲੰਮੇ ਸਮੇਂ ਤੋਂ ਚੱਲ ਰਹੀ ਘਾਟ ਨੂੰ ਕੁਝ ਹੱਦ ਤੱਕ ਦੂਰ ਕਰਨ ਲਈ ਕੇਂਦਰ ਸਰਕਾਰ ਨੇ ਨੌਂ ਵਕੀਲਾਂ ਨੂੰ ਵਧੀਕ ਜੱਜ ਨਿਯੁਕਤ ਕਰਨ ਦੀ ਸੂਚਨਾ ਜਾਰੀ ਕਰ ਦਿੱਤੀ ਹੈ। ਇਹ ਸੂਚਨਾ 20 ਅਗਸਤ ਨੂੰ ਕੇਂਦਰੀ ਕਾਨੂੰਨ ਅਤੇ ਨਿਆਂ ਮੰਤਰਾਲੇ ਦੇ ਨਿਆਂ ਵਿਭਾਗ ਵੱਲੋਂ ਜਾਰੀ ਕੀਤੀ ਗਈ। ਨਵੇਂ ਜੱਜ ਆਪਣਾ ਅਹੁਦਾ ਸੰਭਾਲਣ ਤੋਂ ਪਹਿਲਾਂ ਹਾਈ ਕੋਰਟ ਵਿਚ ਸਹੁੰ ਚੁੱਕਣਗੇ।

ਇਨ੍ਹਾਂ ਵਕੀਲਾਂ ਦੇ ਨਾਵਾਂ ਦੀ ਪਹਿਲਾਂ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਦੇ ਕਾਲੇਜੀਅਮ ਵੱਲੋਂ ਸਿਫ਼ਾਰਸ਼ ਕੀਤੀ ਗਈ ਸੀ। ਇਸ ਤੋਂ ਬਾਅਦ ਨਿਯੁਕਤੀ ਦੀ ਤਜਵੀਜ਼ ਸੁਪਰੀਮ ਕੋਰਟ ਦੇ ਕਾਲੇਜੀਅਮ ਕੋਲ ਭੇਜੀ ਗਈ। ਸੁਪਰੀਮ ਕੋਰਟ ਕਾਲੇਜੀਅਮ ਦੀ ਮਨਜ਼ੂਰੀ ਮਿਲਣ ਮਗਰੋਂ ਕੇਂਦਰ ਸਰਕਾਰ ਨੇ ਰਾਸ਼ਟਰਪਤੀ ਦੀ ਪ੍ਰਵਾਨਗੀ ਨਾਲ ਨਿਯੁਕਤੀਆਂ ਦੀ ਅਧਿਕਾਰਤ ਸੂਚਨਾ ਜਾਰੀ ਕੀਤੀ।

ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿਚ ਜੱਜਾਂ ਦੀਆਂ ਕੁੱਲ 85 ਮਨਜ਼ੂਰਸ਼ੁਦਾ ਅਸਾਮੀਆਂ ਹਨ, ਪਰ ਨਵੀਆਂ ਨਿਯੁਕਤੀਆਂ ਤੋਂ ਪਹਿਲਾਂ ਸਿਰਫ਼ 55 ਜੱਜ ਹੀ ਕੰਮ ਕਰ ਰਹੇ ਸਨ। ਇਸ ਦਾ ਅਰਥ ਹੈ ਕਿ ਲਗਭਗ ਇੱਕ ਤਿਹਾਈ ਅਸਾਮੀਆਂ ਖਾਲੀ ਪਈਆਂ ਸਨ। ਨੌਂ ਨਵੇਂ ਜੱਜਾਂ ਦੇ ਅਹੁਦਾ ਸੰਭਾਲਣ ਨਾਲ ਹਾਈ ਕੋਰਟ ਵਿਚ ਕੰਮ ਕਰ ਰਹੇ ਜੱਜਾਂ ਦੀ ਗਿਣਤੀ ਵਧੇਗੀ, ਹਾਲਾਂਕਿ ਸਾਰੀਆਂ ਖਾਲੀ ਅਸਾਮੀਆਂ ਫਿਰ ਵੀ ਨਹੀਂ ਭਰਨਗੀਆਂ।

ਇਸ ਹਾਈ ਕੋਰਟ ਅਧੀਨ ਪੰਜਾਬ, ਹਰਿਆਣਾ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ ਚੰਡੀਗੜ੍ਹ ਦੇ ਕੇਸਾਂ ਦੀ ਸੁਣਵਾਈ ਹੁੰਦੀ ਹੈ। ਇੱਥੇ ਇਸ ਵੇਲੇ 4 ਲੱਖ 23 ਹਜ਼ਾਰ ਤੋਂ ਵੱਧ ਕੇਸ ਲੰਬਿਤ ਦੱਸੇ ਜਾ ਰਹੇ ਹਨ। ਇਨ੍ਹਾਂ ਵਿਚ ਜਾਇਦਾਦ, ਨੌਕਰੀ, ਪਰਿਵਾਰਕ ਝਗੜਿਆਂ ਅਤੇ ਹੋਰ ਦੀਵਾਨੀ ਮਾਮਲਿਆਂ ਦੇ ਨਾਲ ਗੰਭੀਰ ਫ਼ੌਜਦਾਰੀ ਕੇਸ ਵੀ ਸ਼ਾਮਲ ਹਨ। ਕਈ ਮਾਮਲੇ ਸਾਲਾਂ ਤੋਂ ਫ਼ੈਸਲੇ ਦੀ ਉਡੀਕ ਕਰ ਰਹੇ ਹਨ।

ਕਾਨੂੰਨੀ ਮਾਹਿਰਾਂ ਨੂੰ ਉਮੀਦ ਹੈ ਕਿ ਨਵੇਂ ਜੱਜਾਂ ਦੀ ਨਿਯੁਕਤੀ ਨਾਲ ਹੋਰ ਅਦਾਲਤੀ ਬੈਂਚ ਬਣ ਸਕਣਗੇ, ਕੇਸਾਂ ਦੀ ਸੁਣਵਾਈ ਦੀ ਰਫ਼ਤਾਰ ਵਧੇਗੀ ਅਤੇ ਲੋਕਾਂ ਨੂੰ ਸਮੇਂ ਸਿਰ ਇਨਸਾਫ਼ ਮਿਲਣ ਵਿਚ ਮਦਦ ਹੋਵੇਗੀ। ਫਿਰ ਵੀ ਲੰਬਿਤ ਕੇਸਾਂ ਦਾ ਵੱਡਾ ਬੋਝ ਘਟਾਉਣ ਲਈ ਬਾਕੀ ਖਾਲੀ ਅਸਾਮੀਆਂ ਨੂੰ ਵੀ ਜਲਦੀ ਭਰਨਾ ਜ਼ਰੂਰੀ ਹੋਵੇਗਾ।

# 2027 ਚੋਣਾਂ ਲਈ ਅਕਾਲੀ ਦਲ ਨਾਲ ਗਠਜੋੜ ਬਾਰੇ ਭਾਜਪਾ ਨੇ ਹਾਲੇ ਨਹੀਂ ਖੋਲ੍ਹੇ ਪੱਤੇ

**ਚੰਡੀਗੜ੍ਹ, (ਪੰਜਾਬ ਮੇਲ)-** ਪੰਜਾਬ ਵਿਚ 2027 ਦੀਆਂ ਵਿਧਾਨ ਸਭਾ ਚੋਣਾਂ ਨੂੰ ਲੈ ਕੇ ਭਾਰਤੀ ਜਨਤਾ ਪਾਰਟੀ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਮੁੜ ਇਕੱਠੇ ਹੋਣ ਦੀ ਚਰਚਾ ਜਾਰੀ ਹੈ, ਪਰ ਭਾਜਪਾ ਨੇ ਅਜੇ ਤੱਕ ਗਠਜੋੜ ਬਾਰੇ ਕੋਈ ਅੰਤਿਮ ਐਲਾਨ ਨਹੀਂ ਕੀਤਾ। ਭਾਜਪਾ ਆਗੂ ਅਤੇ ਰਾਜ ਸਭਾ ਮੈਂਬਰ ਤਰੁਣ ਚੁੱਘ ਨੇ ਤਾਜ਼ਾ ਇੰਟਰਵਿਊ ਵਿਚ ਕਿਹਾ ਕਿ ਪਾਰਟੀ ਚੋਣਾਂ ਇਕੱਲੀ ਲੜੇਗੀ ਜਾਂ ਕਿਸੇ ਹੋਰ ਪਾਰਟੀ ਨਾਲ ਸਮਝੌਤਾ ਕਰੇਗੀ, ਇਸ ਬਾਰੇ ਫੈਸਲਾ ਪਾਰਟੀ ਦੀ ਲੀਡਰਸ਼ਿਪ ਵੱਲੋਂ ਸਮੇਂ ਸਿਰ ਕੀਤਾ ਜਾਵੇਗਾ। ਫਿਲਹਾਲ ਭਾਜਪਾ ਦਾ ਮੁੱਖ ਧਿਆਨ ਪੰਜਾਬ ਵਿਚ ਆਪਣਾ ਸੰਗਠਨ ਮਜ਼ਬੂਤ ਕਰਨ ਅਤੇ ਜ਼ਮੀਨੀ ਪੱਧਰ ਉੱਤੇ ਤਿਆਰੀ ਕਰਨ 'ਤੇ ਹੈ।

ਚੁੱਘ ਨੇ ਕਿਹਾ ਕਿ ਭਾਜਪਾ ਪੰਜਾਬ ਵਿਚ ਬੂਥ ਪੱਧਰ ਤੱਕ ਪਾਰਟੀ ਢਾਂਚੇ ਨੂੰ ਮਜ਼ਬੂਤ ਕਰਨ, ਨਵੇਂ ਵਰਗਾਂ ਤੱਕ ਪਹੁੰਚ ਬਣਾਉਣ ਅਤੇ ਸੰਭਾਵੀ ਉਮੀਦਵਾਰ ਤਿਆਰ ਕਰਨ ਉੱਤੇ ਕੰਮ ਕਰ ਰਹੀ ਹੈ। ਉਨ੍ਹਾਂ ਮੁਤਾਬਕ ਪਾਰਟੀ ਦਲਿਤ ਭਾਈਚਾਰੇ ਸਮੇਤ ਵੱਖ-ਵੱਖ ਸਮਾਜਿਕ ਵਰਗਾਂ ਵਿਚ ਆਪਣਾ ਆਧਾਰ ਵਧਾਉਣ ਦੀ ਕੋਸ਼ਿਸ਼ ਕਰ ਰਹੀ ਹੈ।

ਦੂਜੇ ਪਾਸੇ, ਪਿਛਲੇ ਕੁਝ ਮਹੀਨਿਆਂ ਦੌਰਾਨ ਭਾਜਪਾ ਦੇ ਕਈ ਆਗੂ ਇਹ ਕਹਿੰਦੇ ਰਹੇ ਹਨ ਕਿ ਪਾਰਟੀ ਪੰਜਾਬ ਦੀਆਂ ਸਾਰੀਆਂ 117 ਵਿਧਾਨ ਸਭਾ ਸੀਟਾਂ ਉੱਤੇ ਆਪਣੇ ਦਮ 'ਤੇ ਲੜਨ ਦੀ ਤਿਆਰੀ ਕਰ ਰਹੀ ਹੈ। ਜੂਨ ਵਿਚ ਕੇਂਦਰੀ ਮੰਤਰੀ ਮਨੋਹਰ ਲਾਲ ਖੱਟਰ ਨੇ ਵੀ ਕਿਹਾ ਸੀ ਕਿ ਭਾਜਪਾ ਸਾਰੀਆਂ 117 ਸੀਟਾਂ ਉੱਤੇ ਇਕੱਲੀ ਚੋਣ ਲੜਨ ਦੇ ਸਮਰੱਥ ਹੈ, ਹਾਲਾਂਕਿ ਗਠਜੋੜ ਬਾਰੇ ਅੰਤਿਮ ਫੈਸਲਾ ਪਾਰਟੀ ਦੀ ਕੇਂਦਰੀ ਲੀਡਰਸ਼ਿਪ ਨੇ ਕਰਨਾ ਹੈ।

ਇਸ ਦੌਰਾਨ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਦੀ ਹਾਲੀਆ ਮੁਲਾਕਾਤ ਤੋਂ ਬਾਅਦ ਦੋਵਾਂ ਪਾਰਟੀਆਂ ਦੇ ਪੁਰਾਣੇ ਗਠਜੋੜ ਦੀ ਵਾਪਸੀ ਬਾਰੇ ਸਿਆਸੀ ਚਰਚਾ ਹੋਰ ਤੇਜ਼ ਹੋਈ ਹੈ। ਹਾਲਾਂਕਿ ਇਸ ਮੁਲਾਕਾਤ ਤੋਂ ਬਾਅਦ ਵੀ ਕਿਸੇ ਪੱਖ ਵੱਲੋਂ ਗਠਜੋੜ ਦੀ ਅਧਿਕਾਰਤ ਪੁਸ਼ਟੀ ਨਹੀਂ ਕੀਤੀ ਗਈ।

ਇਸ ਲਈ ਫਿਲਹਾਲ ਸਥਿਤੀ ਇਹ ਹੈ ਕਿ ਭਾਜਪਾ ਇਕੱਲੀ ਚੋਣ ਲੜਨ ਦੀ ਪੂਰੀ ਤਿਆਰੀ ਕਰ ਰਹੀ ਹੈ, ਪਰ ਅਕਾਲੀ ਦਲ ਨਾਲ ਭਵਿੱਖ ਦੇ ਸਮਝੌਤੇ ਦਾ ਦਰਵਾਜ਼ਾ ਪੂਰੀ ਤਰ੍ਹਾਂ ਬੰਦ ਹੋਇਆ ਨਹੀਂ ਮੰਨਿਆ ਜਾ ਸਕਦਾ।

ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ :
www.punjabmailusa.com

# ਰਾਹੁਲ ਗਾਂਧੀ ਦੇ ਪ੍ਰਦਰਸ਼ਨ ਤੋਂ ਬਾਅਦ ਪੈਲੇਟ ਗੰਨ ਦੀ ਵਰਤੋਂ ਕਰਨ ਵਾਲਿਆਂ 'ਤੇ ਕੇਸ ਦਰਜ

**ਨਵੀਂ ਦਿੱਲੀ, (ਪੰਜਾਬ ਮੇਲ)-** ਕਾਂਗਰਸ ਪਾਰਟੀ ਦੇ ਸੀਨੀਅਰ ਆਗੂ ਅਤੇ ਲੋਕ ਸਭਾ ਵਿਚ ਵਿਰੋਧੀ ਧਿਰ ਦੇ ਨੇਤਾ ਰਾਹੁਲ ਗਾਂਧੀ ਦੀ ਪੈਲੇਟ ਗੰਨ ਦੀ ਵਰਤੋਂ ਕਰਨ ਵਾਲਿਆਂ 'ਤੇ ਕੇਸ ਦਰਜ ਕਰਨ ਦੀ ਮੰਗ ਦੇ ਮਾਮਲੇ 'ਤੇ ਦਿੱਲੀ ਪੁਲਿਸ ਸਟੇਸ਼ਨ ਵਿਚ ਐੱਫ.ਆਈ.ਆਰ. ਦਰਜ ਕਰ ਲਈ ਗਈ ਹੈ। ਪੁਲਿਸ ਨੇ ਇਸ ਮਾਮਲੇ 'ਚ ਅਣਪਛਾਤਿਆਂ ਖਿਲਾਫ ਕੇਸ ਦਰਜ ਕੀਤਾ ਹੈ।

ਇਸ ਤੋਂ ਪਹਿਲਾਂ ਰਾਹੁਲ ਗਾਂਧੀ 21 ਅਗਸਤ ਨੂੰ ਪੈਲੇਟ ਗੰਨ ਦੇ ਹਮਲੇ ਦਾ ਸ਼ਿਕਾਰ ਹੋਏ ਨੌਜਵਾਨ ਸਾਹਿਲ ਲੋਹਚਬ ਨਾਲ ਸੰਸਦ ਮਾਰਗ ਪੁਲਿਸ ਸਟੇਸ਼ਨ ਪਹੁੰਚੇ ਸਨ। ਉਨ੍ਹਾਂ ਨੇ ਮੰਗ ਕੀਤੀ ਸੀ ਕਿ ਇਸ ਮਾਮਲੇ ਵਿਚ ਤੁਰੰਤ ਐੱਫ.ਆਈ.ਆਰ. ਦਰਜ ਕੀਤੀ ਜਾਵੇ। ਇਸ ਮਾਮਲੇ 'ਤੇ ਜਦੋਂ ਪੁਲਿਸ ਨੇ ਕੇਸ ਦਰਜ ਕਰਨ ਤੋਂ ਇਨਕਾਰ ਕੀਤਾ, ਤਾਂ ਉਹ ਉੱਥੇ ਹੀ ਧਰਨੇ 'ਤੇ ਬੈਠ ਗਏ। ਪੁਲਿਸ ਨੇ ਉਨ੍ਹਾਂ ਨੂੰ ਦੱਸਿਆ ਕਿ

**■ ਸੰਸਦ ਮਾਰਗ ਥਾਣੇ ਦੇ ਬਾਹਰ ਦਿੱਤਾ ਸੀ ਧਰਨਾ**



ਸੁਪਰੀਮ ਕੋਰਟ ਨੇ ਵਿਦਿਆਰਥੀ ਰੋਸ ਪ੍ਰਦਰਸ਼ਨਾਂ ਦੌਰਾਨ ਪੁਲਿਸ ਅਤੇ ਅਰਧ ਸੈਨਿਕ ਬਲਾਂ ਵੱਲੋਂ ਤਾਕਤ ਦੀ ਬਹੁਤ ਜ਼ਿਆਦਾ ਵਰਤੋਂ ਦੇ ਦੋਸ਼ਾਂ ਦੀ ਜਾਂਚ ਕਰਨ ਲਈ ਇੱਕ ਉੱਚ-ਪੱਧਰੀ ਮਾਹਰ ਕਮੇਟੀ ਦਾ ਗਠਨ ਕੀਤਾ ਹੈ ਪਰ ਰਾਹੁਲ ਗਾਂਧੀ ਆਪਣੀ ਮੰਗ 'ਤੇ ਅੜੇ ਰਹੇ, ਜਿਸ ਤੋਂ ਬਾਅਦ ਪੁਲਿਸ ਨੂੰ ਕੇਸ ਦਰਜ ਕਰਨਾ ਪਿਆ।

ਧਰਨੇ 'ਤੇ ਬੈਠਦਿਆਂ ਹੀ ਰਾਹੁਲ ਗਾਂਧੀ ਅਤੇ ਕਾਂਗਰਸ ਪਾਰਟੀ ਨੇ ਸੋਸ਼ਲ ਮੀਡੀਆ ਪਲੇਟਫਾਰਮ 'ਤੇ ਪੋਸਟਾਂ ਸਾਂਝੀਆਂ ਕਰਦਿਆਂ ਕਿਹਾ ਕਿ ਉਹ ਵਿਦਿਆਰਥੀਆਂ ਅਤੇ ਇਨਸਾਫ਼ ਲਈ ਖੜ੍ਹੇ ਹਨ ਅਤੇ ਜਦੋਂ ਤੱਕ ਐੱਫ.ਆਈ.ਆਰ. ਦਰਜ ਨਹੀਂ ਹੁੰਦੀ, ਉਨ੍ਹਾਂ ਦਾ ਧਰਨਾ ਜਾਰੀ ਰਹੇਗਾ। ਰਾਹੁਲ ਗਾਂਧੀ ਨੇ ਦੱਸਿਆ ਕਿ 20 ਜੁਲਾਈ ਨੂੰ ਜੰਤਰ-ਮੰਤਰ ਵਿਖੇ ਸ਼ਾਂਤਮਈ ਤਰੀਕੇ ਨਾਲ ਪ੍ਰਦਰਸ਼ਨ ਕਰ ਰਹੇ 19 ਸਾਲਾ ਸਾਹਿਲ ਲੋਹਚਬ 'ਤੇ ਪੁਲਿਸ ਨੇ ਪੈਲੇਟ ਗੰਨ ਨਾਲ ਹਮਲਾ ਕੀਤਾ ਸੀ, ਜਿਸ ਕਾਰਨ ਉਸ ਦੀ ਇੱਕ ਅੱਖ ਦੀ ਰੌਸ਼ਨੀ ਪ੍ਰਭਾਵਿਤ ਹੋਈ।

ਇਸ ਤੋਂ ਪਹਿਲਾਂ ਵੀ ਰਾਹੁਲ ਗਾਂਧੀ ਨੇ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੂੰ ਪੱਤਰ ਲਿਖ ਕੇ ਸ਼ਾਂਤਮਈ ਪ੍ਰਦਰਸ਼ਨ ਕਰ ਰਹੇ ਵਿਦਿਆਰਥੀਆਂ 'ਤੇ ਹੋਏ ਇਸ ਹਮਲੇ ਲਈ ਜਵਾਬਦੇਹੀ ਦੀ ਮੰਗ ਕੀਤੀ ਸੀ ਅਤੇ ਪੁੱਛਿਆ ਸੀ ਕਿ ਕੀ ਨੌਜਵਾਨਾਂ ਵਿਰੁੱਧ ਘਾਤਕ ਹਥਿਆਰਾਂ ਦੀ ਵਰਤੋਂ ਦੀ ਪ੍ਰਵਾਨਗੀ ਦਿੱਤੀ ਗਈ ਸੀ।

ਉਨ੍ਹਾਂ ਦੋਸ਼ ਲਾਇਆ ਕਿ ਪ੍ਰਦਰਸ਼ਨ ਦੌਰਾਨ ਵਿਦਿਆਰਥੀਆਂ 'ਤੇ ਲਾਠੀਚਾਰਜ ਕੀਤਾ ਗਿਆ ਅਤੇ ਅੱਥਰੂ ਗੈਸ ਤੇ ਪੈਲਟਾਂ ਦੀ ਵਰਤੋਂ ਕੀਤੀ ਗਈ, ਜਿਸ ਨਾਲ ਕਈ ਨੌਜਵਾਨ ਜ਼ਖ਼ਮੀ ਹੋ ਗਏ। ਉਨ੍ਹਾਂ ਇਹ ਵੀ ਦੋਸ਼ ਲਾਇਆ ਕਿ ਮਹਿਲਾ ਪ੍ਰਦਰਸ਼ਨਕਾਰੀਆਂ ਨਾਲ ਬਦਸਲੂਕੀ ਅਤੇ ਮਾਰਕੁੱਟ ਕੀਤੀ ਗਈ। ਕਾਂਗਰਸ ਨੇ ਕਿਹਾ ਕਿ ਲੋਹਚਬ ਨੇ ਆਪਣੇ ਵਕੀਲਾਂ ਦੇ ਨਾਲ 14 ਅਗਸਤ ਨੂੰ ਦਿੱਲੀ ਪੁਲਿਸ ਨੂੰ ਇੱਕ ਲਿਖਤੀ ਸ਼ਿਕਾਇਤ ਦਿੱਤੀ ਸੀ, ਪਰ ਉਸ ਨੂੰ ਜਾਂਚ ਅਧਿਕਾਰੀ (ਆਈ.ਓ.) ਦਾ ਨਾਮ ਜਾਂ ਨੰਬਰ ਨਹੀਂ ਦਿੱਤਾ ਗਿਆ। ਪਾਰਟੀ ਨੇ ਦੋਸ਼ ਲਾਇਆ ਕਿ 17 ਅਗਸਤ ਨੂੰ ਈਮੇਲਾਂ ਅਤੇ ਫ਼ੋਨ ਕਾਲਾਂ ਰਾਹੀਂ ਮਾਮਲੇ ਨੂੰ ਦੁਬਾਰਾ ਅੱਗੇ ਵਧਾਇਆ ਗਿਆ, ਪਰ ਕੋਈ ਰਸੀਦ ਜਾਂ ਆਈ/ਓ ਨੰਬਰ ਨਹੀਂ ਦਿੱਤਾ ਗਿਆ।

# ਪੰਜਾਬ ਕਾਂਗਰਸ ਵਿਚ ਏਕਤਾ ਲਈ ਰਾਹੁਲ ਗਾਂਧੀ ਦੇ ਅੰਮ੍ਰਿਤਸਰ ਦੌਰੇ ਦੀ ਤਿਆਰੀ

**ਚੰਡੀਗੜ੍ਹ, (ਪੰਜਾਬ ਮੇਲ)-** ਪੰਜਾਬ ਕਾਂਗਰਸ 'ਚ ਚੱਲ ਰਹੇ ਅੰਦਰੂਨੀ ਮਤਭੇਦਾਂ ਨੂੰ ਘਟਾਉਣ ਅਤੇ 2027 ਦੀਆਂ ਪੰਜਾਬ ਵਿਧਾਨ ਸਭਾ ਚੋਣਾਂ ਲਈ ਪਾਰਟੀ ਨੂੰ ਇਕੱਠਾ ਕਰਨ ਵਾਸਤੇ ਕਾਂਗਰਸ ਆਗੂ ਰਾਹੁਲ ਗਾਂਧੀ ਦੇ ਅਗਸਤ ਦੇ ਅੰਤ ਤੱਕ ਅੰਮ੍ਰਿਤਸਰ ਆਉਣ ਦੀ ਯੋਜਨਾ ਬਣਾਈ ਜਾ ਰਹੀ ਹੈ। ਪਾਰਟੀ ਸੂਤਰਾਂ ਅਨੁਸਾਰ ਦੌਰੇ ਦਾ ਪੂਰਾ ਪ੍ਰੋਗਰਾਮ ਤਿਆਰ ਕੀਤਾ ਜਾ ਰਿਹਾ ਹੈ, ਪਰ ਹਾਲੇ ਇਸਦੀ ਪੱਕੀ ਮਿਤੀ ਦਾ ਰਸਮੀ ਐਲਾਨ ਨਹੀਂ ਹੋਇਆ।

ਦੱਸਿਆ ਜਾ ਰਿਹਾ ਹੈ ਕਿ ਰਾਹੁਲ ਗਾਂਧੀ ਅੰਮ੍ਰਿਤਸਰ ਪਹੁੰਚ ਕੇ ਸ੍ਰੀ ਹਰਿਮੰਦਰ ਸਾਹਿਬ ਵਿਖੇ ਮੱਥਾ ਟੇਕਣਗੇ। ਉਹ ਸ਼ਹਿਰ ਦੇ ਹੋਰ ਧਾਰਮਿਕ ਸਥਾਨਾਂ ਉੱਤੇ ਵੀ ਜਾ ਸਕਦੇ ਹਨ। ਪੰਜਾਬ ਕਾਂਗਰਸ ਵੱਲੋਂ ਉਨ੍ਹਾਂ ਦੇ ਦੌਰੇ ਦੌਰਾਨ "ਏਕਤਾ ਬੱਸ ਯਾਤਰਾ" ਕੱਢਣ ਬਾਰੇ ਵੀ ਵਿਚਾਰ ਕੀਤਾ ਜਾ ਰਿਹਾ ਹੈ। ਇਸ ਯਾਤਰਾ ਵਿਚ ਪੰਜਾਬ ਕਾਂਗਰਸ ਦੇ ਸਾਰੇ ਵੱਡੇ ਆਗੂਆਂ ਨੂੰ ਇੱਕ ਮੰਚ ਉੱਤੇ ਲਿਆਉਣ ਦੀ ਕੋਸ਼ਿਸ਼ ਕੀਤੀ ਜਾ ਸਕਦੀ ਹੈ।

ਪੰਜਾਬ ਕਾਂਗਰਸ ਵਿਚ ਪਿਛਲੇ ਕੁਝ ਸਮੇਂ ਤੋਂ ਸੂਬਾ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਅਤੇ ਕੁਝ ਹੋਰ ਸੀਨੀਅਰ ਆਗੂਆਂ ਵਿਚਾਲੇ ਮਤਭੇਦ ਸਾਹਮਣੇ ਆ ਰਹੇ ਹਨ। ਚਰਨਜੀਤ ਸਿੰਘ ਚੰਨੀ, ਸੁਖਜਿੰਦਰ ਸਿੰਘ ਰੰਧਾਵਾ, ਰਾਣਾ ਗੁਰਜੀਤ ਸਿੰਘ ਅਤੇ ਹੋਰ ਕਈ ਆਗੂ ਪਾਰਟੀ ਦੇ ਕੇਂਦਰੀ ਆਗੂਆਂ ਸਾਹਮਣੇ ਆਪਣੀਆਂ ਚਿੰਤਾਵਾਂ ਰੱਖ ਚੁੱਕੇ ਹਨ। ਦੂਜੇ ਪਾਸੇ, ਕਾਂਗਰਸ ਹਾਈਕਮਾਨ ਨੇ ਸਾਰੇ ਆਗੂਆਂ ਨੂੰ ਨਿੱਜੀ ਮਤਭੇਦ ਛੱਡ ਕੇ ਇਕੱਠੇ ਕੰਮ ਕਰਨ ਲਈ ਕਿਹਾ ਹੈ।

ਪਾਰਟੀ ਦਾ "ਹਰ ਬੂਥ, ਕਾਂਗਰਸ ਮਜ਼ਬੂਤ" ਪ੍ਰੋਗਰਾਮ ਵੀ ਦੋਆਬਾ ਅਤੇ ਮਾਝਾ ਖੇਤਰ ਵਿਚ 25 ਅਗਸਤ ਤੱਕ ਰੋਕਿਆ ਗਿਆ ਹੈ। ਇਸਦਾ ਅਗਲਾ ਪੜਾਅ ਰਾਹੁਲ ਗਾਂਧੀ ਦੇ ਪੰਜਾਬ ਦੌਰੇ ਨਾਲ ਸ਼ੁਰੂ ਕੀਤਾ ਜਾ ਸਕਦਾ ਹੈ।

# ਮਲੇਸ਼ੀਆ ਤੋਂ ਬੰਬੀਹਾ ਗੈਂਗ ਨਾਲ ਜੁੜੇ 3 ਲੋੜੀਂਦੇ ਮੁਲਜ਼ਮ ਭਾਰਤ ਲਿਆਂਦੇ; ਦਿੱਲੀ ਏਅਰਪੋਰਟ 'ਤੇ ਗ੍ਰਿਫ਼ਤਾਰ

**ਚੰਡੀਗੜ੍ਹ, (ਪੰਜਾਬ ਮੇਲ)-** ਪੰਜਾਬ ਪੁਲਿਸ ਨੂੰ ਵਿਦੇਸ਼ਾਂ ਤੋਂ ਚੱਲ ਰਹੇ ਸੰਗਠਿਤ ਅਪਰਾਧ ਖ਼ਿਲਾਫ਼ ਵੱਡੀ ਕਾਮਯਾਬੀ ਮਿਲਣ ਦਾ ਦਾਅਵਾ ਕੀਤਾ ਗਿਆ ਹੈ। ਪੰਜਾਬ ਪੁਲਿਸ ਨੇ ਕੇਂਦਰੀ ਏਜੰਸੀਆਂ ਦੇ ਸਹਿਯੋਗ ਨਾਲ ਦਵਿੰਦਰ ਬੰਬੀਹਾ ਗੈਂਗ ਨਾਲ ਜੁੜੇ ਤਿੰਨ ਲੋੜੀਂਦੇ ਵਿਅਕਤੀਆਂ ਨੂੰ ਮਲੇਸ਼ੀਆ ਤੋਂ ਭਾਰਤ ਵਾਪਸ ਲਿਆਂਦਾ ਹੈ। ਤਿੰਨਾਂ ਨੂੰ 19 ਅਗਸਤ ਨੂੰ ਦਿੱਲੀ ਦੇ ਇੰਦਰਾ ਗਾਂਧੀ ਅੰਤਰਰਾਸ਼ਟਰੀ ਹਵਾਈ ਅੱਡੇ 'ਤੇ ਪਹੁੰਚਣ ਤੋਂ ਬਾਅਦ ਗ੍ਰਿਫ਼ਤਾਰ ਕਰ ਲਿਆ ਗਿਆ।

ਪੰਜਾਬ ਦੇ ਡੀ.ਜੀ.ਪੀ. ਗੌਰਵ ਯਾਦਵ ਅਨੁਸਾਰ ਗ੍ਰਿਫ਼ਤਾਰ ਕੀਤੇ ਗਏ ਵਿਅਕਤੀਆਂ ਦੀ ਪਛਾਣ ਜਸਪ੍ਰੀਤ ਸਿੰਘ ਉਰਫ਼ ਜੱਸ ਬਹਿਬਲ, ਅਜੇ ਸਿੰਘ ਅਤੇ ਪਵਨਦੀਪ ਸਿੰਘ ਵਜੋਂ ਹੋਈ ਹੈ। ਪੁਲਿਸ ਦਾ ਕਹਿਣਾ ਹੈ ਕਿ ਇਹ ਤਿੰਨੇ ਕਤਲ, ਫਿਰੌਤੀ ਅਤੇ ਵਿਸਫੋਟਕਾਂ ਨਾਲ ਸਬੰਧਤ ਕਈ ਮਾਮਲਿਆਂ ਵਿਚ ਲੋੜੀਂਦੇ ਸਨ। ਪੁਲਿਸ ਨੇ ਇਹ ਵੀ ਦਾਅਵਾ ਕੀਤਾ ਹੈ ਕਿ ਇਨ੍ਹਾਂ ਨਾਲ ਜੁੜੀ ਜਾਂਚ ਵਿਚ ਪਾਕਿਸਤਾਨ ਦੀ ਆਈ.ਐੱਸ.ਆਈ. ਨਾਲ ਸੰਬੰਧਾਂ ਦਾ ਪੱਖ ਵੀ ਸਾਹਮਣੇ ਆਇਆ ਹੈ। ਇਹ ਦਾਅਵੇ ਫਿਲਹਾਲ ਪੁਲਿਸ ਜਾਂਚ ਦਾ ਹਿੱਸਾ ਹਨ।

ਡੀ.ਜੀ.ਪੀ. ਮੁਤਾਬਕ ਮੁਲਜ਼ਮਾਂ ਉੱਤੇ ਲੁਧਿਆਣਾ ਵਿਚ ਹੱਥਗੋਲੇ



ਨਾਲ ਧਮਾਕਾ ਕਰਨ ਦੀ ਕਥਿਤ ਯੋਜਨਾ ਨਾਲ ਜੁੜੇ ਹੋਣ ਦਾ ਵੀ ਦੋਸ਼ ਹੈ। ਪੰਜਾਬ ਪੁਲਿਸ ਦੇ ਕਾਊਂਟਰ ਇੰਟੈਲੀਜੈਂਸ ਵਿੰਗ ਦੇ ਓਵਰਸੀਜ਼ ਫਿਊਜਿਟਿਵ ਟ੍ਰੈਕਿੰਗ ਐਂਡ ਐਕਸਟਰਡਿਸ਼ਨ ਸੈੱਲ ਨੇ ਕੇਂਦਰੀ ਏਜੰਸੀਆਂ ਨਾਲ ਮਿਲ ਕੇ ਉਨ੍ਹਾਂ ਨੂੰ ਮਲੇਸ਼ੀਆ ਤੋਂ ਵਾਪਸ ਲਿਆਉਣ ਦੀ ਕਾਰਵਾਈ ਕੀਤੀ।

ਦਿੱਲੀ ਹਵਾਈ ਅੱਡੇ 'ਤੇ ਗ੍ਰਿਫ਼ਤਾਰੀ ਤੋਂ ਬਾਅਦ ਤਿੰਨਾਂ ਨੂੰ ਪੰਜਾਬ ਲਿਆਂਦਾ ਜਾ ਰਿਹਾ ਹੈ, ਜਿੱਥੇ ਉਨ੍ਹਾਂ ਤੋਂ ਅੱਗੇ ਪੁੱਛਗਿੱਛ ਕੀਤੀ ਜਾਵੇਗੀ। ਪੁਲਿਸ ਹੁਣ ਇਹ ਪਤਾ ਲਗਾਉਣ ਦੀ ਕੋਸ਼ਿਸ਼ ਕਰੇਗੀ ਕਿ ਵਿਦੇਸ਼ ਵਿਚ ਰਹਿੰਦਿਆਂ ਉਨ੍ਹਾਂ ਦੇ ਪੰਜਾਬ ਵਿਚ ਕਿਹੜੇ ਲੋਕਾਂ ਨਾਲ ਸੰਪਰਕ ਸਨ, ਪੈਸਾ ਅਤੇ ਹਥਿਆਰ ਕਿਵੇਂ ਪਹੁੰਚਾਏ ਜਾਂਦੇ ਸਨ ਅਤੇ ਹੋਰ ਕਿਹੜੇ ਵਿਅਕਤੀ ਇਸ ਨੈੱਟਵਰਕ ਨਾਲ ਜੁੜੇ ਹੋ ਸਕਦੇ ਹਨ।

ਰੋਜ਼ਾਨਾਂ ਤਾਜ਼ੀਆਂ ਖ਼ਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ : www.punjabmailusa.com

# ਮੋਗਾ ਵਿਚ ਵਿਦੇਸ਼ ਭੇਜਣ ਦੇ ਨਾਂ 'ਤੇ 46 ਲੱਖ ਰੁਪਏ ਦੀ ਠੱਗੀ; ਚਾਰ ਲੋਕਾਂ ਖਿਲਾਫ਼ ਕੇਸ

**ਮੋਗਾ, (ਪੰਜਾਬ ਮੇਲ)-** ਪੰਜਾਬ ਵਿਚ ਵਿਦੇਸ਼ ਭੇਜਣ ਦੇ ਨਾਂ 'ਤੇ ਠੱਗੀ ਦਾ ਇੱਕ ਹੋਰ ਮਾਮਲਾ ਸਾਹਮਣੇ ਆਇਆ ਹੈ। ਮੋਗਾ ਜ਼ਿਲ੍ਹੇ ਵਿਚ ਇੱਕ ਪਰਿਵਾਰ ਨੇ ਦੋਸ਼ ਲਗਾਇਆ ਹੈ ਕਿ ਵਿਦੇਸ਼ ਭੇਜਣ ਅਤੇ ਵੀਜ਼ਾ ਲਗਵਾਉਣ ਦਾ ਭਰੋਸਾ ਦੇ ਕੇ ਉਨ੍ਹਾਂ ਕੋਲੋਂ ਲਗਭਗ 46 ਲੱਖ ਰੁਪਏ ਲਏ ਗਏ, ਪਰ ਬਾਅਦ ਵਿਚ ਨਾ ਤਾਂ ਵਾਅਦੇ ਮੁਤਾਬਕ ਵਿਦੇਸ਼ ਭੇਜਿਆ ਗਿਆ ਅਤੇ ਨਾ ਹੀ ਪੂਰੀ ਰਕਮ ਵਾਪਸ ਕੀਤੀ ਗਈ। ਸ਼ਿਕਾਇਤ ਦੇ ਆਧਾਰ 'ਤੇ ਪੁਲਿਸ ਨੇ ਚਾਰ ਵਿਅਕਤੀਆਂ ਖ਼ਿਲਾਫ਼ ਮਾਮਲਾ ਦਰਜ ਕਰਕੇ ਜਾਂਚ ਸ਼ੁਰੂ ਕਰ ਦਿੱਤੀ ਹੈ।




ਸ਼ਿਕਾਇਤਕਰਤਾ ਪਰਿਵਾਰ ਦਾ ਕਹਿਣਾ ਹੈ ਕਿ ਮੁਲਜ਼ਮਾਂ ਨੇ ਉਨ੍ਹਾਂ ਨੂੰ ਵਿਦੇਸ਼ ਵਿਚ ਚੰਗੇ ਭਵਿੱਖ ਅਤੇ ਵੀਜ਼ਾ ਪ੍ਰਕਿਰਿਆ ਪੂਰੀ ਕਰਵਾਉਣ ਦਾ ਭਰੋਸਾ ਦਿੱਤਾ ਸੀ। ਇਸ ਦੌਰਾਨ ਵੱਖ-ਵੱਖ ਸਮੇਂ ਉੱਤੇ ਪੈਸੇ ਲਏ ਗਏ। ਪਰਿਵਾਰ ਦਾ ਦੋਸ਼ ਹੈ ਕਿ ਲੰਮਾ ਸਮਾਂ ਬੀਤਣ ਦੇ ਬਾਵਜੂਦ ਵੀਜ਼ਾ ਪ੍ਰਕਿਰਿਆ ਪੂਰੀ ਨਹੀਂ ਹੋਈ। ਜਦੋਂ ਉਨ੍ਹਾਂ ਨੇ ਆਪਣੇ ਪੈਸੇ ਵਾਪਸ ਮੰਗੇ ਤਾਂ ਮਾਮਲਾ ਟਲਦਾ ਰਿਹਾ, ਜਿਸ ਤੋਂ ਬਾਅਦ ਪੁਲਿਸ ਕੋਲ ਸ਼ਿਕਾਇਤ ਕੀਤੀ ਗਈ।

ਪੁਲਿਸ ਹੁਣ ਇਹ ਜਾਂਚ ਕਰ ਰਹੀ ਹੈ ਕਿ ਪੈਸਿਆਂ ਦੀ ਅਦਾਇਗੀ ਕਿਵੇਂ ਕੀਤੀ ਗਈ, ਮੁਲਜ਼ਮਾਂ ਵੱਲੋਂ ਕਿਹੜੇ ਦਸਤਾਵੇਜ਼ ਜਾਂ ਭਰੋਸੇ ਦਿੱਤੇ ਗਏ ਅਤੇ ਕੀ ਇਸ ਮਾਮਲੇ ਨਾਲ ਹੋਰ ਲੋਕ ਵੀ ਪ੍ਰਭਾਵਿਤ ਹੋਏ ਹਨ। ਇਸ ਪੜਾਅ 'ਤੇ ਇਹ ਸ਼ਿਕਾਇਤਕਰਤਾ ਦੇ ਦੋਸ਼ ਹਨ ਅਤੇ ਅਦਾਲਤ ਵੱਲੋਂ ਦੋਸ਼ ਸਾਬਤ ਨਹੀਂ ਹੋਏ।

ਪੰਜਾਬ ਵਿਚ ਗੈਰ-ਅਧਿਕਾਰਤ ਇਮੀਗ੍ਰੇਸ਼ਨ ਏਜੰਟਾਂ ਖ਼ਿਲਾਫ਼ ਸ਼ਿਕਾਇਤਾਂ ਪਿਛਲੇ ਸਾਲਾਂ ਵਿਚ ਵਧੀਆਂ ਹਨ। ਕੇਂਦਰੀ ਵਿਦੇਸ਼ ਮੰਤਰਾਲੇ ਵੱਲੋਂ ਸੰਸਦ ਵਿੱਚ ਦਿੱਤੇ ਅੰਕੜਿਆਂ ਮੁਤਾਬਕ ਪੰਜਾਬ ਵਿਚ 2023 ਵਿਚ 56, 2024 ਵਿਚ 18 ਅਤੇ 2025 ਵਿਚ 80 ਸ਼ਿਕਾਇਤਾਂ ਦਰਜ ਹੋਈਆਂ ਸਨ।

ਪੁਲਿਸ ਅਤੇ ਸਰਕਾਰੀ ਏਜੰਸੀਆਂ ਵਾਰ-ਵਾਰ ਲੋਕਾਂ ਨੂੰ ਸਲਾਹ ਦਿੰਦੀਆਂ ਹਨ ਕਿ ਵਿਦੇਸ਼ ਜਾਣ ਲਈ ਪੈਸਾ ਦੇਣ ਤੋਂ ਪਹਿਲਾਂ ਏਜੰਟ ਦਾ ਲਾਇਸੈਂਸ, ਦਫ਼ਤਰ ਅਤੇ ਦਸਤਾਵੇਜ਼ ਜ਼ਰੂਰ ਜਾਂਚੇ ਜਾਣ ਅਤੇ ਹਰ ਭੁਗਤਾਨ ਦੀ ਲਿਖਤੀ ਰਸੀਦ ਲਈ ਜਾਵੇ।

# ਖਨੌਰੀ ਸਰਹੱਦ ਵਾਲਾ ਕਿਸਾਨ ਧਰਨਾ ਮੁਲਤਵੀ

**ਚੰਡੀਗੜ੍ਹ, (ਪੰਜਾਬ ਮੇਲ)-** ਖਨੌਰੀ-ਦਾਤਾ ਸਿੰਘਵਾਲਾ ਸਰਹੱਦ ਉੱਤੇ ਸੰਯੁਕਤ ਕਿਸਾਨ ਮੋਰਚਾ ਗੈਰ-ਸਿਆਸੀ ਦੀ ਅਗਵਾਈ ਹੇਠ ਚੱਲ ਰਿਹਾ ਕਿਸਾਨ ਧਰਨਾ ਫਿਲਹਾਲ ਮੁਲਤਵੀ ਕਰ ਦਿੱਤਾ ਗਿਆ ਹੈ। ਹਰਿਆਣਾ ਸਰਕਾਰ ਦੇ ਅਧਿਕਾਰੀਆਂ ਵੱਲੋਂ ਕਿਸਾਨ ਆਗੂਆਂ ਦੀਆਂ ਮੰਗਾਂ ਬਾਰੇ ਕੇਂਦਰੀ ਬਿਜਲੀ ਮੰਤਰੀ ਅਤੇ ਹਰਿਆਣਾ ਦੇ ਸਾਬਕਾ ਮੁੱਖ ਮੰਤਰੀ ਮਨੋਹਰ ਲਾਲ ਨਾਲ 4 ਸਤੰਬਰ ਨੂੰ ਦਿੱਲੀ ਵਿੱਚ ਮੀਟਿੰਗ ਕਰਵਾਉਣ ਦਾ ਭਰੋਸਾ ਦਿੱਤੇ ਜਾਣ ਤੋਂ ਬਾਅਦ ਇਹ ਫ਼ੈਸਲਾ ਲਿਆ ਗਿਆ।

ਕਿਸਾਨਾਂ ਨੇ 16 ਅਗਸਤ ਨੂੰ ਖਨੌਰੀ ਸਰਹੱਦ ਤੋਂ ਦਿੱਲੀ ਤੱਕ 228 ਕਿਲੋਮੀਟਰ ਲੰਬੀ 'ਕਿਸਾਨ ਬਚਾਓ ਪਦਯਾਤਰਾ' ਸ਼ੁਰੂ ਕਰਨ ਦਾ ਐਲਾਨ

**■ 4 ਸਤੰਬਰ ਨੂੰ ਕੇਂਦਰੀ ਮੰਤਰੀ ਨਾਲ ਮੀਟਿੰਗ**

ਕੀਤਾ ਸੀ। ਇਸ ਵਿਚ ਦੇਸ਼ ਦੇ ਵੱਖ-ਵੱਖ ਹਿੱਸਿਆਂ ਤੋਂ 51 ਕਿਸਾਨਾਂ ਨੇ ਸ਼ਾਮਲ ਹੋਣਾ ਸੀ, ਪਰ ਹਰਿਆਣਾ ਪੁਲਿਸ ਨੇ ਉਨ੍ਹਾਂ ਨੂੰ ਸਰਹੱਦ ਉੱਤੇ ਰੋਕ ਦਿੱਤਾ। ਇਸ ਮਗਰੋਂ ਕਿਸਾਨਾਂ ਨੇ ਉੱਥੇ ਹੀ ਪੱਕਾ ਧਰਨਾ ਲਾ ਦਿੱਤਾ ਸੀ।

ਕਿਸਾਨ ਆਗੂ ਅਭਿਮਨਿਊ ਕੋਹਾੜ ਨੇ ਦੱਸਿਆ ਕਿ ਮਨੋਹਰ ਲਾਲ ਨਾਲ ਹੋਣ ਵਾਲੀ ਮੀਟਿੰਗ ਵਿਚ ਕਿਸਾਨਾਂ ਦੇ ਸਾਰੇ ਮੁੱਦੇ ਉਠਾਏ ਜਾਣਗੇ। ਕੇਂਦਰੀ ਖੇਤੀਬਾੜੀ ਮੰਤਰੀ ਸ਼ਿਵਰਾਜ ਸਿੰਘ ਚੌਹਾਨ ਨਾਲ ਵੀ ਮੀਟਿੰਗ ਕਰਵਾਉਣ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਨੇ ਸਰਕਾਰੀ ਭਰੋਸੇ ਤੋਂ ਬਾਅਦ ਧਰਨਾ ਮੁਲਤਵੀ ਕਰਨ ਦਾ ਐਲਾਨ ਕੀਤਾ।

ਕਿਸਾਨਾਂ ਦੀਆਂ ਮੁੱਖ ਮੰਗਾਂ ਵਿਚ ਪ੍ਰਸਤਾਵਿਤ ਭਾਰਤ-ਅਮਰੀਕਾ ਵਪਾਰ ਸਮਝੌਤੇ ਤੋਂ ਖੇਤੀਬਾੜੀ, ਡੇਅਰੀ, ਪੋਲਟਰੀ ਅਤੇ ਮੱਛੀ ਪਾਲਣ ਖੇਤਰਾਂ ਨੂੰ ਬਾਹਰ ਰੱਖਣਾ ਅਤੇ ਸਵਾਮੀਨਾਥਨ ਕਮਿਸ਼ਨ ਦੇ ਸੀ-2 ਪਲੱਸ 50 ਫ਼ੀਸਦੀ ਫਾਰਮੂਲੇ ਅਨੁਸਾਰ ਸਾਰੀਆਂ ਫ਼ਸਲਾਂ ਦੀ ਘੱਟੋ-ਘੱਟ ਸਮਰਥਨ ਮੁੱਲ ਉੱਤੇ ਸਰਕਾਰੀ ਖ਼ਰੀਦ ਦੀ ਕਾਨੂੰਨੀ ਗਾਰੰਟੀ ਦੇਣਾ ਸ਼ਾਮਲ ਹੈ। ਧਰਨਾ ਮੁਲਤਵੀ ਹੋਣ ਮਗਰੋਂ ਹਰਿਆਣਾ ਪੁਲਿਸ ਨੇ ਸਰਹੱਦ ਉੱਤੇ ਲਾਈਆਂ ਕਈ ਪਰਤਾਂ ਵਾਲੀਆਂ ਰੋਕਾਂ ਹਟਾਉਣੀਆਂ ਸ਼ੁਰੂ ਕਰ ਦਿੱਤੀਆਂ ਹਨ।


## Editorial Board

**Chief Editor**
Gurjatinder S. Randhawa

**Distributor**
Jai Singh

**Website**
Madhu Shardha

**Sub Editors**
Sandeep Kumar
Amit Saini
Ishu Hallan
Vijay
Surbhi Sharma
Ranjit Singh



**Punjab Mail USA**
9883 Novara Way,
Elk Grove, CA 95757
Ph: 916-320-9444
Email : punjabmailusa@yahoo.com
Web : www.punjabmailusa.com
App : Punjab Mail USA
Youtube : Punjab Mail USA
Facebook : Punjab Mail USA


Punjab Mail USA News Paper and Staff Associated with. it are not responsible for any claims made by the advertisers and do not endorse any product or advertised in the Punjab Mail. All concerns are advised to Consult the Attorney at Law. All Disputes to Sacramento Jurisdiction. ਲੇਖਕ ਦੇ ਵਿਚਾਰਾਂ ਨਾਲ ਪੰਜਾਬ ਮੇਲ ਦੇ ਸੰਪਾਦਕ ਅਤੇ ਇਸ ਦੇ ਸਟਾਫ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

# ਰਾਮ ਰਹੀਮ ਨੂੰ ਮੁੜ ਪੈਰੋਲ ਦੇਣ 'ਤੇ ਸ਼੍ਰੋਮਣੀ ਕਮੇਟੀ ਪ੍ਰਧਾਨ ਧਾਮੀ ਵੱਲੋਂ ਸਖ਼ਤ ਇਤਰਾਜ਼ ਪ੍ਰਗਟ

**ਅੰਮ੍ਰਿਤਸਰ, (ਪੰਜਾਬ ਮੇਲ)-** ਕਤਲ ਅਤੇ ਜਬਰ-ਜਨਾਹ ਵਰਗੇ ਸੰਗੀਨ ਅਪਰਾਧਾਂ ਤਹਿਤ ਸਜ਼ਾ ਕੱਟ ਰਹੇ ਡੇਰਾ ਸਿਰਸਾ ਮੁਖੀ ਗੁਰਮੀਤ ਰਾਮ ਰਹੀਮ ਨੂੰ ਸਰਕਾਰ ਵੱਲੋਂ ਮੁੜ ਪੈਰੋਲ ਦਿੱਤੇ ਜਾਣ 'ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਸਖ਼ਤ ਇਤਰਾਜ਼ ਪ੍ਰਗਟ ਕੀਤਾ ਹੈ। ਉਨ੍ਹਾਂ ਕਿਹਾ ਕਿ ਸਰਕਾਰ ਦਾ ਇਹ ਫੈਸਲਾ ਦੋਹਰੀ ਅਤੇ ਪੱਖਪਾਤੀ ਪਹੁੰਚ ਨੂੰ ਸਪੱਸ਼ਟ ਕਰਦਾ ਹੈ। ਐਡਵੋਕੇਟ ਧਾਮੀ ਨੇ ਕਿਹਾ ਕਿ ਇਕ ਪਾਸੇ ਗੁਰਮੀਤ ਰਾਮ ਰਹੀਮ ਨੂੰ ਵਾਰ-ਵਾਰ ਫਰਲੋ ਅਤੇ ਪੈਰੋਲ ਦੇ ਕੇ



ਸਰਕਾਰਾਂ ਵੱਲੋਂ ਵਿਸ਼ੇਸ਼ ਸਹੂਲਤਾਂ ਦਿੱਤੀਆਂ ਜਾ ਰਹੀਆਂ ਹਨ, ਜਦਕਿ ਦੂਜੇ ਪਾਸੇ ਲੰਮੇ ਸਮੇਂ ਤੋਂ ਜੇਲ੍ਹਾਂ ਵਿਚ ਨਜ਼ਰਬੰਦ ਸਿੰਘਾਂ ਨੂੰ ਆਪਣੇ ਬਿਮਾਰ ਪਰਿਵਾਰਕ ਮੈਂਬਰਾਂ ਨੂੰ ਮਿਲਣ ਲਈ ਵੀ ਪੈਰੋਲ ਨਹੀਂ ਦਿੱਤੀ ਜਾ ਰਹੀ। ਅਜਿਹਾ ਵਤੀਰਾ ਦੇਸ਼ ਅੰਦਰ ਕਾਨੂੰਨ ਅਤੇ ਨਿਆਂ ਦੇ ਬਰਾਬਰੀ ਨਾਲ ਲਾਗੂ ਹੋਣ ਦੀ ਭਰੋਸੇਯੋਗਤਾ 'ਤੇ ਸਵਾਲ ਹੈ।

ਐਡਵੋਕੇਟ ਧਾਮੀ ਨੇ ਕਿਹਾ ਕਿ ਤਿੰਨ-ਤਿੰਨ ਦਹਾਕਿਆਂ ਤੋਂ ਦੇਸ਼ ਦੀਆਂ ਵੱਖ-ਵੱਖ ਜੇਲ੍ਹਾਂ ਵਿਚ ਨਜ਼ਰਬੰਦ ਬੰਦੀ ਸਿੰਘਾਂ ਦਾ ਮਾਮਲਾ ਵੀ ਸਰਕਾਰਾਂ ਦੀ ਇਸੇ ਪੱਖਪਾਤੀ ਨੀਤੀ ਦਾ ਪ੍ਰਤੀਕ ਬਣਿਆ ਹੋਇਆ ਹੈ। ਬੰਦੀ ਸਿੰਘ ਆਪਣੀਆਂ ਕਾਨੂੰਨੀ ਸਜ਼ਾਵਾਂ ਪੂਰੀਆਂ ਕਰ ਚੁੱਕੇ ਹਨ, ਪਰ ਇਸ ਦੇ ਬਾਵਜੂਦ ਉਨ੍ਹਾਂ ਦੀ ਰਿਹਾਈ ਦਾ ਮਾਮਲਾ ਲਟਕਾਇਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਸਰਕਾਰਾਂ ਵੱਲੋਂ ਸਿਆਸੀ ਲਾਹੇ ਲਈ ਗੁਰਮੀਤ ਰਾਮ ਰਹੀਮ ਦੇ ਗੰਭੀਰ ਅਪਰਾਧਾਂ ਨੂੰ ਅੱਖੋਂ-ਪਰੋਖੇ ਕਰਦਿਆਂ ਵਾਰ-ਵਾਰ ਪੈਰੋਲ ਅਤੇ ਫਰਲੋ ਦੇਣਾ ਅਤੇ ਦੂਜੇ ਪਾਸੇ ਬੰਦੀ ਸਿੰਘਾਂ ਦੇ ਮਾਮਲੇ ਵਿਚ ਪੱਖਪਾਤੀ ਰਵੱਈਆ ਅਪਣਾਉਣਾ ਬੇਹੱਦ ਚਿੰਤਾਜਨਕ ਹੈ। ਸਰਕਾਰਾਂ ਨੂੰ ਇਹ ਸਮਝਣਾ ਚਾਹੀਦਾ ਹੈ ਕਿ ਅਜਿਹੇ ਦੋਹਰੇ ਮਾਪਦੰਡ ਸਿੱਖ ਭਾਈਚਾਰੇ ਅੰਦਰ ਬੇਗਾਨਗੀ ਦੀ ਭਾਵਨਾ ਨੂੰ ਹੋਰ ਡੂੰਘਾ ਕਰਦੇ ਹਨ।

# ਬੰਦੀ ਸਿੰਘਾਂ ਦੀ ਰਿਹਾਈ ਤੇ ਚੜ੍ਹਦੀ ਕਲਾ ਲਈ ਸ਼੍ਰੋਮਣੀ ਕਮੇਟੀ ਵੱਲੋਂ 29 ਅਗਸਤ ਨੂੰ ਕੀਤੇ ਜਾਣਗੇ ਅਰਦਾਸ ਸਮਾਗਮ

**ਅੰਮ੍ਰਿਤਸਰ, (ਪੰਜਾਬ ਮੇਲ)-** ਸਜ਼ਾਵਾਂ ਪੂਰੀਆਂ ਕਰਨ ਦੇ ਬਾਵਜੂਦ ਵੀ ਲੰਮੇ ਸਮੇਂ ਤੋਂ ਜੇਲ੍ਹਾਂ 'ਚ ਬੰਦ ਸਿੱਖ ਕੈਦੀਆਂ (ਬੰਦੀ ਸਿੰਘਾਂ) ਦੀ ਰਿਹਾਈ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ 29 ਅਗਸਤ ਨੂੰ ਗੁਰੂ ਚਰਨਾਂ ਵਿਚ ਅਰਦਾਸ ਕਰਦਿਆਂ ਸਰਕਾਰਾਂ ਨੂੰ ਆਪਣੀ ਜ਼ਿੰਮੇਵਾਰੀ ਨਿਭਾਉਣ ਲਈ ਅਪੀਲ ਕੀਤੀ ਜਾਵੇਗੀ। ਇਸ ਮੰਤਵ ਤਹਿਤ ਸ਼੍ਰੋਮਣੀ ਕਮੇਟੀ ਦੇ ਪ੍ਰਬੰਧ ਅਧੀਨ ਇਤਿਹਾਸਕ ਗੁਰਦੁਆਰਾ ਸਾਹਿਬਾਨ ਵਿਚ ਸ੍ਰੀ ਅਖੰਡ ਪਾਠ ਸਾਹਿਬ ਅਤੇ ਅਤੇ ਵਿੱਦਿਅਕ ਅਦਾਰਿਆਂ ਵਿਚ ਸੁਖਮਨੀ ਸਾਹਿਬ ਦੇ ਜਾਪ ਕਰਕੇ ਅਰਦਾਸ ਕੀਤੀ ਜਾਵੇਗੀ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਸ਼੍ਰੋਮਣੀ ਕਮੇਟੀ ਦੇ ਸਕੱਤਰ ਬਲਵਿੰਦਰ ਸਿੰਘ ਕਾਹਲਵਾਂ ਨੇ ਦੱਸਿਆ ਕਿ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੀ ਅਗਵਾਈ ਵਿਚ ਬੀਤੇ ਦਿਨੀਂ ਹੋਈ ਅੰਤ੍ਰਿੰਗ ਕਮੇਟੀ ਦੀ ਬੈਠਕ ਦੌਰਾਨ ਸਮੂਹ ਅਹੁਦੇਦਾਰਾਂ ਅਤੇ ਮੈਂਬਰ ਸਾਹਿਬਾਨ ਵੱਲੋਂ ਸਰਬਸੰਮਤੀ ਨਾਲ ਇਹ ਫ਼ੈਸਲਾ ਲਿਆ ਗਿਆ ਹੈ। ਉਨ੍ਹਾਂ ਦੱਸਿਆ ਕਿ ਸ਼੍ਰੋਮਣੀ ਕਮੇਟੀ ਦੇ ਪ੍ਰਬੰਧ ਅਧੀਨ ਆਉਂਦੇ ਸਮੂਹ ਇਤਿਹਾਸਕ ਗੁਰਦੁਆਰਾ ਸਾਹਿਬਾਨ ਵਿਖੇ 27 ਅਗਸਤ ਨੂੰ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਕੀਤੇ ਜਾਣਗੇ, ਜਿਨ੍ਹਾਂ ਦੇ ਭੋਗ 29 ਅਗਸਤ ਨੂੰ ਸਵੇਰੇ 10:00 ਵਜੇ ਪਾਏ ਜਾਣਗੇ।

ਇਸੇ ਤਰ੍ਹਾਂ ਸ਼੍ਰੋਮਣੀ ਕਮੇਟੀ ਦੇ ਸਮੂਹ ਵਿੱਦਿਅਕ ਅਦਾਰਿਆਂ, ਸਕੂਲਾਂ ਅਤੇ ਕਾਲਜਾਂ ਵਿਚ 29 ਅਗਸਤ ਨੂੰ ਸਵੇਰੇ 10:00 ਵਜੇ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਉਪਰੰਤ ਸਮੂਹਿਕ ਅਰਦਾਸ ਕੀਤੀ ਜਾਵੇਗੀ। ਉਨ੍ਹਾਂ ਦੱਸਿਆ ਕਿ ਇਸ ਸਬੰਧੀ ਸਮੂਹ ਗੁਰਦੁਆਰਾ ਸਾਹਿਬਾਨ ਅਤੇ ਵਿਦਿਅਕ ਅਦਾਰਿਆਂ ਨੂੰ ਪੱਤਰ ਜਾਰੀ ਕਰ ਦਿੱਤਾ ਗਿਆ ਹੈ।

# ਗੁਰਮੀਤ ਰਾਮ ਰਹੀਮ ਨੂੰ 21 ਦਿਨਾਂ ਦੀ ਫਰਲੋ

**ਚੰਡੀਗੜ੍ਹ, (ਪੰਜਾਬ ਮੇਲ)-** ਡੇਰਾ ਸੱਚਾ ਸੌਦਾ ਮੁਖੀ ਗੁਰਮੀਤ ਰਾਮ ਰਹੀਮ ਸਿੰਘ ਨੂੰ ਹਰਿਆਣਾ ਸਰਕਾਰ ਵੱਲੋਂ 21 ਦਿਨਾਂ ਦੀ ਫਰਲੋ ਮਨਜ਼ੂਰ ਕੀਤੀ ਗਈ ਹੈ। ਉਹ ਮੰਗਲਵਾਰ ਸਵੇਰੇ ਕਰੀਬ 6 ਵਜੇ ਸਖ਼ਤ ਸੁਰੱਖਿਆ ਪ੍ਰਬੰਧਾਂ ਹੇਠ ਰੋਹਤਕ ਦੀ ਸੁਨਾਰੀਆ ਜੇਲ੍ਹ ਤੋਂ ਬਾਹਰ ਆਇਆ ਅਤੇ ਸਿਰਸਾ ਸਥਿਤ ਡੇਰਾ ਸੱਚਾ ਸੌਦਾ ਦੇ ਮੁੱਖ ਦਫ਼ਤਰ ਲਈ ਰਵਾਨਾ ਹੋ ਗਿਆ। ਸਾਲ 2020 ਤੋਂ ਬਾਅਦ ਇਹ ਉਸਦੀ 17ਵੀਂ ਅਸਥਾਈ ਰਿਹਾਈ ਹੈ।

■ 17ਵੀਂ ਵਾਰ ਸੁਨਾਰੀਆ ਜੇਲ੍ਹ ਤੋਂ ਆਇਆ ਬਾਹਰ



ਗੁਰਮੀਤ ਰਾਮ ਰਹੀਮ ਦੋ ਮਹਿਲਾ ਪੈਰੋਕਾਰਾਂ ਨਾਲ ਜਬਰ-ਜਨਾਹ ਦੇ ਮਾਮਲਿਆਂ ਵਿਚ 20 ਸਾਲ ਦੀ ਕੈਦ ਕੱਟ ਰਿਹਾ ਹੈ। ਪੰਚਕੂਲਾ ਦੀ ਵਿਸ਼ੇਸ਼ ਸੀ.ਬੀ.ਆਈ. ਅਦਾਲਤ ਨੇ ਉਸ ਨੂੰ ਅਗਸਤ 2017 ਵਿਚ ਦੋਸ਼ੀ ਕਰਾਰ ਦਿੱਤਾ ਸੀ, ਜਿਸ ਤੋਂ ਬਾਅਦ ਉਸ ਨੂੰ ਸੁਨਾਰੀਆ ਜੇਲ੍ਹ ਵਿਚ ਰੱਖਿਆ ਗਿਆ। ਤਾਜ਼ਾ ਰਿਹਾਈ ਨੂੰ ਤਕਨੀਕੀ ਤੌਰ 'ਤੇ 'ਫਰਲੋ' ਦੱਸਿਆ ਗਿਆ ਹੈ, ਹਾਲਾਂਕਿ ਕੁਝ ਖ਼ਬਰਾਂ ਵਿਚ ਇਸ ਲਈ 'ਪੈਰੋਲ' ਸ਼ਬਦ ਵੀ ਵਰਤਿਆ ਗਿਆ ਹੈ।


ਇਸ ਤੋਂ ਪਹਿਲਾਂ ਜਨਵਰੀ 2026 ਵਿਚ ਉਸ ਨੂੰ 40 ਦਿਨਾਂ ਦੀ ਪੈਰੋਲ ਮਿਲੀ ਸੀ। ਮਈ ਵਿਚ ਮੁੜ 30 ਦਿਨਾਂ ਲਈ ਜੇਲ੍ਹ ਤੋਂ ਬਾਹਰ ਆਉਣ ਤੋਂ ਬਾਅਦ ਉਹ 26 ਜੂਨ ਨੂੰ ਵਾਪਸ ਸੁਨਾਰੀਆ ਜੇਲ੍ਹ ਪਹੁੰਚਿਆ ਸੀ। ਹੁਣ ਦੋ ਮਹੀਨਿਆਂ ਤੋਂ ਵੀ ਘੱਟ ਸਮੇਂ ਬਾਅਦ ਉਸ ਨੂੰ 21 ਦਿਨਾਂ ਦੀ ਫਰਲੋ ਦਿੱਤੀ ਗਈ ਹੈ। ਰਿਪੋਰਟਾਂ ਅਨੁਸਾਰ ਇਹ ਲਗਾਤਾਰ ਤੀਜਾ ਮੌਕਾ ਹੈ, ਜਦੋਂ ਉਸ ਨੂੰ ਅਸਥਾਈ ਰਿਹਾਈ ਦੌਰਾਨ ਸਿਰਸਾ ਸਥਿਤ ਡੇਰਾ ਮੁੱਖ ਦਫ਼ਤਰ ਵਿਚ ਰਹਿਣ ਦੀ ਆਗਿਆ ਮਿਲੀ ਹੈ।

ਹਰਿਆਣਾ ਗੁੱਡ ਕੰਡਕਟ ਪ੍ਰਿਜ਼ਨਰਜ਼ ਟੈਂਪਰੇਰੀ ਰਿਲੀਜ਼ ਐਕਟ, 2022 ਅਧੀਨ ਯੋਗ ਕੈਦੀਆਂ ਨੂੰ ਨਿਰਧਾਰਤ ਸ਼ਰਤਾਂ ਅਤੇ ਸਮਰੱਥ ਅਧਿਕਾਰੀ ਦੀ ਪ੍ਰਵਾਨਗੀ ਨਾਲ ਇੱਕ ਕੈਲੰਡਰ ਸਾਲ ਵਿਚ 70 ਦਿਨਾਂ ਤੱਕ ਪੈਰੋਲ ਅਤੇ 21 ਦਿਨਾਂ ਦੀ ਫਰਲੋ ਦਿੱਤੀ ਜਾ ਸਕਦੀ ਹੈ। ਹਾਲਾਂਕਿ ਗੰਭੀਰ ਅਪਰਾਧਾਂ ਵਿਚ ਸਜ਼ਾ ਕੱਟ ਰਹੇ ਰਾਮ ਰਹੀਮ ਨੂੰ ਵਾਰ-ਵਾਰ ਮਿਲ ਰਹੀ ਅਸਥਾਈ ਰਿਹਾਈ ਕਾਰਨ ਸਿਆਸੀ ਅਤੇ ਜਨਤਕ ਪੱਧਰ ਉੱਤੇ ਸਵਾਲ ਵੀ ਉੱਠਦੇ ਰਹੇ ਹਨ।



# ਇਕ ਹੋਰ ਭਾਰਤੀ ਨਾਗਰਿਕ ਐੱਫ.ਬੀ.ਆਈ. ਦੀ ਮੋਸਟ ਵਾਂਟਡ ਸੂਚੀ 'ਚ ਸ਼ਾਮਲ

**■ ਇਸ ਮਹੀਨੇ ਕਈ ਭਾਰਤੀਆਂ ਸਮੇਤ 37 ਲੋਕਾਂ ਵਿਰੁੱਧ ਦੋਸ਼ ਆਇਦ**



ਕਮਲ

ਸੈਕਰਾਮੈਂਟੋ, (ਹੁਸਨ ਲੜੋਆ ਬੰਗਾ/ ਪੰਜਾਬ ਮੇਲ)- ਐੱਫ.ਬੀ.ਆਈ. ਨੇ ਇੱਕ ਹੋਰ ਭਾਰਤੀ ਨਾਗਰਿਕ ਨੂੰ ਆਪਣੀ ਮੋਸਟ ਵਾਂਟਡ ਸੂਚੀ ਵਿਚ ਸ਼ਾਮਲ ਕੀਤਾ ਹੈ, ਜਿਸ ਦੀ ਪਛਾਣ ਕਮਲ ਵਜੋਂ ਕੀਤੀ ਗਈ ਹੈ। ਐੱਫ.ਬੀ.ਆਈ. ਦਾ ਦੋਸ਼ ਹੈ ਕਿ ਕਮਲ ਲਾਰੈਂਸ ਬਿਸ਼ਨੋਈ ਸੰਗਠਿਤ ਅਪਰਾਧ ਸਮੂਹ ਨਾਲ ਜੁੜਿਆ ਹੋਇਆ ਹੈ ਅਤੇ ਜਬਰੀ ਵਸੂਲੀ ਰਾਹੀਂ ਵਪਾਰ ਵਿਚ ਦਖਲ ਦੇਣ ਦੀ ਸਾਜ਼ਿਸ਼ ਰਚਣ ਦੇ ਦੋਸ਼ ਵਿਚ ਲੋੜੀਂਦਾ ਹੈ। ਲਾਸ ਏਂਜਲਸ ਵਿਚ ਅਮਰੀਕੀ ਜ਼ਿਲ੍ਹਾ ਅਦਾਲਤ ਦੁਆਰਾ 1 ਜੁਲਾਈ ਨੂੰ ਉਸ ਵਿਰੁੱਧ ਇੱਕ ਸੰਘੀ ਗ੍ਰਿਫਤਾਰੀ ਵਾਰੰਟ ਜਾਰੀ ਕੀਤਾ ਗਿਆ ਸੀ। ਏਜੰਸੀ ਲਾਰੈਂਸ ਬਿਸ਼ਨੋਈ ਸਮੂਹ ਨੂੰ ਇੱਕ ਅੰਤਰਰਾਸ਼ਟਰੀ ਅਪਰਾਧਿਕ ਸੰਗਠਨ ਮੰਨਦੀ ਹੈ, ਜੋ ਮੂਲ ਰੂਪ ਵਿਚ ਭਾਰਤ ਦੇ ਪੰਜਾਬ ਰਾਜ ਵਿਚ ਪੈਦਾ ਹੋਇਆ ਸੀ ਅਤੇ ਕੈਲੀਫੋਰਨੀਆ ਅਤੇ ਹੋਰ ਥਾਵਾਂ 'ਤੇ ਅਪਰਾਧਿਕ ਗਤੀਵਿਧੀਆਂ 'ਚ ਸਰਗਰਮ ਹੈ। ਐੱਫ.ਬੀ.ਆਈ. ਨੇ ਭਾਰਤੀ ਨਾਗਰਿਕਾਂ ਮੇਜਰ ਸਿੰਘ ਅਤੇ ਨਿਤੀਸ਼ ਕੌਸ਼ਲ ਨੂੰ ਵੀ ਜੱਗੂ ਭਗਵਾਨਪੁਰੀਆ ਸੰਗਠਿਤ ਅਪਰਾਧ ਸਮੂਹ ਨਾਲ ਕਥਿਤ ਸ਼ਮੂਲੀਅਤ ਲਈ ਸੂਚੀਬੱਧ ਕੀਤਾ ਹੈ। ਐੱਫ.ਬੀ.ਆਈ. ਅਨੁਸਾਰ ਭਗਵਾਨਪੁਰੀਆ ਸਮੂਹ ਕਤਲ, ਅਗਵਾ, ਨਸ਼ੀਲੇ ਪਦਾਰਥਾਂ ਦੀ ਤਸਕਰੀ, ਜਬਰੀ ਵਸੂਲੀ, ਹਥਿਆਰਾਂ ਦੀ ਤਸਕਰੀ, ਮਨੀ ਲਾਂਡਰਿੰਗ ਅਤੇ ਮਨੁੱਖੀ ਤਸਕਰੀ ਦੇ ਮਾਮਲਿਆਂ 'ਚ ਸ਼ਾਮਲ ਹੈ। ਭਾਰਤੀ ਨਾਗਰਿਕ ਅੰਮ੍ਰਿਤਪਾਲ ਸਿੰਘ ਨੂੰ 30 ਜੁਲਾਈ ਨੂੰ ਢਾਂਡਾ ਸਮੂਹ 'ਚ ਕਥਿਤ ਤੌਰ 'ਤੇ ਸ਼ਾਮਲ ਹੋਣ ਕਾਰਨ ਐੱਫ.ਬੀ.ਆਈ. ਦੀ ਮੋਸਟ ਵਾਂਟਡ ਸੂਚੀ 'ਚ ਸ਼ਾਮਲ ਕੀਤਾ ਗਿਆ ਸੀ। ਏਜੰਸੀ ਨੇ ਕਿਹਾ ਕਿ ਇਹ ਸਮੂਹ ਅਮਰੀਕਾ, ਕੈਨੇਡਾ ਅਤੇ ਮੈਕਸੀਕੋ ਵਿਚ ਨਸ਼ੀਲੇ ਪਦਾਰਥਾਂ ਦੀ ਤਸਕਰੀ ਕਰਨ ਵਾਲੇ ਸੰਗਠਨਾਂ ਲਈ ਕੋਕੀਨ ਅਤੇ ਮੈਥਾਮਫੇਟਾਮਾਈਨ ਸਪਲਾਈ ਕਰਦਾ ਸੀ। ਐੱਫ.ਬੀ.ਆਈ. ਨੇ ਕਿਹਾ ਕਿ ਇੱਕ ਹੋਰ ਭਾਰਤੀ ਨਾਗਰਿਕ, ਹਰਮਨਵੀਰ ਸਿੰਘ ਨੂੰ 23 ਜੁਲਾਈ ਨੂੰ ਕੈਲੀਫੋਰਨੀਆ ਦੇ ਸਟਾਕਟਨ ਵਿਚ ਢਾਂਡਾ ਸਮੂਹ ਨਾਲ ਜੁੜੇ ਨਸ਼ੀਲੇ ਪਦਾਰਥਾਂ ਦੀ ਤਸਕਰੀ ਵਿਚ ਸ਼ਾਮਲ ਹੋਣ ਕਾਰਨ ਗ੍ਰਿਫਤਾਰ ਕੀਤਾ ਗਿਆ ਸੀ। ਅਮਰੀਕੀ ਨਿਆਂ ਵਿਭਾਗ ਨੇ ਓਪਰੇਸ਼ਨ ਹਾਰਡ ਬਾਲ ਤਹਿਤ 37 ਵਿਅਕਤੀਆਂ 'ਤੇ ਦੋਸ਼ ਲਗਾਏ ਹਨ। ਇਸ ਮਹੀਨੇ ਦੇ ਸ਼ੁਰੂ ਵਿਚ ਅਧਿਕਾਰੀਆਂ ਨੇ ਤਿੰਨ ਅੰਤਰਰਾਸ਼ਟਰੀ ਸੰਗਠਿਤ ਅਪਰਾਧ ਸਮੂਹਾਂ ਨਾਲ ਜੁੜੇ 24 ਲੋਕਾਂ ਨੂੰ ਗ੍ਰਿਫਤਾਰ ਕੀਤਾ ਹੈ, ਜਿਨ੍ਹਾਂ ਵਿਚੋਂ 11 ਕੈਲੀਫੋਰਨੀਆ ਨਾਲ ਸਬੰਧਤ ਹਨ।

# ਦੁਨੀਆਂ ਭਰ 'ਚ ਨਵੀਆਂ ਅਮਰੀਕੀ ਵੀਜ਼ਾ ਅਪਾਇੰਟਮੈਂਟਾਂ 'ਤੇ ਅਸਥਾਈ ਰੋਕ ਦੀ ਰਿਪੋਰਟ

ਵਾਸ਼ਿੰਗਟਨ, (ਪੰਜਾਬ ਮੇਲ)- ਅਮਰੀਕਾ ਜਾਣ ਦੀ ਤਿਆਰੀ ਕਰ ਰਹੇ ਦੁਨੀਆਂ ਭਰ ਦੇ ਵੀਜ਼ਾ ਬਿਨੈਕਾਰਾਂ ਲਈ ਇੱਕ ਮਹੱਤਵਪੂਰਨ ਖ਼ਬਰ ਸਾਹਮਣੇ ਆਈ ਹੈ। ਰਾਇਟਰਜ਼ ਦੀ 26 ਅਗਸਤ 2026 ਦੀ ਤਾਜ਼ਾ ਰਿਪੋਰਟ ਮੁਤਾਬਕ, ਟਰੰਪ ਪ੍ਰਸ਼ਾਸਨ ਨੇ ਦੁਨੀਆਂ ਭਰ ਵਿਚ ਸਥਿਤ ਅਮਰੀਕੀ ਅੰਬੈਸੀਆਂ ਅਤੇ ਕੌਂਸਲੇਟਾਂ ਨੂੰ ਨਵੀਆਂ ਵੀਜ਼ਾ ਅਪਾਇੰਟਮੈਂਟਾਂ ਅਸਥਾਈ ਤੌਰ ਉੱਤੇ ਰੋਕਣ ਲਈ ਕਿਹਾ ਹੈ। ਇਸ ਕਾਰਵਾਈ ਨੂੰ ਕੌਂਸਲਰ ਅਧਿਕਾਰੀਆਂ ਲਈ ਨਵੇਂ ਜਾਂਚ-ਪੜਤਾਲ ਨਿਰਦੇਸ਼ਾਂ ਅਤੇ ਸਿਖਲਾਈ ਨਾਲ ਜੋੜਿਆ ਜਾ ਰਿਹਾ ਹੈ।

ਰਿਪੋਰਟ ਅਨੁਸਾਰ ਨਵੀਂ ਸਿਖਲਾਈ ਦਾ ਇੱਕ ਮੁੱਖ ਮਕਸਦ ਇਹ ਯਕੀਨੀ ਬਣਾਉਣਾ ਹੈ ਕਿ ਵੱਖ-ਵੱਖ ਦੇਸ਼ਾਂ ਵਿਚ ਤਾਇਨਾਤ ਅਮਰੀਕੀ ਕੌਂਸਲਰ ਅਧਿਕਾਰੀ ਵੀਜ਼ਾ ਬਿਨੈਕਾਰਾਂ ਦੀ ਜਾਂਚ ਇੱਕਸਾਰ ਅਤੇ ਹੋਰ ਸਖ਼ਤ ਮਾਪਦੰਡਾਂ ਅਧੀਨ ਕਰਨ। ਖ਼ਾਸ ਤੌਰ ਉੱਤੇ ਬਿਨੈਕਾਰ ਦੀ ਆਰਥਿਕ ਸਥਿਤੀ, ਆਮਦਨ ਦੇ ਸਰੋਤ, ਯਾਤਰਾ ਦਾ ਮਕਸਦ ਅਤੇ ਭਵਿੱਖ ਵਿਚ ਅਮਰੀਕੀ ਸਰਕਾਰੀ ਸਹਾਇਤਾ ਉੱਤੇ ਨਿਰਭਰ ਹੋਣ ਦੀ ਸੰਭਾਵਨਾ ਨੂੰ ਵਧੇਰੇ ਧਿਆਨ ਨਾਲ ਦੇਖਿਆ ਜਾ ਸਕਦਾ ਹੈ। ਇਸਨੂੰ ਆਮ ਤੌਰ ਉੱਤੇ "ਪਬਲਿਕ ਚਾਰਜ" ਜਾਂ ਸਰਕਾਰੀ ਸਹਾਇਤਾ ਉੱਤੇ ਸੰਭਾਵੀ ਨਿਰਭਰਤਾ ਨਾਲ ਜੋੜ ਕੇ ਦੇਖਿਆ ਜਾ ਰਿਹਾ ਹੈ।






# ਆਈਸ ਦੀਆਂ ਗ੍ਰਿਫ਼ਤਾਰੀਆਂ ’ਚ ਵੱਡਾ ਵਾਧਾ ਦਰਜ

ਵਾਸ਼ਿੰਗਟਨ, (ਪੰਜਾਬ ਮੇਲ)- ਅਮਰੀਕਾ ਵਿਚ ਇਮੀਗ੍ਰੇਸ਼ਨ ਕਾਨੂੰਨਾਂ ਦੀ ਸਖ਼ਤ ਕਾਰਵਾਈ ਦਰਮਿਆਨ ਆਈਸ ਦੀਆਂ ਗ੍ਰਿਫ਼ਤਾਰੀਆਂ ਵਿਚ ਵੱਡਾ ਵਾਧਾ ਦਰਜ ਕੀਤਾ ਗਿਆ ਹੈ। 25 ਅਗਸਤ 2026 ਨੂੰ ਸਾਹਮਣੇ ਆਏ ਨਵੇਂ ਅੰਕੜਿਆਂ ਅਨੁਸਾਰ ਅਮਰੀਕੀ ਇਮੀਗ੍ਰੇਸ਼ਨ ਅਤੇ ਕਸਟਮ ਇਨਫੋਰਸਮੈਂਟ (ਆਈਸ) ਨੇ ਜੁਲਾਈ 2026 ਦੌਰਾਨ 49,571 ਲੋਕਾਂ ਨੂੰ ਗ੍ਰਿਫ਼ਤਾਰ ਕੀਤਾ। ਇਹ ਟਰੰਪ ਪ੍ਰਸ਼ਾਸਨ ਦੇ ਮੌਜੂਦਾ ਕਾਰਜਕਾਲ ਦੌਰਾਨ ਇੱਕ ਮਹੀਨੇ ਵਿਚ ਹੋਈਆਂ ਸਭ ਤੋਂ ਵੱਧ ਆਈਸ ਗ੍ਰਿਫ਼ਤਾਰੀਆਂ ਦੱਸੀਆਂ ਗਈਆਂ ਹਨ।

ਅੰਕੜਿਆਂ ਮੁਤਾਬਕ ਜੂਨ 2026 ਵਿਚ ਆਈਸ ਨੇ 43,021 ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਸੀ। ਇਸ

## ■ ਜੁਲਾਈ ਦੌਰਾਨ 49,571 ਲੋਕ ਗ੍ਰਿਫ਼ਤਾਰ

ਤਰ੍ਹਾਂ ਇੱਕ ਮਹੀਨੇ ਵਿਚ ਗ੍ਰਿਫ਼ਤਾਰੀਆਂ ਵਿਚ ਲਗਭਗ 15 ਫ਼ੀਸਦੀ ਵਾਧਾ ਹੋਇਆ। ਫ਼ਰਵਰੀ 2026 ਦੀਆਂ 29,241 ਗ੍ਰਿਫ਼ਤਾਰੀਆਂ ਨਾਲ ਤੁਲਨਾ ਕੀਤੀ ਜਾਵੇ, ਤਾਂ ਜੁਲਾਈ ਦਾ ਅੰਕੜਾ ਲਗਭਗ 70 ਫ਼ੀਸਦੀ ਵੱਧ ਹੈ।

ਟੈਕਸਸ ਅਤੇ ਫਲੋਰੀਡਾ ਇਸ ਮੁਹਿੰਮ ਦੇ ਵੱਡੇ ਕੇਂਦਰ ਬਣ ਕੇ ਸਾਹਮਣੇ ਆਏ ਹਨ। ਜੁਲਾਈ ਦੌਰਾਨ ਇਨ੍ਹਾਂ ਦੋਵਾਂ ਰਾਜਾਂ ਵਿਚ ਮਿਲਾ ਕੇ ਲਗਭਗ 20,000 ਗ੍ਰਿਫ਼ਤਾਰੀਆਂ ਦਰਜ ਕੀਤੀਆਂ ਗਈਆਂ। ਦੋਵਾਂ ਰਾਜਾਂ ਵਿਚ ਆਈਸ ਦੇ 287(ਜੀ) ਪ੍ਰੋਗਰਾਮ ਅਧੀਨ ਕਈ ਸਥਾਨਕ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ




ਸੰਘੀ ਇਮੀਗ੍ਰੇਸ਼ਨ ਅਧਿਕਾਰੀਆਂ ਨਾਲ ਮਿਲ ਕੇ ਕੰਮ ਕਰ ਰਹੀਆਂ ਹਨ।

ਇਹ ਅੰਕੜੇ ਆਈਸ ਦੇ ਸਰਕਾਰੀ ਰਿਕਾਰਡਾਂ ’ਤੇ ਆਧਾਰਿਤ ਹਨ, ਜੋ ਜਾਣਕਾਰੀ ਦੀ ਆਜ਼ਾਦੀ ਨਾਲ ਸਬੰਧਤ ਕਾਨੂੰਨੀ ਕਾਰਵਾਈ ਰਾਹੀਂ ਡਿਪੋਰਟੇਸ਼ਨ ਡਾਟਾ ਪ੍ਰਾਜੈਕਟ ਨੂੰ ਪ੍ਰਾਪਤ ਹੋਏ। ਐਸੋਸੀਏਟਿਡ ਪ੍ਰੈੱਸ ਵੱਲੋਂ ਇਨ੍ਹਾਂ ਅੰਕੜਿਆਂ ਦਾ ਵਿਸ਼ਲੇਸ਼ਣ ਕੀਤਾ ਗਿਆ ਹੈ। ਡਾਟਾ 21 ਅਗਸਤ ਨੂੰ ਜਾਰੀ ਹੋਇਆ ਸੀ ਅਤੇ ਇਸ ਨਾਲ ਸਬੰਧਤ ਵਿਸ਼ਲੇਸ਼ਣ 25 ਅਗਸਤ ਨੂੰ ਸਾਹਮਣੇ ਆਇਆ।

ਇੱਥੇ ਇਹ ਸਪੱਸ਼ਟ ਕਰਨਾ ਵੀ ਜ਼ਰੂਰੀ ਹੈ ਕਿ ਆਈਸ ਵੱਲੋਂ ਗ੍ਰਿਫ਼ਤਾਰੀ ਦਾ ਮਤਲਬ ਆਪਣੇ ਆਪ ਕਿਸੇ ਵਿਅਕਤੀ ਦੀ ਤੁਰੰਤ ਡਿਪੋਰਟੇਸ਼ਨ ਨਹੀਂ ਹੁੰਦਾ। ਹਰ ਵਿਅਕਤੀ ਦੀ ਇਮੀਗ੍ਰੇਸ਼ਨ ਸਥਿਤੀ, ਅਦਾਲਤੀ ਕਾਰਵਾਈ ਅਤੇ ਉਪਲਬਧ ਕਾਨੂੰਨੀ ਰਾਹਤ ਵੱਖਰੀ ਹੋ ਸਕਦੀ ਹੈ।

ਇਹ ਨਵੇਂ ਅੰਕੜੇ ਸੰਕੇਤ ਦਿੰਦੇ ਹਨ ਕਿ ਅਮਰੀਕਾ ਵਿਚ ਇਮੀਗ੍ਰੇਸ਼ਨ ਇਨਫੋਰਸਮੈਂਟ ਦਾ ਪੈਮਾਨਾ ਲਗਾਤਾਰ ਵਧ ਰਿਹਾ ਹੈ ਅਤੇ ਸਥਾਨਕ ਪੁਲਿਸ ਨਾਲ ਆਈਸ ਦਾ ਸਹਿਯੋਗ ਇਸ ਮੁਹਿੰਮ ਵਿਚ ਮਹੱਤਵਪੂਰਨ ਭੂਮਿਕਾ ਨਿਭਾ ਰਿਹਾ ਹੈ।

# ਕੈਲੀਫੋਰਨੀਆ ’ਚ ਬਾਰਡਰ ਪੈਟਰੋਲ ਦੀਆਂ ਕਾਰਵਾਈਆਂ ’ਤੇ ਲੱਗੀ ਰੋਕ ਅਪੀਲੀ ਅਦਾਲਤ ਵੱਲੋਂ ਹਟਾਈ

**ਸਾਨ ਫਰਾਂਸਿਸਕੋ, (ਪੰਜਾਬ ਮੇਲ)**- ਅਮਰੀਕਾ ਦੀ ਨੌਵੀਂ ਸਰਕਟ ਅਪੀਲੀ ਅਦਾਲਤ ਨੇ ਕੈਲੀਫੋਰਨੀਆ ਦੇ ਸੈਂਟਰਲ ਵੈਲੀ ਖੇਤਰ ਵਿਚ ਬਾਰਡਰ ਪੈਟਰੋਲ ਦੀਆਂ ਕੁਝ ਰੋਕਣ ਅਤੇ ਹਿਰਾਸਤ ਵਿਚ ਲੈਣ ਵਾਲੀਆਂ ਕਾਰਵਾਈਆਂ ਨੂੰ ਸੀਮਤ ਕਰਨ ਵਾਲਾ ਮੁੱਢਲਾ ਅਦਾਲਤੀ ਹੁਕਮ ਹਟਾ ਦਿੱਤਾ ਹੈ। ਇਹ ਕੇਸ ਯੂਨਾਈਟਿਡ ਫਾਰਮ ਵਰਕਰਜ਼ ਵੱਲੋਂ ਗ੍ਰਹਿ ਸੁਰੱਖਿਆ ਵਿਭਾਗ ਖ਼ਿਲਾਫ਼ ਦਾਇਰ ਕੀਤਾ ਗਿਆ ਸੀ।

ਵਿਵਾਦ ਦੀ ਸ਼ੁਰੂਆਤ ਕੇਰਨ ਕਾਊਂਟੀ ਅਤੇ ਆਸ-ਪਾਸ ਦੇ ਖੇਤੀਬਾੜੀ ਇਲਾਕਿਆਂ ਵਿਚ ਚਲਾਈ ਗਈ “ਆਪ੍ਰੇਸ਼ਨ ਰਿਟਰਨ ਟੂ ਸੈਂਡਰ” ਤੋਂ ਹੋਈ। ਜਥੇਬੰਦੀ ਨੇ ਦੋਸ਼ ਲਾਇਆ ਕਿ ਬਾਰਡਰ ਪੈਟਰੋਲ ਨੇ ਇਸ ਮੁਹਿੰਮ ਦੌਰਾਨ ਲਗਭਗ 200 ਖੇਤ ਮਜ਼ਦੂਰਾਂ ਅਤੇ ਲਾਤੀਨੀ ਭਾਈਚਾਰੇ ਦੇ ਲੋਕਾਂ ਨੂੰ ਵਿਅਕਤੀਗਤ ਵਾਜਬ ਸ਼ੱਕ ਤੋਂ ਬਿਨਾਂ ਰੋਕਿਆ। ਦਾਅਵਾ ਹੈ ਕਿ ਲੋਕਾਂ ਦੀ ਦਿੱਖ, ਭਾਸ਼ਾ ਅਤੇ ਖੇਤੀਬਾੜੀ ਨਾਲ ਜੁੜੇ ਹੋਣ ਨੂੰ ਇਮੀਗ੍ਰੇਸ਼ਨ ਜਾਂਚ ਦਾ ਆਧਾਰ ਬਣਾਇਆ ਗਿਆ। ਜਥੇਬੰਦੀ ਮੁਤਾਬਕ ਕਈ ਲੋਕਾਂ ਨੂੰ ਐਲ ਸੈਂਟਰੋ ਸਟੇਸ਼ਨ ਲਿਜਾਇਆ ਗਿਆ ਅਤੇ ਕਰੀਬ 40 ਵਿਅਕਤੀਆਂ ਨੂੰ ਮੈਕਸੀਕੋ ਵਾਪਸ ਭੇਜਿਆ ਗਿਆ। ਇਹ ਜਥੇਬੰਦੀ ਦੇ ਦੋਸ਼ ਹਨ; ਮੁੱਖ ਕੇਸ ਵਿਚ ਇਨ੍ਹਾਂ ਦਾ ਅੰਤਿਮ ਨਿਆਂਇਕ ਫ਼ੈਸਲਾ ਹਾਲੇ ਨਹੀਂ ਹੋਇਆ।

ਹੇਠਲੀ ਸੰਘੀ ਅਦਾਲਤ ਨੇ ਬਾਰਡਰ ਪੈਟਰੋਲ ਨੂੰ ਇਮੀਗ੍ਰੇਸ਼ਨ ਕਾਨੂੰਨ ਦੀ ਉਲੰਘਣਾ ਬਾਰੇ ਵਾਜਬ ਸ਼ੱਕ ਤੋਂ ਬਿਨਾਂ ਲੋਕਾਂ ਨੂੰ ਹਿਰਾਸਤ ਵਿਚ ਲੈਣ ਤੋਂ ਰੋਕਿਆ ਸੀ। ਪਰ ਤਿੰਨ ਜੱਜਾਂ ਦੀ ਅਪੀਲੀ ਬੈਂਚ ਨੇ ਕਿਹਾ ਕਿ ਹੇਠਲੀ ਅਦਾਲਤ ਨੇ ਮੁੱਖ ਤੌਰ ਉੱਤੇ ਪਿਛਲੇ ਨੁਕਸਾਨ ਦੇ ਦੋਸ਼ਾਂ ਉੱਤੇ ਭਰੋਸਾ ਕੀਤਾ। ਭਵਿੱਖੀ ਕਾਰਵਾਈ ਰੋਕਣ ਲਈ ਮੁੱਦਈਆਂ ਨੂੰ ਇਹ ਵੀ ਦਿਖਾਉਣਾ ਪੈਂਦਾ ਹੈ ਕਿ ਉਨ੍ਹਾਂ ਨੂੰ ਦੁਬਾਰਾ ਤੁਰੰਤ ਅਤੇ ਹਕੀਕਤੀ ਨੁਕਸਾਨ ਹੋਣ ਦਾ ਖ਼ਤਰਾ ਹੈ।

ਅਪੀਲੀ ਅਦਾਲਤ ਨੇ ਮਾਮਲਾ ਹੇਠਲੀ ਅਦਾਲਤ ਨੂੰ ਇਸ ਸੀਮਤ ਸਵਾਲ ਉੱਤੇ ਮੁੜ ਵਿਚਾਰ ਲਈ ਭੇਜਿਆ ਹੈ ਕਿ ਮੁੱਦਈ ਪੱਖ ਨੂੰ ਭਵਿੱਖੀ ਰਾਹਤ ਮੰਗਣ ਦਾ ਕਾਨੂੰਨੀ ਅਧਿਕਾਰ ਹੈ ਜਾਂ ਨਹੀਂ। ਮੁੱਖ ਦੋਸ਼ ਅਤੇ ਸੰਵਿਧਾਨਕ ਦਾਅਵੇ ਖ਼ਾਰਜ ਨਹੀਂ ਹੋਏ। ਨਵੀਆਂ ਉਲੰਘਣਾਵਾਂ ਸਾਹਮਣੇ ਆਉਣ ਉੱਤੇ ਹੇਠਲੀ ਅਦਾਲਤ ਦੁਬਾਰਾ ਰਾਹਤ ਦੇ ਸਕਦੀ ਹੈ।

ਇਸ ਫ਼ੈਸਲੇ ਦਾ ਅਰਥ ਨਸਲੀ ਪਛਾਣ ਦੇ ਆਧਾਰ ਉੱਤੇ ਲੋਕਾਂ ਨੂੰ ਰੋਕਣ ਜਾਂ ਬਿਨਾਂ ਕਾਨੂੰਨੀ ਆਧਾਰ ਗ੍ਰਿਫ਼ਤਾਰ ਕਰਨ ਦੀ ਖੁੱਲ੍ਹੀ ਇਜਾਜ਼ਤ ਨਹੀਂ ਹੈ।

# ਕੈਨੇਡਾ ਦਾ ਅਮਰੀਕਾ ਨੂੰ ਕਰਾਰਾ ਜਵਾਬ; 8 ਸਤੰਬਰ ਤੋਂ ਅਮਰੀਕੀ ਸਮਾਨ ’ਤੇ 15% ਤੋਂ 50% ਤੱਕ ਨਵੇਂ ਟੈਰਿਫ਼

**ਓਟਾਵਾ, (ਪੰਜਾਬ ਮੇਲ)**- ਅਮਰੀਕਾ ਅਤੇ ਕੈਨੇਡਾ ਵਿਚਾਲੇ ਵਪਾਰਕ ਟਕਰਾਅ ਹੋਰ ਤੇਜ਼ ਹੋ ਗਿਆ ਹੈ। ਕੈਨੇਡਾ ਸਰਕਾਰ ਨੇ 25 ਅਗਸਤ ਨੂੰ ਐਲਾਨ ਕੀਤਾ ਕਿ ਉਹ ਅਮਰੀਕਾ ਵੱਲੋਂ ਕੈਨੇਡੀਅਨ ਸਮਾਨ ’ਤੇ ਲਗਾਏ ਗਏ ਨਵੇਂ ਟੈਰਿਫ਼ਾਂ ਦੇ ਜਵਾਬ ਵਿਚ ਅਮਰੀਕੀ ਉਤਪਾਦਾਂ ’ਤੇ 15 ਫ਼ੀਸਦੀ, 25 ਫ਼ੀਸਦੀ ਅਤੇ 50 ਫ਼ੀਸਦੀ ਤੱਕ ਜਵਾਬੀ ਟੈਰਿਫ਼ ਲਗਾਏਗੀ। ਇਹ ਨਵੀਆਂ ਦਰਾਂ 8 ਸਤੰਬਰ 2026 ਤੋਂ ਲਾਗੂ ਹੋਣਗੀਆਂ।

ਕੈਨੇਡਾ ਦੇ ਵਿੱਤ ਮੰਤਰਾਲੇ ਮੁਤਾਬਕ ਇਹ ਕਾਰਵਾਈ ਲਗਭਗ 27.6 ਅਰਬ ਕੈਨੇਡੀਅਨ ਡਾਲਰ, ਯਾਨੀ ਕਰੀਬ 20 ਅਰਬ ਅਮਰੀਕੀ ਡਾਲਰ, ਦੇ ਅਮਰੀਕੀ ਸਮਾਨ ਨੂੰ ਪ੍ਰਭਾਵਿਤ ਕਰੇਗੀ। ਸਰਕਾਰ ਨੇ ਸਪੱਸ਼ਟ ਕੀਤਾ ਹੈ ਕਿ ਅਮਰੀਕਾ ਵੱਲੋਂ ਜਿਸ ਦਰ ਨਾਲ ਕੈਨੇਡੀਅਨ ਉਤਪਾਦਾਂ ’ਤੇ ਟੈਰਿਫ਼ ਲਗਾਇਆ ਗਿਆ ਹੈ, ਉਸੇ ਤਰ੍ਹਾਂ “ਡਾਲਰ ਦੇ ਬਦਲੇ ਡਾਲਰ ਅਤੇ ਦਰ ਦੇ ਬਦਲੇ ਦਰ” ਦੇ ਆਧਾਰ ’ਤੇ ਜਵਾਬ ਦਿੱਤਾ ਜਾਵੇਗਾ।

ਨਵੇਂ ਜਵਾਬੀ ਟੈਰਿਫ਼ਾਂ ਦੇ ਘੇਰੇ ਵਿਚ ਲਗਭਗ 700 ਕਿਸਮਾਂ ਦੇ ਅਮਰੀਕੀ ਉਤਪਾਦ ਆ ਸਕਦੇ ਹਨ। ਇਨ੍ਹਾਂ ਵਿਚ ਸਟੀਲ ਅਤੇ ਐਲੂਮੀਨੀਅਮ ਨਾਲ ਸਬੰਧਤ ਵਸਤਾਂ, ਘਰੇਲੂ ਉਪਕਰਣ, ਪਨੀਰ ਅਤੇ ਹੋਰ ਡੇਅਰੀ ਉਤਪਾਦ, ਮੱਛੀ ਅਤੇ ਸਮੁੰਦਰੀ ਖ਼ੁਰਾਕ, ਖੇਤੀਬਾੜੀ ਮਸ਼ੀਨਰੀ, ਕਾਗਜ਼ ਅਤੇ ਪਲਪ, ਇਲੈਕਟ੍ਰਾਨਿਕਸ, ਕੱਪੜੇ ਅਤੇ ਹੋਰ ਖਪਤਕਾਰ ਵਸਤਾਂ ਸ਼ਾਮਲ ਹਨ।

ਇਹ ਫ਼ੈਸਲਾ ਉਸ ਤੋਂ ਬਾਅਦ ਆਇਆ ਹੈ, ਜਦੋਂ ਅਮਰੀਕਾ ਨੇ 22 ਅਗਸਤ ਤੋਂ 27.6 ਅਰਬ ਕੈਨੇਡੀਅਨ ਡਾਲਰ ਦੇ ਕੈਨੇਡੀਅਨ ਸਮਾਨ ਉੱਤੇ 50 ਫ਼ੀਸਦੀ ਟੈਰਿਫ਼ ਲਾਗੂ ਕਰ ਦਿੱਤਾ। ਦੋਵਾਂ ਦੇਸ਼ਾਂ ਵਿਚਾਲੇ ਵਪਾਰ ਸਮਝੌਤੇ ਲਈ ਚੱਲ ਰਹੀ ਗੱਲਬਾਤ 21 ਅਗਸਤ ਨੂੰ ਟੁੱਟ ਗਈ ਸੀ। ਕੈਨੇਡੀਅਨ ਵਿੱਤ ਮੰਤਰੀ ਫਰਾਂਸਵਾ-ਫਿਲਿਪ ਸ਼ੈਂਪੇਨ ਨੇ ਕਿਹਾ ਕਿ ਅਮਰੀਕਾ ਨੇ ਕੈਨੇਡਾ ਤੋਂ ਬਹੁਤ ਜ਼ਿਆਦਾ ਮੰਗਿਆ ਅਤੇ ਬਦਲੇ ਵਿਚ ਬਹੁਤ ਘੱਟ ਪੇਸ਼ਕਸ਼ ਕੀਤੀ।

ਸਫਾ 1 ਦਾ ਬਾਕੀ

## ਗੋਲਡੀ ਬਰਾੜ ਨੇ ਕਥਿਤ ਆਡੀਓ ’ਚ ਹਰਦੀਪ ਸਿੰਘ ਨਿੱਝਰ...

ਇਸ ਤੋਂ ਬਾਅਦ ਕੈਨੇਡਾ ਵਿਚ ਰਹਿੰਦੇ ਅਰਸ਼ਦੀਪ ਸਿੰਘ ਗਿੱਲ ਉਰਫ਼ ਅਰਸ਼ ਡੱਲਾ ਦੀ ਇੱਕ ਵੀਡੀਓ ਵੀ ਸਾਹਮਣੇ ਆਈ ਹੈ। ਅਰਸ਼ ਡੱਲਾ ਨੇ ਗੋਲਡੀ ਬਰਾੜ ਵੱਲੋਂ ਉਸ ਅਤੇ ਨਿੱਝਰ ਬਾਰੇ ਲਗਾਏ ਗਏ ਦੋਸ਼ਾਂ ਨੂੰ ਰੱਦ ਕਰਦਿਆਂ ਬਦਲਾ ਲੈਣ ਦੀ ਕਥਿਤ ਧਮਕੀ ਦਿੱਤੀ ਹੈ। ਉਸ ਨੇ ਇਹ ਵੀ ਕਿਹਾ ਕਿ ਨਿੱਝਰ ਦੇ ਕਤਲ ਵਾਲੇ ਦਿਨ ਉਹ ਉਸ ਦੇ ਨਾਲ ਨਹੀਂ ਸੀ ਅਤੇ ਕਤਲ ਤੋਂ ਲਗਭਗ ਇੱਕ ਸਾਲ ਪਹਿਲਾਂ ਤੱਕ ਉਸ ਦੀ ਨਿੱਝਰ ਨਾਲ ਮੁਲਾਕਾਤ ਨਹੀਂ ਹੋਈ ਸੀ। ਇਸ ਵੀਡੀਓ ਵਿਚ ਕੀਤੇ ਦਾਅਵਿਆਂ ਦੀ ਵੀ ਸਰਕਾਰੀ ਜਾਂਚ ਏਜੰਸੀਆਂ ਵੱਲੋਂ ਪੁਸ਼ਟੀ ਨਹੀਂ ਕੀਤੀ ਗਈ।

ਜ਼ਿਕਰਯੋਗ ਹੈ ਕਿ ਹਰਦੀਪ ਸਿੰਘ ਨਿੱਝਰ ਦੀ 18 ਜੂਨ 2023 ਨੂੰ ਬ੍ਰਿਟਿਸ਼ ਕੋਲੰਬੀਆ ਦੇ ਸਰੀ ਸ਼ਹਿਰ ਵਿਚ ਗੁਰੂ ਨਾਨਕ ਸਿੱਖ ਗੁਰਦੁਆਰੇ ਦੇ ਬਾਹਰ ਗੋਲੀਆਂ ਮਾਰ ਕੇ ਹੱਤਿਆ ਕਰ ਦਿੱਤੀ ਗਈ ਸੀ। ਕੈਨੇਡੀਅਨ ਪੁਲਿਸ ਨੇ ਮਈ 2024 ਵਿਚ ਤਿੰਨ ਵਿਅਕਤੀਆਂ ਨੂੰ ਗ੍ਰਿਫ਼ਤਾਰ ਕਰਨ ਦਾ ਐਲਾਨ ਕੀਤਾ ਸੀ ਅਤੇ ਕਿਹਾ ਸੀ ਕਿ ਕਤਲ ਨਾਲ ਜੁੜੀਆਂ ਹੋਰ ਵੱਖਰੀਆਂ ਜਾਂਚਾਂ ਵੀ ਜਾਰੀ ਹਨ।

ਇਸ ਮਾਮਲੇ ਵਿਚ ਇੱਕ ਹੋਰ ਮਹੱਤਵਪੂਰਨ ਤੱਥ ਇਹ ਹੈ ਕਿ ਜੁਲਾਈ 2026 ਵਿਚ ਅਮਰੀਕੀ ਸੰਘੀ ਵਕੀਲਾਂ ਨੇ ਲਾਰੈਂਸ ਬਿਸ਼ਨੋਈ ਅਤੇ ਗੋਲਡੀ ਬਰਾੜ ਉੱਤੇ ਨਿੱਝਰ ਦੇ ਕਤਲ ਦੀ ਸਾਜ਼ਿਸ਼ ਰਚਣ ਦੇ ਦੋਸ਼ ਲਗਾਏ ਸਨ। ਦੋਸ਼-ਪੱਤਰ ਵਿਚ ਕੀਤੇ ਦਾਅਵੇ ਅਜੇ ਅਦਾਲਤ ਵਿਚ ਸਾਬਤ ਹੋਣੇ ਬਾਕੀ ਹਨ। ਤਾਜ਼ਾ ਕਥਿਤ ਆਡੀਓ ਜਾਂਚ ਏਜੰਸੀਆਂ ਲਈ ਮਹੱਤਵਪੂਰਨ ਸਬੂਤ ਬਣ ਸਕਦੀ ਹੈ, ਪਰ ਪਹਿਲਾਂ ਇਸ ਦੀ ਤਕਨੀਕੀ ਅਤੇ ਆਵਾਜ਼ ਸਬੰਧੀ ਜਾਂਚ ਲਾਜ਼ਮੀ ਹੋਵੇਗੀ।






ਗੁਰਜਤਿੰਦਰ ਸਿੰਘ ਰੰਧਾਵਾ
ਮੁੱਖ ਸੰਪਾਦਕ, ਪੰਜਾਬ ਮੇਲ ਯੂ.ਐੱਸ.ਏ.
916-320-9444
ਪੰਜਾਬ ਮੇਲ USA



# ਪਰਵਾਸੀਆਂ ਦੀਆਂ ਮੁਸ਼ਕਲਾਂ ਵੱਲ ਕਦੋਂ ਗੰਭੀਰਤਾ ਨਾਲ ਧਿਆਨ ਦੇਵੇਗੀ ਪੰਜਾਬ ਸਰਕਾਰ?



ਵਿਦੇਸ਼ਾਂ ਵਿਚ ਵੱਸਦੇ ਪਰਵਾਸੀ ਪੰਜਾਬੀਆਂ ਦੀਆਂ ਪੰਜਾਬ ਨਾਲ ਜੁੜੀਆਂ ਜ਼ਮੀਨ-ਜਾਇਦਾਦ, ਨਾਜਾਇਜ਼ ਕਬਜ਼ਿਆਂ, ਪੁਲਿਸ, ਵਿਆਹਕ ਝਗੜਿਆਂ ਅਤੇ ਪ੍ਰਸ਼ਾਸਕੀ ਦੇਰੀਆਂ ਵਰਗੀਆਂ ਬੇਅੰਤ ਸਮੱਸਿਆਵਾਂ ਹਨ, ਪਰ ਅੱਜ ਉਨ੍ਹਾਂ ਦੀ ਗੱਲ ਸਰਕਾਰ ਤੱਕ ਪਹੁੰਚਾਉਣ ਵਾਲਾ ਕੋਈ ਮਜ਼ਬੂਤ ਵਾਲੀ-ਵਾਰਸ ਨਜ਼ਰ ਨਹੀਂ ਆਉਂਦਾ। ਪਰਵਾਸੀ ਸਭਾ ਦਾ ਕਾਰਜਕਾਲ ਮੁੱਕ ਚੁੱਕਾ ਹੈ, ਨਵੀਂ ਚੋਣ ਅਜੇ ਨਹੀਂ ਹੋਈ ਅਤੇ ਪਰਵਾਸੀ ਕਮਿਸ਼ਨ ਤੇ ਪਰਵਾਸੀ ਪੁਲਿਸ ਥਾਣਿਆਂ ਤੋਂ ਵੀ ਬਹੁਤੇ ਪੀੜਤਾਂ ਨੂੰ ਉਮੀਦ ਅਨੁਸਾਰ ਰਾਹਤ ਨਹੀਂ ਮਿਲ ਰਹੀ। ਮੌਜੂਦਾ ਸਰਕਾਰ ਦਾ ਲਗਭਗ ਪੂਰਾ ਕਾਰਜਕਾਲ ਬੀਤਣ ਦੇ ਬਾਵਜੂਦ ਪੰਜਾਬੀਆਂ ਨੂੰ ਜੋੜਨ ਵਾਲਾ ਕੋਈ ਵੱਡਾ, ਯੋਜਨਾਬੱਧ ਪਰਵਾਸੀ ਸੰਮੇਲਨ ਨਹੀਂ ਹੋਇਆ। ਇਸ ਤੋਂ ਪਹਿਲਾਂ ਕਾਂਗਰਸ ਸਰਕਾਰ ਵੇਲੇ ਵੀ ਅਜਿਹੀ ਗੰਭੀਰ ਪਹਿਲ ਨਜ਼ਰ ਨਹੀਂ ਆਈ, ਜਦਕਿ ਅਕਾਲੀ ਦਲ-ਭਾਜਪਾ ਸਰਕਾਰ ਸਮੇਂ ਵੱਡੇ ਸੰਮੇਲਨ ਕਰਵਾਏ ਜਾਂਦੇ ਰਹੇ।

ਪੰਜਾਬ ਸਰਕਾਰ ਨੇ ਪਿਛਲੇ ਦਿਨੀਂ ਬਠਿੰਡਾ ਵਿਚ ਪਰਵਾਸੀ ਪੰਜਾਬੀਆਂ ਦੀਆਂ ਸ਼ਿਕਾਇਤਾਂ ਸੁਣਨ ਲਈ ਵਿਸ਼ੇਸ਼ ਮਿਲਣੀ ਕਰਵਾਉਣ ਦਾ ਐਲਾਨ ਕੀਤਾ ਸੀ। ਇਸ ਵਿਚ ਬਠਿੰਡਾ, ਮੋਗਾ, ਫ਼ਿਰੋਜ਼ਪੁਰ, ਫ਼ਰੀਦਕੋਟ, ਫ਼ਾਜ਼ਿਲਕਾ, ਸ੍ਰੀ ਮੁਕਤਸਰ ਸਾਹਿਬ ਅਤੇ ਮਾਨਸਾ ਜ਼ਿਲ੍ਹਿਆਂ ਨਾਲ ਸਬੰਧਤ ਪਰਵਾਸੀ ਪੰਜਾਬੀਆਂ ਨੂੰ ਆਪਣੀਆਂ ਸਮੱਸਿਆਵਾਂ ਪਰਵਾਸੀ ਮਾਮਲਿਆਂ ਦੇ ਮੰਤਰੀ ਡਾ. ਰਵਜੋਤ ਸਿੰਘ ਅਤੇ ਸਬੰਧਤ ਅਧਿਕਾਰੀਆਂ ਸਾਹਮਣੇ ਰੱਖਣ ਲਈ ਸੱਦਿਆ ਗਿਆ ਸੀ। ਸੁਣਨ ਵਿਚ ਇਹ ਉਪਰਾਲਾ ਚੰਗਾ ਲੱਗਦਾ ਹੈ, ਪਰ ਇਸ ਦੀ ਜਾਣਕਾਰੀ ਜਿਸ ਢੰਗ ਨਾਲ ਅਤੇ ਜਿੰਨੀ ਦੇਰ ਨਾਲ ਸਾਹਮਣੇ ਆਈ, ਉਸ ਨੇ ਮਿਲਣੀ ਦੇ ਅਸਲ ਮਕਸਦ ਅਤੇ ਲਾਭ ਬਾਰੇ ਗੰਭੀਰ ਸਵਾਲ ਖੜ੍ਹੇ ਕਰ ਦਿੱਤੇ ਹਨ।

ਸਭ ਤੋਂ ਹੈਰਾਨੀ ਵਾਲੀ ਗੱਲ ਇਹ ਹੈ ਕਿ ਵਿਦੇਸ਼ਾਂ ਵਿਚ ਰਹਿੰਦੇ ਜਿਨ੍ਹਾਂ ਪਰਵਾਸੀ ਪੰਜਾਬੀਆਂ ਲਈ ਇਹ ਸਮਾਗਮ ਕਰਵਾਇਆ ਜਾ ਰਿਹਾ ਹੈ, ਉਨ੍ਹਾਂ ਤੱਕ ਇਸ ਦੀ ਜਾਣਕਾਰੀ ਪਹੁੰਚਾਉਣ ਦਾ ਕੋਈ ਵੱਡਾ ਅਤੇ ਯੋਜਨਾਬੱਧ ਪ੍ਰਬੰਧ ਦਿਖਾਈ ਨਹੀਂ ਦਿੱਤਾ। ਪੰਜਾਬ ਮੇਲ ਯੂ.ਐੱਸ.ਏ. ਨੂੰ ਪੰਜਾਬ ਸਰਕਾਰ ਜਾਂ ਪਰਵਾਸੀ ਮਾਮਲਿਆਂ ਦੇ ਵਿਭਾਗ ਵੱਲੋਂ ਇਸ ਮਿਲਣੀ ਸਬੰਧੀ ਕੋਈ ਸਰਕੂਲਰ, ਸੱਦਾ-ਪੱਤਰ, ਇਸ਼ਤਿਹਾਰ ਜਾਂ ਪ੍ਰੈੱਸ ਬਿਆਨ ਪ੍ਰਾਪਤ ਨਹੀਂ ਹੋਇਆ। ਅਸੀਂ ਇਹ ਜਾਣਕਾਰੀ ਖ਼ੁਦ ਪੰਜਾਬ ਦੀ ਇੱਕ ਸਥਾਨਕ ਖ਼ਬਰ ਵੈੱਬਸਾਈਟ ਰਾਹੀਂ ਪ੍ਰਾਪਤ ਕੀਤੀ। ਹੋਰ ਵਿਦੇਸ਼ੀ ਅਖ਼ਬਾਰਾਂ ਜਾਂ ਮੀਡੀਆ ਸੰਸਥਾਵਾਂ ਨੂੰ ਸਰਕਾਰ ਨੇ ਕੋਈ ਸੂਚਨਾ ਭੇਜੀ ਜਾਂ ਨਹੀਂ, ਇਸ ਦੀ ਜਨਤਕ ਸੂਚੀ ਮੌਜੂਦ ਨਹੀਂ। ਪਰ ਅਮਰੀਕਾ, ਕੈਨੇਡਾ, ਬਰਤਾਨੀਆ, ਯੂਰਪ ਅਤੇ ਆਸਟ੍ਰੇਲੀਆ ਦੇ ਪ੍ਰਮੁੱਖ ਪੰਜਾਬੀ ਮੀਡੀਆ ਵਿਚ ਇਸ ਮਿਲਣੀ ਦਾ ਕੋਈ ਵੱਡਾ ਪ੍ਰਚਾਰ ਨਜ਼ਰ ਨਹੀਂ ਆਇਆ।

ਜਦੋਂ ਅਜਿਹੇ ਸਮਾਗਮ ਕੀਤੇ ਜਾਣ, ਤਾਂ ਉਨ੍ਹਾਂ ਲਈ ਖੁੱਲ੍ਹਾ ਸਮਾਂ ਦੇਣਾ ਜ਼ਰੂਰੀ ਹੈ। ਸਿਰਫ ਕੁੱਝ ਦਿਨ ਪਹਿਲਾਂ ਐਲਾਨ ਕਰਨ ਨਾਲ ਇਸ ਸਮਾਗਮ ਦੀ ਗੰਭੀਰਤਾ 'ਤੇ ਸ਼ੱਕ ਖੜ੍ਹੇ ਹੁੰਦੇ ਹਨ। ਕੀ ਕੋਈ ਸਰਕਾਰੀ ਅਧਿਕਾਰੀ ਗੰਭੀਰਤਾ ਨਾਲ ਇਹ ਮੰਨਦਾ ਹੈ ਕਿ ਕੈਨੇਡਾ, ਅਮਰੀਕਾ, ਬਰਤਾਨੀਆ ਜਾਂ ਆਸਟ੍ਰੇਲੀਆ ਵਿਚ ਨੌਕਰੀ ਜਾਂ ਕਾਰੋਬਾਰ ਕਰ ਰਿਹਾ ਪੰਜਾਬੀ ਕੁੱਝ ਦਿਨਾਂ ਵਿਚ ਛੁੱਟੀ ਲੈ ਕੇ, ਮਹਿੰਗੀ ਹਵਾਈ ਟਿਕਟ ਖਰੀਦ ਕੇ, ਆਪਣੇ ਕੇਸ ਦੇ ਸਾਰੇ ਦਸਤਾਵੇਜ਼ ਇਕੱਠੇ ਕਰਕੇ ਅਤੇ ਵਕੀਲ ਨਾਲ ਸਲਾਹ ਕਰਕੇ ਬਠਿੰਡਾ ਪਹੁੰਚ ਸਕਦਾ ਹੈ?

ਪਰਵਾਸੀ ਮਨੁੱਖ ਨੇ ਆਪਣਾ ਕੰਮ, ਕਾਰੋਬਾਰ, ਪਰਿਵਾਰ, ਬੱਚਿਆਂ ਦੀ ਪੜ੍ਹਾਈ ਅਤੇ ਹੋਰ ਜ਼ਿੰਮੇਵਾਰੀਆਂ ਦੇਖਣੀਆਂ ਹੁੰਦੀਆਂ ਹਨ। ਪੰਜਾਬ ਆਉਣ ਦੀ ਯੋਜਨਾ ਕਈ ਹਫ਼ਤੇ, ਕਈ ਵਾਰ ਕਈ ਮਹੀਨੇ ਪਹਿਲਾਂ ਬਣਾਉਣੀ ਪੈਂਦੀ ਹੈ। ਹਵਾਈ ਟਿਕਟਾਂ ਦੀਆਂ ਕੀਮਤਾਂ ਵੀ ਆਖ਼ਰੀ ਸਮੇਂ ਬਹੁਤ ਵੱਧ ਜਾਂਦੀਆਂ ਹਨ। ਇਸ ਲਈ ਦੋ-ਤਿੰਨ ਦਿਨਾਂ ਦੀ ਸੂਚਨਾ ਦੇਣਾ ਅਸਲ ਵਿਚ ਸੱਦਾ ਦੇਣਾ ਨਹੀਂ, ਸਗੋਂ ਇੱਕ ਰਸਮੀ ਜਾਣਕਾਰੀ ਜਾਰੀ ਕਰਨਾ ਹੀ ਮੰਨਿਆ ਜਾਵੇਗਾ।

ਜੇ ਇਸ ਮਿਲਣੀ ਦਾ ਮਕਸਦ ਸਿਰਫ਼ ਉਨ੍ਹਾਂ ਲੋਕਾਂ ਦੀਆਂ ਸ਼ਿਕਾਇਤਾਂ ਸੁਣਨਾ ਹੈ, ਜੋ ਪਹਿਲਾਂ ਹੀ ਪੰਜਾਬ ਵਿਚ ਮੌਜੂਦ ਹਨ, ਤਾਂ ਸਰਕਾਰ ਨੂੰ ਇਹ ਗੱਲ ਸਪੱਸ਼ਟ ਲਿਖਣੀ ਚਾਹੀਦੀ ਸੀ। ਪਰ ਜੇ ਇਸ ਨੂੰ ਪਰਵਾਸੀ ਪੰਜਾਬੀਆਂ ਦੀ ਵੱਡੀ ਮਿਲਣੀ ਵਜੋਂ ਪੇਸ਼ ਕੀਤਾ ਜਾ ਰਿਹਾ ਹੈ, ਤਾਂ ਦੁਨੀਆਂ ਭਰ ਵਿਚ ਬੈਠੇ ਪੰਜਾਬੀਆਂ ਨੂੰ ਆਪਣੀ ਵਿਉਂਤਬੰਦੀ ਕਰਨ ਲਈ ਢੁੱਕਵਾਂ ਸਮਾਂ ਦੇਣਾ ਲਾਜ਼ਮੀ ਸੀ।

ਘੱਟੋ-ਘੱਟ ਇੱਕ ਜਾਂ ਦੋ ਮਹੀਨੇ ਪਹਿਲਾਂ ਤਾਰੀਖ਼ ਦਾ ਐਲਾਨ ਕੀਤਾ ਜਾਣਾ ਚਾਹੀਦਾ ਸੀ। ਵਿਦੇਸ਼ੀ ਪੰਜਾਬੀ ਅਖ਼ਬਾਰਾਂ, ਰੇਡੀਓ, ਟੈਲੀਵਿਜ਼ਨ ਚੈਨਲਾਂ, ਗੁਰਦੁਆਰਿਆਂ ਅਤੇ ਮਾਨਤਾ ਪ੍ਰਾਪਤ ਪਰਵਾਸੀ ਸੰਸਥਾਵਾਂ ਨੂੰ ਸੂਚਨਾ ਭੇਜੀ ਜਾਂਦੀ। ਔਨਲਾਈਨ ਰਜਿਸਟ੍ਰੇਸ਼ਨ ਖੋਲ੍ਹੀ ਜਾਂਦੀ ਅਤੇ ਲੋਕਾਂ ਨੂੰ ਦੱਸਿਆ ਜਾਂਦਾ ਕਿ ਕਿਹੜੇ ਦਸਤਾਵੇਜ਼ ਨਾਲ ਲਿਆਉਣੇ ਹਨ। ਵਿਦੇਸ਼ਾਂ ਵਿਚ ਰਹਿੰਦੇ ਲੋਕਾਂ ਲਈ ਵੀਡੀਓ ਰਾਹੀਂ ਸ਼ਾਮਲ ਹੋਣ ਦਾ ਪ੍ਰਬੰਧ ਕੀਤਾ ਜਾਂਦਾ। ਅਜਿਹਾ ਕੁਝ ਵੱਡੇ ਪੱਧਰ ਉੱਤੇ ਦਿਖਾਈ ਨਹੀਂ ਦਿੱਤਾ। ਇਸੇ ਕਾਰਨ ਇਹ ਸ਼ੱਕ ਪੈਦਾ ਹੁੰਦਾ ਹੈ ਕਿ ਸਮਾਗਮ ਅਸਲ ਪੀੜਤਾਂ ਲਈ ਹੈ ਜਾਂ ਸਰਕਾਰ ਦੀ ਕਾਰਗੁਜ਼ਾਰੀ ਦਿਖਾਉਣ ਲਈ ਇੱਕ ਹੋਰ ਰਸਮੀ ਕਾਰਵਾਈ ਹੈ।

ਮਿਲਣੀ ਦਾ ਪੂਰਾ ਢਾਂਚਾ ਵੀ ਸਪੱਸ਼ਟ ਨਹੀਂ ਕੀਤਾ ਗਿਆ। ਕੀ ਸ਼ਿਕਾਇਤ ਪਹਿਲਾਂ ਦਰਜ ਕਰਵਾਉਣੀ ਲਾਜ਼ਮੀ ਹੈ? ਰਜਿਸਟ੍ਰੇਸ਼ਨ ਦੀ ਆਖ਼ਰੀ ਤਾਰੀਖ਼ ਕੀ ਹੈ? ਕੀ ਵਿਦੇਸ਼ ਬੈਠਾ ਵਿਅਕਤੀ ਵੀਡੀਓ ਰਾਹੀਂ ਸ਼ਾਮਲ ਹੋ ਸਕਦਾ ਹੈ? ਕੀ ਉਹ ਆਪਣੇ ਵਕੀਲ ਜਾਂ ਅਧਿਕਾਰਤ ਨੁਮਾਇੰਦੇ ਨੂੰ ਭੇਜ ਸਕਦਾ ਹੈ? ਇੱਕ ਵਿਅਕਤੀ ਨੂੰ ਆਪਣਾ ਮਾਮਲਾ ਸਮਝਾਉਣ ਲਈ ਕਿੰਨਾ ਸਮਾਂ ਮਿਲੇਗਾ? ਕੀ ਉਸ ਨੂੰ ਸ਼ਿਕਾਇਤ ਦਾ ਪਛਾਣ ਨੰਬਰ ਅਤੇ ਲਿਖਤੀ ਰਸੀਦ ਦਿੱਤੀ ਜਾਵੇਗੀ? ਅਗਲੀ ਕਾਰਵਾਈ ਕਿੰਨੇ ਦਿਨਾਂ ਵਿਚ ਹੋਵੇਗੀ? ਜੇ ਕੋਈ ਅਧਿਕਾਰੀ ਹੁਕਮ ਉੱਤੇ ਕਾਰਵਾਈ ਨਾ ਕਰੇ, ਤਾਂ ਅਪੀਲ ਕਿੱਥੇ ਹੋਵੇਗੀ?

ਇਹ ਵੀ ਸਪੱਸ਼ਟ ਨਹੀਂ ਕੀਤਾ ਗਿਆ ਕਿ ਮਾਲ, ਪੁਲਿਸ, ਕਾਨੂੰਨ, ਪੰਚਾਇਤ, ਸਥਾਨਕ ਸਰਕਾਰ, ਮਹਿਲਾ ਸੁਰੱਖਿਆ ਅਤੇ ਹੋਰ ਸਬੰਧਤ ਵਿਭਾਗਾਂ ਦੇ ਫ਼ੈਸਲਾ ਕਰਨ ਦੇ ਅਧਿਕਾਰ ਵਾਲੇ ਕਿਹੜੇ-ਕਿਹੜੇ ਅਧਿਕਾਰੀ ਉੱਥੇ ਮੌਜੂਦ ਰਹਿਣਗੇ। ਇਨ੍ਹਾਂ ਸਵਾਲਾਂ ਦਾ ਜਵਾਬ ਦਿੱਤੇ ਬਿਨਾਂ "ਆਓ ਅਤੇ ਆਪਣੀ ਸਮੱਸਿਆ ਦੱਸੋ" ਕਹਿਣ ਨਾਲ ਕੋਈ ਪੱਕੀ ਨਿਆਂ ਪ੍ਰਣਾਲੀ ਨਹੀਂ ਬਣਦੀ।

ਪਰਵਾਸੀ ਪੰਜਾਬੀਆਂ ਦੀਆਂ ਸਮੱਸਿਆਵਾਂ ਆਮ ਪ੍ਰਸ਼ਾਸਕੀ ਸ਼ਿਕਾਇਤਾਂ ਨਹੀਂ ਹਨ। ਸਭ ਤੋਂ ਵੱਡਾ ਮਸਲਾ ਜ਼ਮੀਨ ਅਤੇ ਜਾਇਦਾਦ ਦਾ ਹੈ। ਵਿਦੇਸ਼ ਬੈਠੇ ਵਿਅਕਤੀ ਦੀ ਗੈਰਹਾਜ਼ਰੀ ਦਾ ਲਾਭ ਚੁੱਕ ਕੇ ਉਸ ਦੀ ਜ਼ਮੀਨ ਉੱਤੇ ਕਬਜ਼ਾ ਕਰ ਲਿਆ ਜਾਂਦਾ ਹੈ, ਗਲਤ ਇੰਤਕਾਲ ਕਰਵਾ ਲਿਆ ਜਾਂਦਾ ਹੈ, ਜਾਲਸਾਜ਼ੀ ਨਾਲ ਮੁਖਤਿਆਰਨਾਮਾ ਤਿਆਰ ਹੋ ਜਾਂਦਾ ਹੈ ਜਾਂ ਰਿਸ਼ਤੇਦਾਰ ਉਸ ਦੇ ਘਰ, ਦੁਕਾਨ ਜਾਂ ਜ਼ਮੀਨ ਉੱਤੇ ਹੱਕ ਜਤਾਉਣ ਲੱਗਦੇ ਹਨ।

ਜਦੋਂ ਪਰਵਾਸੀ ਪੰਜਾਬ ਆਉਂਦਾ ਹੈ, ਤਾਂ ਉਸ ਨੂੰ ਪਟਵਾਰੀ, ਤਹਿਸੀਲਦਾਰ, ਮਾਲ ਅਧਿਕਾਰੀ, ਪੁਲਿਸ ਅਤੇ ਅਦਾਲਤਾਂ ਦੇ ਚੱਕਰ ਕੱਟਣੇ ਪੈਂਦੇ ਹਨ। ਉਸ ਦੀ ਛੁੱਟੀ ਮੁੱਕ ਜਾਂਦੀ ਹੈ, ਪਰ ਅਗਲੀ ਤਾਰੀਖ਼ ਕਈ ਮਹੀਨੇ ਬਾਅਦ ਦੀ ਮਿਲਦੀ ਹੈ। ਉਹ ਵਾਪਸ ਵਿਦੇਸ਼ ਚਲਾ ਜਾਂਦਾ ਹੈ ਅਤੇ ਕੇਸ ਫਿਰ ਲਟਕ ਜਾਂਦਾ ਹੈ। ਅਜਿਹੀ ਸਮੱਸਿਆ ਦਾ ਹੱਲ ਇੱਕ ਦਿਨ ਦੀ ਸੁਣਵਾਈ ਨਾਲ ਨਹੀਂ, ਸਗੋਂ ਸਮਾਂ-ਬੱਧ ਅਤੇ ਜਵਾਬਦੇਹ ਪ੍ਰਣਾਲੀ ਨਾਲ ਹੀ ਹੋ ਸਕਦਾ ਹੈ।

ਦੂਜਾ ਵੱਡਾ ਖੇਤਰ ਵਿਆਹਾਂ ਅਤੇ ਪਰਿਵਾਰਕ ਵਿਵਾਦਾਂ ਦਾ ਹੈ। ਪੰਜਾਬ ਦੀਆਂ ਧੀਆਂ ਨੂੰ ਵਿਦੇਸ਼ ਲਿਜਾਣ ਦਾ ਵਾਅਦਾ ਕਰਕੇ ਛੱਡ ਦੇਣਾ, ਦਾਜ਼ ਅਤੇ ਪੈਸੇ ਦੀ ਮੰਗ, ਝੂਠੇ ਦਸਤਾਵੇਜ਼ਾਂ ਨਾਲ ਵਿਆਹ, ਪੱਕਾ ਵਿਦੇਸ਼ੀ ਦਰਜਾ ਲੈਣ ਲਈ ਠੇਕੇ ਵਾਲੇ ਵਿਆਹ ਅਤੇ ਵਿਆਹ ਤੋਂ ਬਾਅਦ ਸੰਪਰਕ ਤੋੜ ਦੇਣਾ ਗੰਭੀਰ ਸਮੱਸਿਆਵਾਂ ਹਨ।

ਦੂਜੇ ਪਾਸੇ ਕਈ ਪਰਵਾਸੀ ਮਰਦ ਅਤੇ ਔਰਤਾਂ ਇਹ ਦੋਸ਼ ਲਾਉਂਦੇ ਹਨ ਕਿ ਪੰਜਾਬ ਵਿਚ ਉਨ੍ਹਾਂ ਖ਼ਿਲਾਫ਼ ਦਬਾਅ ਬਣਾਉਣ ਜਾਂ ਪੈਸਾ ਵਸੂਲਣ ਲਈ ਝੂਠੀਆਂ ਪੁਲਿਸ ਸ਼ਿਕਾਇਤਾਂ ਦਰਜ ਕਰਵਾਈਆਂ ਜਾਂਦੀਆਂ ਹਨ। ਨਾ ਹਰ ਸਥਾਨਕ ਸ਼ਿਕਾਇਤ ਝੂਠੀ ਹੁੰਦੀ ਹੈ ਅਤੇ ਨਾ ਹਰ ਪਰਵਾਸੀ ਬੇਕਸੂਰ ਹੁੰਦਾ ਹੈ। ਹਰ ਮਾਮਲੇ ਦੀ ਨਿਰਪੱਖ ਜਾਂਚ ਜ਼ਰੂਰੀ ਹੈ। ਇਸ ਲਈ ਮਾਹਿਰ ਪੁਲਿਸ ਅਧਿਕਾਰੀ, ਪਰਿਵਾਰਕ ਕਾਨੂੰਨ ਦੇ ਜਾਣਕਾਰ ਅਤੇ ਵਿਦੇਸ਼ੀ ਕਾਨੂੰਨੀ ਪ੍ਰਣਾਲੀਆਂ ਨਾਲ ਤਾਲਮੇਲ ਕਰਨ ਵਾਲੀ ਪੱਕੀ ਟੀਮ ਚਾਹੀਦੀ ਹੈ।

ਪਰ "ਸ਼ਿਕਾਇਤ ਦਾ ਨਿਪਟਾਰਾ" ਅਤੇ "ਪੀੜਤ ਨੂੰ ਅਸਲ ਨਿਆਂ ਮਿਲਣਾ" ਹਮੇਸ਼ਾ ਇੱਕੋ ਗੱਲ ਨਹੀਂ ਹੁੰਦੀ। ਫ਼ਾਈਲ ਦੂਜੇ ਵਿਭਾਗ ਨੂੰ ਭੇਜ ਕੇ, ਮਾਮਲਾ ਅਦਾਲਤ ਵਿਚ ਹੋਣ ਦੀ ਗੱਲ ਲਿਖ ਕੇ ਜਾਂ ਜਾਂਚ ਪੂਰੀ ਦੱਸ ਕੇ ਵੀ ਦਫ਼ਤਰੀ ਤੌਰ ਉੱਤੇ ਸ਼ਿਕਾਇਤ ਬੰਦ ਕੀਤੀ ਜਾ ਸਕਦੀ ਹੈ। ਇਸ ਲਈ ਸਰਕਾਰ ਨੂੰ ਦੱਸਣਾ ਚਾਹੀਦਾ ਹੈ ਕਿ ਕਿੰਨੇ ਪੀੜਤ ਨਤੀਜੇ ਨਾਲ ਸੰਤੁਸ਼ਟ ਹੋਏ ਅਤੇ ਕਿੰਨੇ ਮਾਮਲੇ ਅਜੇ ਅਮਲੀ ਹੱਲ ਦੀ ਉਡੀਕ ਵਿਚ ਹਨ।

ਪੰਜਾਬ ਮੇਲ ਯੂ.ਐੱਸ.ਏ. ਨਾਲ ਅਜੇ ਤੱਕ ਕਿਸੇ ਪਰਵਾਸੀ ਨੇ ਖ਼ੁਦ ਸੰਪਰਕ ਕਰਕੇ ਇਹ ਨਹੀਂ ਦੱਸਿਆ ਕਿ ਸਰਕਾਰੀ ਮਿਲਣੀ ਜਾਂ ਔਨਲਾਈਨ ਸੁਣਵਾਈ ਤੋਂ ਬਾਅਦ ਉਸ ਦੀ ਲੰਬੇ ਸਮੇਂ ਤੋਂ ਚੱਲ ਰਹੀ ਸਮੱਸਿਆ ਪੂਰੀ ਤਰ੍ਹਾਂ ਹੱਲ ਹੋ ਗਈ। ਇਸ ਦਾ ਇਹ ਅਰਥ ਨਹੀਂ ਕਿ ਕਿਸੇ ਦਾ ਮਾਮਲਾ ਹੱਲ ਨਹੀਂ ਹੋਇਆ ਹੋਵੇਗਾ। ਪਰ ਸਰਕਾਰੀ ਦਾਅਵਿਆਂ ਦੀ ਸੁਤੰਤਰ ਤਸਦੀਕ ਲਈ ਅਸਲ ਪੀੜਤਾਂ ਦੇ ਤਜ਼ਰਬੇ ਸਾਹਮਣੇ ਆਉਣੇ ਬਹੁਤ ਜ਼ਰੂਰੀ ਹਨ।

ਸਰਕਾਰ ਨੂੰ ਜ਼ਿਲ੍ਹਾ-ਵਾਰ ਜਨਤਕ ਰਿਪੋਰਟ ਜਾਰੀ ਕਰਨੀ ਚਾਹੀਦੀ ਹੈ। ਕਿੰਨੇ ਨਾਜਾਇਜ਼ ਕਬਜ਼ੇ ਹਟਾਏ ਗਏ? ਕਿੰਨੀਆਂ ਜ਼ਮੀਨਾਂ ਜਾਂ ਘਰ ਅਸਲ ਮਾਲਕਾਂ ਨੂੰ ਵਾਪਸ ਮਿਲੇ? ਕਿੰਨੇ ਗਲਤ ਇੰਤਕਾਲ ਰੱਦ ਹੋਏ? ਕਿੰਨੇ ਵਿਆਹਕ ਧੋਖਾਧੜੀ ਦੇ ਮਾਮਲਿਆਂ ਵਿਚ ਪੀੜਤ ਨੂੰ ਰਾਹਤ ਮਿਲੀ? ਕਿੰਨੀਆਂ ਝੂਠੀਆਂ ਸ਼ਿਕਾਇਤਾਂ ਦੀ ਨਿਰਪੱਖ ਜਾਂਚ ਹੋਈ? ਕਿੰਨੇ ਮਾਮਲੇ ਪੁਲਿਸ, ਮਾਲ ਵਿਭਾਗ ਅਤੇ ਅਦਾਲਤਾਂ ਵਿਚ ਅਜੇ ਲਟਕ ਰਹੇ ਹਨ? ਸ਼ਿਕਾਇਤ ਦਰਜ ਹੋਣ ਤੋਂ ਪਹਿਲੀ ਕਾਰਵਾਈ ਤੱਕ ਔਸਤ ਕਿੰਨਾ ਸਮਾਂ ਲੱਗਿਆ?

ਸਿਰਫ਼ ਵੱਡਾ ਕੁੱਲ ਅੰਕੜਾ ਜਾਰੀ ਕਰਨ ਨਾਲ ਸਰਕਾਰ ਦੀ ਕਾਰਗੁਜ਼ਾਰੀ ਦੀ ਅਸਲ ਤਸਵੀਰ ਸਾਹਮਣੇ ਨਹੀਂ ਆਉਂਦੀ। ਹਰ ਸ਼ਿਕਾਇਤ ਦੇ ਨਤੀਜੇ, ਲੱਗੇ ਸਮੇਂ ਅਤੇ ਸ਼ਿਕਾਇਤਕਰਤਾ ਦੀ ਸੰਤੁਸ਼ਟੀ ਦਾ ਜਨਤਕ ਰਿਕਾਰਡ ਹੋਣਾ ਚਾਹੀਦਾ ਹੈ। ਨਤੀਜਿਆਂ ਦੀ ਪਾਰਦਰਸ਼ਤਾ ਹੀ ਪਰਵਾਸੀਆਂ ਵਿਚ ਵਿਸ਼ਵਾਸ ਪੈਦਾ ਕਰ ਸਕਦੀ ਹੈ।

ਮੌਜੂਦਾ ਸਰਕਾਰ ਨੇ ਪਰਵਾਸੀਆਂ ਲਈ ਕੁਝ ਕਦਮ ਜ਼ਰੂਰ ਚੁੱਕੇ ਹਨ। ਦਸੰਬਰ 2022 ਵਿਚ ਜਲੰਧਰ, ਮੋਹਾਲੀ, ਲੁਧਿਆਣਾ, ਮੋਗਾ ਅਤੇ ਅੰਮ੍ਰਿਤਸਰ ਵਿਚ ਪੰਜ ਮਿਲਣੀਆਂ ਹੋਈਆਂ। ਇਸ ਤੋਂ ਬਾਅਦ ਹੋਰ ਜ਼ਿਲ੍ਹਿਆਂ ਵਿਚ ਵੀ ਮਿਲਣੀਆਂ ਰੱਖੀਆਂ ਗਈਆਂ। ਔਨਲਾਈਨ ਮਿਲਣੀਆਂ, ਵਟਸਐਪ ਸਹਾਇਤਾ ਅਤੇ ਪਰਵਾਸੀ ਮਾਮਲਿਆਂ ਦਾ ਵੈੱਬ ਪੋਰਟਲ ਵੀ ਸ਼ੁਰੂ ਕੀਤਾ ਗਿਆ। ਇਸ ਲਈ ਇਹ ਕਹਿਣਾ ਤੱਥਕ ਤੌਰ ਉੱਤੇ ਠੀਕ ਨਹੀਂ ਕਿ ਸਰਕਾਰ ਨੇ ਕੁਝ ਵੀ ਨਹੀਂ ਕੀਤਾ।

ਅਸਲ ਸਵਾਲ ਇਹ ਹੈ ਕਿ ਇਹ ਉਪਰਾਲੇ ਕਿੰਨੇ ਨਿਯਮਿਤ, ਲੋਕਾਂ ਤੱਕ ਪਹੁੰਚਯੋਗ ਅਤੇ ਨਤੀਜਾ ਦੇਣ ਵਾਲੇ ਸਾਬਤ ਹੋਏ। ਜੇ ਹਰ ਵਾਰ ਸੂਚਨਾ ਆਖ਼ਰੀ ਦਿਨਾਂ ਵਿਚ ਆਵੇ, ਤਾਂ ਚੰਗੀ ਯੋਜਨਾ ਵੀ ਆਪਣਾ ਮਕਸਦ ਗੁਆ ਬੈਠਦੀ ਹੈ। ਜੇ ਸਰਕਾਰ ਔਨਲਾਈਨ ਮਿਲਣੀਆਂ ਕਰਦੀ ਹੈ, ਤਾਂ ਉਨ੍ਹਾਂ ਦਾ ਪੂਰਾ ਕਾਰਜਕ੍ਰਮ ਵਿਦੇਸ਼ਾਂ ਵਿਚ ਪ੍ਰਚਾਰਿਆ ਜਾਣਾ ਚਾਹੀਦਾ ਹੈ ਅਤੇ ਵੱਖ-ਵੱਖ ਦੇਸ਼ਾਂ ਦੇ ਸਮੇਂ ਅਨੁਸਾਰ ਲੋਕਾਂ ਨੂੰ ਸ਼ਾਮਲ ਹੋਣ ਦਾ ਮੌਕਾ ਮਿਲਣਾ ਚਾਹੀਦਾ ਹੈ।

ਪਿਛਲੀਆਂ ਸਰਕਾਰਾਂ ਦੇ ਸਮੇਂ ਹੋਏ ਪਰਵਾਸੀ ਸਮਾਗਮਾਂ ਨਾਲ ਤੁਲਨਾ ਕਰਨੀ ਵੀ ਜ਼ਰੂਰੀ ਹੈ। ਕਾਂਗਰਸ ਸਰਕਾਰ ਦੇ ਕਾਰਜਕਾਲ ਦੌਰਾਨ ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਹੇਠ ਪਰਵਾਸੀ ਵਿਸਾਖੀ ਮਿਲਣੀ ਅਤੇ ਹੋਰ ਗੱਲਬਾਤ ਪ੍ਰੋਗਰਾਮਾਂ ਦੀ ਤਿਆਰੀ ਕਈ ਹਫ਼ਤੇ ਜਾਂ ਮਹੀਨੇ ਪਹਿਲਾਂ ਸ਼ੁਰੂ ਕੀਤੀ ਜਾਂਦੀ ਸੀ। ਚੰਡੀਗੜ੍ਹ ਅਤੇ ਹੋਰ ਥਾਵਾਂ ਉੱਤੇ ਵੱਡੇ ਸਮਾਗਮ ਹੁੰਦੇ ਸਨ ਅਤੇ ਮੁੱਖ ਮੰਤਰੀ ਸਮੇਤ ਸਰਕਾਰ ਦੇ ਸੀਨੀਅਰ ਨੁਮਾਇੰਦੇ ਉਨ੍ਹਾਂ ਵਿਚ ਸ਼ਾਮਲ ਹੁੰਦੇ ਸਨ।

ਸ਼੍ਰੋਮਣੀ ਅਕਾਲੀ ਦਲ-ਭਾਜਪਾ ਸਰਕਾਰ ਨੇ 2013 ਅਤੇ 2014 ਵਿਚ ਵੀ ਵੱਡੇ ਪਰਵਾਸੀ ਪੰਜਾਬੀ ਸੰਮੇਲਨ ਕਰਵਾਏ। ਜਨਵਰੀ 2014 ਦਾ ਦੋ-ਦਿਨਾ ਸੰਮੇਲਨ ਸ੍ਰੀ ਅਨੰਦਪੁਰ ਸਾਹਿਬ ਅਤੇ ਜਲੰਧਰ ਵਿਚ ਹੋਇਆ, ਜਿਸ ਵਿਚ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ, ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ, ਮੰਤਰੀ ਅਤੇ ਸੀਨੀਅਰ ਅਧਿਕਾਰੀ ਸ਼ਾਮਲ ਹੋਏ। ਉਪਲਬਧ ਰਿਪੋਰਟਾਂ ਮੁਤਾਬਕ ਸੈਂਕੜਿਆਂ ਦੀ ਗਿਣਤੀ 'ਚ ਪਰਵਾਸੀ ਪੰਜਾਬੀ ਇਨ੍ਹਾਂ ਸਮਾਗਮਾਂ ਵਿਚ ਪਹੁੰਚੇ ਅਤੇ ਉਨ੍ਹਾਂ ਨੇ ਆਪਣੇ ਮਸਲੇ ਸਰਕਾਰ ਅੱਗੇ ਰੱਖੇ।

ਇਸ ਬਾਰੇ "ਹਜ਼ਾਰਾਂ ਪਰਵਾਸੀਆਂ" ਦੀ ਹਾਜ਼ਰੀ ਦੇ ਦਾਅਵੇ ਵੀ ਕੀਤੇ ਜਾਂਦੇ ਰਹੇ ਹਨ, ਪਰ ਉਪਲਬਧ ਪੁਰਾਲੇਖੀ ਰਿਪੋਰਟਾਂ ਵਿਚ ਕਈ ਸਮਾਗਮਾਂ ਲਈ ਸੈਂਕੜਿਆਂ ਦੀ ਗਿਣਤੀ ਦਾ ਜ਼ਿਕਰ ਮਿਲਦਾ ਹੈ। ਇਸ ਲਈ ਅੰਕੜਿਆਂ ਨੂੰ ਵਧਾ-ਚੜ੍ਹਾ ਕੇ ਪੇਸ਼ ਕਰਨ ਦੀ ਥਾਂ ਇਹ ਕਹਿਣਾ ਵਧੇਰੇ ਠੀਕ ਹੈ ਕਿ ਉਹ ਸਮਾਗਮ ਮੌਜੂਦਾ ਬਠਿੰਡਾ ਮਿਲਣੀ ਦੇ ਮੁਕਾਬਲੇ ਕਾਫ਼ੀ ਵੱਡੇ ਅਤੇ ਕਈ ਹਫ਼ਤੇ ਪਹਿਲਾਂ ਤਿਆਰ ਕੀਤੇ ਜਾਂਦੇ ਸਨ।

ਉਸ ਸਮੇਂ ਵੀ ਕਮੀਆਂ ਸਨ। 2014 ਦੇ ਸੰਮੇਲਨ ਤੋਂ ਬਾਅਦ ਕਈ ਪਰਵਾਸੀਆਂ ਨੇ ਦੋਸ਼ ਲਾਇਆ ਸੀ ਕਿ ਸਾਰੇ ਹਾਜ਼ਰ ਲੋਕਾਂ ਨੂੰ ਮੰਤਰੀਆਂ ਅਤੇ ਅਧਿਕਾਰੀਆਂ ਨਾਲ ਗੱਲ ਕਰਨ ਦਾ ਮੌਕਾ ਨਹੀਂ ਮਿਲਿਆ। ਵੱਡੇ ਸਮਾਗਮ ਕਈ ਵਾਰ ਸਿਆਸੀ ਪ੍ਰਦਰਸ਼ਨ ਬਣ ਜਾਂਦੇ ਸਨ ਅਤੇ ਸ਼ਿਕਾਇਤਾਂ ਦੇ ਅੰਤਿਮ ਨਤੀਜੇ ਸਪੱਸ਼ਟ ਨਹੀਂ ਹੁੰਦੇ ਸਨ। ਇਸ ਲਈ ਪੁਰਾਣੀਆਂ ਸਰਕਾਰਾਂ ਦੇ ਹਰ ਸਮਾਗਮ ਨੂੰ ਆਦਰਸ਼ ਨਹੀਂ ਕਿਹਾ ਜਾ ਸਕਦਾ।

ਪਰ ਇੱਕ ਗੱਲ ਸਪੱਸ਼ਟ ਸੀ—ਤਾਰੀਖ਼ਾਂ ਪਹਿਲਾਂ ਤੈਅ ਹੁੰਦੀਆਂ ਸਨ, ਵਿਦੇਸ਼ੀ ਸੰਸਥਾਵਾਂ ਨਾਲ ਸੰਪਰਕ ਹੁੰਦਾ ਸੀ, ਮੀਡੀਆ ਵਿਚ ਪ੍ਰਚਾਰ ਹੁੰਦਾ ਸੀ ਅਤੇ ਲੋਕਾਂ ਨੂੰ ਪੰਜਾਬ ਆਉਣ ਲਈ ਸਮਾਂ ਮਿਲਦਾ ਸੀ। ਮੌਜੂਦਾ ਸਰਕਾਰ ਨੂੰ ਪੁਰਾਣੇ ਸਮਾਗਮਾਂ ਦੀ ਚਮਕ ਨਹੀਂ, ਸਗੋਂ ਉਨ੍ਹਾਂ ਦੀ ਲੰਬੀ ਤਿਆਰੀ ਤੋਂ ਸਿੱਖਣਾ ਚਾਹੀਦਾ ਹੈ। ਨਾਲ ਹੀ ਪੁਰਾਣੀਆਂ ਗਲਤੀਆਂ ਤੋਂ ਬਚਦਿਆਂ ਹਰ ਸ਼ਿਕਾਇਤ ਦੇ ਨਤੀਜੇ ਦੀ ਪੱਕੀ ਨਿਗਰਾਨੀ ਬਣਾਉਣੀ ਚਾਹੀਦੀ ਹੈ।

ਪਰਵਾਸੀ ਪੰਜਾਬੀਆਂ ਲਈ ਬਣੀ ਪਰਵਾਸੀ ਸਭਾ ਪੰਜਾਬ ਦੀ ਹਾਲਤ ਵੀ ਚਿੰਤਾਜਨਕ ਹੈ। ਇਹ ਸੰਸਥਾ 1996 ਵਿਚ ਸ਼ੁਰੂ ਹੋਈ ਅਤੇ 1998 ਵਿਚ ਰਜਿਸਟਰ ਹੋਈ ਸੀ। ਇਸ ਦਾ ਮਕਸਦ ਪਰਵਾਸੀਆਂ ਨੂੰ ਆਪਣੀਆਂ ਸਮੱਸਿਆਵਾਂ ਉਠਾਉਣ ਲਈ ਇੱਕ ਨੁਮਾਇੰਦਗੀ ਵਾਲਾ ਮੰਚ ਦੇਣਾ ਸੀ। ਇਸ ਦੇ ਲਗਭਗ 23 ਤੋਂ 25 ਹਜ਼ਾਰ ਮੈਂਬਰ ਦੱਸੇ ਜਾਂਦੇ ਹਨ ਅਤੇ ਪ੍ਰਧਾਨ ਦੀ ਚੋਣ ਹਰ ਦੋ ਸਾਲ ਬਾਅਦ ਹੋਣੀ ਚਾਹੀਦੀ ਹੈ।

ਜਨਵਰੀ 2024 ਵਿਚ ਚੁਣੀ ਪ੍ਰਧਾਨ ਦਾ ਕਾਰਜਕਾਲ ਜਨਵਰੀ 2026 ਵਿਚ ਖ਼ਤਮ ਹੋ ਗਿਆ, ਪਰ ਨਵੀਆਂ ਚੋਣਾਂ ਵਿਚ ਦੇਰੀ ਹੋਈ ਅਤੇ ਮਾਮਲਾ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਤੱਕ ਪਹੁੰਚਿਆ। ਮਾਰਚ 2026 ਵਿਚ ਸਰਕਾਰ ਨੇ ਚੋਣਾਂ ਲਈ ਪ੍ਰਵਾਨਗੀ ਹੋਣ ਦੀ ਗੱਲ ਅਦਾਲਤ ਵਿਚ ਕਹੀ ਸੀ, ਪਰ ਨਵੀਂ ਚੋਣ ਪੂਰੀ ਹੋਣ ਜਾਂ ਉਸ ਦੀ ਪੱਕੀ ਤਾਰੀਖ਼ ਬਾਰੇ ਸਪੱਸ਼ਟ ਜਾਣਕਾਰੀ ਆਮ ਪਰਵਾਸੀਆਂ ਤੱਕ ਨਹੀਂ ਪਹੁੰਚੀ। ਸਰਕਾਰ ਨੂੰ ਤੁਰੰਤ ਪਰਵਾਸੀ ਸਭਾ ਦੀਆਂ ਚੋਣਾਂ ਦੀ ਮੌਜੂਦਾ ਸਥਿਤੀ ਜਨਤਕ ਕਰਨੀ ਚਾਹੀਦੀ ਹੈ।

ਜੇ ਪਰਵਾਸੀਆਂ ਦੀ ਆਪਣੀ ਨੁਮਾਇੰਦਗੀ ਕਰਨ ਵਾਲੀ ਸਭਾ ਦੀ ਚੋਣ ਹੀ ਸਮੇਂ ਸਿਰ ਨਹੀਂ ਕਰਵਾਈ ਜਾਂਦੀ, ਤਾਂ ਇਕ-ਦਿਨਾ ਮਿਲਣੀਆਂ ਕਰਵਾ ਕੇ ਉਨ੍ਹਾਂ ਨੂੰ ਨੁਮਾਇੰਦਗੀ ਦੇਣ ਦਾ ਦਾਅਵਾ ਕਮਜ਼ੋਰ ਪੈਂਦਾ ਹੈ। ਪਰਵਾਸੀ ਸਭਾ ਨੂੰ ਸਿਆਸੀ ਪ੍ਰਭਾਵ ਤੋਂ ਮੁਕਤ, ਪਾਰਦਰਸ਼ੀ ਅਤੇ ਅਸਲ ਵਿਦੇਸ਼ੀ ਮੈਂਬਰਾਂ ਦੀ ਭਾਗੀਦਾਰੀ ਵਾਲੀ ਸੰਸਥਾ ਬਣਾਉਣ ਦੀ ਲੋੜ ਹੈ।

ਪੰਜਾਬ ਰਾਜ ਪਰਵਾਸੀ ਕਮਿਸ਼ਨ ਅਤੇ ਪਰਵਾਸੀ ਪੁਲਿਸ ਥਾਣਿਆਂ ਦੀ ਕਾਰਗੁਜ਼ਾਰੀ ਬਾਰੇ ਵੀ ਪਰਵਾਸੀਆਂ ਵਿਚ ਪੂਰਾ ਭਰੋਸਾ ਨਹੀਂ ਬਣਿਆ। 2023 ਵਿਚ ਕਮਿਸ਼ਨ ਕਈ ਮਹੀਨੇ ਮੁਖੀ ਅਤੇ ਮੈਂਬਰਾਂ ਤੋਂ ਬਿਨਾਂ ਰਿਹਾ ਅਤੇ ਮਾਮਲੇ ਲਟਕਣ ਦੀਆਂ ਰਿਪੋਰਟਾਂ ਆਈਆਂ। 2025 ਵਿਚ ਨਵਾਂ ਚੇਅਰਮੈਨ ਨਿਯੁਕਤ ਹੋ ਗਿਆ, ਇਸ ਲਈ ਕਮਿਸ਼ਨ ਨੂੰ ਹੁਣ ਬੰਦ ਨਹੀਂ ਕਿਹਾ ਜਾ ਸਕਦਾ। ਪਰ ਉਸ ਦੀ ਸਾਲਾਨਾ ਕਾਰਗੁਜ਼ਾਰੀ, ਬਕਾਇਆ ਮਾਮਲੇ ਅਤੇ ਸਰਕਾਰ ਵੱਲੋਂ ਮੰਨੀਆਂ ਗਈਆਂ ਸਿਫ਼ਾਰਸ਼ਾਂ ਦੀ ਜਾਣਕਾਰੀ ਆਮ ਲੋਕਾਂ ਤੱਕ ਆਸਾਨੀ ਨਾਲ ਨਹੀਂ ਪਹੁੰਚਦੀ।

ਸਰਕਾਰੀ ਵੈੱਬਸਾਈਟ ਉੱਤੇ 15 ਪਰਵਾਸੀ ਪੁਲਿਸ ਥਾਣਿਆਂ ਦੇ ਪਤੇ ਅਤੇ ਸੰਪਰਕ ਦਿੱਤੇ ਹੋਏ ਹਨ, ਪਰ ਕਈ ਪਰਵਾਸੀਆਂ ਨੂੰ ਅਜੇ ਵੀ ਨਹੀਂ ਪਤਾ ਕਿ ਉਨ੍ਹਾਂ ਦਾ ਸਬੰਧਤ ਦਫ਼ਤਰ ਕਿੱਥੇ ਹੈ ਅਤੇ ਸ਼ਿਕਾਇਤ ਕਿਸ ਅਧਿਕਾਰੀ ਕੋਲ ਦਰਜ ਕਰਵਾਉਣੀ ਹੈ। ਕੁਝ ਸੀਨੀਅਰ ਪੁਲਿਸ ਅਸਾਮੀਆਂ ਖਾਲੀ ਜਾਂ ਵਾਧੂ ਚਾਰਜ ਨਾਲ ਚੱਲਣ ਦੀ ਸਰਕਾਰੀ ਜਾਣਕਾਰੀ ਵੀ ਪ੍ਰਣਾਲੀ ਦੀ ਸਮਰੱਥਾ ਉੱਤੇ ਸਵਾਲ ਖੜ੍ਹੇ ਕਰਦੀ ਹੈ।

ਪਰਵਾਸੀ ਪੰਜਾਬੀਆਂ ਨੇ ਪੰਜਾਬ ਦੇ ਸਮਾਜਿਕ ਅਤੇ ਆਰਥਿਕ ਵਿਕਾਸ ਵਿਚ ਵੱਡਾ ਯੋਗਦਾਨ ਦਿੱਤਾ ਹੈ। ਉਹ ਆਪਣੇ ਪਰਿਵਾਰਾਂ ਨੂੰ ਪੈਸਾ ਭੇਜਦੇ ਹਨ, ਪਿੰਡਾਂ ਵਿਚ ਸਕੂਲ, ਹਸਪਤਾਲ, ਖੇਡ ਮੈਦਾਨ ਅਤੇ ਹੋਰ ਸਹੂਲਤਾਂ ਬਣਾਉਣ ਵਿਚ ਮਦਦ ਕਰਦੇ ਹਨ। ਪੰਜਾਬ ਦੀਆਂ ਸਿਆਸੀ ਪਾਰਟੀਆਂ ਵੀ ਵਿਦੇਸ਼ਾਂ ਵਿਚ ਉਨ੍ਹਾਂ ਤੋਂ ਸਮਰਥਨ ਮੰਗਦੀਆਂ ਹਨ।

2022 ਦੀਆਂ ਚੋਣਾਂ ਦੌਰਾਨ ਪਰਵਾਸੀ ਪੰਜਾਬੀਆਂ ਦੇ ਇੱਕ ਵੱਡੇ ਹਿੱਸੇ ਨੇ ਆਮ ਆਦਮੀ ਪਾਰਟੀ ਲਈ ਉਤਸ਼ਾਹ ਦਿਖਾਇਆ ਅਤੇ ਪ੍ਰਚਾਰ ਵਿਚ ਸਹਿਯੋਗ ਦਿੱਤਾ ਸੀ। ਇਹ ਕਹਿਣਾ ਠੀਕ ਨਹੀਂ ਹੋਵੇਗਾ ਕਿ ਹਰ ਪਰਵਾਸੀ ਨੇ ਇੱਕੋ ਪਾਰਟੀ ਦਾ ਸਾਥ ਦਿੱਤਾ, ਪਰ ਪਰਵਾਸੀ ਭਾਈਚਾਰੇ ਦੇ ਇੱਕ ਹਿੱਸੇ ਨੇ ਬਦਲਾਅ ਦੀ ਉਮੀਦ ਨਾਲ ਮੌਜੂਦਾ ਸਰਕਾਰ ਦਾ ਸਮਰਥਨ ਜ਼ਰੂਰ ਕੀਤਾ ਸੀ। ਉਸ ਸਮਰਥਨ ਦੇ ਬਦਲੇ ਉਨ੍ਹਾਂ ਦੀ ਉਮੀਦ ਕੋਈ ਖ਼ਾਸ ਮਿਹਰਬਾਨੀ ਨਹੀਂ, ਸਗੋਂ ਸਾਫ਼, ਤੇਜ਼ ਅਤੇ ਨਿਰਪੱਖ ਨਿਆਂ ਸੀ।

ਹੁਣ ਪਰਵਾਸੀ ਭਾਈਚਾਰੇ ਦੇ ਇੱਕ ਹਿੱਸੇ ਵਿਚ ਨਿਰਾਸ਼ਾ ਦਿਖਾਈ ਦਿੰਦੀ ਹੈ। ਉਹ ਸੋਚ ਰਿਹਾ ਹੈ ਕਿ ਆਉਣ ਵਾਲੀਆਂ ਚੋਣਾਂ ਵਿਚ ਕਿਸ ਪਾਰਟੀ ਦੀ ਮਦਦ ਕੀਤੀ ਜਾਵੇ। ਪਰ ਇਹ ਵੀ ਲਿਖਣਾ ਜ਼ਰੂਰੀ ਹੈ ਕਿ ਸਾਰੇ ਪਰਵਾਸੀਆਂ ਦੀ ਰਾਏ ਇੱਕੋ ਜਿਹੀ ਨਹੀਂ ਹੁੰਦੀ। ਕਿਸੇ ਪੂਰੇ ਭਾਈਚਾਰੇ ਨੂੰ ਸਰਕਾਰ ਦੇ ਹੱਕ ਜਾਂ ਵਿਰੋਧ ਵਿਚ ਦੱਸਣ ਦੀ ਥਾਂ ਇਹ ਕਹਿਣਾ ਵਧੇਰੇ ਠੀਕ ਹੈ ਕਿ ਜਾਇਦਾਦ, ਪੁਲਿਸ ਅਤੇ ਪਰਿਵਾਰਕ ਮਾਮਲਿਆਂ ਤੋਂ ਪੀੜਤ ਕਈ ਲੋਕ ਸਰਕਾਰ ਦੀ ਕਾਰਗੁਜ਼ਾਰੀ ਤੋਂ ਸੰਤੁਸ਼ਟ ਨਹੀਂ ਹਨ।

ਬਠਿੰਡਾ ਦੀ ਮਿਲਣੀ ਨੂੰ ਅਜੇ ਵੀ ਲਾਭਦਾਇਕ ਬਣਾਇਆ ਜਾ ਸਕਦਾ ਹੈ। ਸਰਕਾਰ ਤੁਰੰਤ ਐਲਾਨ ਕਰੇ ਕਿ ਜਿਹੜੇ ਲੋਕ ਦੋ-ਤਿੰਨ ਦਿਨਾਂ ਵਿਚ ਪੰਜਾਬ ਨਹੀਂ ਪਹੁੰਚ ਸਕਦੇ, ਉਹ ਈਮੇਲ, ਵਟਸਐਪ ਜਾਂ ਸਰਕਾਰੀ ਪੋਰਟਲ ਰਾਹੀਂ ਆਪਣੀ ਸ਼ਿਕਾਇਤ ਅਤੇ ਦਸਤਾਵੇਜ਼ ਭੇਜ ਸਕਦੇ ਹਨ। ਉਨ੍ਹਾਂ ਲਈ ਵੀਡੀਓ ਰਾਹੀਂ ਸੁਣਵਾਈ ਦਾ ਪ੍ਰਬੰਧ ਹੋਵੇ।

ਹਰ ਸ਼ਿਕਾਇਤ ਨੂੰ ਵੱਖਰਾ ਪਛਾਣ ਨੰਬਰ ਦਿੱਤਾ ਜਾਵੇ। 48 ਘੰਟਿਆਂ ਵਿਚ ਸ਼ਿਕਾਇਤ ਮਿਲਣ ਦੀ ਪੁਸ਼ਟੀ ਕੀਤੀ ਜਾਵੇ, ਸੱਤ ਦਿਨਾਂ ਵਿਚ ਜ਼ਿੰਮੇਵਾਰ ਅਧਿਕਾਰੀ ਦਾ ਨਾਮ ਦੱਸਿਆ ਜਾਵੇ ਅਤੇ 30 ਦਿਨਾਂ ਵਿਚ ਪਹਿਲੀ ਕਾਰਵਾਈ ਰਿਪੋਰਟ ਭੇਜੀ ਜਾਵੇ। ਜਿਹੜਾ ਮਾਮਲਾ 60 ਜਾਂ 90 ਦਿਨਾਂ ਵਿਚ ਹੱਲ ਨਾ ਹੋਵੇ, ਉਹ ਆਪਣੇ ਆਪ ਸੀਨੀਅਰ ਅਧਿਕਾਰੀ ਜਾਂ ਪਰਵਾਸੀ ਕਮਿਸ਼ਨ ਕੋਲ ਸਮੀਖਿਆ ਲਈ ਚਲਾ ਜਾਵੇ।

ਮਿਲਣੀ ਤੋਂ ਬਾਅਦ ਜ਼ਿਲ੍ਹਾ-ਵਾਰ ਜਨਤਕ ਰਿਪੋਰਟ ਜਾਰੀ ਹੋਵੇ, ਜਿਸ ਵਿਚ ਪ੍ਰਾਪਤ, ਲੰਬਿਤ ਅਤੇ ਹੱਲ ਹੋਈਆਂ ਸ਼ਿਕਾਇਤਾਂ ਦਾ ਵੇਰਵਾ ਦਿੱਤਾ ਜਾਵੇ। ਸਮਾਗਮ ਵਿਚ ਆਉਣ ਵਾਲੇ ਲੋਕਾਂ ਦੀ ਗਿਣਤੀ ਨਾਲੋਂ ਇਹ ਵਧੇਰੇ ਮਹੱਤਵਪੂਰਨ ਹੋਵੇਗਾ ਕਿ ਕਿੰਨੇ ਪੀੜਤਾਂ ਨੂੰ ਅਸਲ ਰਾਹਤ ਮਿਲੀ।

ਸਰਕਾਰ ਨੂੰ ਪੂਰੇ ਸਾਲ ਦਾ ਪਰਵਾਸੀ ਮਿਲਣੀ ਕਾਰਜਕ੍ਰਮ ਪਹਿਲਾਂ ਹੀ ਜਾਰੀ ਕਰਨਾ ਚਾਹੀਦਾ ਹੈ। ਹਰ ਖੇਤਰੀ ਮਿਲਣੀ ਦੀ ਤਾਰੀਖ਼ ਘੱਟੋ-ਘੱਟ ਇੱਕ ਜਾਂ ਦੋ ਮਹੀਨੇ ਪਹਿਲਾਂ ਦੱਸੀ ਜਾਵੇ। ਸੂਚਨਾ ਵਿਦੇਸ਼ੀ ਪੰਜਾਬੀ ਅਖ਼ਬਾਰਾਂ, ਰੇਡੀਓ, ਟੈਲੀਵਿਜ਼ਨ ਚੈਨਲਾਂ, ਗੁਰਦੁਆਰਿਆਂ ਅਤੇ ਮਾਨਤਾ ਪ੍ਰਾਪਤ ਪਰਵਾਸੀ ਸੰਸਥਾਵਾਂ ਨੂੰ ਭੇਜੀ ਜਾਵੇ।

ਵੱਖ-ਵੱਖ ਸਮਾਂ-ਖੇਤਰਾਂ ਅਨੁਸਾਰ ਹਰ ਮਹੀਨੇ ਔਨਲਾਈਨ ਮਿਲਣੀਆਂ ਕੀਤੀਆਂ ਜਾ ਸਕਦੀਆਂ ਹਨ। ਅਮਰੀਕਾ ਅਤੇ ਕੈਨੇਡਾ ਲਈ ਇੱਕ ਸਮਾਂ, ਬਰਤਾਨੀਆ ਅਤੇ ਯੂਰਪ ਲਈ ਦੂਜਾ ਅਤੇ ਆਸਟ੍ਰੇਲੀਆ ਤੇ ਨਿਊਜ਼ੀਲੈਂਡ ਲਈ ਤੀਜਾ ਸਮਾਂ ਰੱਖਿਆ ਜਾ ਸਕਦਾ ਹੈ। ਸਰਕਾਰ ਕੋਲ ਤਕਨੀਕ ਅਤੇ ਅਧਿਕਾਰੀ ਦੋਵੇਂ ਹਨ; ਲੋੜ ਸਿਰਫ਼ ਪਰਵਾਸੀ ਦੀ ਸਹੂਲਤ ਨੂੰ ਕੇਂਦਰ ਵਿਚ ਰੱਖਣ ਦੀ ਹੈ।

ਚੋਣਾਂ ਨੇੜੇ ਆਉਣ ਉੱਤੇ ਪਰਵਾਸੀ ਪੰਜਾਬੀਆਂ ਨੂੰ ਯਾਦ ਕਰਨਾ ਪੰਜਾਬ ਦੀਆਂ ਲਗਭਗ ਸਾਰੀਆਂ ਪਾਰਟੀਆਂ ਦੀ ਪੁਰਾਣੀ ਰਵਾਇਤ ਰਹੀ ਹੈ। ਹੁਣ 2027 ਦੀਆਂ ਵਿਧਾਨ ਸਭਾ ਚੋਣਾਂ ਵੀ ਨੇੜੇ ਹਨ। ਅਜਿਹੇ ਸਮੇਂ ਵਿਚ ਅਚਾਨਕ ਮਿਲਣੀਆਂ ਹੋਣ ਤਾਂ ਸਿਆਸੀ ਪ੍ਰਚਾਰ ਦਾ ਸ਼ੱਕ ਪੈਦਾ ਹੋਣਾ ਸੁਭਾਵਿਕ ਹੈ। ਸਰਕਾਰ ਇਸ ਸ਼ੱਕ ਨੂੰ ਬਿਆਨਾਂ ਨਾਲ ਨਹੀਂ, ਨਤੀਜਿਆਂ ਨਾਲ ਦੂਰ ਕਰ ਸਕਦੀ ਹੈ। ਬਠਿੰਡਾ ਵਿਚ ਕਿੰਨੇ ਲੋਕ ਆਏ, ਕਿੰਨੀਆਂ ਸ਼ਿਕਾਇਤਾਂ ਸੁਣੀਆਂ ਗਈਆਂ, ਕਿੰਨੇ ਮਾਮਲਿਆਂ ਉੱਤੇ ਤੁਰੰਤ ਹੁਕਮ ਹੋਏ ਅਤੇ ਤਿੰਨ ਮਹੀਨਿਆਂ ਬਾਅਦ ਕਿੰਨੇ ਪੀੜਤਾਂ ਨੂੰ ਅਸਲ ਰਾਹਤ ਮਿਲੀ—ਇਹ ਸਭ ਜਨਤਕ ਕੀਤਾ ਜਾਣਾ ਚਾਹੀਦਾ ਹੈ। ਮੰਤਰੀ ਦੀਆਂ ਤਸਵੀਰਾਂ ਅਤੇ ਸਰਕਾਰੀ ਦਾਅਵਿਆਂ ਨਾਲੋਂ ਸ਼ਿਕਾਇਤਕਰਤਾ ਦੀ ਸੰਤੁਸ਼ਟੀ ਸਭ ਤੋਂ ਵੱਡੀ ਕਸੌਟੀ ਹੋਵੇਗੀ।

ਅਖ਼ੀਰ ਵਿਚ, ਇਹ ਨਹੀਂ ਕਿਹਾ ਜਾ ਸਕਦਾ ਕਿ 26 ਅਗਸਤ ਦੀ ਮਿਲਣੀ ਦਾ ਕੋਈ ਲਾਭ ਨਹੀਂ ਹੋਵੇਗਾ। ਜੇ ਉੱਥੇ ਪਹੁੰਚਣ ਵਾਲੇ ਇੱਕ ਵੀ ਪੀੜਤ ਦਾ ਮਾਮਲਾ ਇਮਾਨਦਾਰੀ ਨਾਲ ਹੱਲ ਹੁੰਦਾ ਹੈ, ਤਾਂ ਉਸ ਲਈ ਇਹ ਸਮਾਗਮ ਮਹੱਤਵਪੂਰਨ ਹੋਵੇਗਾ। ਪਰ ਵੱਡਾ ਸਵਾਲ ਉਨ੍ਹਾਂ ਹਜ਼ਾਰਾਂ ਪਰਵਾਸੀਆਂ ਦਾ ਹੈ, ਜਿਨ੍ਹਾਂ ਨੂੰ ਸਮੇਂ ਸਿਰ ਜਾਣਕਾਰੀ ਹੀ ਨਹੀਂ ਮਿਲੀ ਅਤੇ ਜੋ ਬਠਿੰਡਾ ਨਹੀਂ ਪਹੁੰਚ ਸਕੇ। ਉਨ੍ਹਾਂ ਨੂੰ ਇਸ ਪ੍ਰਕਿਰਿਆ ਤੋਂ ਬਾਹਰ ਰੱਖ ਕੇ ਸਰਕਾਰ ਇਸ ਨੂੰ ਸਫਲ ਪਰਵਾਸੀ ਮਿਲਣੀ ਨਹੀਂ ਕਹਿ ਸਕਦੀ।

ਪਰਵਾਸੀ ਦੇ ਹੱਕ ਵਿਚ ਨੀਤੀ ਉਹੀ ਹੈ, ਜੋ ਉਸ ਦੀ ਦੂਰੀ, ਸਮੇਂ, ਖ਼ਰਚ ਅਤੇ ਮਜਬੂਰੀ ਨੂੰ ਸਮਝੇ। ਅਚਾਨਕ ਜਾਰੀ ਕੀਤੀ ਸੂਚਨਾ ਅਤੇ ਇਕ ਦਿਨ ਦੀ ਸੁਣਵਾਈ ਨਾਲੋਂ ਲੰਬੀ ਤਿਆਰੀ, ਵਿਦੇਸ਼ੀ ਮੀਡੀਆ ਰਾਹੀਂ ਪਹੁੰਚ, ਔਨਲਾਈਨ ਭਾਗੀਦਾਰੀ, ਲਿਖਤੀ ਸਮਾਂ-ਸੀਮਾ ਅਤੇ ਜਨਤਕ ਜਵਾਬਦੇਹੀ ਕਿਤੇ ਵੱਧ ਜ਼ਰੂਰੀ ਹਨ।

ਪੰਜਾਬ ਸਰਕਾਰ ਨੂੰ ਇਸ ਆਲੋਚਨਾ ਨੂੰ ਵਿਰੋਧ ਨਹੀਂ, ਸਗੋਂ ਸੁਧਾਰ ਦੀ ਮੰਗ ਵਜੋਂ ਲੈਣਾ ਚਾਹੀਦਾ ਹੈ। ਪਰਵਾਸੀ ਪੰਜਾਬੀਆਂ ਨੇ ਪੰਜਾਬ ਨੂੰ ਆਪਣੀ ਕਮਾਈ, ਮਿਹਨਤ, ਪਛਾਣ ਅਤੇ ਭਰੋਸਾ ਦਿੱਤਾ ਹੈ। ਉਨ੍ਹਾਂ ਨੂੰ ਚੋਣਾਂ ਵੇਲੇ ਸਮਰਥਕ ਅਤੇ ਸਰਕਾਰੀ ਸਮਾਗਮਾਂ ਵਿਚ ਸਿਰਫ਼ ਗਿਣਤੀ ਵਜੋਂ ਨਹੀਂ, ਸਗੋਂ ਹੱਕਦਾਰ ਨਾਗਰਿਕ ਅਤੇ ਪੰਜਾਬ ਦੇ ਸਾਂਝੀਦਾਰ ਵਜੋਂ ਦੇਖਿਆ ਜਾਣਾ ਚਾਹੀਦਾ ਹੈ।

ਬਠਿੰਡਾ ਮਿਲਣੀ ਦੀ ਅਸਲ ਸਫਲਤਾ ਉਸ ਦਿਨ ਦੇ ਮੰਚ, ਭਾਸ਼ਣਾਂ ਜਾਂ ਤਸਵੀਰਾਂ ਨਾਲ ਨਹੀਂ, ਸਗੋਂ ਅਗਲੇ ਹਫ਼ਤਿਆਂ ਅਤੇ ਮਹੀਨਿਆਂ ਵਿਚ ਹੋਣ ਵਾਲੀ ਕਾਰਵਾਈ ਨਾਲ ਮਾਪੀ ਜਾਵੇਗੀ। ਹੁਣ ਸਮਾਂ ਦੱਸੇਗਾ ਕਿ ਇਹ ਮਿਲਣੀ ਪਰਵਾਸੀਆਂ ਦੇ ਦੁੱਖ-ਦਰਦ ਦਾ ਸੱਚਾ ਹੱਲ ਬਣਦੀ ਹੈ ਜਾਂ ਸਰਕਾਰੀ ਰਿਕਾਰਡ ਵਿਚ ਦਰਜ ਹੋਣ ਵਾਲੀ ਇੱਕ ਹੋਰ ਰਸਮੀ ਕਾਰਵਾਈ ਸਾਬਤ ਹੁੰਦੀ ਹੈ।

# ਕੀ ਅਸਹਿਮਤੀ ਨੂੰ ਕਾਨੂੰਨ ਦੇ ਦਾਇਰੇ ਵਿਚ ਲਿਆਉਣਾ ਜਾਇਜ਼ ਹੈ?

ਗੁਰਮੀਤ ਸਿੰਘ ਪਲਾਹੀ
# ਮੋਬਾਈਲ : 98158-02070
ਪੰਜਾਬ ਮੇਲ USA



ਭਾਰਤ ਵਿਚ ਅਸਹਿਮਤੀ ਅਤੇ ਰਾਸ਼ਟਰਵਾਦ ਦੀ ਪਰਿਭਾਸ਼ਾ ਨੂੰ ਲੈ ਕੇ ਇੱਕ ਗੰਭੀਰ ਬਹਿਸ ਛਿੜੀ ਹੋਈ ਹੈ। ਇਹ ਵਿਵਾਦ ਉਦੋਂ ਹੋਰ ਤਿੱਖਾ ਹੋ ਗਿਆ, ਜਦੋਂ ਦੇਸ਼ ਦੀ ਮੁੱਖ ਵਿਰੋਧੀ ਧਿਰ ਅਤੇ ਸਭ ਤੋਂ ਪੁਰਾਣੀ ਸਿਆਸੀ ਪਾਰਟੀ-ਇੰਡੀਅਨ ਨੈਸ਼ਨਲ ਕਾਂਗਰਸ ਦੇ ਇੱਕ ਸਮਾਗਮ ਦੌਰਾਨ ਰਾਸ਼ਟਰੀ ਗੀਤ 'ਵੰਦੇ ਮਾਤਰਮ' ਦੇ ਪਹਿਲੇ ਦੋ ਪੈਰੇ ਹੀ ਗਾਏ ਗਏ। ਸੱਤਾਧਾਰੀ ਭਾਰਤੀ ਜਨਤਾ ਪਾਰਟੀ (ਭਾਜਪਾ) ਨੇ ਕਾਂਗਰਸ ਦੇ ਇਸ ਰਵੱਈਏ ਨੂੰ ਰਾਸ਼ਟਰ-ਵਿਰੋਧੀ ਅਤੇ ਰਾਸ਼ਟਰੀ ਪ੍ਰਤੀਕਾਂ ਦਾ ਅਪਮਾਨ ਕਰਾਰ ਦਿੱਤਾ। ਹਾਲਾਂਕਿ, ਇਹ ਟਕਰਾਅ ਸਿਰਫ਼ ਬਿਆਨਬਾਜ਼ੀ ਤੱਕ ਸੀਮਤ ਨਹੀਂ ਰਿਹਾ, ਸਗੋਂ ਰਾਸ਼ਟਰੀ ਪ੍ਰਤੀਕਾਂ ਅਤੇ ਅਸਹਿਮਤੀ ਦੇ ਅਧਿਕਾਰਾਂ ਨੂੰ ਕਾਨੂੰਨੀ ਸ਼ਿਕੰਜੇ ਵਿਚ ਕੱਸਣ ਦੀ ਇੱਕ ਵੱਡੀ ਕੋਸ਼ਿਸ਼ ਵਜੋਂ ਸਾਹਮਣੇ ਆ ਰਿਹਾ ਹੈ।

ਸਵਾਲ ਸਿਰਫ਼ ਇਹ ਨਹੀਂ ਹੈ ਕਿ ਕਾਂਗਰਸ ਨੇ 'ਵੰਦੇ ਮਾਤਰਮ' ਦੇ ਦੋ ਪੈਰੇ ਹੀ ਕਿਉਂ ਗਾਏ, ਸਗੋਂ ਅਸਲ ਸਵਾਲ ਇਹ ਹੈ ਕਿ ਕੀ ਵਿਚਾਰਧਾਰਕ ਅਸਹਿਮਤੀ ਅਤੇ ਰਾਜਨੀਤਿਕ ਵਿਰੋਧ ਨੂੰ ਕਾਨੂੰਨ ਦੀਆਂ ਸ਼ਰਤਾਂ ਅਧੀਨ ਅਪਰਾਧ ਬਣਾਉਣਾ ਇੱਕ ਲੋਕਤੰਤਰੀ ਪ੍ਰਣਾਲੀ ਲਈ ਠੀਕ ਹੈ? ਕੀ ਜਨ-ਅੰਦੋਲਨਾਂ ਜਾਂ ਵਿਚਾਰਧਾਰਕ ਵਿਰੋਧੀਆਂ ਨੂੰ 'ਅਰਬਨ ਨਕਸਲੀ' ਜਾਂ 'ਦਿਮਾਗੀ ਨਕਸਲੀ' ਗਰਦਾਨ ਕੇ ਦੇਸ਼-ਧ੍ਰੋਹੀ ਠਹਿਰਾਉਣਾ ਲੋਕਤੰਤਰ ਦੀ ਆਤਮਾ ਦੇ ਅਨੁਕੂਲ ਹੈ?

ਇਹ ਸਥਿਤੀ ਸਿਰਫ਼ ਭਾਰਤ ਤੱਕ ਹੀ ਸੀਮਤ ਨਹੀਂ ਹੈ, ਸਗੋਂ ਵਿਸ਼ਵ ਦੇ ਕਈ ਲੋਕਤੰਤਰੀ ਦੇਸ਼ਾਂ ਵਿਚ ਵੀ ਅਜਿਹੇ ਤਣਾਅ ਦੇਖਣ ਨੂੰ ਮਿਲੇ ਹਨ। ਜਦੋਂ ਵੀ ਕੋਈ ਰਾਸ਼ਟਰੀ ਗੀਤ ਜਾਂ ਰਾਸ਼ਟਰਗਾਨ ਕਿਸੇ ਵਿਸ਼ੇਸ਼ ਧਰਮ, ਨਸਲ ਜਾਂ ਭਾਸ਼ਾਈ ਪਛਾਣ ਨਾਲ ਡੂੰਘਾ ਜੁੜ ਜਾਂਦਾ ਹੈ, ਤਾਂ ਬਹੁ-ਗਿਣਤੀਵਾਦੀ ਲੋਕਤੰਤਰਾਂ ਵਿਚ ਅਜਿਹੇ ਵਿਵਾਦ ਉੱਭਰਦੇ ਹਨ। ਸ਼੍ਰੀਲੰਕਾ, ਜਰਮਨੀ, ਫਰਾਂਸ, ਇਜ਼ਰਾਈਲ ਅਤੇ ਕੈਨੇਡਾ ਵਰਗੇ ਦੇਸ਼ ਵੀ ਅਜਿਹੇ ਵਿਰੋਧਾਂ ਅਤੇ ਸੋਧਾਂ ਦੇ ਦੌਰ ਵਿਚੋਂ ਲੰਘ ਚੁੱਕੇ ਹਨ।

ਬਹੁਤ ਸਾਰੇ ਲੋਕਤੰਤਰਾਂ ਵਿਚ ਇਹ ਸਵਾਲ ਉੱਠਦਾ ਰਿਹਾ ਹੈ ਕਿ ਕੀ ਰਾਸ਼ਟਰੀ ਪ੍ਰਤੀਕ ਸਭ ਪ੍ਰਤੀਨਿਧਤਾ ਕਰਦੇ ਹਨ ਜਾਂ ਕਿਸੇ ਵਿਸ਼ੇਸ਼ ਵਰਗ ਨੂੰ ਬਾਹਰ ਛੱਡ ਦਿੰਦੇ ਹਨ। ਇਨ੍ਹਾਂ ਉਦਾਹਰਨਾਂ ਵਿਚ ਇੱਕ ਸਾਂਝਾ ਸੂਤਰ ਦਿੱਸਦਾ ਹੈ ਕਿ ਜਿੱਥੇ ਸਰਕਾਰਾਂ ਬਹੁ-ਸੰਖਿਅਕ ਭਾਵਨਾ ਦੇ ਦਬਾਅ ਹੇਠ ਗੀਤ ਦਾ ਪੂਰਾ ਜਾਂ ਇੱਕ-ਤਰਫ਼ਾ ਸੰਸਕਰਨ ਠੋਪਣ ਦੀ ਕੋਸ਼ਿਸ਼ ਕਰਦੀਆਂ ਹਨ, ਉੱਥੇ ਇਹ ਕਦਮ ਏਕਤਾ ਨਾਲੋਂ ਵੱਧ ਵੰਡ ਪੈਦਾ ਕਰਦਾ ਆਇਆ ਹੈ।

ਇਹੋ ਜਿਹੀ ਸਥਿਤੀ ਸ਼੍ਰੀਲੰਕਾ ਵਿਚ 2010 ਵਿਚ ਦੇਖਣ ਨੂੰ ਮਿਲੀ, ਪਰ ਜਿੱਥੇ ਲਚਕੀਲਾਪਣ ਅਪਣਾਇਆ ਗਿਆ, ਜਿਵੇਂ ਜਰਮਨੀ ਦਾ ਅੰਸ਼ਕ ਗਾਇਨ ਜਾਂ ਕੈਨੇਡਾ ਦਾ ਪੁਨਰ-ਲੇਖਣ-ਉੱਥੇ ਮੁਕਾਬਲਤਨ ਮਾਹੌਲ ਸ਼ਾਂਤ ਹੋਇਆ। ਭਾਰਤ ਵਿਚ ਆਖਰ ਇਸ ਵਿਚਾਰਧਾਰਕ ਬਹਿਸ ਜਾਂ ਮੁੱਦੇ ਪਿੱਛੇ ਕਿਹੜੀ ਸੋਚ ਕੰਮ ਕਰ ਰਹੀ ਹੈ? ਕਾਂਗਰਸ ਦਾ ਤਰਕ ਕਿਸੇ ਸਿਆਸੀ ਚਤੁਰਾਈ ਵਿਚੋਂ ਨਹੀਂ, ਸਗੋਂ ਆਜ਼ਾਦੀ ਦੀ ਲੜਾਈ ਵੇਲੇ ਹੋਈ ਇੱਕ ਵਿਚਾਰਕ ਬਹਿਸ ਵਿਚੋਂ ਨਿਕਲਿਆ ਹੈ। 'ਵੰਦੇ ਮਾਤਰਮ' 1875 ਵਿਚ ਬੰਕਿਮ ਚੰਦਰ ਚੈਟਰਜੀ ਨੇ ਲਿਖਿਆ। ਸਵਦੇਸ਼ੀ ਅੰਦੋਲਨ ਦੇ ਦੌਰ ਵਿਚ ਇਹ ਗੀਤ ਆਜ਼ਾਦੀ ਦੀ ਲੜਾਈ ਦਾ ਪ੍ਰਤੀਕ ਬਣ ਗਿਆ। ਲੇਕਿਨ ਦੇਸ਼ ਵਿਚ ਸਿਆਸੀ ਧਿਰ ਮੁਸਲਿਮ ਲੀਗ ਨੇ ਇਸ ਗੀਤ ਦਾ ਬਾਅਦ ਵਿਚ ਵਿਰੋਧ ਕੀਤਾ, ਇਸੇ ਕਰਕੇ ਕਿ ਇਸ ਦੇ ਕੁਝ ਹਿੱਸਿਆਂ ਵਿਚ ਭਾਰਤ ਮਾਤਰ-ਭੂਮੀ ਨੂੰ ਦੇਵੀ ਦੇ ਬਿੰਬਾਂ ਨਾਲ ਸ਼ਿੰਗਾਰਿਆ ਹੋਇਆ ਸੀ। ਜਦੋਂ ਇਸ ਗੀਤ ਸਬੰਧੀ ਵਿਰੋਧ ਵਧਿਆ, ਤਾਂ ਉਸ ਉੱਤੇ ਕਾਂਗਰਸ ਅਤੇ ਆਜ਼ਾਦੀ ਦੇ ਰਹਿਨੁਮਾਵਾਂ ਨੇ ਡੂੰਘੀ ਵਿਚਾਰ-ਚਰਚਾ ਕੀਤੀ। ਇਹ ਗੱਲ ਵੀ ਧਿਆਨ ਵਿਚ ਰੱਖਣਯੋਗ ਹੈ ਕਿ ਜਿਵੇਂ ਰਾਸ਼ਟਰਗਾਨ 'ਜਨ ਗਨ ਮਨ' ਦੇ ਕੁੱਲ ਪੰਜ ਬੰਦ (ਪੈਰੇ) ਹਨ, ਪਰ ਸੰਵਿਧਾਨ ਸਭਾ ਦੁਆਰਾ ਸਭ ਦੀ ਸਵੀਕਾਰਤਾ ਲਈ ਉਸ ਦਾ ਸਿਰਫ਼ ਪਹਿਲਾ ਬੰਦ ਹੀ ਅਪਣਾਇਆ ਗਿਆ ਹੈ, ਉਸੇ ਤਰ੍ਹਾਂ 'ਵੰਦੇ ਮਾਤਰਮ' ਦੇ ਕੁੱਲ 6 ਬੰਦ ਹਨ। ਮੰਨਿਆ ਗਿਆ ਕਿ ਪੂਰੀ ਕਵਿਤਾ ਦੇ ਬਾਅਦ ਵਾਲੇ ਹਿੱਸਿਆਂ ਨਾਲ ਕੁਝ ਵਰਗਾਂ ਦੀਆਂ ਭਾਵਨਾਵਾਂ ਨੂੰ ਠੇਸ ਪੁੱਜ ਸਕਦੀ ਹੈ, ਕਿਉਂਕਿ ਇਸ ਦੇ ਤੀਜੇ ਬੰਦ ਵਿਚ ਮਾਂ-ਭੂਮੀ ਦੀ ਰੱਖਿਆ ਲਈ ਤਲਵਾਰ ਚੁੱਕਣ ਦੀ ਗੱਲ ਹੈ, ਚੌਥੇ ਪੈਰੇ ਵਿਚ ਹਰ ਮੰਦਰ ਵਿਚ ਛਵੀ ਦਾ ਜ਼ਿਕਰ ਹੈ ਅਤੇ ਪੰਜਵੇਂ ਵਿਚ ਮਾਂ-ਭੂਮੀ ਦੀ ਤੁਲਨਾ ਸਿੱਧੀ ਦੁਰਗਾ, ਲਕਸ਼ਮੀ ਅਤੇ ਸਰਸਵਤੀ ਨਾਲ ਕੀਤੀ ਗਈ ਹੈ। ਇਸ ਲਈ ਕਾਂਗਰਸ ਅਤੇ ਸੰਵਿਧਾਨ ਸਭਾ ਦੀ ਸਹਿਮਤੀ ਨਾਲ ਪਹਿਲੇ ਦੋ ਬੰਦ-ਜੋ ਸਭ ਨੂੰ ਸਵੀਕਾਰਯੋਗ ਸਨ, ਹੀ ਗਾਉਣ ਦਾ ਫੈਸਲਾ ਲਿਆ ਗਿਆ।

ਇਤਿਹਾਸਕਾਰ 'ਤਨਿਕਾ ਸਰਕਾਰ' ਦਾ ਇਸ ਗੀਤ ਬਾਰੇ ਕਹਿਣਾ ਹੈ ਕਿ ਇਹ ਗੀਤ, ਜਿਹੜਾ ਕਿ ਲੇਖਕ ਨੇ 'ਆਨੰਦ ਮਠ' ਨਾਵਲ ਦਾ ਹਿੱਸਾ ਬਣਾਇਆ ਸੀ, ਸਪੱਸ਼ਟ ਰੂਪ ਵਿਚ ਮੁਸਲਮਾਨਾਂ ਨੂੰ ਦੁਸ਼ਮਣ ਦੇ ਰੂਪ ਵਿਚ ਚਿਤਰਿਤ ਕਰਦਾ ਹੈ ਅਤੇ ਮਾਤਰ-ਭੂਮੀ ਇੱਕ ਹਿੰਦੂ ਦੇਵੀ ਦਾ ਰੂਪ ਲੈਂਦੀ ਹੈ। ਇਹੋ ਬਿੰਦੂ ਹੈ, ਜੋ ਗੀਤ ਦੀ ਬਹੁ-ਧਾਰਮਿਕ ਭਾਰਤ ਦੇ ਲਈ ਝਗੜੇ ਦੀ ਜੜ੍ਹ ਬਣਦਾ ਹੈ। ਆਜ਼ਾਦੀ ਤੋਂ ਬਾਅਦ ਇਹ ਬਹਿਸ ਸੰਵਿਧਾਨ ਸਭਾ ਵਿਚ ਦੁਹਰਾਈ ਗਈ। 24 ਜਨਵਰੀ 1950 ਨੂੰ ਇਹ ਪ੍ਰਵਾਨ ਕੀਤਾ ਗਿਆ ਕਿ 'ਜਨ ਗਨ ਮਨ' ਰਾਸ਼ਟਰੀ ਗਾਣ ਹੋਵੇਗਾ, ਪਰ 'ਵੰਦੇ ਮਾਤਰਮ' ਜਿਸ ਨੇ ਆਜ਼ਾਦੀ ਦੀ ਲੜਾਈ ਵਿਚ ਇਤਿਹਾਸਕ ਭੂਮਿਕਾ ਨਿਭਾਈ, ਉਸ ਨੂੰ 'ਜਨ ਗਨ ਮਨ' ਦੇ ਬਰਾਬਰ ਦਾ ਦਰਜਾ ਮਿਲੇਗਾ। ਪਰ ਇਹ ਇੱਕ ਘੋਸ਼ਣਾ ਸੀ, ਇਸ ਸਬੰਧੀ ਕੋਈ ਕਾਨੂੰਨ ਨਹੀਂ ਸੀ ਬਣਿਆ। ਅੱਜ ਇਹੋ 'ਵੰਦੇ ਮਾਤਰਮ' ਸੱਤ ਦਹਾਕਿਆਂ ਬਾਅਦ ਇੱਕ ਵਾਰ ਫਿਰ ਤੋਂ ਗੰਭੀਰ ਕਾਨੂੰਨੀ ਬਹਿਸ ਦਾ ਮੁੱਖ ਵਿਸ਼ਾ ਬਣ ਗਿਆ ਹੈ।





ਕਾਨੂੰਨੀ ਮਾਹਰ ਇਸ ਉੱਤੇ ਬਾਰੀਕ ਸਵਾਲ ਚੁੱਕ ਰਹੇ ਹਨ। ਇੱਕ ਵਿਸ਼ਲੇਸ਼ਣ ਦੇ ਮੁਤਾਬਕ 'ਵੰਦੇ ਮਾਤਰਮ' ਦਾ ਸੰਵਿਧਾਨਕ ਦਰਜਾ 'ਜਨ ਗਨ ਮਨ' ਜਿਹਾ ਕਦੇ ਰਿਹਾ ਹੀ ਨਹੀਂ ਹੈ। ਸੰਵਿਧਾਨ ਸਭਾ ਨੇ 'ਜਨ ਗਨ ਮਨ' ਨੂੰ ਰਸਮੀ ਰੂਪ ਵਿਚ ਰਾਸ਼ਟਰੀ ਗਾਣ ਚੁਣਿਆ, ਜਦਕਿ 'ਵੰਦੇ ਮਾਤਰਮ' ਨੂੰ ਅਲੱਗ ਤੋਂ ਰਾਸ਼ਟਰੀ ਗੀਤ ਦਾ ਦਰਜਾ ਦਿੱਤਾ ਗਿਆ। ਇਸ ਦਰਜੇ ਦੀ ਪੁਸ਼ਟੀ ਸੰਵਿਧਾਨ ਸਭਾ ਦੇ ਚੇਅਰਮੈਨ ਨੇ ਇੱਕ ਬਿਆਨ ਵਿਚ ਦਿੱਤੀ ਸੀ, ਕਿਸੇ ਪਾਸ ਕੀਤੇ ਮਤੇ ਦੇ ਰੂਪ ਵਿਚ ਨਹੀਂ। ਸਵਾਲ ਉਠਾਏ ਜਾ ਰਹੇ ਹਨ ਕਿ 'ਵੰਦੇ ਮਾਤਰਮ' ਨੂੰ ਰਸਮੀ ਮਾਨਤਾ ਦੇਣ ਦਾ ਫੈਸਲਾ ਹੁਣ ਪ੍ਰਧਾਨ ਮੰਤਰੀ ਅਤੇ ਗ੍ਰਹਿ ਮੰਤਰੀ ਦਾ ਇੱਕ-ਤਰਫ਼ਾ ਫੈਸਲਾ ਹੈ। ਕਾਨੂੰਨ ਅਨੁਸਾਰ ਰਾਸ਼ਟਰਗਾਨ ('ਜਨ ਗਨ ਮਨ') ਰੋਕਣਾ ਜਾਂ ਗਾਇਨ ਕਰ ਰਹੀ ਸਭਾ ਵਿਚ ਰੁਕਾਵਟ ਪਾਉਣਾ ਤਿੰਨ ਸਾਲ ਦੀ ਕੈਦ ਜਾਂ ਜੁਰਮਾਨਾ ਦੋਨੋਂ ਨਿਰਧਾਰਤ ਹਨ। ਇਹੋ ਕਾਨੂੰਨ ਹੁਣ ਸੰਸਦ ਵਿਚ ਪਾਸ ਕੀਤੇ ਪ੍ਰਸਤਾਵ ਅਨੁਸਾਰ 'ਵੰਦੇ ਮਾਤਰਮ' 'ਤੇ ਵੀ ਲਾਗੂ ਹੋਵੇਗਾ।

ਭਾਰਤ ਵਿਚ ਇਹ ਬਹਿਸ ਸਿਰਫ਼ ਇਤਿਹਾਸ ਜਾਂ ਸਾਹਿਤਕ ਵਿਆਖਿਆ ਤੱਕ ਸੀਮਤ ਨਹੀਂ ਹੈ, ਬਲਕਿ ਸਜ਼ਾ ਦਾ ਹਿੱਸਾ ਬਣ ਚੁੱਕੀ ਹੈ। ਕਾਂਗਰਸ ਆਪਣੇ ਪੁਰਾਣੇ ਰੁਖ 'ਤੇ ਕਾਇਮ ਹੈ, ਜਦਕਿ ਕੇਂਦਰ ਨੇ ਨਵਾਂ ਕਾਨੂੰਨ ਲਾਗੂ ਕਰ ਦਿੱਤਾ ਹੈ। ਦੋਹਾਂ ਪੱਖਾਂ ਵਿਚ ਟਕਰਾਅ ਅਗਲੇ ਦਿਨਾਂ ਵਿਚ ਹੋਰ ਵੀ ਤਿੱਖਾ ਹੋ ਸਕਦਾ ਹੈ। ਖਾਸ ਕਰਕੇ ਉਦੋਂ ਜਦੋਂ ਪਾਰਟੀ ਦੇ ਸਮਾਗਮਾਂ ਵਿਚ ਸਿਰਫ਼ ਕਾਂਗਰਸ ਦੋ ਪੈਰੇ ਹੀ ਗਾਏਗੀ ਅਤੇ ਸਰਕਾਰੀ ਪ੍ਰੋਗਰਾਮਾਂ ਵਿਚ ਛੇ ਪੈਰੇ ਹੀ ਗਾਏ ਜਾਣਗੇ। ਇਹ ਖਾਈ ਵਧੇਗੀ, ਜੋ ਨਵੇਂ ਝਗੜਿਆਂ ਨੂੰ ਜਨਮ ਦੇਵੇਗੀ। ਹੁਣ ਵਾਲੇ ਵਿਵਾਦ ਦਾ ਤਤਕਾਲਕ ਕਾਰਨ 15 ਅਗਸਤ ਨੂੰ ਕਾਂਗਰਸ ਦੇ ਹੈੱਡਕੁਆਰਟਰ ਵਿਚ ਆਜ਼ਾਦੀ ਦਿਹਾੜੇ ਦੇ ਸਮਾਰੋਹ ਵਿਚ 'ਵੰਦੇ ਮਾਤਰਮ' ਗੀਤ ਦੇ ਦੋ ਪੈਰੇ ਗਾਉਣ ਤੋਂ ਬਾਅਦ ਉਸ ਨੂੰ ਬੰਦ ਕਰਨ ਤੋਂ ਹੋਇਆ। ਇਸ ਦੌਰਾਨ ਸੋਨੀਆ ਗਾਂਧੀ, ਰਾਹੁਲ ਗਾਂਧੀ ਅਤੇ ਕਾਂਗਰਸ ਪ੍ਰਧਾਨ ਖੜਗੇ ਦੇ ਆਚਰਣ ਨੂੰ ਲੈ ਕੇ ਸੱਤਾਧਾਰੀ ਧਿਰ ਨੇ ਗੰਭੀਰ ਸਵਾਲ ਖੜ੍ਹੇ ਕੀਤੇ ਹਨ।

ਜਦੋਂ ਤੋਂ ਮੋਦੀ ਸਰਕਾਰ ਬਣੀ ਹੈ, ਉਹ ਅਸਹਿਮਤੀ ਵਿਚਾਰਾਂ ਵਾਲਿਆਂ ਨੂੰ ਖ਼ਤਮ ਰਹੀ ਹੈ। ਭਾਜਪਾ ਦੇਸ਼ ਵਿਚੋਂ ਕਾਂਗਰਸ ਨੂੰ ਖ਼ਤਮ ਕਰਨ ਲਈ 'ਕਾਂਗਰਸ ਮੁਕਤ ਭਾਰਤ' ਦਾ ਨਾਅਰਾ ਲਾ ਰਹੀ ਹੈ। ਅਤੇ ਕਾਂਗਰਸ ਨੂੰ ਆਪਣਾ ਦੁਸ਼ਮਣ ਸਮਝ ਰਹੀ ਹੈ। ਇਸੇ ਕਰਕੇ ਮੋਦੀ ਦੀਆਂ ਨੀਤੀਆਂ ਦਾ ਵਿਰੋਧ ਕਰਨ ਵਾਲੇ ਅੰਦੋਲਨ ਮੋਦੀ ਸਰਕਾਰ ਨੇ ਸਖਤੀ ਨਾਲ ਕੁਚਲ ਦਿੱਤੇ। ਸੈਂਕੜੇ ਬੁੱਧੀਜੀਵੀ, ਪੱਤਰਕਾਰ, ਸਮਾਜੀ ਕਾਰਕੁਨ ਜੇਲ੍ਹਾਂ 'ਚ ਡੱਕੇ। ਜਦੋਂ ਮੋਦੀ ਸਰਕਾਰ ਬਣੀ, ਉਸਨੇ ਖੱਬੀ ਵਿਚਾਰਧਾਰਾ ਵਾਲੇ ਲੋਕਾਂ ਨੂੰ ਦੁਸ਼ਮਣਾਂ ਦੀ ਸ਼੍ਰੇਣੀ 'ਚ ਰੱਖ ਲਿਆ। ਉਂਝ ਜਿਵੇਂ ਕਾਂਗਰਸ ਦੇ ਦੌਰ ਵਿਚ ਸੰਘੀਆਂ ਨੂੰ ਦੇਸ਼ ਦੇ ਦੁਸ਼ਮਣ ਕਹਿਣਾ ਗਲਤ ਸੀ, ਅੱਜ ਖੱਬੀਆਂ ਧਿਰਾਂ ਅਤੇ ਵਿਦਿਆਰਥੀਆਂ ਨੂੰ ਦਿਮਾਗੀ ਨਕਸਲ ਕਹਿਣਾ ਵੀ ਗਲਤ ਹੈ।

ਪਿਛਲੇ 12-14 ਸਾਲਾਂ ਦੌਰਾਨ ਦੇਸ਼ ਵਿਚ ਹੋਏ ਜਨ-ਅੰਦੋਲਨਾਂ ਪ੍ਰਤੀ ਕੇਂਦਰ ਸਰਕਾਰ ਦਾ ਰਵੱਈਆ ਇਸੇ ਅਸਹਿਮਤੀ ਨੂੰ ਕੁਚਲਣ ਦੀ ਨੀਤੀ ਦਾ ਪ੍ਰਤੱਖ ਪ੍ਰਮਾਣ ਹੈ। ਇਤਿਹਾਸਕ ਖੇਤੀ ਕਾਨੂੰਨਾਂ ਖ਼ਿਲਾਫ਼ ਦਿੱਲੀ ਦੀਆਂ ਸਰਹੱਦਾਂ 'ਤੇ ਚੱਲੇ ਸ਼ਾਂਤਮਈ ਕਿਸਾਨ ਅੰਦੋਲਨ ਨੂੰ 'ਅੰਦੋਲਨਜੀਵੀ' ਅਤੇ 'ਦੇਸ਼-ਵਿਰੋਧੀ' ਕਹਿ ਕੇ ਭੰਡਿਆ ਗਿਆ। ਨਾਗਰਿਕਤਾ ਕਾਨੂੰਨ (ਸੀ.ਏ.ਏ.) ਦੇ ਵਿਰੋਧ ਵਿਚ ਸ਼ਾਹੀਨ ਬਾਗ਼ ਵਿਖੇ ਔਰਤਾਂ ਦੁਆਰਾ ਕੀਤੇ ਗਏ ਪੁਰਅਮਨ ਪ੍ਰਦਰਸ਼ਨਾਂ ਨੂੰ ਫਿਰਕੂ ਰੰਗਤ ਦੇ ਕੇ ਦਬਾਉਣ ਦੀ ਕੋਸ਼ਿਸ਼ ਕੀਤੀ ਗਈ। ਇਸ ਤੋਂ ਵੀ ਅੱਗੇ, ਅਸਹਿਮਤੀ ਦੀ ਆਵਾਜ਼ ਚੁੱਕਣ ਵਾਲੇ ਬੁੱਧੀਜੀਵੀ, ਲੇਖਕਾਂ ਅਤੇ ਪੱਤਰਕਾਰਾਂ 'ਤੇ ਸਖ਼ਤ ਕਾਨੂੰਨਾਂ (ਜਿਵੇਂ ਯੂ.ਏ.ਪੀ.ਏ.) ਤਹਿਤ ਮਾਮਲੇ ਦਰਜ ਕਰਕੇ ਉਨ੍ਹਾਂ ਨੂੰ ਸਾਲਾਂਬੱਧੀ ਜੇਲ੍ਹਾਂ ਵਿਚ ਬੰਦ ਰੱਖਿਆ ਗਿਆ, ਜਿਨ੍ਹਾਂ ਵਿਚ ਵਰਵਰਾ ਰਾਓ, ਸੁਧਾ ਭਾਰਦਵਾਜ, ਗੌਤਮ ਨਵਲਖਾ ਅਤੇ ਫਾਦਰ ਸਟੈਨ ਸਵਾਮੀ (ਜਿਨ੍ਹਾਂ ਦੀ ਹਿਰਾਸਤ ਦੌਰਾਨ ਮੌਤ ਹੋ ਗਈ) ਵਰਗੇ ਨਾਮ ਸ਼ਾਮਲ ਹਨ। ਇਸ ਤੋਂ ਇਲਾਵਾ ਗੌਰੀ ਲੰਕੇਸ਼, ਐੱਮ.ਐੱਮ. ਕਲਬੁਰਗੀ ਅਤੇ ਗੋਬਿੰਦ ਪਾਨਸਰੇ ਵਰਗੇ ਸੁਤੰਤਰ ਵਿਚਾਰਵਾਨਾਂ ਦੀਆਂ ਹੱਤਿਆਵਾਂ ਨੇ ਇਹ ਸਪੱਸ਼ਟ ਕਰ ਦਿੱਤਾ ਕਿ ਦੇਸ਼ ਵਿਚ ਵੱਖਰੀ ਰਾਇ ਜਾਂ ਅਸਹਿਮਤੀ ਰੱਖਣ ਵਾਲਿਆਂ ਲਈ ਘੇਰਾ ਕਿੰਨਾ ਤੰਗ ਕੀਤਾ ਜਾ ਰਿਹਾ ਹੈ।

ਸਾਡਾ ਦੇਸ਼ ਭਾਰਤ ਲੋਕਤੰਤਰਿਕ ਹੈ, ਬਹੁ-ਧਰਮੀ ਦੇਸ਼ ਹੈ, ਬਹੁ-ਭਾਸ਼ਾਈ ਦੇਸ਼ ਹੈ। ਸਾਡੇ ਸੰਵਿਧਾਨ ਵਿਚ ਰਾਸ਼ਟਰੀ ਪ੍ਰਤੀਕਾਂ ਨੂੰ ਸਹਿਮਤੀ ਨਾਲ ਪ੍ਰਭਾਸ਼ਿਤ ਕੀਤਾ ਗਿਆ ਹੈ। ਪਰ ਪ੍ਰਤੀਕਾਤਮਕ ਜਾਂ ਸਿਆਸੀ ਅਸਹਿਮਤੀ ਰੱਖਣ ਵਾਲੇ ਲੋਕਾਂ ਖ਼ਿਲਾਫ਼ ਇਹੋ ਜਿਹੇ ਕਾਨੂੰਨ ਨੂੰ ਵਰਤਣਾ ਲੋਕਤੰਤਰ ਦੀਆਂ ਕਦਰਾਂ-ਕੀਮਤਾਂ ਉੱਤੇ ਸਿੱਧਾ ਹਮਲਾ ਹੈ। ਮੌਜੂਦਾ ਸੱਤਾਧਾਰੀ ਧਿਰ ਦੇ ਮੁੱਖ ਹਾਕਮਾਂ ਵੱਲੋਂ ਦੇਸ਼ ਵਿਚ ਜਿਸ ਢੰਗ ਨਾਲ ਅਸਹਿਮਤੀ ਵਾਲੇ ਵਿਚਾਰਾਂ ਵਾਲੇ ਲੋਕਾਂ ਨੂੰ ਨੁੱਕਰੇ ਲਾਉਣ ਦਾ ਵਰਤਾਰਾ ਜਾਰੀ ਹੈ, ਉਹ ਦੇਸ਼ ਹਿੱਤ ਵਿਚ ਨਹੀਂ ਹੈ।

ਅੱਜ ਜਦੋਂ ਭਾਰਤ ਵਿਚ ਨੌਜਵਾਨਾਂ ਦਾ ਭਰੋਸਾ ਹਾਕਮਾਂ ਤੋਂ ਪੂਰੀ ਤਰ੍ਹਾਂ ਲਹੂ-ਲੁਹਾਨ ਹੋ ਚੁੱਕਾ ਹੈ, ਕਿਉਂਕਿ ਉਨ੍ਹਾਂ ਦਾ ਭਵਿੱਖ ਦਾਅ 'ਤੇ ਲੱਗਾ ਹੋਇਆ ਹੈ, ਉਦੋਂ ਉਨ੍ਹਾਂ ਦੇ ਦਰਦ ਅਤੇ ਸੰਤਾਪ ਨੂੰ ਗੰਭੀਰਤਾ ਨਾਲ ਸਮਝਣ ਦੀ ਲੋੜ ਸੀ। ਪਰ ਇਸ ਦੇ ਉਲਟ, ਨੌਜਵਾਨਾਂ ਨੂੰ 'ਸਕੂਲ ਠੀਕ ਕਰੋ' ਅਭਿਆਨ ਲਾਗੂ ਕਰਨ ਲਈ 'ਦਿਮਾਗੀ ਨਕਸਲੀ' ਕਰਾਰ ਦਿੱਤਾ ਜਾ ਰਿਹਾ ਹੈ। ਪ੍ਰਧਾਨ ਮੰਤਰੀ ਤਾਂ ਹੁਣ ਉਨ੍ਹਾਂ ਸਾਰੇ ਅਸਹਿਮਤੀ ਰੱਖਣ ਵਾਲੇ ਲੋਕਾਂ, ਵਿਦਿਆਰਥੀਆਂ, ਅਧਿਆਪਕਾਂ ਅਤੇ ਬੁੱਧੀਜੀਵੀਆਂ ਨੂੰ 'ਦਿਮਾਗੀ ਨਕਸਲ' ਕਹਿਣ ਲੱਗ ਪਏ ਹਨ। ਇਹ ਵਰਤਾਰਾ ਨਾ ਕੇਵਲ ਨੌਜਵਾਨਾਂ ਦੇ ਮਨੋਬਲ ਨੂੰ ਤੋੜਦਾ ਹੈ, ਸਗੋਂ ਲੋਕਤੰਤਰੀ ਪ੍ਰਕਿਰਿਆ ਤੋਂ ਉਨ੍ਹਾਂ ਦਾ ਵਿਸ਼ਵਾਸ ਹੀ ਪੂਰੀ ਤਰ੍ਹਾਂ ਖ਼ਤਮ ਕਰ ਦਿੰਦਾ ਹੈ। ਸੰਵਿਧਾਨ ਦੇਸ਼ ਦੇ ਨਾਗਰਿਕਾਂ ਨੂੰ ਜਿਊਣ ਦਾ ਹੱਕ ਦਿੰਦਾ ਹੈ, ਵਿਚਾਰਾਂ ਦੇ ਆਧਾਰ ਉੱਤੇ ਜਿਊਣ ਦਾ ਹੱਕ ਦਿੰਦਾ ਹੈ। ਜੇਕਰ ਕੋਈ ਸੱਤਾ ਪ੍ਰਤੀ, ਉਨ੍ਹਾਂ ਦੀਆਂ ਨੀਤੀਆਂ ਪ੍ਰਤੀ ਅਸਹਿਮਤੀ ਪ੍ਰਗਟ ਕਰਦਾ ਹੈ, ਤਾਂ ਉਹ ਦੇਸ਼-ਧ੍ਰੋਹੀ ਕਿਵੇਂ ਹੋਇਆ? ਉਹ ਦੇਸ਼ ਦਾ ਦੁਸ਼ਮਣ ਕਿਵੇਂ ਹੋਇਆ? ਭਾਵੇਂ ਉਹ ਹਿੰਦੂ ਹੈ, ਸਿੱਖ ਹੈ, ਮੁਸਲਿਮ ਹੈ, ਈਸਾਈ ਹੈ, ਉਹ ਤਾਂ ਭਾਰਤ ਦਾ ਬਾਸ਼ਿੰਦਾ ਹੈ। ਕਿਸੇ ਦੀ ਦੇਸ਼ ਭਗਤੀ ਦਾ ਪੈਮਾਨਾ ਸੱਤਾਧਾਰੀ ਧਿਰ ਦੀ ਹਾਂ ਵਿਚ ਹਾਂ ਮਿਲਾਉਣਾ ਨਹੀਂ ਹੋ ਸਕਦਾ। ਜੇਕਰ ਸਰਕਾਰ ਆਪਣੀਆਂ ਨਾਕਾਮੀਆਂ ਲੁਕਾਉਣ ਲਈ ਨੌਜਵਾਨਾਂ ਉੱਤੇ ਦੇਸ਼-ਧ੍ਰੋਹ ਦੇ ਲੇਬਲ ਲਗਾਏਗੀ, ਤਾਂ ਅਸਹਿਮਤੀ ਦੇ ਅਧਿਕਾਰ ਨੂੰ ਕਾਨੂੰਨ ਦੀਆਂ ਜ਼ੰਜੀਰਾਂ ਵਿਚ ਜਕੜ ਕੇ ਕਿਸੇ ਵੀ ਦੇਸ਼ ਨੂੰ ਮਜ਼ਬੂਤ ਅਤੇ ਬੁਲੰਦ ਨਹੀਂ ਬਣਾਇਆ ਜਾ ਸਕਦਾ।

# ਫ਼ਿਲਮ ‘ਲਵ ਯੂ ਦਾਦੂ ਦਾਦੀ ਜੀ’ ਦਿਲ ਨੂੰ ਛੂਹ ਗਈ


-ਪ੍ਰੋ. ਕੁਲਬੀਰ ਸਿੰਘ
94171-53513
ਪੰਜਾਬ ਮੇਲ USA




‘ਲਵ ਯੂ ਦਾਦੂ ਦਾਦੀ ਜੀ’ ਇਕ ਸੰਗੀਤਕ ਪਰਿਵਾਰਕ ਡਰਾਮਾ ਫ਼ਿਲਮ ਹੈ। ਫ਼ਿਲਮ ਦੀ ਕਹਾਣੀ ਬਜ਼ੁਰਗਾਂ ਦੇ ਸਨਮਾਨ, ਪਰਿਵਾਰਕ ਕਦਰਾਂ-ਕੀਮਤਾਂ ਅਤੇ ਪੀੜ੍ਹੀਆਂ ਦਰਮਿਆਨ ਦੇ ਪਾੜੇ ਨੂੰ ਭਾਵਨਾਤਮਕ ਢੰਗ ਨਾਲ ਪ੍ਰਗਟਾਉਂਦੀ, ਪੇਸ਼ ਕਰਦੀ ਹੈ।

ਫ਼ਿਲਮ ਦੀ ਮੂਲ ਕਥਾ ਸਕੂਲੀ ਬੱਚਿਆਂ ਅਤੇ ਉਨ੍ਹਾਂ ਦੇ ਦਾਦਾ ਦਾਦੀ ਵਿਚਾਲੇ ਗਹਿਰੇ ਅਤੇ ਅਨਮੋਲ ਰਿਸ਼ਤੇ ਦੇ ਇਰਦ-ਗਿਰਦ ਘੁੰਮਦੀ ਹੈ। ਅਜੋਕੇ ਦੌਰ ਦੀ ਭੱਜ-ਦੌੜ ਭਰੀ ਜ਼ਿੰਦਗੀ ਵਿਚ ਕਿਵੇਂ ਬੱਚੇ ਅਤੇ ਬਜ਼ੁਰਗ ਇਕ ਦੂਸਰੇ ਦੇ ਨਜ਼ਦੀਕ ਆਉਂਦੇ ਹਨ ਅਤੇ ਜੀਵਨ ਦੇ ਸਬਕ ਸਿੱਖਦੇ ਹਨ।

ਸਮੁੱਚੀ ਫ਼ਿਲਮ ਪਰਿਵਾਰ ਦੇ ਬਜ਼ੁਰਗ ਮੈਂਬਰਾਂ ਪ੍ਰਤੀ ਪਿਆਰ, ਦੇਖਭਾਲ ਅਤੇ ਉਨ੍ਹਾਂ ਦੇ ਯੋਗਦਾਨ ਦੇ ਮਹੱਤਵ ਨੂੰ ਬੇਹੱਦ ਸੰਵੇਦਨਸ਼ੀਨ ਤਰੀਕੇ ਨਾਲ ਉਜਾਗਰ ਕਰਦਿਆਂ ਭਾਵਨਾਤਮਕ ਸੰਦੇਸ਼ ਦੇ ਜਾਂਦੀ ਹੈ।

ਸਕੂਲ ਜਾਣ ਵਾਲੇ ਚਾਰ ਬੱਚਿਆਂ ਅਤੇ ਉਨ੍ਹਾਂ ਦੇ ਦਾਦਾ ਦਾਦੀ ਦਰਮਿਆਨ ਗਹਿਰੇ ਅਤੇ ਅਟੁੱਟ ਭਾਵਨਾਤਮਕ ਰਿਸ਼ਤੇ ਨੂੰ ਪੇਸ਼ ਕਰਨ ਵਾਲੀ ਫ਼ਿਲਮ ‘ਲਵ ਯੂ ਦਾਦੂ ਦਾਦੀ ਜੀ” ਹਰੇਕ ਵਰਗ ਅਤੇ ਉਮਰ ਦੇ ਦਰਸ਼ਕਾਂ ਨੂੰ ਭਾਵੁਕ ਕਰ ਜਾਂਦੀ ਹੈ।

ਸ਼ਾਦੀ ਦੇ ਕਈ ਸਾਲ ਬਾਅਦ ਦੁਆਵਾਂ ਮੰਗ ਕੇ ਪੁੱਤਰ ਪੈਦਾ ਹੁੰਦਾ ਹੈ। ਪਰੰਤੂ ਜਦ ਉਹ ਬੱਚਾ ਵੱਡਾ ਹੁੰਦਾ ਹੈ, ਵਿਆਹ-ਸ਼ਾਦੀ ਕਰਵਾਉਂਦਾ ਹੈ ਤਾਂ ਆਪਣੇ ਹੀ ਮਾਤਾ-ਪਿਤਾ ਨੂੰ ਪਰਾਇਆ ਸਮਝਣ ਲੱਗਦੇ ਹਨ। ਇਕ ਦਿਨ ਉਨ੍ਹਾਂ ਨੂੰ ਰੋਂਦਿਆਂ-ਕਰਲਾਉਂਦਿਆਂ ਛੱਡ ਕੇ ਅਲੱਗ ਹੋ ਜਾਂਦੇ ਹਨ।

ਮਾਤਾ-ਪਿਤਾ ਦੇ ਦੂਰ ਹੋ ਜਾਣ ਦੇ ਬਾਵਜੂਦ ਪੋਤੇ ਆਪਣੇ ਦਾਦਾ-ਦਾਦੀ ਨੂੰ ਬੇਹੱਦ ਪਿਆਰ ਕਰਦੇ ਹਨ। ਉਹ ਬੱਚੇ ਦਾਦਾ ਜੀ ਨੂੰ ਆਪਣਾ ਸਭ ਤੋਂ ਨਜ਼ਦੀਕੀ ਮਿੱਤਰ ਮੰਨਦੇ ਹਨ।

ਅਜੋਕੀ ਭੱਜ-ਦੌੜ ਭਰੀ ਜ਼ਿੰਦਗੀ ਵਿਚ ਬਜ਼ੁਰਗ ਇਕੱਲੇ ਰਹਿ ਜਾਂਦੇ ਹਨ। ਉਹ ਅੰਦਰੋਂ ਟੁੱਟ ਜਾਂਦੇ ਹਨ। ਫ਼ਿਲਮ ਸਮਾਜ ਦੀ ਇਕ ਊਣਤਾਈ ’ਤੇ ਤਿੱਖੀ ਚੋਟ ਕਰਦੀ ਹੈ। ਮਾਂ-ਬਾਪ ਸਾਰੀ ਉਮਰ ਸੰਘਰਸ਼ ਕਰਦੇ ਹਨ ਪਰ ਬੁਢਾਪੇ ਵਿਚ ਇਕੱਲੇਪਨ ਦਾ ਦਰਦ ਹੰਢਾਉਂਦੇ ਹਨ।


ਜਦ ਫ਼ਿਲਮ ਇਸ ਪੜਾਅ ’ਤੇ ਪਹੁੰਚ ਜਾਂਦੀ ਹੈ, ਤਾਂ ਬੱਚੇ ਇਕੱਠੇ ਹੋ ਕੇ ਆਪਣੇ ਮਾਤਾ-ਪਿਤਾ ਨੂੰ ਬਜ਼ੁਰਗਾਂ ਦੀ ਅਹਿਮੀਅਤ ਅਤੇ ਉਨ੍ਹਾਂ ਦੇ ਅਸ਼ੀਰੀਵਾਦ ਦੀ ਕੀਮਤ ਸਮਝਾਉਂਦੇ ਹਨ।

ਇੰਝ ਫ਼ਿਲਮ ਵੱਡਿਆਂ ਦੇ ਆਦਰ-ਸਤਿਕਾਰ ਅਤੇ ਸਾਂਝੇ-ਪਰਿਵਾਰ ਦੇ ਮਹੱਤਵ ਨੂੰ ਬੜੇ ਪ੍ਰਭਾਵਸ਼ਾਲੀ ਅਤੇ ਭਾਵਨਾਤਮਕ ਢੰਗ ਨਾਲ ਦਰਸਾਉਂਦੀਆਂ ਹੈ।

ਇਸ ਫ਼ਿਲਮ ਨੂੰ ਸਿਨੇਮਾ ਘਰਾਂ ਦੀ ਬਜਾਏ ਸਿੱਧਾ ਜ਼ੀ5 ਗਲੋਬਲ ਅਤੇ ਚੌਪਾਲ ਓ.ਟੀ.ਟੀ. ਐਪ ’ਤੇ ਰਲੀਜ਼ ਕੀਤਾ ਗਿਆ ਸੀ। ਸੋਸ਼ਲ ਮੀਡੀਆ ’ਤੇ ਫ਼ਿਲਮ ਦੇ ਟ੍ਰੇਲਰ ਅਤੇ ਗੀਤਾਂ ਨੂੰ ਵਧੀਆ ਹੁੰਗਾਰਾ ਮਿਲਿਆ ਸੀ। ਭਾਵੁਕ ਪਰਿਵਾਰਕ ਕਹਾਣੀ ਅਤੇ ਰਿਸ਼ਤਿਆਂ ਦੇ ਨਿੱਘ ਤੇ ਟੁੱਟ-ਭੱਜ ਕਾਰਨ ਦਰਸ਼ਕਾਂ ਵੱਲੋਂ ਇਸਨੂੰ ਬਹੱਦ ਪਸੰਦ ਕੀਤਾ ਗਿਆ।

ਇਹ ਫ਼ਿਲਮ ਡਾ. ਕੁਲਬੀਰ ਸਿੰਘ ਸੂਰੀ ਦੇ ਪ੍ਰਸਿੱਧ ਨਾਵਲ ‘ਅੱਧੀ ਛੁੱਟੀ ਸਾਰੀ’ ’ਤੇ ਆਧਾਰਿਤ ਹੈ। ਫ਼ਿਲਮ ਇਸ ਸਾਹਿਤਕ ਕਿਰਤ ਨੂੰ ਬੜੀ ਖ਼ੂਬਸੂਰਤੀ ਅਤੇ ਪ੍ਰਭਾਵਸ਼ਾਲੀ ਢੰਗ ਨਾਲ ਕੈਮਰੇ ਰਾਹੀਂ ਪਰਦੇ ’ਤੇ ਉਤਾਰਦੀ ਹੈ।

ਫ਼ਿਲਮ ਵਿਚ ਸੰਗੀਤ ਨੂੰ ਬਹੁਤ ਮਹੱਤਵ ਦਿੱਤਾ ਗਿਆ ਹੈ ਅਤੇ ਇਸਦੀ ਚਰਚਾ ਵੀ ਬਹੁਤ ਹੋਈ ਹੈ। ਜਸਕਰਨ ਸੋਹਲ ਵੱਲੋਂ ਤਿਆਰ ਕੀਤੇ ਗਏ ਗੀਤ ‘ਪ੍ਰੇਅਰ’ ਅਤੇ ‘ਮੀਂਹ ਵਰਸਾ ਦੇ ਜ਼ੋਰੋ ਜ਼ੋਰੋ’ ਬੱਚਿਆਂ ਅਤੇ ਪਰਿਵਾਰਾਂ ਵਿਚ ਵਾਹਵਾ ਪਸੰਦ ਕੀਤੇ ਗਏ ਹਨ। ਰਮਨ ਖੁਲ੍ਹਰ ਦੀ ਕੋਰੀਓਗ੍ਰਾਫ਼ੀ ਨੇ ਫ਼ਿਲਮ ਦੇ ਗੀਤਾਂ ਨੂੰ ਹੋਰ ਆਕਰਸ਼ਕ ਬਣਾਇਆ ਹੈ।




**ਇਹ ਫ਼ਿਲਮ ਵਪਾਰਕ ਮਸਾਲਾ ਫ਼ਿਲਮਾਂ ਵਰਗੀ ਨਹੀਂ ਹੈ, ਸਗੋਂ ਸਿੱਧੀ ਦਿਲ ਨੂੰ ਛੂਹਣ ਵਾਲੀ ਕਹਾਣੀ ਹੈ। ਇਹ ਪ੍ਰਸਿੱਧ ਨਿਰਦੇਸ਼ਕ ਅਤੇ ਗਾਇਕ ਕਲਾਕਾਰ ਹਰਿੰਦਰ ਸੋਹਲ ਦੁਆਰਾ ਨਿਰਦੇਸ਼ਿਤ ਕੀਤੀ ਗਈ ਹੈ। ਸਕ੍ਰੀਨਪਲੇਅ ਅਤੇ ਸੰਵਾਦਾਂ ਨੂੰ ਪਰਦੇ ’ਤੇ ਉਤਾਰਨ ਦਾ ਕੰਮ ਵੀ ਉਨ੍ਹਾਂ ਨੇ ਕੀਤਾ ਹੈ। ਇਕ ਪ੍ਰਸਿੱਧ ਪੰਜਾਬੀ ਸੰਗੀਤਕਾਰ ਹੋਣ ਦੇ ਨਾਤੇ ਹਰਿੰਦਰ ਸੋਹਲ ਨੇ ਇਸ ਫ਼ਿਲਮ ਦੇ ਕਈ ਖ਼ੂਬਸੂਰਤ ਗੀਤਾਂ ਦੇ ਬੋਲ ਲਿਖੇ ਹਨ ਅਤੇ ਉਨ੍ਹਾਂ ਦੀਆਂ ਧੁਨਾਂ ਤਿਆਰ ਕੀਤੀਆਂ ਹਨ।**

‘ਲਵ ਯੂ ਦਾਦੂ ਦਾਦੀ ਜੀ’ ਫ਼ਿਲਮ ਇਕ ਸਾਫ਼-ਸੁਥਰੀ ਭਾਵੁਕ ਪਰਿਵਾਰਕ ਫ਼ਿਲਮ ਵਜੋਂ ਸਾਰਥਕ ਸਮਾਜਿਕ ਸੰਦੇਸ਼ ਦੇਣ ਵਿਚ ਸਫ਼ਲ ਰਹੀ ਹੈ। ਇਕ ਗੰਭੀਰ ਪਰਿਵਾਰਕ ਵਿਸ਼ੇ ਨੂੰ ਸੰਵੇਦਨਸ਼ੀਲਤਾ ਨਾਲ ਉਭਾਰਿਆ ਗਿਆ ਹੈ।

ਫ਼ਿਲਮ ਵਿਚ ਵੱਖ-ਵੱਖ ਭੂਮਿਕਾਵਾਂ ਨਿਭਾਉਣ ਵਾਲੇ ਅਦਾਕਾਰਾਂ ਦੀ ਅਦਾਕਾਰੀ ਨੂੰ ਦਰਸ਼ਕਾਂ ਵੱਲੋਂ ਖ਼ੂਬ ਸਰਾਹਿਆ ਗਿਆ ਹੈ। ਅਦਾਕਾਰਾ ਜਤਿੰਦਰ ਕੌਰ, ਕੁਲਬੀਰ ਸਿੰਘ ਸੂਰੀ............ਅਤੇ ਚਾਰ ਸਕੂਲੀ ਬੱਚਿਆਂ ਨੇ ਆਪਸੀ ਨਿੱਘੇ ਤੇ ਭਾਵੁਕ ਰਿਸ਼ਤੇ ਨੂੰ ਬਾਖ਼ੂਬੀ ਨਿਭਾਇਆ ਹੈ। ਕੁਲਬੀਰ ਸਿੰਘ ਸੂਰੀ ਹੁਰਾਂ ਦੂਹਰੀ ਮਹੱਤਵਪੂਰਨ ਭੂਮਿਕਾ ਨਿਭਾਈ ਹੈ। ਉਹ ਮੁੱਖ ਅਦਾਕਾਰ ਹੋਣ ਦੇ ਨਾਲ ਇਸ ਫ਼ਿਲਮ ਦੀ ਕਹਾਣੀ ਦੇ ਮੂਲ ਲੇਖਕ ਵੀ ਹਨ।

ਇਹ ਫ਼ਿਲਮ ਵਪਾਰਕ ਮਸਾਲਾ ਫ਼ਿਲਮਾਂ ਵਰਗੀ ਨਹੀਂ ਹੈ, ਸਗੋਂ ਸਿੱਧੀ ਦਿਲ ਨੂੰ ਛੂਹਣ ਵਾਲੀ ਕਹਾਣੀ ਹੈ। ਇਹ ਪ੍ਰਸਿੱਧ ਨਿਰਦੇਸ਼ਕ ਅਤੇ ਗਾਇਕ ਕਲਾਕਾਰ ਹਰਿੰਦਰ ਸੋਹਲ ਦੁਆਰਾ ਨਿਰਦੇਸ਼ਿਤ ਕੀਤੀ ਗਈ ਹੈ। ਸਕ੍ਰੀਨਪਲੇਅ ਅਤੇ ਸੰਵਾਦਾਂ ਨੂੰ ਪਰਦੇ ’ਤੇ ਉਤਾਰਨ ਦਾ ਕੰਮ ਵੀ ਉਨ੍ਹਾਂ ਨੇ ਕੀਤਾ ਹੈ। ਇਕ ਪ੍ਰਸਿੱਧ ਪੰਜਾਬੀ ਸੰਗੀਤਕਾਰ ਹੋਣ ਦੇ ਨਾਤੇ ਹਰਿੰਦਰ ਸੋਹਲ ਨੇ ਇਸ ਫ਼ਿਲਮ ਦੇ ਕਈ ਖ਼ੂਬਸੂਰਤ ਗੀਤਾਂ ਦੇ ਬੋਲ ਲਿਖੇ ਹਨ ਅਤੇ ਉਨ੍ਹਾਂ ਦੀਆਂ ਧੁਨਾਂ ਤਿਆਰ ਕੀਤੀਆਂ ਹਨ। ‘ਹੌਲੀ-ਹੌਲੀ ਧੀਰੇ ਧੀਰੇ’ ਅਤੇ ‘ਪ੍ਰੇਅਰ’ ਗੀਤਾਂ ਬੋਲ ਅਤੇ ਕੰਪੋਜੀਸ਼ਨ ਹਰਿੰਦਰ ਸੋਹਲ ਦੁਆਰਾ ਹੀ ਕੀਤੀ ਗਈ ਹੈ। ਸਰਦਾਰ ਰਘਬੀਰ ਸਿੰਘ ਸੋਹਲ ਹੁਰਾਂ ਇਸ ਫ਼ਿਲਮ ਦੇ ਟਾਈਟਲ ਟਰੈਕ ‘ਲਵ ਯੂ ਦਾਦੂ ਦਾਦੀ ਜੀ’ ਨੂੰ ਬਹੁਤ ਹੀ ਭਾਵੁਕ ਅਤੇ ਪਰਿਵਾਰਕ ਬੋਲਾਂ ਵਿਚ ਪਰੋਇਆ ਹੈ। ਇਸੇ ਗੀਤ ਨੂੰ ਦੋ ਹੋਰ ਰੂਪਾਂ ਵਿਚ ਵੀ ਫ਼ਿਲਮ ਵਿਚ ਵਰਤਿਆ ਗਿਆ ਹੈ। ਇਕ ਉਦਾਸ ਰੂਪ ਵਿਚ ਅਤੇ ਦੂਸਰਾ ‘ਮੁਖ ਪਿਛੋਕੜ ਥੀਮ ਸੰਗੀਤ’ ਵਜੋਂ। ਉਨ੍ਹਾਂ ਨੇ ਫ਼ਿਲਮ ਦੇ ਕੁਝ ਹੋਰ ਗੀਤਾਂ ਦੇ ਖ਼ੂਬਸੂਰਤ ਬੋਲ ਵੀ ਲਿਖੇ ਹਨ, ਜਿਹੜੇ ਪਰਿਵਾਰਕ ਰਿਸ਼ਤਿਆਂ, ਵਿਸ਼ੇਸ਼ ਕਰਕੇ ਦਾਦਾ-ਦਾਦੀ ਅਤੇ ਬੱਚਿਆਂ ਦੇ ਆਪਸੀ ਪਿਆਰ ਅਤੇ ਜਜ਼ਬਾਤਾਂ ਨੂੰ ਬਹੁਤ ਗਹਿਰਾਈ ਨਾਲ ਬਿਆਨ ਕਰਦੇ ਹਨ।

ਇਹ ਭਾਵੁਕ ਫ਼ਿਲਮ ਕੈਨੇਡਾ, ਅਮਰੀਕਾ, ਇੰਗਲੈਂਡ, ਆਸਟਰੇਲੀਆ ਅਤੇ ਨਿਊਜ਼ੀਲੈਂਡ ਵਰਗੇ ਦੇਸ਼ਾਂ ਵਿਚ ਵੀ ਪਰਵਾਸੀ ਪੰਜਾਬੀਆਂ ਦੁਆਰਾ ਵੇਖੀ ਗਈ ਹੈ। ਫ਼ਿਲਮ ਦੇ ਨਾਲ ਅੰਗਰੇਜ਼ੀ ਉਪ-ਸਿਰਲੇਖ ਦੇਣ ਕਾਰਨ ਵਿਦੇਸ਼ਾਂ ਵਿਚ ਜੰਮੀ-ਪਲੀ ਨਵੀਂ ਪੀੜ੍ਹੀ, ਜਿਹੜੀ ਪੰਜਾਬੀ ਚੰਗੀ ਤਰ੍ਹਾਂ ਪੜ੍ਹ-ਸਮਝ ਨਹੀਂ ਸਕਦੀ, ਨੇ ਵੀ ਇਸਨੂੰ ਉਤਸ਼ਾਹ ਨਾਲ ਵੇਖਿਆ।

ਮੁੱਖ ਕਲਾਕਾਰਾਂ ਤੋਂ ਇਲਾਵਾ ਫ਼ਿਲਮ ਵਿਚ ਜਿਹੜੇ ਬਾਲ-ਕਲਾਕਾਰਾਂ ਨੇ ਆਪਣੇ ਅਦਾਕਾਰੀ ਨਾਲ ਦਰਸ਼ਕਾਂ ਦਾ ਦਿਲ ਜਿੱਤਿਆ, ਉਨ੍ਹਾਂ ਵਿਚ ਬੌਬੀ ਖੰਨਾ, ਸੁਦੇਸ਼ ਵਿੰਕਲ, ਅਥਰਵ ਭਾਟੀਆ, ਜਸ਼ਨ ਗਿੱਲ ਸ਼ਾਮਲ ਹਨ। ਮਨਪ੍ਰੀਤ ਸੋਹਲ ਨੇ ਫ਼ਿਲਮ ਦਾ ਚਰਚਿਤ ਗੀਤ ‘ਪ੍ਰੇਅਰ’ ਗਾ ਕੇ ਦਰਸ਼ਕ-ਮਨਾਂ ’ਤੇ ਗੂੜ੍ਹੀ ਛਾਪ ਛੱਡੀ। ਬੱਬਰ ਗਿੱਲ, ਦਿਲਰਾਜ ਉਦੈ ਅਤੇ ਗੁਰੀ ਸਿੰਘ ਹਰਜੀਤ ਨੇ ਫ਼ਿਲਮ ਵਿਚ ਯਾਦਗਾਰੀ ਕੰਮ ਕੀਤਾ। ਇਸਦੇ ਪ੍ਰੋਡਿਊਸਰ ਬਲਰਾਜ ਕੌਰ ਹਨ।

ਸਮੇਂ ਨਾਲ ਬੜਾ ਕੁਝ ਬਦਲਦਾ ਜਾ ਰਿਹਾ ਹੈ। ਤਬਦੀਲੀ ਕੁਦਰਤ ਦਾ ਨਿਯਮ ਹੈ। ਸਮੇਂ ਨਾਲ ਜ਼ਰੂਰ ਬਦਲਣਾ ਚਾਹੀਦਾ ਹੈ ਪਰ ਕਦਰਾਂ ਕੀਮਤਾਂ ਦਾ ਆਪਣਾ ਮਹੱਤਵ ਹੈ।

ਕੌੜੀ ਸੱਚਾਈ ਹੈ ਕਿ ਅਜੋਕੀ ਰੁਝੇਵਿਆਂ ਭਰੀ ਜੀਵਨ-ਸ਼ੈਲੀ ਦੇ ਚੱਲਦੇ ਬੱਚਿਆਂ ਕੋਲ ਸਮੇਂ ਦੀ ਘਾਟ ਹੈ। ਪਰ ਮਾਂ-ਬਾਪ ਦਾ ਦਿਲ ਹਮੇਸ਼ਾ ਬੱਚਿਆਂ ਵੱਲ ਰਹਿੰਦਾ ਹੈ।

ਇਹ ਸੰਦੇਸ਼ ਬੜੇ ਸ਼ਕਤੀਸ਼ਾਲੀ ਢੰਗ ਨਾਲ ਦਰਸ਼ਕਾਂ ਤੱਕ ਪਹੁੰਚਾਉਣ ਵਿਚ ਫ਼ਿਲਮ ਕਾਮਯਾਬ ਰਹੀ ਹੈ। ਅਜਿਹੀਆਂ ਸਮਾਜਿਕ ਪਰਿਵਾਰਕ ਸਰੋਕਾਰਾਂ ਨਾਲ ਨੇੜੇ ਤੋਂ ਜੁੜੀਆਂ ਵਿਸ਼ਾ-ਕੇਂਦਰਿਤ ਫ਼ਿਲਮਾਂ ਬਣਦੀਆਂ ਰਹਿਣੀਆਂ ਚਾਹੀਦੀਆਂ ਹਨ।

# ਗੁਰੂ ਅਮਰਦਾਸ ਸਾਹਿਬ ਜੀ

ਭਾਰਤ ਦੇ ਮੱਧਕਾਲੀਨ ਇਤਿਹਾਸ ਵਿਚ ਰਾਜਨੀਤਿਕ ਸਥਿਤੀ ਡਾਂਵਾਡੋਲ ਸੀ। ਦੇਸ਼ ਛੋਟੇ-ਛੋਟੇ ਆਜ਼ਾਦ ਰਾਜਾਂ ਵਿਚ ਵੰਡਿਆ ਹੋਇਆ ਸੀ। ਜਨ ਸਾਧਾਰਨ ਰਾਜਨੀਤਿਕ ਅਤੇ ਧਾਰਮਿਕ ਸਮੱਸਿਆਵਾਂ ਦਾ ਸਾਹਮਣਾ ਕਰ ਰਿਹਾ ਸੀ। ਪੰਦਰਵੀਂ ਸਦੀ ਵਿਚ ਭਗਤੀ ਲਹਿਰ ਨਾਲ ਸਮਾਜ ਵਿਚ ਇੱਕ ਵੱਖਰਾ ਅਤੇ ਨਵਾਂ ਇਨਕਲਾਬ ਆਇਆ। ਭਗਤੀ ਲਹਿਰ ਦੇ ਸੁਧਾਰਕਾਂ ਨੇ ਮਨੁੱਖਤਾ ਦੇ ਦਿਲਾਂ ਵਿਚ ਆਤਮਿਕ ਅਧਿਆਤਮਿਕ ਜੋਤ ਜਗਾਈ। ਧਰਮ ਨਾਲ ਜੁੜੇ ਸੰਸਕਾਰਾਂ ਵਿਚ ਜਾਗ੍ਰਿਤੀ ਆਈ। ਇਸੇ ਲੜੀ ਵਿਚ ਗੁਰੂ ਨਾਨਕ ਦੇਵ ਸਾਹਿਬ ਜੀ ਦਾ ਆਗਮਨ 1469 ਈ. ਵਿਚ ਹੋਇਆ। ਆਪ ਸਿੱਖ ਲਹਿਰ ਦੇ ਮੋਢੀ ਵਿਚਾਰਧਾਰਕ ਆਗੂ ਸਨ। ਆਪ ਜੀ ਦਾ ਸਥਾਪਤ ਗੁਰਮਤਿ ਇਕ ਵਿਲੱਖਣ ਮੱਤ ਸੀ। ਸਿੱਖ ਧਰਮ ਇਕ ਪ੍ਰਮਾਤਮਾ ਨੂੰ ਮੰਨਣ ਵਾਲਾ ਕੌਮੀ ਮਾਰਗ ਹੈ। ਸਿੱਖੀ ਦਾ ਰੂਹਾਨੀ ਅਤੇ ਕੌਮੀ ਆਧਾਰ, ਸਿੱਖਾਂ ਦੇ ਪਹਿਲੇ ਗੁਰੂ ਨਾਨਕ ਦੇਵ ਸਾਹਿਬ ਜੀ ਨੇ ਸਥਾਪਤ ਕੀਤਾ। ਬਾਅਦ ਦੇ 9 ਗੁਰੂਆਂ ਵੱਲੋਂ ਸਮੇਂ-ਸਮੇਂ ਸਮਾਜਿਕ ਬੁਰਾਈਆਂ ਨੂੰ ਦੂਰ ਕਰਕੇ ਅਧਿਆਤਮਕਤਾ ਦਾ ਰਾਹ ਦਰਸਾਇਆ। ਇਸ ਨਿਰੰਤਰ ਸਮਾਜ ਸੁਧਾਰ ਵਿਚ ਗੁਰੂ ਸਾਹਿਬਾਨ ਨੇ ਮੁਕਤੀ ਵਿਚਾਰ ਨੂੰ ਨਵਾਂ ਅਰਥ ਦੇ ਕੇ ਮਨੁੱਖਤਾ ਦੀ ਸੇਵਾ ਨਾਲ ਜੋੜ ਦਿੱਤਾ। ਗੁਰੂ ਸਾਹਿਬਾਨ ਜੀ ਦੀਆਂ ਸਿੱਖਿਆਵਾਂ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹਨ। ਸਿੱਖ ਧਰਮ ਦਾ ਆਧਾਰ ਹੈ ਕਿ ਇਕ ਪ੍ਰਮਾਤਮਾ ਵਿਚ ਯਕੀਨ ਰੱਖਣਾ ਹੈ। ਗੁਰੂ ਨਾਨਕ ਦੇਵ ਸਾਹਿਬ ਜੀ ਨੇ ਆਪਣੇ ਜੋਤੀ-ਜੋਤ ਸਮਾਉਣ ਵੇਲੇ ਆਪਣੇ ਸਿੱਖ ਗੁਰੂ ਅੰਗਦ ਦੇਵ ਸਾਹਿਬ ਜੀ ਨੂੰ ਸਿੱਖੀ ਮਾਰਗ ਦੀ ਰਹਿਨੁਮਾਈ ਦੀ ਜ਼ਿੰਮੇਵਾਰੀ ਦਿੱਤੀ। ਇਹ ਗੁਰੂ ਪ੍ਰਥਾ ਦਸਵੇਂ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਸਮੇਂ 1708 ਤੱਕ ਜਾਰੀ ਰਹੀ। ਉਪਰੰਤ ਗੁਰਗੱਦੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਪ੍ਰਾਪਤ ਹੋਈ। ਸੰਨ 1699 ਈ. ਦੀ ਵਿਸਾਖੀ 'ਤੇ ਪੰਜ ਪਿਆਰੇ ਸਾਜ ਕੇ ਫੌਜੀ ਖਾਲਸਾ ਕਾਇਮ ਕੀਤਾ। ਸਿੱਖਾਂ ਨੂੰ ਇਕ ਵੱਖਰੀ ਪਛਾਣ ਦਿੱਤੀ। ਇਸੇ ਗੁਰੂ ਪ੍ਰਥਾ ਵਿਚ ਗੁਰੂ ਅਮਰਦਾਸ ਸਾਹਿਬ ਜੀ ਸਿੱਖਾਂ ਦੇ ਤੀਸਰੇ ਗੁਰੂ ਹੋਏ ਹਨ।

ਆਪ ਜੀ ਦਾ ਆਗਮਨ ਪਿੰਡ ਬਾਸਰਕੇ ਗਿੱਲਾਂ (ਅੰਮ੍ਰਿਤਸਰ), ਪਿਤਾ ਬਾਬਾ ਤੇਜ਼ਭਾਨ ਜੀ ਭੱਲਾ ਖਤਰੀ ਅਤੇ ਮਾਤਾ ਬਖਤ ਕੌਰ ਦੇ ਗ੍ਰਹਿ ਵਿਖੇ 23 ਮਈ, 1479 ਨੂੰ ਹੋਇਆ। ਪਰਿਵਾਰ ਖੇਤੀ ਅਤੇ ਦੁਕਾਨ ਵਪਾਰ ਕਰਦਾ ਸੀ। ਬੜਾ ਮਿਹਨਤੀ ਪਰਿਵਾਰ ਸੀ। ਧਾਰਮਿਕ ਬਿਰਤੀ ਵਾਲੇ ਸਨ। ਧਾਰਮਿਕ ਤੌਰ 'ਤੇ ਵੈਸ਼ਣਵੀ ਹਿੰਦੂ ਧਰਮ ਨਾਲ ਜੁੜੇ ਹੋਏ ਸਨ। ਆਪ ਜੀ ਦਾ ਵਿਆਹ 24 ਸਾਲ ਦੀ ਉਮਰ ਵਿਚ ਸਨਖੱਤ੍ਰਾ ਪਿੰਡ ਦੇ ਬਹਿਲ ਪਰਿਵਾਰ ਵਿਚ 1503 ਨੂੰ ਮਾਤਾ ਮਨਸਾ ਦੇਵੀ ਨਾਲ ਹੋਇਆ। ਆਪ ਜੀ ਦੇ ਦੋ ਪੁੱਤਰ ਭਾਈ ਮੋਹਨ ਅਤੇ ਭਾਈ ਮੋਹਰੀ, ਦੋ ਧੀਆਂ ਬੀਬੀ ਦਾਨੀ ਅਤੇ ਬੀਬੀ ਭਾਨੀ ਹੋਏ। ਆਪ 42 ਸਾਲ ਦੀ ਉਮਰ 1521 ਈ. ਨੂੰ ਹਰਿਦੁਆਰ ਤੀਰਥ ਇਸ਼ਨਾਨ 'ਤੇ ਗਏ। ਫਿਰ 20 ਸਾਲ 1541 ਤੱਕ ਨੇਮ ਨਾਲ ਹਰ ਸਾਲ ਜਾਂਦੇ ਰਹੇ।

ਆਪ ਜੀ ਦੇ ਭਤੀਜੇ ਦੀ ਵਹੁਟੀ ਬੀਬੀ ਅਮਰੋ ਦਾ ਅੰਮ੍ਰਿਤ ਵੇਲੇ ਰੱਬੀ-ਬਾਣੀ ਪੜ੍ਹਨ ਦੇ ਨੇਮ ਸੀ। ਰੱਬੀ ਬਾਣੀ ਜਦੋਂ ਅਮਰਦਾਸ ਜੀ ਨੇ ਸਰਵਣ ਕੀਤੀ, ਤਾਂ ਉਨ੍ਹਾਂ ਦੇ ਮਨ 'ਤੇ ਇਸ ਦਾ ਡੂੰਘਾ ਪ੍ਰਭਾਵ ਪਿਆ। ਇਸੇ ਪ੍ਰਭਾਵ ਹੇਠ ਗੁਰੂ ਦਰਸ਼ਨਾਂ ਦੀ ਤਾਂਘ ਉਨ੍ਹਾਂ ਨੂੰ ਖਡੂਰ ਸਾਹਿਬ ਖਿੱਚ ਲਿਆਈ। ਸੰਨ 1540 ਵਿਚ ਗੁਰੂ ਅੰਗਦ ਦੇਵ ਸਾਹਿਬ ਜੀ ਦੇ ਦਰਸ਼ਨ ਕਰਕੇ ਉਨ੍ਹਾਂ ਜਾਣ ਲਿਆ ਸੀ ਕਿ ਮੈਨੂੰ ਆਪਣਾ ਅਧਿਆਤਮਕ ਰਾਹ ਦਸੇਰਾ ਗੁਰੂ ਮਿਲ ਗਿਆ ਹੈ। ਤਦ 62 ਸਾਲ ਦੀ ਉਮਰ ਵਿਚ ਉਨ੍ਹਾਂ ਗੁਰੂ ਅੰਗਦ ਦੇਵ ਸਾਹਿਬ ਜੀ ਨੂੰ ਆਪਣਾ ਗੁਰੂ ਧਾਰ ਲਿਆ।

ਆਪ ਖਡੂਰ ਸਾਹਿਬ ਵਿਖੇ ਗੁਰੂ ਅੰਗਦ ਦੇਵ ਸਾਹਿਬ ਜੀ ਦੀ ਸੇਵਾ ਵਿਚ ਪੱਕੇ ਤੌਰ 'ਤੇ ਰਹਿਣ ਲੱਗੇ। ਉਹ ਦਿਨ-ਰਾਤ ਸੇਵਾ 'ਚ ਜੁੱਟ ਗਏ। ਖਡੂਰ ਸਾਹਿਬ ਤੋਂ ਬਿਆਸ ਦਰਿਆ ਤਿੰਨ ਕੋਹ 'ਤੇ ਹੈ। ਆਪ ਅੰਮ੍ਰਿਤ ਵੇਲੇ ਗੁਰੂ ਅੰਗਦ ਦੇਵ ਸਾਹਿਬ ਜੀ ਦੇ ਇਸ਼ਨਾਨ ਲਈ ਗਾਗਰ ਭਰ ਕੇ ਲਿਆਉਂਦੇ। ਲੰਗਰਾਂ ਦੀ ਸੇਵਾ ਵਿਚ ਲੱਕੜੀ ਲਿਆਉਣਾ, ਭਾਂਡੇ ਮਾਂਜਣਾ, ਪਾਣੀ ਢੋਣਾ, ਪੱਖਾ ਝੱਲਣਾ ਤੇ ਸੰਗਤਾਂ ਦੇ ਸੁੱਖ ਆਰਾਮ ਲਈ ਸੇਵਾ ਕਰਨ ਦਾ ਨੇਮ ਸੀ। ਵਿਹਲੇ ਸਮੇਂ ਗੁਰੂ ਅੰਗਦ ਦੇਵ ਸਾਹਿਬ ਜੀ ਪਾਸੋਂ ਗੁਰੂ ਨਾਨਕ ਦੀ ਬਾਣੀ ਪੜ੍ਹਦੇ ਰਹਿਣਾ।



ਗੁਰੂ ਅੰਗਦ ਦੇਵ ਸਾਹਿਬ ਜੀ ਕੋਲ ਗੁਰਬਾਣੀ ਦਾ ਸ੍ਰੰਗਹਿ ਸੀ। ਬਾਣੀ ਦੀ ਇਸ ਲਗਨ ਨੇ ਉਨ੍ਹਾਂ ਨੂੰ 74 ਸਾਲ ਦੀ ਉਮਰ 'ਚ ਗੁਰਬਾਣੀ ਦਾ ਰਚੇਤਾ ਬਣਾ ਦਿੱਤਾ। ਉਨ੍ਹਾਂ ਨੇ 12 ਸਾਲ ਤੱਕ ਗੁਰੂ ਦੀ ਸੇਵਾ ਕੀਤੀ।

ਲੋਕਾਂ ਨੇ ਉਨ੍ਹਾਂ ਦਾ ਮਖੌਲ ਵੀ ਉਡਾਇਆ। ਉਨ੍ਹਾਂ ਨੂੰ ਨੌਕਰ, ਪਾਗਲ, ਕਹਾਰਾ ਆਦਿ ਕਿਹਾ। ਆਪ ਜੀ ਨੇ ਇਸ ਨਰਾਦਰੀ ਦੀ ਕਦੇ ਪ੍ਰਵਾਹ ਨਹੀਂ ਕੀਤੀ। ਉਨ੍ਹਾਂ ਦੇ ਮਨ ਵਿਚ ਗੁਰੂ ਦੀ ਸੇਵਾ ਅਤੇ ਸਤਿਕਾਰ ਸੀ। ਗੁਰੂ ਅੰਗਦ ਦੇਵ ਸਾਹਿਬ ਜੀ ਨੇ ਉਨ੍ਹਾਂ ਦੀ ਨਿਰਾਦਰੀ ਸੁਣ ਕੇ ਕਿਹਾ ਕਿ ਆਪ ਧੰਨ ਹੋ, ਆਪ ਨਿਥਾਵਿਆਂ ਦੀ ਥਾਂ, ਨਿਆਸਰਿਆਂ ਦਾ ਆਸਰਾ ਹੋ, ਨਿਘਰਿਆਂ ਦਾ ਘਰ ਹੋ ਆਦਿ ਨਾਵਾਂ ਨਾਲ ਪ੍ਰਸ਼ੰਸਾ ਅਤੇ ਸਨਮਾਨ ਕੀਤਾ। ਆਪ ਜੀ ਦੀ ਗੁਰੂ ਪ੍ਰਤੀ ਸ਼ਰਧਾ, ਸੇਵਾ ਭਾਵਨਾ, ਹਲੀਮੀ, ਨਿਮਰਤਾ ਅਤੇ ਪ੍ਰਬੰਧਕੀ ਯੋਗਤਾ ਤੋਂ ਪ੍ਰਭਾਵਿਤ ਹੋ ਕੇ 29 ਮਾਰਚ, 1552 ਨੂੰ ਗੁਰਗੱਦੀ ਸੌਂਪ ਦਿੱਤੀ। ਜਦਕਿ ਆਪ ਜੀ ਦੀ ਉਮਰ 6 ਦਹਾਕੇ ਪਾਰ ਕਰ ਚੁੱਕੀ ਸੀ।

ਗੁਰੂ ਅੰਗਦ ਦੇਵ ਸਾਹਿਬ ਜੀ ਦੇ ਅਦੇਸ਼ ਅਨੁਸਾਰ ਸਿੱਖ ਧਰਮ ਦਾ ਪ੍ਰਚਾਰ ਕੇਂਦਰ ਖਡੂਰ ਸਾਹਿਬ ਤੋਂ ਗੋਇੰਦਵਾਲ ਬਣਾ ਲਿਆ ਸੀ। ਇਹ ਨਗਰ ਵੀ ਗੁਰੂ ਅੰਗਦ ਦੇਵ ਸਾਹਿਬ ਜੀ ਦੇ ਕਹਿਣ 'ਤੇ ਹੀ ਆਪ ਵੱਲੋਂ ਵਸਾਇਆ ਗਿਆ ਸੀ। ਗੁਰਗੱਦੀ 'ਤੇ ਬੈਠਦਿਆਂ ਹੀ ਭਾਵੇਂ ਆਪ ਜੀ ਨੂੰ ਘਰੇਲੂ ਅਨੇਕ ਮੁਸ਼ਕਲਾਂ ਦਾ ਸਾਹਮਣਾ ਕਰਨਾ ਪਿਆ। ਜਿਵੇਂ ਗੁਰੂ ਅੰਗਦ ਦੇਵ ਸਾਹਿਬ ਜੀ ਦੇ ਸਪੁੱਤਰ ਬਾਬਾ ਦਾਤੂ ਜੀ ਨੇ ਗੁਰਆਈ ਗੱਦੀ ਨੂੰ ਲੈ ਕੇ ਆਪ ਜੀ ਦੀ ਵਿਰੋਧਤਾ ਕੀਤੀ। ਉਹ ਇਕ ਦਿਨ ਗੋਇੰਦਵਾਲ ਸਾਹਿਬ ਆ ਕੇ ਜਬਰੀ ਗੁਰਗੱਦੀ 'ਤੇ ਬੈਠ ਗਿਆ। ਆਪ ਜੀ ਨੂੰ ਅਹਿਸਾਸ ਕਿ ਉਨ੍ਹਾਂ ਖੁਦ ਗੁਰੂ ਅੰਗਦ ਦੇਵ ਸਾਹਿਬ ਜੀ ਦੀ 12 ਸਾਲ ਸੇਵਾ ਕੀਤੀ ਹੈ ਤੇ ਸ਼ਾਂਤ ਰਹੇ। ਨਿਸ਼ਕਾਮ ਸੇਵਾ ਲਈ ਉਨ੍ਹਾਂ ਦੇ ਮਨ ਵਿਚ ਕੋਈ ਲਾਲਸਾ ਤੇ ਵਡਿਆਈ ਨਹੀਂ ਸੀ। ਗੁਰੂ ਜੀ ਇਸੇ ਝਗੜੇ ਵਿਚ ਆਪ ਬਾਸਰਕੇ ਆ ਗਏ। ਪਰ ਸੰਗਤਾਂ ਨੇ ਬਾਬਾ ਦਾਤੂ ਜੀ ਨੂੰ ਗੁਰੂ ਮੰਨਣ ਤੋਂ ਇਨਕਾਰ ਕਰ ਦਿੱਤਾ। ਫਿਰ ਗੁਰੂ ਸਾਹਿਬ ਜੀ ਨੂੰ ਸੰਗਤਾਂ ਨੇ ਗੋਇੰਦਵਾਲ ਸਾਹਿਬ ਮੋੜ ਲਿਆਂਦਾ। ਬਾਬਾ ਦਾਤੂ ਜੀ ਨੇ ਬਾਦਸ਼ਾਹ ਅਕਬਰ ਕੋਲ ਵੀ ਗੁਰੂ ਸਾਹਿਬ ਵਿਰੁੱਧ ਸ਼ਿਕਾਇਤ ਕੀਤੀ ਪਰ ਸਫਲ ਨਾ ਹੋ ਸਕੇ।

ਆਪਣੇ 22 ਸਾਲਾਂ ਦੇ ਗੁਰਕਾਲ ਵਿਚ ਸਿੱਖ ਮੱਤ ਦੇ ਸੰਗਠਨ ਤੇ ਵਿਕਾਸ ਲਈ ਸਮਾਜਿਕ ਸੁਧਾਰ ਵੀ ਕੀਤੇ। ਆਪਣੇ ਅਧਿਆਤਮਕ ਉਪਦੇਸ਼ ਵਿਚ, ਉਨ੍ਹਾ ਨੇ ਉਦਾਸੀ ਸਾਧੂਆਂ ਤੋਂ ਮੂੰਹ ਮੋੜ ਲੈਣ ਲਈ ਕਿਹਾ। ਗੁਰੂ ਸਾਹਿਬਾਨ ਸੰਸਾਰ ਨੂੰ ਸੱਚਾ ਅਤੇ ਅਰਥ ਭਰਪੂਰ ਮੰਨਦੇ ਹਨ। ਗ੍ਰਹਿਸਥ ਨਾਲ ਜੋੜਦੇ ਹਨ। ਜਦਕਿ ਲੋਕ ਝੂਠੇ ਰੀਤੀ-ਰਿਵਾਜ਼ਾਂ ਅਤੇ ਕਰਮਕਾਂਡਾਂ ਵਿਚ ਫਸੇ ਸਨ। ਗੁਰੂ ਸਾਹਿਬ ਜੀ ਨੇ ਮਨੁੱਖਤਾ ਵਿਚੋਂ ਬੁਰਾਈਆਂ ਦੂਰ ਕਰਨ ਲਈ ਜਿਵੇਂ ਧਰਮ-ਵੰਡ, ਵਰਣ-ਵੰਡ, ਜਾਤ-ਪਾਤ, ਊਚ-ਨੀਚ ਦੀ ਵੰਡ ਖਤਮ ਕਰਕੇ ਸੰਗਤ ਨੂੰ ਸੰਸਥਾਈ ਰੂਪ ਦਿੱਤਾ। ਉਨ੍ਹਾਂ ਉਪਦੇਸ਼ ਦਿੱਤਾ ਕਿ ਉੱਚੀ ਜਾਤ, ਉੱਚੇ ਕੰਮਾਂ ਕਰਕੇ ਜਾਣੀ ਜਾਂਦੀ ਹੈ। ਜਾਤ-ਪਾਤ ਦੇ ਭੇਦ ਮਿਟਾਉਣ ਲਈ ਗੁਰੂ ਨਾਨਕ ਦੇਵ ਸਾਹਿਬ ਜੀ ਨੇ ਲੰਗਰ ਦੀ ਪ੍ਰਥਾ ਸ਼ੁਰੂ ਕੀਤੀ। ਲੰਗਰ ਵਿਚ ਜਿਸ ਕਿਸੇ ਵੀ ਆਏ ਪ੍ਰਦੇਸ਼ੀ ਨਾਲ ਇਕੋ ਜਿਹਾ ਸਲੂਕ ਹੋਵੇ। ਲੰਗਰ ਦੇ ਉਦਮ ਨੂੰ ਜਾਰੀ ਰੱਖਦਿਆਂ ਸਭ ਜਾਤਾਂ ਦੀ ਸੰਗਤ ਨੂੰ ਇਕੋ ਪੰਗਤ ਵਿਚ ਬਿਠਾ ਕੇ ਪ੍ਰਸ਼ਾਦ ਛਕਾਇਆ ਜਾਂਦਾ ਸੀ। ਗੁਰੂ ਜੀ ਨੇ ਇਕੋ ਪੰਗਤ 'ਚ ਬੈਠ ਕੇ ਲੰਗਰ ਛੱਕਣਾ ਲਾਜ਼ਮੀ ਕਰ ਦਿੱਤਾ। ਪਹਿਲਾਂ ਹਰ ਇਕ ਲਈ ਪੰਗਤ, ਫਿਰ ਸੰਗਤ ਦੀ ਡੂੰਘੀ ਸਾਂਝ ਬਣਾ ਦਿੱਤੀ। ਸ਼ੂਦਰ ਅਖਵਾਉਂਦੇ ਗਰੀਬ ਲੋਕਾਂ ਦੇ ਦਿਲ ਵਿਚ ਗੁਰੂ ਸਾਬਿਹ ਲਈ ਪਿਆਰ ਅਤੇ ਸਤਿਕਾਰ ਵਧਿਆ। ਗੁਰੂ ਜੀ ਦੀ ਵਡਿਆਈ ਚੁਫੇਰੇ ਵਧਣ ਲੱਗੀ।

ਸੰਨ 1560 ਦੇ ਮੁਗਲ ਬਾਦਸ਼ਾਹ ਅਕਬਰ ਨੇ ਗੋਇੰਦਵਾਲ ਆ ਕੇ ਗੁਰੂ ਸਾਹਿਬ ਜੀ ਦੇ ਦਰਸ਼ਨ ਕੀਤੇ। ਬਾਦਸ਼ਾਹ ਨੇ ਵੀ ਲੰਗਰ ਦੀ ਪੰਗਤ 'ਚ ਬੈਠ ਕੇ ਲੰਗਰ ਪ੍ਰਸ਼ਾਦ ਛੱਕਿਆ। ਸਿੱਖਾਂ ਦੇ ਪਿਆਰ-ਭਰੇ ਸਲੂਕ ਨੂੰ ਵੇਖ ਕੇ ਬੜਾ ਪ੍ਰਸੰਨ ਹੋਇਆ। ਬਾਦਸ਼ਾਹ ਨੇ ਲੰਗਰ ਦੇ ਖਰਚੇ ਲਈ ਜਾਗੀਰ ਦੇਣੀ ਚਾਹੀ। ਗੁਰੂ ਸਾਹਿਬ ਜੀ ਨੇ ਆਖਿਆ ਕਿ ਗੁਰੂ ਕਾ ਲੰਗਰ ਸਭ ਸਿੱਖਾਂ ਦੇ ਸਾਂਝੇ ਉਦਮ ਨਾਲ ਹੀ ਚੱਲਦਾ ਹੈ। ਜਗੀਰ ਦੇ ਬਦਲੇ ਵਿਚ ਗੁਰੂ ਸਾਹਿਬ ਜੀ ਨੇ ਗੈਰ ਮੁਸਲਮਾਨਾਂ ਨੂੰ ਤੀਰਥ ਅਸਥਾਨਾਂ ਦੇ ਦਰਸ਼ਨਾਂ ਲਈ ਲੱਗਦਾ ਮਸੂਲ ਤੋਂ ਮੁਕਤ ਕਰਵਾ ਲਿਆ।

ਆਪ ਜੀ ਨੇ ਬੜੇ ਸਾਰਥਿਕ ਅਤੇ ਯੋਜਨਾਬੰਦ ਤਰੀਕੇ ਨਾਲ ਸਿੱਖ ਧਰਮ ਦਾ ਪ੍ਰਚਾਰ ਅੱਗੇ ਤੋਰਿਆ। ਆਪ ਜੀ ਨੇ ਖੁਦ ਪ੍ਰਚਾਰਕ ਦੌਰੇ ਕੀਤੇ। ਉਪਰੰਤ ਦੂਰ-ਦੂਰ ਦੇ ਖੇਤਰਾਂ ਵਿਚ ਪ੍ਰਚਾਰਕ ਭੇਜੇ। ਉਨ੍ਹਾਂ ਨੇ 22 ਪ੍ਰਚਾਰ ਕੇਂਦਰ ਸਥਾਪਿਤ ਕੀਤੇ। ਹਰ ਕੇਂਦਰ 'ਤੇ ਸਥਾਨਕ ਉੱਚ ਰੁਤਬੇ ਵਾਲੇ ਅਧਿਆਤਮਕ ਪ੍ਰਚਾਰਕ ਨੂੰ ਮੁਖੀ ਬਣਾਇਆ, ਜੋ ਸੰਗਤਾਂ ਦੀਆਂ ਧਾਰਮਿਕ ਅਤੇ ਸਮਾਜਿਕ ਲੋੜਾਂ ਪੂਰੀਆਂ ਕਰਦੇ ਸਨ। ਉਹ ਗੁਰੂ ਅਤੇ ਸੰਗਤ ਨੂੰ ਜੋੜਨ ਲਈ ਪੁਲ ਦਾ ਕੰਮ ਕਰਦੇ ਸਨ। ਸੰਗਤਾਂ ਨੂੰ ਗੁਰੂ ਸਾਹਿਬ ਜੀ ਦਾ ਹੁਕਮ ਸੁਣਾਉਂਦੇ/ਗੁਰੂ ਸਾਹਿਬ ਜੀ ਤੱਕ ਚੜ੍ਹਾਵਾ ਪਹੁੰਚਾਉਂਦੇ, ਜੋ ਇਕ ਜਗ੍ਹਾ ਜਮ੍ਹਾ ਹੋ ਕੇ ਸਮਾਜ ਭਲਾਈ ਦੇ ਕਾਰਜਾਂ ਲਈ ਖਰਚ ਹੁੰਦਾ ਸੀ। ਪ੍ਰਚਾਰਕ ਸੰਗਤ ਨੂੰ ਗੁਰਮਤਿ ਦੀਆਂ ਸਿੱਖਿਆਵਾਂ ਨਾਲ ਜੋੜਦੇ। ਸੰਗਤਾਂ ਵਿਚ ਇਹ ਪਦਵੀ ਬੜੇ ਸਤਿਕਾਰ ਅਤੇ ਇਤਬਾਰ ਵਾਲੀ ਸੀ।

ਗੁਰੂ ਅੰਗਦ ਦੇਵ ਸਾਹਿਬ ਜੀ ਨੇ ਰਾਵੀ ਦਰਿਆ ਤੇ ਬਿਆਸ ਦਰਿਆ ਵਿਚਕਾਰਲੇ ਇਲਾਕੇ ਦੇ ਪਿੰਡਾਂ ਵਿਚ ਪ੍ਰਚਾਰ ਕੀਤਾ। ਸਿੱਖਾਂ ਦੀ ਗਿਣਤੀ ਵਧਦੀ ਗਈ। ਸਿੱਖ ਧਰਮ ਦੇ ਪ੍ਰਚਾਰ ਨੂੰ ਫੈਲਾਉਣ ਲਈ ਗੁਰੂ ਜੀ ਨੇ ਸਾਰੀ ਸਿੱਖ-ਵਸੋਂ ਦੇ ਇਲਾਕਿਆਂ ਨੂੰ 22 ਹਿੱਸਿਆਂ ਵਿਚ ਵੰਡਿਆ। ਇਸ ਤਰ੍ਹਾਂ 22 ਸਿਆਣੇ ਪ੍ਰਚਾਰਕ ਨੀਅਤ ਕੀਤੇ। ਪ੍ਰਚਾਰਕ ਨੇ ਬੋਲਣ ਵੇਲੇ ਸਾਹਮਣੇ ਬੈਠੀ ਸੰਗਤ ਨੂੰ ਸੰਬੋਧਨ ਕਰਦਿਆਂ ਨਜ਼ਰ ਮਾਰਨੀ ਹੁੰਦੀ ਹੈ। ਉੱਚੇ ਥਾਂ 'ਤੇ ਬੈਠਣਾ ਹੁੰਦਾ ਹੈ। ਇਸ ਲਈ ਮੰਜੀ ਬੈਠਣ ਲਈ ਵਰਤੀ ਜਾਂਦੀ ਸੀ, ਜਿਸ 'ਤੇ ਬੈਠ ਕੇ ਗੁਰਮਤਿ ਸਰਵਣ ਕਰਾਉਣਾ ਸੀ, ਇਸ ਤਰ੍ਹਾਂ ਪ੍ਰਚਾਰਕਾਂ ਦੀਆਂ 22 ਮੰਜੀਆਂ ਥਾਪੀਆਂ ਗਈਆਂ। ਗੁਰੂ ਸਾਹਿਬ ਜੀ ਨੇ ਇਕ ਅਲਿਆਰ ਨਾਮੀ ਮੁਸਲਮਾਨ ਨੂੰ ਵੀ ਪ੍ਰਚਾਰਕ ਥਾਪਿਆ ਸੀ। ਭਾਈ ਗੁਰਦਾਸ ਜੀ ਜੋ ਸਮੇਂ ਦੇ ਧਰਮ ਸ਼ਾਸਤਰੀ ਮੰਨੇ ਜਾਂਦੇ ਸਨ, ਨੂੰ ਵੀ ਆਗਰਾ ਵਿਖੇ ਪ੍ਰਚਾਰਕ ਥਾਪਿਆ।

ਸਮਾਜਿਕ ਸੁਧਾਰਾਂ ਵਿਚ ਜੋ ਕਾਰਜ ਕੀਤੇ ਉਨ੍ਹਾਂ ਵਿਚ ਵੇਰਵਾ ਹੈ ਕਿ ਸਮਾਜ ਵਰਤੋਂ ਵਿਹਾਰ ਵਿਚ ਜਾਤਾਂ ਬਰਾਦਰੀ ਦੇ ਆਧਾਰ 'ਤੇ ਵਿਆਹ ਹੁੰਦੇ ਸਨ। ਗੁਰੂ ਸਾਹਿਬ ਜੀ ਨੇ ਜਾਤ-ਪਾਤ ਦੇ ਬੰਧਨਾਂ ਤੋਂ ਮੁਕਤ ਅੰਤਰ ਜਾਤੀ ਵਿਆਹ 'ਤੇ ਜ਼ੋਰ ਦਿੱਤਾ।

ਆਪ ਜੀ ਨੇ ਸਤੀ ਦੀ ਰਸਮ ਤੋਂ ਵਰਜਿਆ। ਉਨ੍ਹਾਂ ਕਿਹਾ ਕਿ ਸਤੀ ਉਹ ਨਹੀਂ, ਜੋ ਪਤੀ ਦੀ ਮੌਤ ਨਾਲ ਪ੍ਰਾਣ ਤਿਆਗ ਦੇਵੇ। ਸਗੋਂ ਪਤੀ ਤੋਂ ਬਾਅਦ ਆਪਣਾ ਚਾਲ-ਚਲਣ ਉੱਚਾ ਰੱਖਣ ਅਤੇ ਨਾਮ ਜਪਣ, ਤਦ ਹੀ ਵੱਡੀਆਂ ਸਤੀ ਅਖਵਾਉਣਗੀਆਂ। ਇਸਤਰੀਆਂ ਨੂੰ ਸਤੀ ਬੰਧਨ ਤੋਂ ਮੁਕਤ ਕੀਤਾ। ਉਨ੍ਹਾਂ ਨੂੰ ਮੁੜ ਵਿਆਹ ਦਾ ਵੀ ਉਪਦੇਸ਼ ਦਿੱਤਾ।

ਇਸਤਰੀਆਂ ਨੂੰ ਮੂੰਹ ਢੱਕ ਕੇ ਪਰਦੇ ਜਾਂ ਘੁੰਡ ਵਿਚ ਰਹਿਣ ਦੇ ਰਿਵਾਜ਼ ਨੂੰ ਖਤਮ ਕੀਤਾ। ਇਸ ਤਰ੍ਹਾਂ ਪਰਦੇ ਦੀ ਰਸਮ ਜਿਹੀ ਸਮਾਜਿਕ ਬੁਰਾਈ ਤੋਂ ਮੁਕਤ ਕੀਤਾ। ਇਸ ਤਰ੍ਹਾਂ ਇਸਤਰੀ ਨੂੰ ਅਜਿਹੇ ਬੰਧਨਾਂ ਤੋਂ ਮੁਕਤ ਕੀਤਾ। ਉਨ੍ਹਾਂ ਨੂੰ ਸਮਾਜ ਵਿਚ ਮਾਣ ਦਿਵਾਇਆ। ਗੁਰੂ ਸਾਹਿਬ ਜੀ ਨੇ ਇਸਤਰੀਆਂ ਨੂੰ ਸੇਵਾ ਪ੍ਰਬੰਧ ਵਿਚ ਲਾਇਆ। ਉਨ੍ਹਾਂ ਨੂੰ ਲੰਗਰਾਂ ਦੀ ਸੇਵਾ ਅਤੇ ਪ੍ਰਬੰਧ ਨਾਲ ਜੋੜਿਆ। ਉਨ੍ਹਾਂ ਨੇ ਇਸਤਰੀਆਂ ਨੂੰ ਪ੍ਰਚਾਰਕ ਨਿਯੁਕਤ ਕੀਤਾ।

ਗੁਰੂ ਸਾਹਿਬ ਜੀ ਨੇ ਜਨਮ-ਮਰਨ ਸਮੇਂ ਦੀਆਂ ਫਾਲਤੂ ਰਹੂ-ਰੀਤਾਂ ਨੂੰ ਖਤਮ ਕਰਕੇ ਰੱਬ ਦੇ ਭਾਣੇ ਵਿਚ ਰਹਿਣ ਦੀ ਮਰਿਯਾਦਾ ਚਲਾਈ। ਗੁਰੂ ਸਾਹਿਬ ਜੀ ਨੇ ਮਨੁੱਖਤਾ ਨੂੰ ਹਊਮੈ ਤਿਆਗ ਕੇ ਬੇਗਰਜ਼ ਸੇਵਾ ਦਾ ਉਪਦੇਸ਼ ਦਿੱਤਾ। ਪ੍ਰਮਾਤਮਾ ਨੂੰ ਆਤਮ ਸਮਰਪਣ ਕਰਕੇ ਉਸ ਦੀ ਕੀਤੀ ਸੇਵਾ ਹੀ ਭਗਤੀ ਹੈ। ਸੇਵਾ ਨੂੰ ਮੁਕਤੀ ਨਾਲ ਜੋੜ ਦਿੱਤਾ। ਗੁਰੂ ਸਾਹਿਬ ਜੀ ਨੇ ਸਮਾਜਿਕ ਬੁਰਾਈਆਂ ਨੂੰ ਦੂਰ ਕਰਕੇ ਸਮਾਜਿਕ ਜੀਵਨ ਦੇ ਲਈ ਸਵ-ਨਿਰਮਾਣ ਅਤੇ ਨਰੋਆ ਜੀਵਨ ਪ੍ਰਦਾਨ ਕਰਨ ਲਈ ਅਧਿਆਤਮਕ ਰਾਹ ਵਿਖਾਇਆ। ਗੁਰੂ ਨਾਨਕ ਦੇਵ ਸਾਹਿਬ ਜੀ ਵੱਲੋਂ ਜੋ ਸਮਾਜ-ਸੁਧਾਰ ਦੀ ਲਹਿਰ ਚਲਾਈ ਗਈ ਸੀ। ਉਸੇ ਵਿਚਾਰਧਾਰਾ ਤੇ ਨਿਸ਼ਾਨੇ ਨਿਸ਼ਚਿਤ ਕੀਤੇ ਕਿ ਮਨੁੱਖਤਾ ਦੀ ਭਲਾਈ ਸੱਚ ਦੇ ਰਾਹ 'ਤੇ ਚੱਲਦਿਆਂ ਕਰਨੀ ਹੈ। ਅੱਗੇ ਨਿਰੰਤਰ ਗੁਰੂਆਂ ਵੱਲੋਂ ਇਸ ਲੋਕ ਭਲਾਈ ਦੀ ਲਹਿਰ ਨੂੰ ਜਥੇਬੰਦ ਕੀਤਾ। ਵਧਾਇਆ, ਪ੍ਰਚਾਰਿਆ ਅਤੇ ਥਿੜਕਣ ਨਹੀਂ ਦਿੱਤਾ।

ਨਿਰਮਾਣ ਕਾਰਜਾਂ 'ਚ ਗੋਇੰਦਵਾਲ ਨਗਰ ਵਸਾਇਆ। ਗੋਇੰਦਵਾਲ ਸਾਹਿਬ ਪੱਤਣ ਦਾ ਇਲਾਕਾ ਸੀ। ਮੁਸਾਫਰਾਂ ਦੇ ਲੰਘਣ ਤੋਂ ਇਲਾਵਾ ਸੰਗਤ ਵੀ ਬਹੁਤ ਜੁੜਦੀ ਸੀ। ਲੰਗਰ ਵੀ ਵਰਤਦਾ ਸੀ। ਪਰ ਪਾਣੀ ਦੀ ਬੜੀ ਕਮੀ ਸੀ। ਆਪ ਜੀ ਨੇ 1559 'ਚ ਬਾਉਲੀ ਸਾਹਿਬ ਦਾ ਨਿਰਮਾਣ ਕੀਤਾ, ਜਿਸ ਨਾਲ ਪਾਣੀ ਦੀ ਕਮੀ ਦੂਰ ਹੋਈ। ਇਹ ਅਸਥਾਨ ਸਿੱਖ ਧਰਮ ਦਾ ਵੱਡਾ ਧਾਰਮਿਕ ਅਸਥਾਨ ਜਾਣਿਆ ਜਾਣ ਲੱਗਾ। ਜਿੱਥੇ ਪਹਿਲਾ ਵਿਸਾਖੀ ਜੋੜ-ਮੇਲਾ ਸੰਪੰਨ ਹੋਇਆ। ਗੋਇੰਦਵਾਲ ਸਾਹਿਬ ਜੀ ਦੇ ਹੋਰ ਨਿਰਮਾਣ ਕਾਰਜਾਂ ਵਿਚ ਅਨੰਦ ਜੀ ਦਾ ਅਸਥਾਨ, ਹਵੇਲੀ ਸਾਹਿਬ ਅਤੇ ਮੋਹਨ ਜੀ ਦਾ ਚੋਬਾਰਾ ਸ਼ਾਮਲ ਹਨ। ਗੁਰੂ ਸਾਹਿਬ ਜੀ ਦੇ ਸਮੇਂ ਗੋਇੰਦਵਾਲ ਸਾਹਿਬ ਇਕ ਵੱਡਾ ਪ੍ਰਚਾਰ ਕੇਂਦਰ ਬਣਿਆ। ਪਰ ਸਿੱਖਾਂ ਦੀ ਵਧਦੀ ਗਿਣਤੀ ਵੇਖ ਕੇ ਮਾਝੇ ਦੇ ਇਲਾਕੇ ਵਿਚ ਵੀ 1570 ਵਿਚ 'ਗੁਰੂ ਚੱਕ' (ਅੰਮ੍ਰਿਤਸਰ) ਬਣਾਉਣਾ ਸ਼ੁਰੂ ਕੀਤਾ। ਆਪ ਜੀ ਨੇ ਪਵਿੱਤਰ ਸਰੋਵਰ ਜਾਂ ਅੰਮ੍ਰਿਤ ਸਰੋਵਰ ਖੁਦਵਾਉਣ ਦੀ ਯੋਜਨਾ ਬਣਾਈ। ਇਸ ਨੂੰ ਗੁਰੂ ਰਾਮਦਾਸ ਨੇ ਬਾਬਾ ਬੁੱਢਾ ਜੀ ਦੀ ਨਿਗਰਾਨੀ ਹੇਠ ਖੁਦਵਾਇਆ। ਇਹ ਜ਼ਮੀਨ ਪਿੰਡ ਤੁੰਗ ਤੋਂ ਖਰੀਦੀ ਗਈ ਸੀ। ਇਥੇ ਇਕ ਨਗਰ ਵਸਾਉਣ ਦੀ ਯੋਜਨਾ ਸੀ। ਗੁਰੂ ਅਰਜਨ ਦੇਵ ਸਾਹਿਬ ਜੀ ਨੇ ਵਿਉਂਤਬੰਦੀ ਕਰਕੇ ਗੁਰੂ ਰਾਮਦਾਸ ਸਾਹਿਬ ਜੀ ਵੱਲੋਂ 1577 ਵਿਚ ਬਣਾਏ ਰਾਏ ਸਰੋਵਰ 'ਤੇ ਨਗਰ ਉਸਾਰਿਆ, ਜੋ 28 ਦਸੰਬਰ 1588 ਨੂੰ ਨੀਂਹ ਰੱਖੀ ਗਈ।


ਪ੍ਰਮਿੰਦਰ ਸਿੰਘ 'ਪ੍ਰਵਾਨਾ'
ਕੈਲੀਫੋਰਨੀਆ
510-415-9377
ਪੰਜਾਬ ਮੇਲ USA




ਆਪ ਜੀ ਨੇ ਸੰਗਤਾਂ ਨੂੰ ਗੁਰੂ ਸ਼ਬਦ ਗੁਰਬਾਣੀ ਨਾਲ ਜੁੜਨ ਦਾ ਉਪਦੇਸ਼ ਦਿੱਤਾ। ਪਹਿਲੇ ਗੁਰੂ ਸਾਹਿਬਾਨ ਵੱਲੋਂ ਇਕੱਤਰ ਕੀਤੀ ਹੋਈ ਗੁਰਬਾਣੀ ਦੇ ਸੰਗ੍ਰਹਿ ਵਿਚ ਹੋਰ ਵਾਧਾ ਕਰਦੇ ਹੋਏ ਆਪਣਾ ਯੋਗਦਾਨ ਪਾਇਆ, ਜਿਸ ਦੇ ਤਹਿਤ 907 ਸ਼ਬਦ, 19 ਰਾਗਾਂ ਵਿਚ ਦਰਜ ਹਨ।

ਅੰਤ ਆਪ ਜੀ ਗੋਇੰਦਵਾਲ ਸਾਹਿਬ ਵਿਖੇ 1 ਸਤੰਬਰ 1674 ਨੂੰ 95 ਸਾਲ ਦੀ ਉਮਰ ਵਿਚ ਜੋਤੀ-ਜੋਤ ਸਮਾ ਗਏ। ਚੌਥੇ ਗੁਰੂ ਵਜੋਂ ਗੁਰੂ ਰਾਮਦਾਸ ਸਾਹਿਬ ਜੀ ਗੁਰਗੱਦੀ 'ਤੇ ਵਿਰਾਜਮਾਨ ਹੋਏ।

ਅੰਤਿਕਾ:- ਹੇ ਮੇਰੇ ਮਨ ਵਿਕਾਰਾਂ ਤੋਂ ਬਚਣ ਲਈ ਸਿਰਫ ਪ੍ਰਮਾਤਮਾ ਦਾ ਨਾਮ ਜਪਿਆ ਕਰੇ। ਇਹ ਨਾਮ ਖਜ਼ਾਨਾ ਮੈਨੂੰ ਗੁਰੂ ਨੇ ਬਖਸ਼ਿਆ ਹੈ। ਹੇ ਭਾਈ! ਜੇ ਮਨੁੱਖ ਦਾ ਮਨ ਵਿਕਾਰਾਂ ਦੀ ਮੈਲ ਨਾਲ ਭਰਿਆ ਰਹੇ, ਤਾਂ ਉਤਨਾ ਚਿਰ ਮਨੁੱਖ ਜੋ ਕਰਦਾ ਹੈ, ਸਭ ਕੁਝ ਵਿਕਾਰ ਹੀ ਕਰਦਾ ਹੈ। ਸਰੀਰ ਨੂੰ ਤੀਰਥਾਂ ਆਦਿਕ ਦੇ ਇਸ਼ਨਾਨ ਕਰਾਉਣ ਨਾਲ ਮਨ ਪਵਿੱਤਰ ਨਹੀਂ ਹੋ ਸਕਦਾ। ਪਰ ਇਹ ਸੰਸਾਰ ਤੀਰਥ-ਇਸ਼ਨਾਨ ਤੋਂ ਮਨ ਦੀ ਪਵਿੱਤਰਤਾ ਮਿਲ ਜਾਣ ਦੇ ਭੁਲੇਖੇ ਵਿਚ ਪੈ ਕੇ ਕੁਰਾਹੇ ਤੁਰਿਆ ਜਾ ਰਿਹਾ ਹੈ। ਕੋਈ ਵਿਰਲਾ ਮਨੁੱਖ ਹੀ ਇਸ ਸੱਚਾਈ ਨੂੰ ਸਮਝਦਾ ਹੈ।

ਜੋ ਮਨੁੱਖ ਕਰਾਮਾਤੀ ਯੋਗੀਆਂ ਵਾਲੇ ਆਸਣ ਕਰਨੇ ਸਿੱਖ ਲਏ, ਜੇ ਕਾਮ-ਵਾਸਨਾ ਨੂੰ ਜਿੱਤ ਕੇ ਆਸਣਾਂ ਦੇ ਅਭਿਆਸ ਦੀ ਕਮਾਈ ਕਰਨ ਲੱਗ ਪਏ। ਤਾਂ ਵੀ ਮਨ ਦੀ ਮੈਲ ਨਹੀਂ ਲਹਿੰਦੀ। ਮਨ ਵਿਚੋਂ ਹਉਮੈ ਦੀ ਮੈਲ ਨਹੀਂ ਜਾਂਦੀ। ਹੇ ਭਾਈ! ਗੁਰੂ ਦੀ ਸ਼ਰਨ ਪੈਣ ਤੋਂ ਬਿਨਾਂ ਹੋਰ ਕੋਈ ਯਤਨ, ਇਸ ਮਨ ਨੂੰ ਪਵਿੱਤਰ ਨਹੀਂ ਕਰ ਸਕਦਾ। ਜੇ ਗੁਰੂ ਮਿਲ ਪਏ, ਤਾਂ ਮਨ ਦੀ ਬਿਰਤੀ ਸੰਸਾਰ ਵੱਲੋਂ ਉਲਟ ਜਾਂਦੀ ਹੈ। ਤੇ ਮਨ ਦੀ ਐਸੀ ਉੱਚੀ ਦਸ਼ਾ ਬਣ ਜਾਂਦੀ ਹੈ, ਜੋ ਬਿਆਨ ਨਹੀਂ ਕੀਤੀ ਜਾ ਸਕਦੀ।

ਨਾਨਕ ਆਖਦਾ ਹੈ - ਜਿਹੜਾ ਮਨੁੱਖ ਗੁਰੂ ਨੂੰ ਮਿਲ ਕੇ ਵਿਕਾਰਾਂ ਵੱਲੋਂ ਅਛੋਹ ਹੋ ਜਾਂਦਾ ਹੈ। ਤੇ ਫਿਰ ਗੁਰੂ ਦੇ ਸ਼ਬਦ ਵਿਚ ਜੁੜ ਕੇ ਆਤਮਿਕ ਜੀਵਨ ਹਾਸਲ ਕਰ ਲੈਂਦਾ ਹੈ। ਉਸ ਦੇ ਅੰਦਰੋਂ ਮਾਇਆ ਦੀ ਮਮਤਾ ਦੀ ਮੈਲ ਲਹਿ ਜਾਂਦੀ ਹੈ। ਉਸ ਦਾ ਮਨ ਪਵਿੱਤਰ ਹੋ ਜਾਂਦਾ ਹੈ। (ਅੰਗ : 558, ਵਡਹੰਸ ਮਹਲਾ ੩ ਘਰੁ ੧)

# ਇਸ਼ਕ ਖ਼ੁਦਾ ਦਾ ਸੋਹਣਾ ਮੰਦਿਰ . . .

## ਰਮਿੰਦਰ ਰੰਮੀ ਦੇ ਅੰਤਰਮਨ ਅਤੇ ਭਾਵਾਂ ਨੂੰ ਪ੍ਰਗਟਾਉਂਦੀ ਕਵਿਤਾ !

ਕੁਲਵੀਰ ਬਾਠ
ਕੈਲੀਫੋਰਨੀਆ, ਯੂ.ਐੱਸ.ਏ.
209-371-7234
ਪੰਜਾਬ ਮੇਲ USA



ਜਦ ਕਦੇ ਵੀ ਪਰਵਾਸੀ ਪੰਜਾਬੀ ਸਾਹਿਤ ਅਤੇ ਖ਼ਾਸ ਕਰਕੇ ਉੱਤਰੀ ਅਮਰੀਕਾ ਵਿਚ ਰਚੇ ਜਾ ਰਹੇ ਸਾਹਿਤ ਜਾਂ ਸਾਹਿਤਕ ਸਰਗਰਮੀਆਂ ਦਾ ਜ਼ਿਕਰ ਤੁਰਦਾ ਹੈ, ਤਾਂ ਕੈਨੇਡਾ ਵੱਸਦੀ ਸਾਹਿਤਕਾਰਾ 'ਰਮਿੰਦਰ ਰੰਮੀ' ਦਾ ਨਾਂਅ ਸਹਿਜੇ ਹੀ ਇਸ ਵਿਚ ਆ ਜੁੜਦਾ ਹੈ।

ਰਮਿੰਦਰ ਰੰਮੀ ਅਤੇ ਉਸ ਦੀਆਂ ਸਾਹਿਤਕ ਗਤੀਵਿਧੀਆਂ/ਘਾਲਣਾਵਾਂ ਦੀ ਗੱਲ ਕਰਨ ਤੋਂ ਪਹਿਲਾਂ ਪਾਠਕਾਂ ਨਾਲ ਇਹ ਸਾਂਝਾ ਕਰਨਾ ਵੀ ਜ਼ਰੂਰੀ ਹੈ ਕਿ ਉਸ ਦੀ ਤੀਸਰੀ ਕਾਵਿ ਪੁਸਤਕ "ਇਸ਼ਕ ਖ਼ੁਦਾ ਸੋਹਣਾ ਮੰਦਿਰ" ਸਾਹਿਤਕ ਹਲਕਿਆਂ ਵਿਚ ਕੱਲ੍ਹ ਕਾਫ਼ੀ ਚਰਚਿਤ ਹੈ। ਪੁਸਤਕ ਦਾ ਸਿਰਲੇਖ ਖ਼ੁਦ-ਬ-ਖ਼ੁਦ ਪੁਸਤਕ ਦੇ ਅੰਤਰੀਵ ਦੀ ਰੂਹ ਅਤੇ ਭਾਵਨਾਵਾਂ ਵੱਲ ਇਸ਼ਾਰਾ ਕਰਦਾ ਹੈ। ਪੁਸਤਕ ਨੂੰ ਪੜ੍ਹਦਿਆਂ ਮੈਨੂੰ ਏਸ ਵਿਚਲੇ ਸ਼ਬਦਾਂ ਦੀ ਗਹਿਰਾਈ ਅੰਦਰ ਸਮੋਏ ਅਤਿ ਸੰਵੇਦਨਸ਼ੀਲ ਅਹਿਸਾਸਾਂ ਨੂੰ ਜਾਨਣ, ਸਮਝਣ ਅਤੇ ਮਹਿਸੂਸ ਕਰਨ ਦਾ ਮੌਕਾ ਵੀ ਮਿਲਿਆ।

ਰਮਿੰਦਰ ਰੰਮੀ ਦਾ ਪੰਜਾਬੀ ਸਾਹਿਤ ਅਤੇ ਪੰਜਾਬੀਅਤ ਪ੍ਰਤੀ ਮੋਹ ਤੇ ਜਨੂਨ...

'ਅੰਤਰਰਾਸ਼ਟਰੀ ਸਾਹਿਤਕ ਸਾਂਝਾਂ' ਦੀ ਫਾਊਂਡਰ, ਪ੍ਰਧਾਨ ਤੇ ਪ੍ਰਬੰਧਕ ਰਮਿੰਦਰ ਰੰਮੀ ਨੂੰ ਜਾਨਣ ਅਤੇ ਪਛਾਣਨ ਵਾਲੇ ਜਾਣਦੇ ਹਨ ਕਿ ਪੰਜਾਬੀ ਸਾਹਿਤ ਨਾਲ ਉਸ ਦਾ ਇਸ਼ਕ ਜਨੂਨ ਦੀ ਹੱਦ ਤੀਕਰ ਹੈ...। ਆਪਣੇ ਘਰ ਪਰਿਵਾਰ ਦੀਆਂ ਜ਼ਿੰਮੇਵਾਰੀਆਂ ਨੂੰ ਨਿਭਾਉਂਦਿਆਂ ਹੋਇਆਂ ਵੀ ਪੰਜਾਬੀ ਸਾਹਿਤ ਅਤੇ ਮਾਂ ਬੋਲੀ ਲਈ ਅਣਥੱਕ ਕੋਸ਼ਿਸ਼ਾਂ ਜਾਰੀ ਰੱਖ ਰਹੀ ਹੈ। ਕਈ ਹੋਰ ਮਿਆਰੀ ਸਾਹਿਤਕ ਸੰਗਠਨਾਂ ਨਾਲ ਵੀ ਜੁੜੀ ਹੋਈ ਹੈ।

ਦੋਸਤੋ, ਅਕਸਰ ਕਿਹਾ ਜਾਂਦਾ ਹੈ ਕਿ ਸਾਹਿਤ ਨੂੰ ਪੜ੍ਹਨ, ਸੁਣਨ ਜਾਂ ਲਿਖਣ ਦੀ ਕੋਈ ਆਯੂ ਤਹਿ ਨਹੀਂ ਹੁੰਦੀ। ਪਰ ਕੋਈ ਜੰਮਦਾ ਹੀ ਲਿਖਾਰੀ ਬਣ ਜਾਵੇ, ਇੰਜ ਹੁੰਦਾ ਨਹੀਂ ਹੈ। ਰਮਿੰਦਰ ਰੰਮੀ ਨੂੰ ਸਾਹਿਤ ਪੜ੍ਹਨ, ਲਿਖਣ, ਸੁਣਨ, ਅਤੇ ਮਾਣਨ ਦਾ ਮੋਹ ਕੱਚੀ ਉਮਰੇ ਈ ਪੈ ਗਿਆ ਸੀ, ਜੋ ਉਸ ਨੂੰ ਪੰਜਾਬੀ ਸਾਹਿਤ ਦੇ ਮੱਕੇ 'ਪ੍ਰੀਤ ਨਗਰ' ਲੈ ਜਾਂਦਾ ਰਿਹਾ। ਭਾਵੇਂ ਜੀਵਨ ਦੀ ਭੱਜ-ਦੌੜ ਵਿਚ ਵਿਅਸਤ ਹੋਣ ਕਾਰਨ ਉਹ ਸਾਹਿਤ ਨਾਲੋਂ ਕਾਫੀ ਵਕਤ ਟੁੱਟੀ ਰਹੀ, ਪਰ ਫਿਰ ਵੀ ਆਪਣੀ ਰੂਹ ਦੇ ਧੁਰ ਅੰਦਰ ਬਲ਼ਦੀ ਸਾਹਿਤਕ ਚਿਣਗ ਨੂੰ ਉਸ ਨੇ ਕਦੇ ਬੁੱਝਣ ਨਾ ਦਿੱਤਾ।

ਸਮਾਜਿਕ ਤਾਣੇ-ਬਾਣੇ ਦੇ ਹਾਲਾਤ, ਵਾਤਾਵਰਨ ਅਤੇ ਮਾਹੌਲ ਦਾ ਸਾਡੇ ਜੀਵਨ ਉੱਪਰ ਬੜਾ ਗਹਿਰਾ ਪ੍ਰਭਾਵ ਪੈਂਦਾ ਹੈ। ਇਹੋ ਜਿਹੀ ਲੰਮੀ ਔੜ ਰਮਿੰਦਰ ਦੀ ਜ਼ਿੰਦਗੀ ਵਿਚ ਵੀ ਆਈ। ਔੜ ਭਾਵੇਂ ਖ਼ੁਸ਼ੀਆਂ ਦੀ ਸੀ ਜਾਂ ਸਾਹਿਤਕ ਮਾਹੌਲ ਦੀ, ਪਰ ਉਸਨੂੰ ਬੜੇ ਦੁੱਖ-ਸੁੱਖ ਦਿਖਾ ਗਈ ਅਤੇ ਚੰਗੇ-ਮਾੜੇ ਸਬਕ ਵੀ ਸਿਖਾ ਗਈ..। ਇਸ ਦਾ ਪ੍ਰਭਾਵ ਉਸ ਦੀਆਂ ਰਚਨਾਵਾਂ ਵਿਚੋਂ ਸਾਫ਼ ਝਲਕਦਾ ਹੈ। ਸਮਾਂ ਕਦੇ ਠਹਿਰਦਾ ਨਹੀਂ ਹੈ। ਸਮੇਂ ਨੇ ਕਰਵਟ ਬਦਲੀ, ਸਥਾਨ ਬਦਲਿਆ, ਰੁੱਤ ਬਦਲੀ ਅਤੇ ਰਮਿੰਦਰ ਦਾ ਸਾਹਿਤਕ ਕਦ ਵੱਧਣਾ ਫੁੱਲਣਾ ਆਰੰਭ ਹੋ ਗਿਆ। ਵਕਤੀ ਢਿੱਲ-ਮੱਠ ਤੋਂ ਬਾਅਦ ਬਹੁਤ ਕਾਹਲ਼ੀ ਨਾਲ ਪੁਲਾਂਘਾਂ ਪੁੱਟਦਿਆਂ ਆਪਣੇ ਤੀਸਰੇ ਕਾਵਿ ਸੰਗ੍ਰਹਿ "ਇਸ਼ਕ ਖ਼ੁਦਾ ਦਾ ਸੋਹਣਾ ਮੰਦਿਰ" ਨਾਲ ਪੰਜਾਬੀ ਸਾਹਿਤ ਵਿਚ ਮਹੱਤਵਪੂਰਨ ਯੋਗਦਾਨ ਰਹੀ ਹੈ।

ਸਾਹਿਤਕ ਸਭਾਵਾਂ ਵਿਚ ਵਿਚਰਦਿਆਂ, ਸਾਹਿਤਕਾਰਾਂ ਨੂੰ ਸੁਣਦਿਆਂ-ਸੁਣਦਿਆਂ ਅਤੇ ਦੋਸਤਾਂ ਦੇ ਤਾਹਨਿਆਂ ਵਰਗੇ ਸਵਾਲਾਂ ਨੇ ਰਮਿੰਦਰ ਰੰਮੀ ਦੀ ਸਾਹਿਤਕ ਪਰਵਾਜ਼ ਲਈ ਡੂੰਘੀ ਨੀਂਹ ਵਾਲਾ ਪਲੇਟਫਾਰਮ ਬਣਾ ਦਿੱਤਾ। ਉਸਦੇ ਕਾਵਿ-ਮਨ ਦੇ ਅਹਿਸਾਸ, ਅਨੁਭਵ ਅਤੇ ਖਿਆਲ ਕਵਿਤਾ ਦਾ ਰੂਪ ਲੈ ਕੇ ਝੂਮਣ ਲੱਗ ਪਏ...। ਸੁਲਝੀਆਂ ਹੋਈਆਂ ਸਾਹਿਤਕ ਸ਼ਖ਼ਸੀਅਤਾਂ ਦੁਆਰਾ ਸਿਰਜੇ ਸਾਹਿਤਕ ਮਾਹੌਲ ਨੇ ਰਮਿੰਦਰ ਰੰਮੀ ਦੀ ਕਾਵਿ-ਰੂਹ ਨੂੰ ਸਾਹਿਤਕ ਖ਼ੁਰਾਕ ਨਾਲ ਭਰਪੂਰ ਕਰ ਦਿੱਤਾ ਅਤੇ ਉਸ ਦੀ ਸਾਹਿਤਕ ਮੰਜ਼ਿਲ ਵੱਲ ਨੂੰ ਜਾਂਦੇ ਰਾਹ ਪੱਧਰੇ ਹੋਣੇ ਸ਼ੁਰੂ ਹੋ ਗਏ। ਉਹ ਨਵੀਆਂ ਪੈੜਾਂ ਪਾਉਂਦੀ ਨਿਰੰਤਰ ਅੱਗੇ ਚੱਲ ਰਹੀ ਹੈ।

ਰਮਿੰਦਰ ਰੰਮੀ ਦੇ ਅੰਤਰਮਨ ਦੇ ਸਫ਼ਰ ਦੀਆਂ ਪੈੜਾਂ... ਇਸ਼ਕ ਖ਼ੁਦਾ ਦਾ ਸੋਹਣਾ ਮੰਦਿਰ !

ਭਾਵੇਂ ਕਵਿਤਾ ਦਾ ਦਾਇਰਾ ਲੰਮਾ ਚੌੜਾ ਗਿਣਿਆ ਗਿਆ ਹੈ, ਪਰ ਫਿਰ ਵੀ ਖੱਲ੍ਹੀ ਜਾਂ ਛੰਦ-ਬੱਧ ਵਾਲੀ ਕਵਿਤਾ ਦੇ ਭੰਬਲਭੂਸੇ ਨਾਲੋਂ ਕਵਿਤਾ ਦੀ ਅਹਿਮੀਅਤ ਇਸ ਦੀ ਰੂਹ ਅੰਦਰ ਸਮਾਏ ਨਜ਼ਰੀਏ ਦੀ ਹੈ। ਕਵਿਤਾ ਮਨੁੱਖੀ ਹਿਰਦੇ ਦੇ ਵਲਵਲਿਆਂ ਦੀ ਸੁਹਜਮਈ ਤਰਜਮਾਨੀ ਕਰਦੀ ਹੈ। ਕਵਿਤਾ ਸੁਹਿਰਦ ਮਨੁੱਖੀ ਜਜ਼ਬਿਆਂ ਅਤੇ ਭਾਵਨਾਵਾਂ ਦਾ ਆਪ-ਮੁਹਾਰਾ ਪ੍ਰਵਾਹ ਹੈ। "ਇਸ਼ਕ ਖ਼ੁਦਾ ਦਾ ਸੋਹਣਾ ਮੰਦਿਰ" ਨੂੰ ਪੜ੍ਹਦਿਆਂ ਵੀ ਕੁਝ ਇੰਜ ਹੀ ਮਹਿਸੂਸ ਹੁੰਦਾ ਹੈ!




'ਮੁਹੱਬਤੀ ਰੂਹਾਂ' ਨੂੰ ਸਮਰਪਿਤ ਇਸ਼ਕ, ਖ਼ੁਦਾ ਅਤੇ ਮੰਦਿਰ ਦੇ ਖ਼ੂਬਸੂਰਤ ਸੰਗਮ ਵਾਲੇ ਇਸ ਕਾਵਿ ਸੰਗ੍ਰਹਿ ਵਿਚ ਰਮਿੰਦਰ ਰੰਮੀ ਨੇ 65 ਚੋਣਵੀਆਂ ਕਵਿਤਾਵਾਂ ਸ਼ਾਮਲ ਕੀਤੀਆਂ ਹਨ। ਪੁਸਤਕ ਨੂੰ ਬਸੰਤ-ਸੁਹੇਲ ਪਬਲਿਸ਼ਰ, ਫਗਵਾੜਾ ਨੇ ਤਿਆਰ ਕੀਤਾ ਹੈ।

ਮਹਿਜ਼ 'ਤਿੰਨ-ਅੱਖਰਾਂ' ਦਾ ਸ਼ਬਦ 'ਇਸ਼ਕ' ਆਪਣੀ ਰੂਹ ਵਿਚ ਡੂੰਘੇ ਅਰਥ ਸਮੋਈ ਬੈਠਾ ਹੈ। ਪ੍ਰੇਮ ਦੀਆਂ ਅਨੇਕਾਂ ਵੰਨਗੀਆਂ ਵਿਚ ਮਨੱਖ ਦਾ ਮਨੁੱਖ ਨਾਲ ਜਾਂ ਫਿਰ ਖ਼ੁਦਾ ਨਾਲ ਇਸ਼ਕ ਉਸ ਦੇ ਭਾਵਾਂ ਦਾ ਪ੍ਰਗਟਾਵਾ ਹੈ, ਜੋ ਸਦੀਆਂ ਤੋਂ ਚੱਲਦਾ ਆ ਰਿਹਾ ਹੈ। ਰਮਿੰਦਰ ਰੰਮੀ ਦੀਆਂ ਕਵਿਤਾਵਾਂ ਨੂੰ ਪੜ੍ਹਦਿਆਂ ਪ੍ਰੇਮ ਦੇ ਵਿਭਿੰਨ ਰੰਗ-ਰੂਪਾਂ ਦੇ ਭਾਵਾਂ ਦਾ ਪ੍ਰਗਟਾਵਾ ਵੀ ਪਾਠਕ ਦੇ ਸਾਹਮਣੇ ਆਉਂਦਾ ਹੈ। ਸੰਵੇਦਨਸ਼ੀਲ ਮਨ ਦੇ ਵਲਵਲਿਆਂ ਦੇ ਨਾਲ-ਨਾਲ ਉਸ ਦੀ ਲੇਖਣੀ ਵਿਚ ਰੂਹਾਨੀਅਤ ਅਤੇ ਸੂਫ਼ੀਆਨਾ ਰੰਗ ਰੂਪ ਵੀ ਸਾਫ਼ ਨਜ਼ਰੀਂ ਪੈਂਦੇ ਹਨ।

ਖ਼ੁਦਾ ਦੀ ਖ਼ੁਦਾਈ ਨੂੰ ਸਮਰਪਿਤ ਪੁਸਤਕ ਦੀ ਪਹਿਲੀ ਨਜ਼ਮ "ਇਸ਼ਕ ਖ਼ੁਦਾ ਦਾ ਸੋਹਣਾ ਮੰਦਿਰ" ਵਿਚ ਮੈਂ ਤੋਂ ਤੂੰ ਦਾ ਸਫ਼ਰ ਹੈ... ਆਪਸੀ ਸਮਰਪਣ ਹੈ ਅਤੇ ਦੋ ਤੋਂ ਇੱਕ ਹੋਣ ਦੀ ਚਾਹਤ ਵੀ !

ਮੇਰੀ ਰੂਹ ਵਿੱਚ ਤੂੰ
ਮੇਰੀ ਧੜਕਣ ਵਿੱਚ ਤੂੰ
ਮੇਰੇ ਗੀਤਾਂ ਵਿੱਚ ਤੂੰ
ਮੇਰੀਆਂ ਨਜ਼ਮਾਂ ਵਿੱਚ ਤੂੰ ।
ਤੂੰ ਹੀ ਤੂੰ, ਤੂੰ ਹੀ ਤੂੰ ।
ਇਸ਼ਕ ਖ਼ੁਦਾ ਦਾ
ਸੋਹਣਾ ਮੰਦਿਰ ।

ਅਜਿਹੇ ਹੀ ਪ੍ਰਭਾਵ ਵਾਲੀਆਂ ਇੱਕ ਦੋ ਹੋਰ ਖ਼ੂਬਸੂਰਤ ਕਵਿਤਾਵਾਂ ਦੀਆਂ ਲਾਈਨਾਂ ਪਾਠਕਾਂ ਦੇ ਸਨਮੁੱਖ ਕਰਦੇ ਹਾਂ...

ਹਾਏ ਨੀ
ਸੁਣੋ ਨੀ
ਸਖੀਓ ਸਹੇਲੜੀਓ
ਨੀ ਮੈਂ ਕਮਲ਼ੀ ਹਾਂ ।
ਕਮਲ਼ੀ ਹਾਂ ਉਸ ਦੇ ਇਸ਼ਕ ਦੀ
ਕਮਲ਼ੀ ਹਾਂ ਉਸ ਦੇ ਇਸ਼ਟ ਦੀ
ਕਮਲ਼ੀ ਹਾਂ ਉਸ ਦੀ ਇਬਾਦਤ ਦੀ...

ਮਿਲਣ ਦੀ ਤਾਂਘ...
ਅੰਦਰ ਆਪਣੇ ਝਾਕਦੀ ਹਾਂ
ਕਸੂਰ ਆਪਣਾ ਲੱਭਦੀ ਹਾਂ
ਤੈਨੂੰ ਮਿਲਣ ਨੂੰ ਤਰਸਦੀ ਹਾਂ

ਕਿੱਥੇ ਸੀ ਤੂੰ...
ਜੱਦ ਤੈਨੂੰ ਹਰ ਪਲ, ਹਰ ਘੜੀ।
ਪਾਗਲਾਂ ਵਾਂਗ ਪੁਕਾਰਦੀ ਰਹੀ ਮੈਂ।

ਰਮਿੰਦਰ ਰੰਮੀ ਦੀ ਕਵਿਤਾ ਨੂੰ ਪੜ੍ਹਦਿਆਂ ਸੁਹਿਰਦ ਪਾਠਕ ਮਹਿਸੂਸ ਕਰਦਾ ਹੈ ਕਿ ਉਹ ਸਿਰਫ 'ਲਿਖਣ ਦੇ ਮੰਤਵ' ਲਈ ਹੀ ਕਵਿਤਾ ਨਹੀਂ ਲਿਖਦੀ, ਬਲਕਿ ਇਸ ਸ਼ਬਦੀਜਾਮੇ ਤੋਂ ਚਿਰ ਪਹਿਲਾਂ ਕਵਿਤਾ ਦੀ ਰੂਹ ਅੰਦਰਲੇ ਅਹਿਸਾਸਾਂ ਨੂੰ ਜਿਉਂਦੀ ਵੀ ਹੈ। ਕਵਿਤਾਵਾਂ ਰਮਿੰਦਰ ਰੰਮੀ ਦੇ ਸੰਵੇਦਨਸ਼ੀਲ ਮਨ ਦੀਆਂ ਭਾਵਨਾਵਾਂ ਦਾ ਪ੍ਰਗਟਾਵਾ ਹੈ, ਜੋ ਕਿਸੀ ਬਨਾਉਟੀਪਨ ਤੋਂ ਕੋਹਾਂ ਦੂਰ ਹੈ। ਉਸ ਦੇ ਨਿੱਜੀ ਜੀਵਨ ਦੇ ਤਾਣਿਆਂ-ਬਾਣਿਆਂ ਦੇ ਪ੍ਰਭਾਵ ਵਿਚੋਂ ਉਤਪੰਨ ਹੋਈਆਂ ਸ਼ੁੱਧ ਅਤੇ ਵਿਭਿੰਨ ਰੰਗਾਂ ਦੀਆਂ ਰਚਨਾਵਾਂ ਵਿਚਲੇ ਪ੍ਰਭਾਵਸ਼ਾਲੀ ਸ਼ਬਦ ਪਾਠਕ ਦੇ ਮਨ ਨੂੰ ਟੁੰਬਦੇ ਹਨ, ਉਸ ਨੂੰ ਨਾਲ਼ ਤੋਰ ਲੈਂਦੇ ਹਨ ਅਤੇ ਕਾਫ਼ਲਾ ਤੁਰਦਾ ਰਹਿੰਦਾ ਹੈ। ਕਵਿਤਾ ਲਿਖਦੀ-ਲਿਖਦੀ ਉਹ ਖ਼ੁਦ ਕਵਿਤਾ ਬਣ ਜਾਂਦੀ ਹੈ...

ਆ ਸੱਜਣਾਂ ਮਿਲ ਬਹਿ ਵੇ ਸੱਜਣਾ
ਗੱਲ ਦਿਲ ਆਪਣੇ ਦੀ ਕਹਿ ਵੇ ਸੱਜਣਾ...
ਕਵਿਤਾ ਕਿਉਂ ਲਿਖਦੀ ਹਾਂ...
ਪੁੱਛਦੇ ਨੇ ਮਿੱਤਰ ਪਿਆਰੇ ਮੈਨੂੰ...

"ਅਪਾਹਿਜ" ਸ਼ਬਦ ਬਹੁਤੇ ਲੋਕਾਂ ਦੇ ਮਨ ਵਿਚ ਸਰੀਰਕ ਅੰਗਾਂ ਦੀ ਕਮਜ਼ੋਰੀ ਜਾਂ ਘਾਟ ਦਾ ਇਸ਼ਾਰਾ ਕਰਦਾ ਹੈ। ਰਮਿੰਦਰ ਦੇ ਤੀਸਰੇ ਨੇਤਰ ਦਾ ਕਮਾਲ ਕੁਛ ਅਲੱਗ ਹੀ ਸਮਾਜਿਕ ਵਰਤਾਰੇ ਦੀ ਨਿਸ਼ਾਨਦੇਹੀ ਕਰ ਰਿਹਾ ਹੈ। ਅਜੋਕੇ ਸਮੇਂ ਦੀ ਤ੍ਰਾਸਦੀ ਹੈ ਕਿ ਇਹ ਵਰਤਾਰਾ ਆਮ ਹੋ ਰਿਹਾ ਹੈ।

ਸਰੀਰ ਦੇ ਅੰਗਹੀਣ
ਹੋਣ ਨਾਲ ਇਨਸਾਨ
ਅਪਾਹਿਜ ਨਹੀਂ ਹੁੰਦਾ ।
ਇਨਸਾਨ ਅਪਾਹਿਜ ਉਸ
ਵਕਤ ਹੁੰਦਾ ਹੈ ਜਦ ਉਸਦੇ
ਆਪਣੇ ਉਸਨੂੰ ਬੁਲਾਉਣਾ ਛੱਡ ਦੇਣ...

"ਡਰਦੀ ਹਾਂ ਹੁਣ" ਅਤੇ "ਭਟਕਣ" ਕਵਿਤਾਵਾਂ ਵਿਚ ਰਮਿੰਦਰ ਨੇ ਆਪਣੇ ਦਿਲ ਅਤੇ ਢਿੱਡ ਦੀ ਗੱਲ ਨੂੰ ਪਾਠਕਾਂ ਦੇ ਰੂਬਰੂ ਕੀਤਾ ਹੈ। ਮਨ ਜਦ ਵੀ ਡਰਦਾ ਹੈ ਜਾਂ ਡੋਲਦਾ ਹੈ ਤਾਂ ਇਨਸਾਨ ਕਿਸੇ ਸਹਾਰੇ ਦੀ ਅਤੇ ਆਗੋਸ਼ ਦੀ ਤਲਾਸ਼ ਕਰਦਾ ਹੈ। ਰਮਿੰਦਰ ਨੇ ਬਹੁਤ ਭਾਵਪੂਰਤ ਤਰੀਕੇ ਨਾਲ ਮਨ ਦੇ ਡਰ ਤੋਂ ਬਚਣ ਲਈ 'ਮਾਂ ਦੀ ਬੁੱਕਲ ਦੇ ਨਿੱਘ' ਅਤੇ 'ਗੁਰੂ ਦੀ ਬਾਣੀ ਦੀ ਮਹੱਤਤਾ' ਨੂੰ ਪਾਠਕਾਂ ਨਾਲ ਸਾਂਝਿਆਂ ਕੀਤਾ ਹੈ।

ਡਰਦੀ ਹਾਂ ਹੁਣ
ਰਾਤ ਭਿਆਨਕ ਲੱਗਦੀ ਹੈ
ਅੰਧੇਰੇ ਵਿਚ ਚੀਜ਼ਾਂ ਦੇ
ਪਰਛਾਂਵੇਂ ਦੇਖ ਹੋਰ ਸਹਿਮ ਜਾਂਦੀ ਹਾਂ
ਬਚਪਨ ਵਿਚ ਡਰ ਲੱਗਦਾ ਸੀ
ਤੇ ਮਾਂ ਦੇ ਆਗੋਸ਼ ਵਿਚ ਆ
ਛੁੱਪ ਜਾਈਦਾ ਸੀ...

ਅਜੋਕੇ ਸਮਾਜ ਵਿਚ ਨਿੱਘਰਦੇ ਸਰੋਕਾਰਾਂ, ਮਰ ਰਹੀਆਂ ਜ਼ਮੀਰਾਂ ਅਤੇ ਪਲ ਪਲ ਬਦਲਦੇ ਕਿਰਦਾਰਾਂ ਨੂੰ ਬਾਖ਼ੂਬੀ ਨਾਲ਼ ਹੱਥ ਪਾਇਆ ਹੈ, ਰਮਿੰਦਰ ਰੰਮੀ ਨੇ, "ਮਖੌਟੇ ਲੈ ਲਉ" ਕਵਿਤਾ ਅੰਦਰ। ਮਖੌਟਿਆਂ ਦੇ ਪਰਦੇ ਉਹਲੇ ਵਿਚਰਦੇ ਬਹੁਰੂਪੀਏ ਬੜੀ ਚਲਾਕੀ ਨਾਲ ਆਪਣਾ ਕੰਮ ਧੰਦਾ ਕਰੀ ਜਾਂਦੇ ਹਨ...। "ਸੁਣਿਆ ਕੁਝ" ਕਵਿਤਾ ਵੀ ਇਹੋ ਜਿਹੇ ਮਖੌਟਿਆਂ ਵਿਚ ਛੁਪੇ ਕਿਰਦਾਰਾਂ ਦੀ ਦਾਸਤਾਨ ਹੈ:

ਮਖੌਟੇ ਜੋ...
ਅੰਦਰੋਂ ਹੋਰ ਤੇ ਬਾਹਰੋਂ ਹੋਰ ਹੁੰਦੇ ਨੇ
ਮੂੰਹ ਵਿਚ ਮਿਠਾਸ ਅਤੇ ਉਨ੍ਹਾਂ ਦੇ
ਅੰਦਰ ਜ਼ਹਿਰ ਭਰਿਆ ਹੁੰਦਾ ਹੈ
ਦੋਸਤਾਂ ਦੇ ਨਾਮ 'ਤੇ ਉਹ
ਮਿੱਠੀਆਂ ਛੁਰੀਆਂ ਦਾ ਕੰਮ ਕਰਦੇ ਹਨ

ਇਸ ਕਾਵਿ ਸੰਗ੍ਰਹਿ ਵਿਚ ਰਮਿੰਦਰ ਰੰਮੀ ਕੁਝ ਉਨ੍ਹਾਂ ਸ਼ਖ਼ਸੀਅਤਾਂ ਨੂੰ ਵੀ ਕਾਵਿਕ ਰੂਪ ਵਿਚ ਪਰੋਂਦੀ ਹੈ, ਜੋ ਕਿਸੇ ਨਾ ਕਿਸੇ ਤਰੀਕੇ ਨਾਲ ਉਸ ਦੇ ਮਨ ਨੂੰ ਟੁੰਬਦੇ ਹਨ ਅਤੇ ਪ੍ਰਭਾਵਿਤ ਕਰਦੇ ਹਨ। ਇਹ ਵੀ ਸ਼ੁੱਭ ਸ਼ਗਨ ਹੈ, ਕਿਉਂਕਿ ਜ਼ਮਾਨੇ ਵਿਚ ਪ੍ਰਸ਼ੰਸਕਾਂ ਦਾ ਹਮੇਸ਼ਾ ਘਾਟਾ ਰਿਹਾ ਹੈ ਅਤੇ ਨਿੰਦਕ ਤਾਂ ਬਥੇਰੇ ਨੇ, ਬੇਸ਼ੁਮਾਰ ਹਨ। ਚੰਗੀਆਂ ਸ਼ਖ਼ਸੀਅਤਾਂ ਅਤੇ ਚੰਗੇ ਕੰਮਾਂ ਦੀ ਉਸਤਤ ਕਰਨੀ ਬਹੁਤ ਜ਼ਰੂਰੀ।

ਜਿਸ ਤਰਾਂ ਉਧਾਰੇ ਖੰਭਾਂ ਨਾਲ ਭਰੀ ਪਰਵਾਜ਼ ਬਹੁਤੀ ਉੱਚੀ ਅਤੇ ਲੰਮੀ ਨਹੀਂ ਹੁੰਦੀ, ਸ਼ਾਇਦ ਇਸੇ ਤਰਾਂ ਹੀ ਲੇਖਕ ਜਦ ਸੁਣੇ-ਸੁਣਾਏ ਜਾਂ ਕਹੇ-ਕਹਾਏ ਜਾਂ ਫਿਰ ਉਨਾਂ ਰਵਾਇਤੀ ਵਿਸ਼ਿਆਂ 'ਤੇ ਲਿਖਦਾ ਹੈ, ਜਿਸ ਨੂੰ ਉਸ ਨੇ ਦੇਖਿਆ, ਹੰਡਾਇਆ ਜਾਂ ਮਹਿਸੂਸ ਨਹੀਂ ਕੀਤਾ ਤਾਂ ਧੁਰ ਅੰਦਰੋਂ ਉਸ ਨੂੰ ਇਤਨੀ ਸੰਤੁਸ਼ਟੀ ਨਹੀਂ ਮਿਲਦੀ। ਉਹੀ ਲੇਖਕ ਜਦ ਆਪਣੇ ਪਿੰਡੇ 'ਤੇ ਹੰਢਾਏ ਵਾਕਿਆਤ ਅਤੇ ਮਨ ਦੇ ਵਲਵਲਿਆਂ ਨੂੰ ਰੂਹ ਨਾਲ਼ ਲਬਰੇਜ਼ ਸ਼ਬਦਾਂ ਵਿਚ ਪਾਠਕਾਂ ਨਾਲ਼ ਸਾਂਝਿਆਂ ਕਰਦਾ ਹੈ, ਤਾਂ ਸਿਰਜਣਾ ਖ਼ੁਦ-ਬ-ਖ਼ੁਦ ਮਕਬੂਲ ਹੋ ਜਾਂਦੀ ਹੈ। ਮੈਂ ਗਲਤ ਵੀ ਹੋ ਸਕਦਾ ਹਾਂ, ਪਰ ਇਸ ਪੁਸਤਕ ਨੂੰ ਪੜ੍ਹਦਿਆਂ ਮੈਨੂੰ ਇੰਜ ਮਹਿਸੂਸ ਹੋਇਆ ਕਿ ਨਾਰੀ ਸੰਘਰਸ਼/ਚੇਤਨਾ ਦੇ ਵਿਸ਼ਿਆਂ ਵਾਲੀਆਂ ਕਵਿਤਾਵਾਂ ਵਿਚ ਕਵਿਤਾ ਦੇ ਸ਼ਬਦ ਬਿਨਾਂ ਕਿਸੇ ਰੋਕ-ਟੋਕ ਤੋਂ ਉਹੀ ਕਹਿ ਰਹੇ ਨੇ, ਜੋ ਰਮਿੰਦਰ ਰੰਮੀ ਦੀ ਰੂਹ ਵਿਚੋਂ ਫੁੱਟ ਰਿਹਾ ਹੈ।

"ਹਾਂ ਮੈਂ ਹਾਂ ਔਰਤ" ਬਹੁਤ ਭਾਵਪੂਰਤ ਅਤੇ ਡੂੰਘੀਆਂ ਪਰਤਾਂ ਵਾਲੀ ਕਵਿਤਾ ਹੈ...

ਹਾਂ ਮੈਂ ਔਰਤ ਹਾਂ
ਪਰ ਕਮਜ਼ੋਰ ਨਹੀਂ ਹਾਂ
ਕੋਈ ਦਬਾ ਨਹੀਂ ਸਕਦਾ ਹੁਣ ਮੈਨੂੰ
ਜਜ਼ਬਾ ਹੈ ਕੁਝ ਕਰਨ ਦਾ
ਹੋਕਾ ਦਿਆਂਗੀ ਮੈਂ
ਉਨ੍ਹਾਂ ਮਜ਼ਲੂਮ, ਲਾਚਾਰ ਔਰਤਾਂ ਨੂੰ
ਕਹਾਂਗੀ ਉੱਠੋ ਜਾਗੋ
ਪਹਿਚਾਣੋ ਆਪਣੇ ਹੱਕਾਂ ਨੂੰ
ਇਸ ਲੜਾਈ ਵਿਚ ਤੁਹਾਡੇ
ਨਾਲ ਖੜੀ ਹਾਂ...

ਅਜਿਹੀਆਂ ਹੀ ਇੱਕ ਹੋਰ ਖ਼ੂਬਸੂਰਤ ਕਵਿਤਾਵਾਂ "ਬਾਗੀ ਰੂਹ", "ਇਕੱਲੀ ਹੀ ਸਵਾ ਲੱਖ ਹਾਂ ਮੈਂ" ਅਤੇ "ਸ਼ਾਇਦ ਮੈਂ ਬੁਰੀ ਔਰਤ ਹਾਂ" ਵਿਚ ਰਮਿੰਦਰ ਇੰਜ ਕਹਿ ਰਹੀ ਹੈ...

ਸਮੇਂ ਦੀਆਂ ਠੋਕਰਾਂ ਤੇ
ਦਰਦਾਂ ਨੇ ਸਿਖਾ ਦਿੱਤਾ
ਤੂੰ ਅਬਲਾ ਜਾਂ ਨਾਦਾਨ ਨਹੀਂ ਹੈ...

ਔਰਤ ਬਾਰੇ ਹੀ ਰਮਿੰਦਰ ਰੰਮੀ ਨੇ "ਖਤਰਨਾਕ ਔਰਤਾਂ" ਕਵਿਤਾ ਵਿਚ ਔਰਤ ਦਾ ਇੱਕ ਹੋਰ ਰੂਪ ਵੀ ਪਾਠਕਾਂ ਦੇ ਸਾਹਮਣੇ ਲਿਆਂਦਾ ਹੈ...

ਕੁਝ ਔਰਤਾਂ ਖ਼ਤਰਨਾਕ ਹੁੰਦੀਆਂ ਹਨ
ਜੋ ਮੂੰਹ ਦੀਆਂ ਮਿੱਠੀਆਂ
ਦਿਲ ਦੀਆਂ ਖੋਟੀਆਂ
ਤੇ ਜਿਨ੍ਹਾਂ ਦੇ ਅੰਦਰ ਜ਼ਹਿਰ
ਭਰਿਆ ਹੁੰਦਾ ਹੈ
ਉਹ ਔਰਤਾਂ ਖਤਰਨਾਕ
ਹੁੰਦੀਆਂ ਹਨ।

ਮੁਹੱਬਤ, ਪਛਤਾਵਾ, ਭਰੋਸਾ ਅਤੇ ਆਸ ਦੇ ਸੁਮੇਲ ਵਾਲੀ ਖ਼ੂਬਸੂਰਤ ਕਵਿਤਾ "ਮੈਨੂੰ ਪਤਾ ਸੀ" ਅਤੇ ਮਨੁੱਖਤਾ, ਪਿਆਰ, ਹਮਦਰਦੀ ਤੇ ਸੇਵਾ ਦੇ ਜਜ਼ਬੇ ਨਾਲ ਲਬਰੇਜ਼ ਰਚਨਾ "ਵੱਡਾ ਡਾਕਟਰ" ਵੀ ਬਹੁਤ ਖ਼ੂਬਸੂਰਤ ਤੇ ਕਾਬਲ ਏ ਤਾਰੀਫ਼ ਹਨ।

ਦਇਆ, ਸਬਰ, ਸੱਚ, ਸੰਤੋਖ, ਸ਼ੁਕਰ, ਧੀਰਜਾ, ਨਿਮਰਤਾ ਅਤੇ ਮੁਹੱਬਤ ਦੇ ਗੁਣ ਸਾਡੀ ਜ਼ਿੰਦਗੀ ਨੂੰ ਜਸ਼ਨ ਵਿਚ ਬਦਲ ਦਿੰਦੇ ਹਨ ਅਤੇ ਸਾਨੂੰ ਔਖੇ ਤੋਂ ਔਖੇ ਵੇਲੇ ਵੀ ਡੋਲਣ ਨਹੀਂ ਦਿੰਦੇ। ਔਰਤ ਨੂੰ ਸਬਰ ਅਤੇ ਸੰਤੋਖ ਦੀ ਮੂਰਤ ਕਿਹਾ ਜਾਂਦਾ ਹੈ। "ਸਬਰ, ਸਮਾਂ ਤੇ ਸਦਮਾ" ਕਵਿਤਾ ਵਿਚ ਰਮਿੰਦਰ ਰੰਮੀ ਸਮਾਜ ਅਤੇ ਮਰਦ ਨੂੰ ਪੁੱਛ ਰਹੀ ਹੈ ਕਿ "ਸਹਿਣਾ" ਸਿਰਫ ਔਰਤ ਦੇ ਹਿੱਸੇ ਹੀ ਕਿਉਂ ਆਇਆ ਹੈ? ਕਿਉਂ ਉਸ ਦੇ ਸਬਰ ਦੀ ਸਹਿਣ ਸ਼ਕਤੀ ਨੂੰ ਪਲ-ਪਲ ਬੀਤਦੀ ਜ਼ਿੰਦਗੀ ਦੇ ਆਖ਼ਰੀ ਪਲਾਂ ਤੱਕ ਘਸੀਟੀਆ ਜਾਂਦਾ ਹੈ?

ਕਹਿੰਦੇ ਨੇ ਕਿ
ਔਰਤ ਸਬਰ, ਸੰਤੋਖ ਦੀ ਮੂਰਤ ਹੈ
ਇੱਕ ਦਿਨ ਐਨੇ ਸਦਮੇ ਨਾ
ਸਹਾਰਦੀ ਹੋਈ ਔਰਤ
ਟੁੱਟ ਜਾਂਦੀ ਹੈ, ਬਿਖਰ ਜਾਂਦੀ ਹੈ...

ਕਦੇ ਵੀ ਕਿਸੇ ਨੂੰ ਮੁਕੰਮਲ ਜਹਾਨ ਨਹੀਂ ਮਿਲਦਾ। ਰਿਸ਼ਤਿਆਂ ਦੇ ਤਾਣਿਆ-ਬਾਣਿਆਂ ਦੀਆਂ ਤਿੜਕਦੀਆਂ ਅਤੇ ਟੁੱਟਦੀਆਂ ਤੰਦਾਂ ਦਾ ਦਰਦ ਜਦੋਂ ਸਤਾਉਂਦਾ ਹੈ, ਤਾਂ ਮਨੁੱਖ ਰੱਬ ਅੱਗੇ ਬੇਨਤੀ, ਅਰਦਾਸ-ਅਰਜੋਈ ਕਰਦਾ ਹੈ। "ਗੁਜ਼ਾਰਿਸ਼" ਵਿਚ ਰਮਿੰਦਰ ਆਪਣੇ ਮਨ ਦੀ ਗੁਜ਼ਾਰਿਸ਼ ਰੱਬ ਅੱਗੇ ਰੱਖਦੀ ਹੈ...

ਹੇ ਰੱਬਾ!
ਗੁਜ਼ਾਰਿਸ਼ ਹੈ ਇੱਕ
ਕਦੀ ਵੀ ਕਿਸੇ ਨੂੰ
ਅੱਧੇ-ਅਧੂਰੇ ਰਿਸ਼ਤੇ ਨਾ ਦਈਂ
ਬਹੁਤ ਦੁੱਖ ਦਿੰਦੇ ਨੇ
ਇਹ ਅੱਧੇ-ਅਧੂਰੇ ਰਿਸ਼ਤੇ

"ਹੁਣ ਜਦ ਵੀ ਮਿਲੀਂ" ਕਵਿਤਾ ਵਿਚ ਵੀ ਅਧੂਰੇ ਰਿਸ਼ਤਿਆਂ ਦੇ ਦੁੱਖ ਦਰਦ ਹੈਨ...

ਹੁਣ ਜਦ ਵੀ ਤੂੰ ਮਿਲੀਂ
ਅੱਧਾ-ਅਧੂਰਾ ਜਾਂ ਟੁਕੜਿਆਂ
ਵਿਚ ਨਾ ਮਿਲੀਂ...

"ਚੁੱਪ ਦੀ ਹੂਕ" ਦੀਆਂ ਬਾਕਮਾਲ ਲਾਈਨਾਂ ਰਮਿੰਦਰ ਦੇ ਮੁਹੱਬਤੀ ਅਤੇ ਸੰਵੇਦਨਸ਼ੀਲ ਮਨ ਦੀ ਪੁਕਾਰ ਹੈ...

ਤੇਰੀ ਚੁੱਪ ਦੀ ਹੂਕ
ਮੈਂ ਰੋਜ਼ ਸੁਣਦੀ ਹਾਂ
ਹੁਣ ਤੇ ਇਸੇ ਵਿਚ ਮੇਰੀ
ਜ਼ਿੰਦਗੀ ਧੜਕਦੀ ਹੈ...

"ਬਲਾਤਕਾਰ ਇਸ ਤਰ੍ਹਾਂ ਵੀ ਹੁੰਦਾ ਹੈ" ਰਮਿੰਦਰ ਦੀ ਮਾਰਮਿਕ ਰਚਨਾ ਹੈ, ਜਿਸ ਵਿਚ ਬਲਾਤਕਾਰ ਦੀ 'ਵਿਲੱਖਣ ਪਰਿਭਾਸ਼ਾ' ਪਾਠਕ ਦੀਆਂ ਅੱਖਾਂ ਖੋਲ੍ਹਦੀ ਹੈ...

ਇਹ ਜ਼ਰੂਰੀ ਤਾਂ ਨਹੀਂ
ਕਿ ਔਰਤ ਦੇ ਜਿਸਮ ਦਾ
ਸ਼ੋਸ਼ਣ ਕਰਨ ਨਾਲ ਹੀ
ਬਲਾਤਕਾਰ ਹੁੰਦਾ ਹੈ
ਔਰਤ ਦਾ ਮਾਨਸਿਕ ਸ਼ੋਸ਼ਣ
ਕਰਨਾ ਵੀ ਬਲਾਤਕਾਰ ਹੁੰਦਾ ਹੈ

ਕਿਤਾਬ ਪੜ੍ਹਦਿਆਂ ਮੈਨੂੰ ਮਹਿਸੂਸ ਹੋਇਆ ਕਿ ਜ਼ਿੰਦਗੀ ਦੇ ਗਿਲੇ-ਸ਼ਿਕਵਿਆਂ, ਦੁੱਖ-ਤਕਲੀਫ਼ਾਂ ਦੇ ਬਾਵਜੂਦ ਵੀ ਰਮਿੰਦਰ ਇਕ ਸਕਾਰਾਤਮਕ ਸੋਚ ਨਾਲ ਜ਼ਿੰਦਗੀ ਦੇ ਪੈਂਡਿਆਂ ਉੱਪਰ ਅੱਗੇ ਵੱਧ ਰਹੀ ਹੈ। ਕਲਮ ਵਿਚ ਬੜੀ ਤਾਕਤ ਹੁੰਦੀ ਹੈ। ਪਰ ਅਸਲ ਤਾਕਤ ਸਿਰਫ਼ ਕਲਮ ਜਾਂ ਸ਼ਬਦਾਂ ਵਿਚ ਨਹੀਂ, ਬਲਕਿ, ਸ਼ਬਦਾਂ ਦੀ ਅੰਤਰੀਵੀ ਰੂਹ ਅਤੇ ਭਾਵਨਾਵਾਂ ਵਿਚ ਹੁੰਦੀ ਹੈ, ਜਿਸ ਦੇ ਰੰਗ-ਰਸ ਪਾਠਕਾਂ ਦੀ ਰੂਹ ਨੂੰ ਛੂਹ ਜਾਵਣ ਜਾਂ ਜ਼ਮੀਰ ਨੂੰ ਹਲੂਣਾ ਦੇ ਕੇ ਜਗਾ ਜਾਵਣ, ਗਹਿਰਾ ਅਤੇ ਚਿਰਜੀਵੀ ਪ੍ਰਭਾਵ ਪਾ ਜਾਵਣ। ਜਿਸ ਸਿਰਜਣਾ ਦੇ ਅੰਤਰੀਵ 'ਚ ਲੇਖਕ ਦੀ ਦਾਨਿਸ਼ਵਰੀ, ਸੰਵੇਦਨਸ਼ੀਲਤਾ, ਮੁਹੱਬਤੀ ਰੂਹ ਅਤੇ ਬੇਬਾਕ ਮਨ ਦੇ ਅੰਦਾਜ਼ ਦੀ ਝਲਕ ਪੈਂਦੀ ਹੋਵੇ, ਤਾਂ ਉਹ ਸਿਰਜਣਾ ਚੰਗੇਰੀਆਂ ਪੈੜਾਂ ਪਾ ਜਾਂਦੀ ਹੈ। ਰਮਿੰਦਰ ਦੀਆਂ ਕਵਿਤਾਵਾਂ ਅਜਿਹਾ ਪ੍ਰਭਾਵ ਪਾਉਣ ਦੀ ਕਾਬਲੀਅਤ ਰੱਖਦੀਆਂ ਨੇ।

ਪੁਸਤਕ ਪਾਠਕਾਂ ਦੇ ਪੜ੍ਹਨ ਅਤੇ ਮਾਨਣਯੋਗ ਹੈ। ਇੱਕ ਪਾਠਕ ਹੋਣ ਦੇ ਨਾਤੇ ਮੇਰੇ ਵਲੋਂ ਰਮਿੰਦਰ ਰੰਮੀ ਨੂੰ ਬਹੁਤ-ਬਹੁਤ ਮੁਬਾਰਕਾਂ ਅਤੇ ਸ਼ੁਭ ਕਾਮਨਾਵਾਂ।

ਜ਼ਿੰਦਗੀ ਜ਼ਿੰਦਾਬਾਦ।

# ਅਜੋਕੇ ਸਮੇਂ ਅੰਦਰ ਕੀ ਹੋਵੇਗਾ ਪੰਜਾਬੀ ਨੌਜਵਾਨਾਂ ਦਾ ਭਵਿੱਖ






-ਪ੍ਰੋ. ਗੀਤਾ, ਗੁਰਲੀਨ ਕੌਰ
ਬੋੜਾਵਾਲ ਕਾਲਜ, ਮਾਨਸਾ
ਪੰਜਾਬ ਮੇਲ USA

ਅਜੋਕੇ ਸਮੇਂ ਅੰਦਰ ਪੰਜਾਬੀ ਨੌਜਵਾਨਾਂ ਦੇ ਭਵਿੱਖ ਨੂੰ ਵੇਖ ਕੇ ਕਿਸੇ ਵੀ ਚਿੰਤਾ ਕਰਨ ਵਾਲੇ ਇਨਸਾਨ ਦੇ ਲੂ ਕੰਡੇ ਖੜ੍ਹੇ ਹੋ ਜਾਂਦੇ ਹਨ। ਨੌਜਵਾਨਾਂ ਦਾ ਭਵਿੱਖ ਇਸ ਮੌਜੂਦਾ ਸਮੇਂ ਬੇਹੱਦ ਸੰਕਟ ਵਿਚ ਚੱਲ ਰਿਹਾ ਹੈ। ਕਿਸੇ ਵੀ ਖੇਤਰ ਦੇ ਅੰਦਰ ਨੌਜਵਾਨਾਂ ਦਾ ਭਵਿੱਖ ਸੁਰੱਖਿਅਤ ਵਿਖਾਈ ਨਹੀਂ ਦਿੰਦਾ। ਕੋਈ ਵੀ ਦੇਸ਼ ਹੋਵੇ, ਚਾਰੇ ਪਾਸੇ ਇੱਕੋ ਜਿਹਾ ਮਾਹੌਲ ਚੱਲ ਰਿਹਾ ਹੈ। ਗੱਲ ਪੰਜਾਬ ਤੋਂ ਸ਼ੁਰੂ ਕਰੀਏ, ਤਾਂ ਬਾਹਰਲੇ ਮੁਲਕਾਂ ਦੇ ਅੰਦਰ ਵੀ ਨੌਜਵਾਨਾਂ ਦਾ ਭਵਿੱਖ ਬੇਹੱਦ ਗਹਿਰਾਈ ਵੱਲ ਜਾ ਰਿਹਾ ਹੈ। ਕਿਸੇ ਸਮੇਂ ਪੰਜਾਬ ਤੋਂ ਲੈ ਕੇ ਬਾਹਰਲੇ ਸੂਬਿਆਂ ਤੋਂ ਇਲਾਵਾ ਬਾਹਰਲੇ ਮੁਲਕਾਂ ਤੱਕ ਵੀ ਨੌਜਵਾਨਾਂ ਦੀ ਤੂਤੀ ਬੋਲਦੀ ਸੀ। ਨੌਜੁਆਨਾਂ ਦੇ ਭਲਵਾਨਾਂ ਵਰਗੇ ਸਰੀਰ ਦਰਸਣੀ ਰੂਹਾਂ ਦੇ ਵਜੋਂ ਜਾਣੇ ਜਾਂਦੇ ਸਨ। ਪਰ ਪਤਾ ਨਹੀਂ ਕੀ ਨਜ਼ਰ ਲੱਗੀ ਕਿ ਨੌਜਵਾਨਾਂ ਦਾ ਭਵਿੱਖ ਉਜਲਾ ਹੋਣ ਦੀ ਬਜਾਏ ਉਲਝਦਾ ਹੀ ਚਲਿਆ ਗਿਆ, ਇਸ ਨੂੰ ਬਦਕਿਸਮਤੀ ਆਖ ਸਕਦੇ ਹਾਂ।

ਗੱਲ ਕਰੀਏ ਉਨ੍ਹਾਂ ਨੌਜਵਾਨਾਂ ਦੀ, ਜਿਹੜੇ ਬਾਹਰ ਜਾਣ ਦੀ ਆਸ ਦੇ ਵਿਚ ਆਪਣਾ ਕਾਫੀ ਵੱਡਾ ਨੁਕਸਾਨ ਕਰਵਾ ਬੈਠੇ ਹਨ। ਪਹਿਲਾਂ ਤਾਂ ਉਨ੍ਹਾਂ ਵੱਲੋਂ ਕਈ ਲੱਖਾਂ ਰੁਪਈਏ ਲਾ ਕੇ ਆਈਲੈਟਸ ਕੀਤਾ ਜਾਂਦਾ ਹੈ, ਫਿਰ ਉਸ ਤੋਂ ਬਾਅਦ ਸ਼ੁਰੂ ਹੁੰਦੀ ਹੈ ਵੀਜ਼ਾ ਨਾ ਲੱਗਣ ਦੀ ਕਹਾਣੀ। ਉਹਦੇ ਵਿਚ ਵੀ ਸਾਡੇ ਨੌਜਵਾਨਾਂ ਨੇ ਵੱਡਾ ਨੁਕਸਾਨ ਕਰਵਾਇਆ ਹੈ। ਅਮਰੀਕਾ, ਕੈਨੇਡਾ, ਇੰਗਲੈਂਡ ਵਰਗੇ ਮੁਲਕਾਂ ਨੂੰ ਕਰੋੜਾਂ ਰੁਪਏ ਭੇਜ ਕੇ ਪੰਜਾਬ ਨੂੰ ਬਰਬਾਦੀ ਦੇ ਕੰਢੇ 'ਤੇ ਪਹੁੰਚਾ ਦਿੱਤਾ ਹੈ ਸਾਡੇ ਏਜੰਟਾਂ ਨੇ। ਉਨ੍ਹਾਂ ਵੱਲੋਂ ਨੌਜਵਾਨੀ ਨੂੰ ਸਬਜ਼ਬਾਗ ਹੀ ਅਜਿਹੇ ਵਿਖਾ ਦਿੱਤੇ ਗਏ ਕਿ ਜਿਵੇਂ ਉੱਥੇ ਡਾਲਰ ਦਰਖਤਾਂ ਨੂੰ ਲੱਗੇ ਹੋਣ ਪੰਜਾਬ ਦਾ ਨੌਜਵਾਨ ਮੌਜੂਦਾ ਸਮੇਂ ਮੌਜੂਦ ਸੀ, ਦੇ ਦੌਰ ਵਿਚ ਚੱਲ ਰਿਹਾ ਹੈ। ਕੈਨੇਡਾ, ਇੰਗਲੈਂਡ ਵਰਗੇ ਮੁਲਕਾਂ ਨੂੰ ਕਰੋੜਾਂ ਰੁਪਏ ਖਰਚਣ ਤੋਂ ਬਾਅਦ ਨੌਜਵਾਨੀ ਦੇ ਪੱਲੇ ਪਿੜ ਪੱਲੇ ਕੁਝ ਵੀ ਪੈਂਦਾ ਵਿਖਾਈ ਨਹੀਂ ਦੇ ਰਿਹਾ।

ਪਿਛਲੇ ਸਮੇਂ ਅੰਦਰ ਕਿਸੇ ਵੀ ਪਰਿਵਾਰ ਦਾ ਇੱਕ ਮੁਖੀ ਬਾਹਰਲੇ ਮੁਲਕ ਵਿਚ ਜਾ ਕੇ ਉਥੋਂ ਪੈਸੇ ਕਮਾ ਕੇ ਆਪਣੇ ਪਰਿਵਾਰ ਦਾ ਪੇਟ ਪਾਲ ਲੈਂਦਾ ਸੀ। ਉਨ੍ਹਾਂ ਸਮਿਆਂ ਵਿਚ ਉਸ ਪਰਿਵਾਰ ਦੇ ਮੁਖੀ ਵੱਲੋਂ ਸ਼ਾਇਦ 15 ਤੋਂ 20 ਸਾਲ ਬਾਹਰਲੇ ਮੁਲਕ ਵਿਚ ਲਗਾ ਕੇ ਆਪਣੇ ਬੱਚਿਆਂ ਦੇ ਭਵਿੱਖ ਅਤੇ ਪਰਿਵਾਰ ਨੂੰ ਉਜਲਾ ਬਣਾ ਲਿਆ ਜਾਂਦਾ ਸੀ ਪਰ ਸਮਾਂ ਬਦਲਦਿਆਂ ਦੇਰ ਨਾ ਲੱਗੀ। ਕਹਾਣੀ ਬੇਹੱਦ ਦਰਦਨਾਕ ਢੰਗ ਨਾਲ ਬਦਲਦੀ ਚਲੀ ਗਈ ਕਿ ਸਾਡੀ ਨੌਜਵਾਨੀ ਹੋਰਾਂ ਮੁਲਕਾਂ ਦੇ ਰਾਹ ਦੀ ਆਦੀ ਹੋ ਗਈ। ਇਹ ਅਜਿਹਾ ਜਾਗ ਲੱਗਿਆ ਕਿ ਸਭ ਕੁਝ ਤਹਿਸ-ਨਹਿਸ ਹੁੰਦਾ ਚਲਿਆ ਗਿਆ। ਅੱਜ ਹਾਲਾਤ ਇਥੋਂ ਤੱਕ ਬਣ ਚੁੱਕੇ ਹਨ ਕਿ ਨਸ਼ਾ, ਪੈਸਾ ਅਤੇ ਸ਼ੋਹਰਤ ਨੂੰ ਮੁੱਖ ਰੱਖ ਕੇ ਨੌਜਵਾਨ ਉਜੜੇ ਰਾਹਾਂ ਦੇ ਪਾਂਧੀ ਬਣਦੇ ਜਾ ਰਹੇ ਹਨ, ਇਹ ਬਿਲਕੁਲ ਗਲਤ ਵਰਤਾਰਾ ਹੈ। ਮਾਪਿਆਂ ਦੇ ਬਲੀ ਪੁੱਤ ਵਿਦੇਸ਼ਾਂ ਅੰਦਰ ਵੱਡਾ ਨੁਕਸਾਨ ਝੱਲ ਰਹੇ ਹਨ।

> *ਪਿਛਲੇ ਸਮੇਂ ਅੰਦਰ ਕਿਸੇ ਵੀ ਪਰਿਵਾਰ ਦਾ ਇੱਕ ਮੁਖੀ ਬਾਹਰਲੇ ਮੁਲਕ ਵਿਚ ਜਾ ਕੇ ਉਥੋਂ ਪੈਸੇ ਕਮਾ ਕੇ ਆਪਣੇ ਪਰਿਵਾਰ ਦਾ ਪੇਟ ਪਾਲ ਲੈਂਦਾ ਸੀ। ਉਨ੍ਹਾਂ ਸਮਿਆਂ ਵਿਚ ਉਸ ਪਰਿਵਾਰ ਦੇ ਮੁਖੀ ਵੱਲੋਂ ਸ਼ਾਇਦ 15 ਤੋਂ 20 ਸਾਲ ਬਾਹਰਲੇ ਮੁਲਕ ਵਿਚ ਲਗਾ ਕੇ ਆਪਣੇ ਬੱਚਿਆਂ ਦੇ ਭਵਿੱਖ ਅਤੇ ਪਰਿਵਾਰ ਨੂੰ ਉਜਲਾ ਬਣਾ ਲਿਆ ਜਾਂਦਾ ਸੀ ਪਰ ਸਮਾਂ ਬਦਲਦਿਆਂ ਦੇਰ ਨਾ ਲੱਗੀ। ਕਹਾਣੀ ਬੇਹੱਦ ਦਰਦਨਾਕ ਢੰਗ ਨਾਲ ਬਦਲਦੀ ਚਲੀ ਗਈ ਕਿ ਸਾਡੀ ਨੌਜਵਾਨੀ ਹੋਰਾਂ ਮੁਲਕਾਂ ਦੇ ਰਾਹ ਦੀ ਆਦੀ ਹੋ ਗਈ। ਇਹ ਅਜਿਹਾ ਜਾਗ ਲੱਗਿਆ ਕਿ ਸਭ ਕੁਝ ਤਹਿਸ-ਨਹਿਸ ਹੁੰਦਾ ਚਲਿਆ ਗਿਆ।*

ਬਹੁਤ ਸਾਰੇ ਨੌਜਵਾਨ ਅਜਿਹੇ ਵੀ ਹਨ, ਜਿਨ੍ਹਾਂ ਨੂੰ ਕੈਨੇਡਾ, ਅਮਰੀਕਾ ਤੇ ਇੰਗਲੈਂਡ ਵਰਗੇ ਮੁਲਖਾਂ ਅੰਦਰ ਰਹਿੰਦਿਆਂ ਕਈ-ਕਈ ਸਾਲ ਬੀਤ ਗਏ ਪਰ ਉਨ੍ਹਾਂ ਦੇ ਵੀਜ਼ੇ ਹੁਣ ਅੱਗੇ ਨਹੀਂ ਵਧ ਰਹੇ, ਨਾ ਉਹ ਪੀ.ਆਰ. ਹੋ ਰਹੇ ਹਨ। ਇਹ ਵਰਤਾਰਾ ਪੰਜਾਬ ਦੀ ਨੌਜਵਾਨੀ ਦੇ ਨਾਲ ਵੱਡੇ ਪੱਧਰ 'ਤੇ ਵਾਪਰ ਰਿਹਾ ਹੈ। ਕੈਨੇਡਾ ਦੀ ਧਰਤੀ ਉੱਤੇ ਬਹੁਤ ਸਾਰੇ ਨੌਜਵਾਨ ਅਜਿਹੇ ਹਨ, ਜਿਨ੍ਹਾਂ ਦੇ ਵਰਕ ਵੀਜ਼ੇ ਖਤਮ ਹੋ ਚੁੱਕੇ ਹਨ ਤੇ ਉਹ ਧਰਨੇ 'ਤੇ ਬੈਠੇ ਹਨ। ਹਜ਼ਾਰਾਂ ਦੀ ਗਿਣਤੀ ਵਿਚ ਨੌਜਵਾਨਾਂ ਵੱਲੋਂ ਹਰ ਰੋਜ਼ ਕੈਨੇਡਾ ਦੇ ਅੰਦਰ ਧਰਨਾ ਦਿੱਤਾ ਜਾ ਰਿਹਾ ਹੈ। ਇਹ ਵਰਤਾਰਾ ਪਿਛਲੇ ਸਮੇਂ ਤੋਂ ਚੱਲ ਰਿਹਾ ਹੈ। ਇਹੀ ਹਾਲ ਕਈ ਮੁਲਕਾਂ ਅੰਦਰ ਹੈ। ਇਹ ਗੱਲ ਠੀਕ ਹੈ ਕਿ ਧਰਨਾ ਲਗਾਉਣਾ ਕਿਸੇ ਵੀ ਮਸਲੇ ਦਾ ਹੱਲ ਨਹੀਂ ਹੁੰਦਾ ਪਰ ਜੇਕਰ ਕਿਸੇ ਦੀ ਕੋਈ ਸੁਣਵਾਈ ਨਾ ਹੋਵੇ, ਤਾਂ ਉਸਦੇ ਕੋਲ ਚਾਰਾ ਵੀ ਕੋਈ ਨਹੀਂ ਰਹਿ ਜਾਂਦਾ। ਪੰਜਾਬ ਦੇ ਨੌਜਵਾਨ ਆਪਣਾ ਲੱਖਾਂ ਰੁਪਿਆਂ ਖਰਚ ਕੇ ਵਿਦੇਸ਼ਾਂ ਅੰਦਰ ਗਏ ਸੀ।

ਉਥੋਂ ਪੀ.ਆਰ. ਨਾ ਮਿਲਣ ਕਾਰਨ ਉਨ੍ਹਾਂ ਕੋਲੇ ਕੋਈ ਵੀ ਰਾਹ ਨਹੀਂ ਬਚਿਆ। ਬਹੁਤ ਸਾਰੇ ਬੱਚੇ ਨਸ਼ੇ ਦੇ ਆਦੀ ਹੋ ਚੁੱਕੇ ਹਨ। ਬਹੁਤ ਸਾਰੇ ਲੜਾਈਆਂ ਝਗੜਿਆਂ ਦੇ ਵਿਚ ਉਲਝ ਕੇ ਜੇਲਾਂ ਵਿਚ ਜਾ ਚੁੱਕੇ ਹਨ ਅਤੇ ਬਹੁਤ ਸਾਰੇ ਖੁਦਕੁਸ਼ੀਆਂ ਵਰਗੇ ਗਲਤ ਕਦਮ ਚੁੱਕ ਰਹੇ ਹਨ। ਇਹ ਵਰਤਾਰਾ ਬੇਹੱਦ ਖਤਰਨਾਕ ਹੈ। ਇਹ ਕਹਾਣੀ ਕੋਈ ਇੱਕ ਦਿਨ ਦੀ ਨਹੀਂ ਹੈ, ਇਹ ਵਰਤਾਰਾ ਪਿਛਲੇ ਲੰਬੇ ਸਮੇਂ ਤੋਂ ਵਾਪਰ ਰਿਹਾ ਹੈ। ਨਾ ਸਾਡੇ ਆਗੂਆਂ ਨੇ ਧਿਆਨ ਦਿੱਤਾ ਤੇ ਨਾ ਸਾਡੇ ਮਾਪਿਆਂ ਨੇ ਧਿਆਨ ਦਿੱਤਾ, ਕਹਾਣੀ ਉਲਝਦੀ ਹੀ ਚਲੀ ਗਈ। ਕਿਸੇ ਨੂੰ ਕੀ ਆਖੀਏ, ਅਸੀਂ ਸਾਰੇ ਆਪ ਦੋਸ਼ੀ ਹਾਂ। ਅਸੀਂ ਆਪਣੇ ਧੀਆਂ-ਪੁੱਤਰਾਂ ਦਾ ਘਾਣ ਕਰਵਾ ਰਹੇ ਹਾਂ, ਸਿਰਫ ਤੇ ਸਿਰਫ ਪੈਸੇ ਪਿੱਛੇ। ਹੁਣ ਬਾਹਰਲੇ ਮੁਲਖਾਂ ਅੰਦਰ ਪੈਸਾ ਵੀ ਨਹੀਂ ਰਿਹਾ। ਇਹ ਠੀਕ ਹੈ ਕਿ ਆਪਣੇ ਪਰਿਵਾਰਾਂ ਨੂੰ ਪਾਲਣ ਦੇ ਲਈ ਬਹੁਤ ਕੁਝ ਕਰਨਾ ਪੈਂਦਾ ਹੈ ਪਰ ਨੌਜਵਾਨੀ ਦਾ ਹੋ ਰਿਹਾ ਘਾਣ ਵੀ ਸਾਡੇ ਵਸ ਤੋਂ ਬਾਹਰ ਦੀ ਗੱਲ ਹੈ।

ਸਾਡੇ ਪਿੜ ਪੱਲੇ ਵੀ ਕੁਝ ਨਹੀਂ ਰਿਹਾ, ਕਹਾਣੀ ਬੇਹੱਦ ਗਲਤ ਹੋ ਚੁੱਕੀ ਹੈ। ਪੰਜਾਬੀਓ ਜੇਕਰ ਸੰਭਲਣਾ ਚਾਹੁੰਦੇ ਹੋ, ਤਾਂ ਸੰਭਲ ਜਾਓ, ਨਹੀਂ ਸਮਾਂ ਰੇਤ ਦੀ ਮੁੱਠੀ ਵਾਂਗੂੰ ਤੁਹਾਡੇ ਹੱਥ ਦੇ ਵਿੱਚੋਂ ਕਿਰਦਾ ਜਾ ਰਿਹਾ ਹੈ। ਨੌਜਵਾਨੀ ਗਲਤ ਸੰਗਤ ਵਿਚ ਪੈ ਕੇ ਬੇਹੱਦ ਗਲਤ ਰਾਹ 'ਤੇ ਪੈ ਚੁੱਕੀ ਹੈ। ਨਸ਼ੇ ਨੇ ਵੱਡੇ ਪੱਧਰ 'ਤੇ ਘਰ ਕਰ ਲਿਆ ਹੈ। ਗੁਰਦੁਆਰਿਆਂ ਵਿਚ ਲੜਾਈਆਂ ਹੋ ਰਹੀਆਂ ਹਨ। ਪੰਜਾਬੀ ਜੇਲ੍ਹ ਦੇ ਵਿਚ ਜਾ ਰਹੇ ਹਨ ਅਤੇ ਬਹੁਤ ਸਾਰੇ ਨੌਜਵਾਨ ਖੁਦਕਸ਼ੀ ਕਰ ਰਹੇ ਹਨ। ਇਹ ਵਰਤਾਰਾ ਆਖਰ ਕਦੋਂ ਤੱਕ ਚੱਲੇਗਾ, ਕਿਸੇ ਨੂੰ ਵੀ ਇਸ ਦਾ ਕੋਈ ਹੱਲ ਵਿਖਾਈ ਨਹੀਂ ਦਿੰਦਾ। ਸਰਕਾਰਾਂ ਨੂੰ ਚਾਹੀਦਾ ਹੈ ਕਿ ਉਨ੍ਹਾਂ ਨੂੰ ਬਾਹਰਲੀਆਂ ਸਰਕਾਰਾਂ ਦੇ ਨਾਲ ਸੰਪਰਕ ਸਾਧ ਕੇ ਨੌਜਵਾਨਾਂ ਦੇ ਖਰਾਬ ਹੋ ਰਹੇ ਭਵਿੱਖ ਸਬੰਧੀ ਚਿੰਤਾ ਕਰਕੇ ਕੋਈ ਸਖਤ ਕਦਮ ਚੁੱਕੇ ਜਾਣ। ਇਸ ਲਈ ਗੁਰਬਾਣੀ ਦੇ ਫਲਸਫੇ ਅਨੁਸਾਰ, ਆਓ ਸਾਰੇ ਜ਼ਿੰਦਗੀ ਜਿਉਣ ਦੀ ਕੋਸ਼ਿਸ਼ ਕਰੀਏ ਤੇ ਗੁਰੂ ਸਾਹਿਬ ਦੇ ਦੱਸੇ ਹੋਏ ਰਸਤੇ 'ਤੇ ਚੱਲੀਏ, ਇਹ ਹੀ ਅੱਜ ਸਮੇਂ ਦੀ ਲੋੜ ਹੈ।

---

# ''ਜਨਾਜ਼ਾ''

## ਵਿਅੰਗ



ਹਰਦੀਪ ਸਿੰਘ ਸੋਢੀ ਨਡਾਲਾ
ਫੀਨਿਕਸ
480-794-0325
sodhi1960@yahoo.com
(Punjab Mail USA

ਬਖਤੌਰ ਸੋਂਹ ਨੇ ਫੋਨ ਮਿਲਾਇਆ ਤਾਂ ਫੋਨ ਮਿਲਦਿਆਂ ਹੀ ਜਨਾਨਾ ਆਵਾਜ਼, ਆਈ ਯੈਸ ਸਰ ਪ੍ਰਿੰਸੀਪਲ ਮਧੂ ਸਪੀਕਿੰਗ। ਹਾਂ ਜੀ ਮੈਂ ਬਖਤੌਰ ਸਿੰਘ ਬੋਲਦਾਂ ਕੱਲ੍ਹ ਨੂੰ ਥੋਡੇ ਸਕੂਲ ਆਉਣਾ ਮੁੰਡੇ ਨੂੰ ਦਾਖਲ ਕਰਾਉਣ। ਅੱਗੋਂ ਆਵਾਜ਼ ਆਈ, ਨਹੀਂ-ਨਹੀਂ ਤੁਹਾਡਾ ਮੁੰਡਾ ਇਥੇ ਦਾਖਲਾ ਨਹੀਂ ਲੈ ਸਕਦਾ, ਇਹ ਇੰਗਲਿਸ਼ ਮੀਡੀਅਮ ਸਕੂਲ ਹੈ ਤੇ ਤੁਸੀਂ ਪੰਜਾਬੀ ਬੋਲਦੇ ਹੋ, ਸਾਡੇ ਸਕੂਲ ਦੇ ਕਾਨੂੰਨ ਦੇ ਅਨੁਸਾਰ ਬੱਚੇ ਦੇ ਮਾਤਾ ਵੀ ਇੰਗਲਿਸ਼ ਜਾਣਦੇ ਹੋਣੇ ਚਾਹੀਦੇ ਹਨ। ਬਖਤੌਰ ਸਿੰਘ ਨੇ ਸਹਿਜਤਾ ਨਾਲ ਕਿਹਾ, ਵੇਟ। ਅੱਗੋਂ ਮੈਡਮ ਕਹਿੰਦੀ, ਮੇਰਾ ਵੇਟ 65 ਕਿੱਲੋ ਹੈ। ਬਖਤੌਰ ਸੋਂਹ ਦਾ ਹਾਸਾ ਨਾ ਰੁਕੇ, ਕਹਿੰਦਾ ਲਾਹਨਤ ਹੈ ਤੇਰੀ ਇੰਗਲਿਸ਼ ਦੇ, ਮੈਂ ਤੇਰੇ ਵੇਟ ਤੋਂ ਅੰਬ ਲੈਣੇ ਐ। ਮੈਂ ਤਾਂ ਕਿਹਾ, ਵੇਟ ਕਰ ਮੈਂ ਤੈਨੂੰ ਆਪਣੀ ਐੱਮ.ਏ. ਦੀ ਡਿਗਰੀ ਦੀ ਫੋਟੋ ਭੇਜਦਾਂ ਤੇ ਤੂੰ ਆਪਣਾ ਵੇਟ ਦੱਸਣ ਲੱਗੀ। ਇਸ ਨਾਲ ਤੂੰ ਇੰਗਲਿਸ਼ ਹੀ ਨਹੀਂ, ਅਕਲ ਦਾ ਵੀ "ਜਨਾਜ਼ਾ" ਕੱਢ ਲਿਆ ਹੈ। ਸੱਚ ਹੈ ਦੋਸਤੋ, ਸਾਡੀ ਇੰਗਲਿਸ਼ ਦੀ ਲਾਲਸਾ ਨੇ ਸਾਨੂੰ ਓਨਾਂ ਲਾਭ ਨਹੀਂ ਪੁਚਾਇਆ, ਜਿੰਨਾ ਮਾਂ ਬੋਲੀ ਤੋਂ ਦੂਰ ਕਰ ਦਿੱਤਾ।



## 1 ਸਤੰਬਰ 2026 ਨੂੰ 84ਵੇਂ ਜਨਮ ਦਿਨ 'ਤੇ ਵਿਸ਼ੇਸ਼

# ਇਮਾਨਦਾਰੀ ਤੇ ਕਾਰਜ਼ਕੁਸ਼ਲਤਾ ਦਾ ਪ੍ਰਤੀਕ ਮਰਹੂਮ ਕੈਪਟਨ ਕੰਵਲਜੀਤ ਸਿੰਘ

-ਉਜਾਗਰ ਸਿੰਘ
ਸਾਬਕਾ ਜ਼ਿਲ੍ਹਾ ਲੋਕ ਸੰਪਰਕ ਅਧਿਕਾਰੀ
ਮੋਬਾਈਲ-94178 13072
ujagarsingh48@yahoo.com
ਪੰਜਾਬ ਮੇਲ USA



ਸ਼੍ਰੋਮਣੀ ਅਕਾਲੀ ਦਲ ਦੀ ਸਿਆਸਤ ਦੇ ਇਤਿਹਾਸ ਵਿਚ ਕੁਝ ਅਜਿਹੇ ਆਗੂ ਹੋਏ ਹਨ, ਜਿਨ੍ਹਾਂ ਨੇ ਆਪਣੇ ਅਹੁਦੇ ਨਾਲੋਂ ਵੱਧ ਆਪਣੀ ਸੋਚ, ਸਾਦਗੀ, ਇਮਾਨਦਾਰੀ ਅਤੇ ਲੋਕ-ਪੱਖੀ ਪਹੁੰਚ ਕਰਕੇ ਲੋਕਾਂ ਦੇ ਦਿਲਾਂ ਵਿਚ ਥਾਂ ਬਣਾਈ ਹੈ। ਮਰਹੂਮ ਕੈਪਟਨ ਕੰਵਲਜੀਤ ਸਿੰਘ ਉਨ੍ਹਾਂ ਵਿਚੋਂ ਅਜਿਹੇ ਹੀ ਆਗੂ ਸਨ। ਉਨ੍ਹਾਂ ਦਾ ਨਾਮ ਅੱਜ ਵੀ ਸ਼੍ਰੋਮਣੀ ਅਕਾਲੀ ਦਲ ਦੀ ਸਿਆਸਤ ਵਿਚ ਸੂਝਵਾਨ, ਸਾਫ਼-ਸੁਥਰੀ ਅਤੇ ਵਿਕਾਸਮੁਖੀ ਰਾਜਨੀਤੀ ਨਾਲ ਜੋੜ ਕੇ ਯਾਦ ਕੀਤਾ ਜਾਂਦਾ ਹੈ। ਉਨ੍ਹਾਂ ਦੇ ਵਿਅਕਤੀਤਵ ਵਿਚ ਅਨੁਸ਼ਾਸਨ, ਦ੍ਰਿੜ੍ਹਤਾ ਅਤੇ ਜ਼ਿੰਮੇਵਾਰੀ ਦੀ ਭਾਵਨਾ ਸੀ, ਜਿਸ ਦਾ ਪ੍ਰਭਾਵ ਉਨ੍ਹਾਂ ਦੇ ਸਿਆਸੀ ਜੀਵਨ ਵਿਚ ਵੀ ਸਪੱਸ਼ਟ ਨਜ਼ਰ ਆਇਆ। ਸ਼੍ਰੋਮਣੀ ਅਕਾਲੀ ਦਲ ਭਾਰਤ ਦੀ ਸਭ ਤੋਂ ਪੁਰਾਣੀ ਰੀਜਨਲ ਪਾਰਟੀ ਹੈ। ਇਸਦਾ ਇਤਹਾਸ ਕੁਰਬਾਨੀਆਂ ਨਾਲ ਭਰਿਆ ਹੋਇਆ ਹੈ। ਭਾਰਤ ਦੀ ਆਜ਼ਾਦੀ ਦੀ ਜੱਦੋਜਹਿਦ ਵਿਚ ਸਾਰੇ ਦੇਸ਼ ਨਾਲੋਂ ਪੰਜਾਬੀਆਂ ਖਾਸ ਤੌਰ 'ਤੇ ਸ਼੍ਰੋਮਣੀ ਅਕਾਲੀ ਦਲ ਦੇ ਵਰਕਰਾਂ ਤੇ ਨੇਤਾਵਾਂ ਦਾ ਯੋਗਦਾਨ ਰਿਹਾ ਹੈ। 100 ਸਾਲ ਤੋਂ ਵੀ ਵਧੇਰੇ ਪੁਰਾਣੀ ਸਿਆਸੀ ਪਾਰਟੀ ਦੀ ਇਸ ਸਮੇਂ ਹਾਲਤ ਬਹੁਤ ਹੀ ਤਰਸਯੋਗ ਬਣੀ ਹੋਈ ਹੈ। ਪਾਰਟੀ ਸਿਆਸਤ ਦੀ ਮੁੱਖ ਧਾਰਾ ਤੋਂ ਬਾਹਰ ਹੁੰਦੀ ਜਾ ਰਹੀ ਹੈ। ਇਸਦੇ ਪਤਨ ਵਿਚ ਸਭ ਤੋਂ ਵੱਡਾ ਯੋਗਦਾਨ ਅਕਾਲੀ ਦਲ ਦੇ ਕੁੱਝ ਪ੍ਰਮੁੱਖ ਨੇਤਾਵਾਂ ਦੀ ਕਾਰਗੁਜ਼ਾਰੀ ਦਾ ਹੈ। ਉਹ ਲੋਕਾਂ ਦੀ ਭਰੋਸੇਯੋਗਤਾ ਖੋ ਬੈਠੇ ਹਨ। ਹਾਲਾਂਕਿ ਪੰਜਾਬ ਦੇ ਲੋਕ ਸ਼੍ਰੋਮਣੀ ਅਕਾਲੀ ਦਲ ਦਾ ਅਸਤੀਤਵ ਬਚਾਉਣ ਦੀ ਕੋਸ਼ਿਸ਼ ਕਰ ਰਹੇ ਹਨ, ਪ੍ਰੰਤੂ ਨੇਤਾਵਾਂ ਦੀ ਹਉਮੈ ਇਸਦੇ ਰਸਤੇ ਵਿਚ ਰੋੜਾ ਬਣ ਰਹੀ ਹੈ। ਨੇਤਾਵਾਂ ਦੀ ਆਪੋ-ਧਾਪੀ ਪਾਰਟੀ ਦਾ ਨੁਕਸਾਨ ਕਰ ਰਹੀ ਹੈ। ਇਸ ਸਮੇਂ ਸ਼੍ਰੋਮਣੀ ਅਕਾਲੀ ਦਲ ਦੀ ਅਗਵਾਈ ਕਰਕੇ ਪਾਰਟੀ ਦੀ ਬੇੜੀ ਦਾ ਮਲਾਹ ਬਣਨ ਦੇ ਸਮਰੱਥ ਕੋਈ ਇਮਾਨਦਾਰ ਤੇ ਦਿਆਨਤਦਾਰ ਨੇਤਾ ਨਜ਼ਰ ਨਹੀਂ ਆ ਰਿਹਾ। ਅਜਿਹੇ ਨਾਜ਼ਕ ਮੌਕੇ 'ਤੇ ਮਰਹੂਮ ਕੈਪਟਨ ਕੰਵਲਜੀਤ ਸਿੰਘ ਵਰਗੇ ਸੰਕਟ ਮੋਚਨ ਨੇਤਾ ਦੀ ਅਣਹੋਂਦ ਖੱਟਕ ਰਹੀ ਹੈ। ਕੁਝ ਸਿਆਸਤਦਾਨਾਂ ਨੇ ਸਿਆਸਤ ਨੂੰ ਸੇਵਾ ਦੀ ਥਾਂ ਵਿਓਪਾਰ ਬਣਾ ਲਿਆ ਹੈ। ਉਹ ਇੱਕ ਵਿਓਪਾਰੀ ਦੀ ਤਰ੍ਹਾਂ ਵਿਚਰਦੇ ਹਨ। ਸਾਰੇ ਸਿਆਸਦਾਨਾਂ ਨੂੰ ਇਕੋ ਰੱਸੇ ਨਾਲ ਤਾਂ ਨਹੀਂ ਬੰਨ੍ਹਿਆ ਜਾ ਸਕਦਾ। ਅਜੇ ਵੀ 'ਕੋਈ ਹਰਿਆ ਬੂਟਾ ਰਹਿਓ ਰੀ' ਹੈ। ਆਪਣੇ ਕਿਤੇ ਪ੍ਰਤੀ ਵਚਨਬੱਧਤਾ ਰੱਖਣ ਵਾਲੇ ਸਿਆਸਤਦਾਨਾਂ ਵਿਚ ਮਰਹੂਮ ਕੈਪਟਨ ਕੰਵਲਜੀਤ ਸਿੰਘ ਸਨ, ਕਿਉਂਕਿ ਮੈਂ ਉਨ੍ਹਾਂ ਨੂੰ ਆਪਣੀ ਨੌਕਰੀ ਦੌਰਾਨ ਬਹੁਤ ਨੇੜਿਉਂ ਹੋ ਕੇ ਵੇਖਿਆ ਹੈ। ਉਨ੍ਹਾਂ ਦੀ ਬੇਬਾਕੀ, ਕਾਰਜ਼ਕੁਸ਼ਲਤਾ ਅਤੇ ਇਮਾਨਦਾਰੀ ਦਾ ਕੋਈ ਸਾਨੀ ਨਹੀਂ ਹੋ ਸਕਦਾ, ਪ੍ਰੰਤੂ ਜਦੋਂ ਵੀ ਸ਼੍ਰੋਮਣੀ ਅਕਾਲੀ ਦਲ 'ਤੇ ਸੰਕਟ ਦੇ ਬੱਦਲ ਆਏ ਤਾਂ ਕੈਪਟਨ ਕੰਵਲਜੀਤ ਸਿੰਘ ਹਮੇਸ਼ਾ ਯੋਗ ਸਲਾਹ ਹੀ ਨਹੀਂ ਦਿੰਦੇ ਸਨ, ਸਗੋਂ ਬੇਬਾਕੀ ਨਾਲ ਪਾਰਟੀ ਦੇ ਗ਼ਲਤ ਫ਼ੈਸਲੇ ਨੂੰ ਗ਼ਲਤ ਕਹਿਣ ਦੀ ਹਿੰਮਤ ਰੱਖਦੇ ਸਨ, ਕਿਉਂਕਿ ਉਹ ਖ਼ੁਦਗਰਜ਼ ਨਹੀਂ ਸਨ। ਆਪਣੀ ਪਾਰਟੀ ਦੇ ਨੇਤਾਵਾਂ ਵੱਲੋਂ ਕੀਤੇ ਜਾਂਦੇ ਗ਼ਲਤ ਕੰਮਾਂ ਬਾਰੇ ਉਹ ਬੇਬਾਕੀ ਨਾਲ ਕਹਿ ਦਿੰਦੇ ਸਨ, ਭਾਵੇਂ ਕਿਸੇ ਦੇ ਗੋਡੇ ਤੇ ਗਿੱਟੇ ਲੱਗੇ। ਜਿਸ ਕਰਕੇ ਅਕਾਲੀ ਦਲ ਦੇ ਬਹੁਤੇ ਨੇਤਾ ਉਨ੍ਹਾਂ ਤੋਂ ਦੁੱਖੀ ਸਨ। ਇਸੇ ਲਈ 29 ਮਾਰਚ 2009 ਨੂੰ ਉਨ੍ਹਾਂ ਦੀ ਸੜਕੀ ਦੁਰਘਟਨਾ ਨਾਲ ਹੋਈ ਮੌਤ ਅਜੇ ਤੱਕ ਸ਼ੱਕ ਦੇ ਘੇਰੇ ਵਿਚ ਹੈ।

ਕੈਪਟਨ ਕੰਵਲਜੀਤ ਸਿੰਘ ਪਾਰਟੀ ਪ੍ਰਤੀ ਵਫਾਦਰ ਸਨ। ਨੇਤਾਵਾਂ ਦੀ ਨਿੱਜੀ ਵਫ਼ਾਦਾਰੀ ਵਿਚ ਉਹ ਵਿਸ਼ਵਾਸ ਨਹੀਂ ਰੱਖਦੇ ਸਨ, ਪ੍ਰੰਤੂ ਬਹੁਤੇ ਸਿਆਸਤਦਾਨ ਨਿੱਜੀ ਵਫ਼ਾਦਾਰੀਆਂ ਦਾ ਖੱਟਿਆ ਖਾਂਦੇ ਹਨ। ਉਨ੍ਹਾਂ ਦੀ ਬੇਬਾਕੀ ਕਰਕੇ ਉਨ੍ਹਾਂ ਨਾਲ ਨਾਰਾਜ਼ ਸਿਆਸਤਦਾਨ, ਕੈਪਟਨ ਕੰਵਲਜੀਤ ਸਿੰਘ ਦਾ ਤਾਂ ਜਿਉਂਦੇ ਜੀਅ ਤਾਂ ਕੁਝ ਵਿਗਾੜ ਨਹੀਂ ਸਕੇ, ਪ੍ਰੰਤੂ ਉਨ੍ਹਾਂ ਦੀ ਮੌਤ ਤੋਂ ਬਾਅਦ ਉਨ੍ਹਾਂ ਦਾ ਪਰਿਵਾਰ ਰੋਲ ਕੇ ਰੱਖ ਦਿੱਤਾ। ਉਹ ਪਟਿਆਲਾ ਜ਼ਿਲ੍ਹੇ ਦੇ ਬਨੂੜ/ਡੇਰਾ ਬਸੀ ਵਿਧਾਨ ਸਭਾ ਹਲਕੇ ਤੋਂ ਤਿੰਨ ਵਾਰ ਵਿਧਾਇਕ ਚੁਣੇ ਗਏ ਸਨ। ਪਹਿਲੀ ਵਾਰ ਹੀ ਬਤੌਰ ਆਜ਼ਾਦ ਉਮੀਦਵਾਰ ਚੋਣ ਜਿੱਤਣ ਤੋਂ ਬਾਅਦ ਉਨ੍ਹਾਂ ਨੂੰ ਸੁਰਜੀਤ ਸਿੰਘ ਬਰਨਾਲਾ ਦੀ ਵਜ਼ਾਰਤ ਵਿਚ ਗ੍ਰਹਿ ਰਾਜ ਮੰਤਰੀ ਬਣਾਇਆ ਗਿਆ ਸੀ। ਉਹ ਪ੍ਰਕਾਸ਼ ਸਿੰਘ ਬਾਦਲ ਮੁੱਖ ਮੰਤਰੀ ਦੀ ਸਰਕਾਰ ਵਿਚ ਵੀ ਦੋ ਵਾਰ ਮੰਤਰੀ ਰਹੇ ਸਨ। ਪੰਜਾਬ ਸਰਕਾਰ ਵਿਚ ਉਨ੍ਹਾਂ ਨੇ ਵਿੱਤ, ਯੋਜਨਾ, ਗ੍ਰਹਿ ਅਤੇ ਸਹਿਕਾਰਤਾ ਸਮੇਤ ਕਈ ਅਹਿਮ ਵਿਭਾਗਾਂ ਦੀ ਜ਼ਿੰਮੇਵਾਰੀ ਸੰਭਾਲੀ। ਖਾਸ ਤੌਰ 'ਤੇ ਵਿੱਤ ਮੰਤਰੀ ਵਜੋਂ ਉਨ੍ਹਾਂ ਦੀ ਪਛਾਣ ਇੱਕ ਗੰਭੀਰ, ਪੜ੍ਹੇ-ਲਿਖੇ ਅਤੇ ਅੰਕੜਿਆਂ ਤੇ ਨੀਤੀਆਂ ਨੂੰ ਸਮਝਣ ਵਾਲੇ ਸਿਆਸਤਦਾਨ ਵਜੋਂ ਬਣੀ। ਕੈਪਟਨ ਕੰਵਲਜੀਤ ਸਿੰਘ ਦੀ ਸਿਆਸਤ ਦਾ ਇੱਕ ਮਹੱਤਵਪੂਰਨ ਪੱਖ ਇਹ ਸੀ ਕਿ ਉਹ ਸਿਰਫ਼ ਸਿਆਸੀ ਨਾਅਰਿਆਂ ਤੱਕ ਸੀਮਤ ਰਹਿਣ ਦੀ ਬਜਾਏ ਪ੍ਰਸ਼ਾਸਨ ਅਤੇ ਨੀਤੀ-ਨਿਰਮਾਣ ਦੇ ਮਸਲਿਆਂ ਨੂੰ ਗੰਭੀਰਤਾ ਨਾਲ ਲੈਂਦੇ ਸਨ। ਸਹਿਕਾਰਤਾ ਖੇਤਰ ਨਾਲ ਉਨ੍ਹਾਂ ਦੀ ਡੂੰਘੀ ਦਿਲਚਸਪੀ ਅਤੇ ਪੇਂਡੂ ਅਰਥਚਾਰੇ ਨੂੰ ਮਜ਼ਬੂਤ ਕਰਨ ਦੀ ਸੋਚ ਉਨ੍ਹਾਂ ਦੇ ਜਨਤਕ ਜੀਵਨ ਦਾ ਮਹੱਤਵਪੂਰਨ ਹਿੱਸਾ ਸੀ।

ਉਨ੍ਹਾਂ ਦੀ ਸ਼ਖ਼ਸੀਅਤ ਵਿਚ ਸਿਆਸਤਦਾਨ ਦੇ ਨਾਲ-ਨਾਲ ਇੱਕ ਸਿਪਾਹੀ ਵਾਲਾ ਅਨੁਸ਼ਾਸਨ ਵੀ ਨਜ਼ਰ ਆਉਂਦਾ ਸੀ। ਉਹ ਸਪੱਸ਼ਟ ਗੱਲ ਕਰਨ ਅਤੇ ਆਪਣੀ ਗੱਲ ਨੂੰ ਤਰਕ ਨਾਲ ਰੱਖਣ ਲਈ ਜਾਣੇ ਜਾਂਦੇ ਸਨ। ਉਨ੍ਹਾਂ ਨਾਲ ਜੁੜੇ ਲੋਕ ਅਕਸਰ ਉਨ੍ਹਾਂ ਦੀ ਸਾਦਗੀ ਅਤੇ ਲੋਕਾਂ ਨਾਲ ਸਿੱਧੇ ਸੰਪਰਕ ਨੂੰ ਯਾਦ ਕਰਦੇ ਹਨ। ਇਹੀ ਕਾਰਨ ਹੈ ਕਿ ਉਨ੍ਹਾਂ ਦੇ ਇਸ ਸੰਸਾਰ ਵਿਚੋਂ ਅਲਵਿਦਾ ਲੈਣ ਤੋਂ ਬਾਅਦ ਵੀ ਉਨ੍ਹਾਂ ਦੀ ਲੋਕਪ੍ਰਿਯਤਾ ਕਾਇਮ ਹੈ। ਜਦੋਂ ਉਹ ਪੰਜਾਬ ਦੇ ਗ੍ਰਹਿ ਰਾਜ ਮੰਤਰੀ ਸਨ, ਉਹ ਸਮਾਂ ਬੜਾ ਅਸਥਿਰਤਾ ਵਾਲਾ ਅਤੇ ਨਾਜ਼ੁਕ ਸੀ। ਪੰਜਾਬ ਦੇ ਹਾਲਾਤ ਬਹੁਤੇ ਚੰਗੇ ਨਹੀਂ ਸਨ। ਗ੍ਰਹਿ ਮੰਤਰੀ ਹੁੰਦਿਆਂ ਹੋਇਆਂ ਵੀ ਪੁਲਿਸ ਕੇਂਦਰ ਦੇ ਇਸ਼ਾਰੇ 'ਤੇ ਉਨ੍ਹਾਂ ਦੇ ਹੁਕਮਾਂ ਨੂੰ ਅਣਡਿੱਠ ਕਰਦੀ ਸੀ, ਪ੍ਰੰਤੂ ਉਨ੍ਹਾਂ ਨੇ ਇਕ ਸਾਬਕਾ ਫ਼ੌਜੀ ਅਧਿਕਾਰੀ ਹੋਣ ਕਰਕੇ ਆਪਣੀ ਜ਼ਿੰਮੇਵਾਰੀ ਸੰਜਮ ਅਤੇ ਕਾਬਲੀਅਤ ਨਾਲ ਅਜਿਹੀ ਨਿਭਾਈ ਸੀ, ਜਿਸ ਕਰਕੇ ਉਹ ਸਫਲ ਹੋਏ ਸਨ। ਲੋਕਾਂ ਵਿਚ ਮਕਬੂਲ ਹੋਣ ਲਈ ਨੇਤਾਵਾਂ ਨੂੰ ਆਪਣੀ ਇਮਾਨਦਾਰੀ ਤੇ ਕਾਬਲੀਅਤ ਦਾ ਸਬੂਤ ਦੇਣਾ ਪੈਂਦਾ ਹੈ, ਜਿਸਦੇ ਉਹ ਪ੍ਰਤੀਕ ਸਨ।

ਕੈਪਟਨ ਕੰਵਲਜੀਤ ਸਿੰਘ ਸੱਚੇ ਸੁੱਚੇ ਕਿਰਦਾਰ ਵਾਲਾ ਸਿਆਸਤਦਾਨ ਸੀ। ਵਗਾਰ ਕਰਵਾਉਣ ਦਾ ਤਾਂ ਸਵਾਲ ਹੀ ਪੈਦਾ ਨਹੀਂ ਹੁੰਦਾ ਸੀ। ਉਨ੍ਹਾਂ ਦੇ ਸਟਾਫ ਦਾ ਕੋਈ ਵੀ ਮੈਂਬਰ ਕਿਸੇ ਅਧਿਕਾਰੀ ਨੂੰ ਕੈਪਟਨ ਸਾਹਿਬ ਦੀ ਇਜ਼ਾਜ਼ਤ ਤੋਂ ਬਿਨਾ ਫੋਨ ਵੀ ਨਹੀਂ ਕਰ ਸਕਦਾ ਸੀ। ਸਿਆਸਤ ਵਿਚ ਸੰਜੀਦਗੀ ਅਤੇ ਸਿਆਸੀ ਵਚਨਬੱਧਤਾ ਅਤਿਅੰਤ ਜ਼ਰੂਰ ਹੁੰਦੀ ਹੈ, ਪ੍ਰੰਤੂ ਬਹੁਤੇ ਸਿਆਸਤਦਾਨਾਂ ਵਿਚ ਇਨ੍ਹਾਂ ਦੋਹਾਂ ਨੁਕਤਿਆਂ ਦੀ ਅਣਹੋਂਦ ਹੁੰਦੀ ਹੈ। ਸਿਆਸਤ ਨੂੰ ਤਿਗੜਮਬਾਜ਼ੀ ਵੀ ਕਿਹਾ ਜਾਂਦਾ ਹੈ। ਜਿਹੜਾ ਸਿਆਸਤਦਾਨ ਮੌਕਾ ਤਾੜਕੇ ਕਿਸੇ ਵੀ ਢੰਗ ਨਾਲ ਵੋਟਾਂ ਬਟੋਰ ਲੈਂਦਾ ਹੈ, ਉਸਨੂੰ ਅੱਜਕੱਲ੍ਹ ਸਫਲ ਸਿਆਸਤਦਾਨ ਕਿਹਾ ਜਾਂਦਾ ਹੈ। ਮਰਹੂਮ ਕੈਪਟਨ ਕੰਵਲਜੀਤ ਸਿੰਘ ਪੰਜਾਬ ਦਾ ਅਜਿਹਾ ਸਿਆਸਤਦਾਨ ਹੋਇਆ ਹੈ, ਜਿਨ੍ਹਾਂ ਨੇ ਆਪਣੇ ਇਕੱਲੇ ਵਿਧਾਨ ਸਭਾ ਹਲਕੇ ਦੇ ਲੋਕਾਂ ਨਾਲ ਹੀ ਨਹੀਂ, ਸਗੋਂ ਉਹ ਪੰਜਾਬ ਦੇ ਹਰ ਇਲਾਕੇ ਵਿਚ ਪੂਰੀ ਵਚਨਬੱਧਤਾ ਨਾਲ ਵਿਕਾਸ ਕਰਵਾਉਂਦੇ ਸਨ। ਆਪਣੀ ਨੌਕਰੀ ਦੌਰਾਨ ਮੰਤਰੀਆਂ ਨੂੰ ਮੈਂ ਖ਼ੁਦ ਵੇਖਿਆ ਹੈ ਕਿ ਉਹ ਆਪਣੇ ਹਲਕੇ ਦੇ ਕੰਮ ਕਾਰਾਂ ਦੀਆਂ ਸਿਫਾਰਸ਼ਾਂ ਕਰਨ ਲਈ ਮੁੱਖ ਸਕੱਤਰ ਅਤੇ ਵਿਭਾਗੀ ਸਕੱਤਰਾਂ ਦੇ ਦਫ਼ਤਰਾਂ ਵਿਚ ਜਾ ਕੇ ਉਨ੍ਹਾਂ ਨੂੰ ਕਹਿੰਦੇ ਸਨ, ਪ੍ਰੰਤੂ ਕੈਪਟਨ ਕੰਵਲਜੀਤ ਸਿੰਘ ਮੁੱਖ ਸਕੱਤਰ ਸਮੇਤ ਸਾਰੇ ਅਧਿਕਾਰੀਆਂ ਨੂੰ ਆਪਣੇ ਕੋਲ ਬੁਲਾਕੇ ਕੰਮ ਕਰਵਾਉਂਦੇ ਸਨ। ਅਧਿਕਾਰੀ ਉਨ੍ਹਾਂ ਨੂੰ ਪੂਰਾ ਸਤਿਕਾਰ ਦਿੰਦੇ ਸਨ। ਕੈਪਟਨ ਸਾਹਿਬ ਦੀ ਸਿਆਸਤ ਪਾਰਦਰਸ਼ੀ ਸੀ, ਇਸ ਲਈ ਮੈਂ ਉਨ੍ਹਾਂ ਦੇ ਕੋਲ ਮੁੱਖ ਸਕੱਤਰ ਅਤੇ ਮੰਤਰੀ ਆਪ ਆਕੇ ਹੁਕਮ ਲੈਂਦੇ ਵੇਖੇ ਹਨ। ਇਥੋਂ ਤੱਕ ਕਿ ਜੇਕਰ ਉਹ ਪਹਿਲਾਂ ਕਿਸੇ ਵਿਅਕਤੀ ਨਾਲ ਗੱਲ ਕਰ ਰਹੇ ਹੁੰਦੇ, ਤਾਂ ਗੱਲ ਮੁਕੰਮਲ ਕਰਕੇ ਹੀ ਮੰਤਰੀ ਜਾਂ ਮੁੱਖ ਸਕੱਤਰ ਨੂੰ ਮਿਲਦੇ ਸਨ।

ਕੈਪਟਨ ਕੰਵਲਜੀਤ ਸਿੰਘ ਦਾ ਜਨਮ ਦਾਰਾ ਸਿੰਘ ਐਡਵੋਕੇਟ ਦੇ ਘਰ 1 ਸਤੰਬਰ, 1942 ਉਨ੍ਹਾਂ ਨੇ 1971 ਵਿਚ ਬੰਗਲਾਦੇਸ਼ ਲਿਬਰੇਸ਼ਨ ਜੰਗ ਵਿਚ ਹਿੱਸਾ ਲਿਆ। ਕੈਪਟਨ ਕੰਵਲਜੀਤ ਸਿੰਘ ਨੇ 1972 ਵਿਚ ਫ਼ੌਜ ਵਿਚੋਂ ਸੇਵਾਮੁਕਤੀ ਲੈ ਲਈ ਸੀ। ਫਿਰ ਉਹ ਸਿਆਸਤ ਵਿਚ ਆ ਗਏ ਤੇ ਸੁਰਜੀਤ ਸਿੰਘ ਬਰਨਾਲਾ ਅਤੇ ਪ੍ਰਕਾਸ਼ ਸਿੰਘ ਬਾਦਲ ਮੁੱਖ ਮੰਤਰੀ ਦੀ ਵਜ਼ਾਰਤ ਵਿਚ ਗ੍ਰਹਿ, ਵਿੱਤ, ਯੋਜਨਾ ਤੇ ਸਹਿਕਾਰਤਾ ਵਿਭਾਗ ਦੇ ਮੰਤਰੀ ਰਹੇ ਸਨ। ਉਨ੍ਹਾਂ ਦਾ ਜੱਦੀ ਪਿੰਡ ਅਮਲੋਹ ਨੇੜੇ ਸਲਾਣਾ ਹੈ। ਦਾਰਾ ਸਿੰਘ ਐਡਵੋਕੇਟ ਵੀ ਪੰਜਾਬ ਵਿਚ ਮੰਤਰੀ ਰਹੇ ਹਨ। ਕੈਪਟਨ ਕੰਵਲਜੀਤ ਸਿੰਘ ਦਾ ਵਿਆਹ ਸਰਬਜੀਤ ਕੌਰ ਨਾਲ ਹੋਇਆ। ਉਨ੍ਹਾਂ ਦੇ ਇੱਕ ਲੜਕਾ ਜਸਜੀਤ ਸਿੰਘ ਬੰਨੀ ਅਤੇ ਇੱਕ ਲੜਕੀ ਮਨਪ੍ਰੀਤ ਕੌਰ ਡੌਲੀ ਹੈ। ਅੱਜਕੱਲ੍ਹ ਮਨਪ੍ਰੀਤ ਕੌਰ ਡੌਲੀ ਕੈਪਟਨ ਕੰਵਲਜੀਤ ਸਿੰਘ ਦੀ ਤਰ੍ਹਾਂ ਡੇਰਾ ਬਸੀ ਹਲਕੇ ਦੇ ਲੋਕਾਂ ਵਿਚ ਬਾਖ਼ੂਬੀ ਵਿਚਰ ਰਹੀ ਹੈ। ਕੈਪਟਨ ਕੰਵਲਜੀਤ ਸਿੰਘ 29 ਮਾਰਚ 2009 ਨੂੰ ਸਵਰਗਵਾਸ ਹੋ ਗਏ ਸਨ।



ਕੈਪਟਨ ਕੰਵਲਜੀਤ ਸਿੰਘ ਪਾਰਟੀ ਪ੍ਰਤੀ ਵਫ਼ਾਦਰ ਸਨ। ਨੇਤਾਵਾਂ ਦੀ ਨਿੱਜੀ ਵਫ਼ਾਦਾਰੀ ਵਿਚ ਉਹ ਵਿਸ਼ਵਾਸ ਨਹੀਂ ਰੱਖਦੇ ਸਨ, ਪ੍ਰੰਤੂ ਬਹੁਤੇ ਸਿਆਸਤਦਾਨ ਨਿੱਜੀ ਵਫ਼ਾਦਾਰੀਆਂ ਦਾ ਖੱਟਿਆ ਖਾਂਦੇ ਹਨ। ਉਨ੍ਹਾਂ ਦੀ ਬੇਬਾਕੀ ਕਰਕੇ ਉਨ੍ਹਾਂ ਨਾਲ ਨਾਰਾਜ਼ ਸਿਆਸਤਦਾਨ, ਕੈਪਟਨ ਕੰਵਲਜੀਤ ਸਿੰਘ ਦਾ ਤਾਂ ਜਿਉਂਦੇ ਜੀਅ ਤਾਂ ਕੁਝ ਵਿਗਾੜ ਨਹੀਂ ਸਕੇ, ਪ੍ਰੰਤੂ ਉਨ੍ਹਾਂ ਦੀ ਮੌਤ ਤੋਂ ਬਾਅਦ ਉਨ੍ਹਾਂ ਦਾ ਪਰਿਵਾਰ ਰੋਲ ਕੇ ਰੱਖ ਦਿੱਤਾ। ਉਹ ਪਟਿਆਲਾ ਜ਼ਿਲ੍ਹੇ ਦੇ ਬਨੂੜ/ਡੇਰਾ ਬਸੀ ਵਿਧਾਨ ਸਭਾ ਹਲਕੇ ਤੋਂ ਤਿੰਨ ਵਾਰ ਵਿਧਾਇਕ ਚੁਣੇ ਗਏ ਸਨ। ਪਹਿਲੀ ਵਾਰ ਹੀ ਬਤੌਰ ਆਜ਼ਾਦ ਉਮੀਦਵਾਰ ਚੋਣ ਜਿੱਤਣ ਤੋਂ ਬਾਅਦ ਉਨ੍ਹਾਂ ਨੂੰ ਸੁਰਜੀਤ ਸਿੰਘ ਬਰਨਾਲਾ ਦੀ ਵਜ਼ਾਰਤ ਵਿਚ ਗ੍ਰਹਿ ਰਾਜ ਮੰਤਰੀ ਬਣਾਇਆ ਗਿਆ ਸੀ। ਉਹ ਪ੍ਰਕਾਸ਼ ਸਿੰਘ ਬਾਦਲ ਮੁੱਖ ਮੰਤਰੀ ਦੀ ਸਰਕਾਰ ਵਿਚ ਵੀ ਦੋ ਵਾਰ ਮੰਤਰੀ ਰਹੇ ਸਨ। ਪੰਜਾਬ ਸਰਕਾਰ ਵਿਚ ਉਨ੍ਹਾਂ ਨੇ ਵਿੱਤ, ਯੋਜਨਾ, ਗ੍ਰਹਿ ਅਤੇ ਸਹਿਕਾਰਤਾ ਸਮੇਤ ਕਈ ਅਹਿਮ ਵਿਭਾਗਾਂ ਦੀ ਜ਼ਿੰਮੇਵਾਰੀ ਸੰਭਾਲੀ।

# ਯੂਰਪ ਦੀ ਪਹਿਚਾਣ, ਪ੍ਰਵਾਸ ਅਤੇ ਕਾਨੂੰਨ: ਇਟਲੀ ਤੇ ਡੈਨਮਾਰਕ ਦੇ ਰੁਖ ਨੇ ਛੇੜੀ ਨਵੀਂ ਬਹਿਸ

-ਗੁਰਭਿੰਦਰ ਗੁਰੀ
ਪੰਜਾਬ ਮੇਲUSA



ਯੂਰਪ ਵਿਚ ਇਮੀਗ੍ਰੇਸ਼ਨ, ਸੱਭਿਆਚਾਰਕ ਪਹਿਚਾਣ, ਨਾਗਰਿਕਾਂ ਦੀ ਸੁਰੱਖਿਆ ਅਤੇ ਕਾਨੂੰਨ ਦੀ ਪਾਲਣਾ ਅੱਜ ਸਭ ਤੋਂ ਚਰਚਿਤ ਮੁੱਦਿਆਂ ਵਿਚੋਂ ਇੱਕ ਹੈ। ਇਟਲੀ ਅਤੇ ਡੈਨਮਾਰਕ ਵਰਗੇ ਯੂਰਪੀ ਦੇਸ਼ਾਂ ਵਿਚ ਇਹ ਬਹਿਸ ਲਗਾਤਾਰ ਤੇਜ਼ ਹੋ ਰਹੀ ਹੈ ਕਿ ਵਿਦੇਸ਼ਾਂ ਤੋਂ ਆਉਣ ਵਾਲੇ ਲੋਕਾਂ ਨੂੰ ਸਮਾਜ ਦਾ ਹਿੱਸਾ ਬਣਾਉਂਦੇ ਹੋਏ ਸਥਾਨਕ ਸੱਭਿਆਚਾਰ, ਪ੍ਰੰਪਰਾਵਾਂ ਅਤੇ ਕਾਨੂੰਨੀ ਵਿਵਸਥਾ ਦੀ ਰੱਖਿਆ ਕਿਵੇਂ ਕੀਤੀ ਜਾਵੇ।

ਇਟਲੀ ਦੀ ਪ੍ਰਧਾਨ ਮੰਤਰੀ ਜਿਓਰਜੀਆ ਮੇਲੋਨੀ ਅਤੇ ਡੈਨਮਾਰਕ ਦੀ ਪ੍ਰਧਾਨ ਮੰਤਰੀ ਮੇਟੇ ਫ੍ਰੈਡਰਿਕਸਨ ਦੇ ਨਾਮ ਨਾਲ ਇੱਕ ਸਾਂਝੇ ਬਿਆਨ ਦਾ ਹਵਾਲਾ ਦਿੱਤਾ ਜਾ ਰਿਹਾ ਹੈ। ਇਸ ਵਿਚ ਪ੍ਰਵਾਸੀਆਂ ਵੱਲੋਂ ਮੇਜ਼ਬਾਨ ਦੇਸ਼ ਦੇ ਕਾਨੂੰਨਾਂ ਅਤੇ ਸੱਭਿਆਚਾਰ ਦਾ ਸਤਿਕਾਰ ਕਰਨ ਦੀ ਗੱਲ ਕੀਤੀ ਜਾਂਦੀ ਹੈ। ਹਾਲਾਂਕਿ, ਇਸ ਬਿਆਨ ਦੇ ਸ਼ਬਦਸ਼ ਅਤੇ ਅਧਿਕਾਰਤ ਸਰੋਤ ਦੀ ਪੁਸ਼ਟੀ ਤੋਂ ਬਿਨਾਂ ਇਸ ਨੂੰ ਦੋਵਾਂ ਆਗੂਆਂ ਦਾ ਪ੍ਰਮਾਣਿਤ ਸਾਂਝਾ ਬਿਆਨ ਮੰਨਣਾ ਉਚਿਤ ਨਹੀਂ ਹੋਵੇਗਾ। ਪਰ ਜਿਸ ਵਿਚਾਰ ਨੇ ਇਸ ਚਰਚਾ ਨੂੰ ਜਨਮ ਦਿੱਤਾ ਹੈ, ਉਹ ਆਪਣੇ ਆਪ ਵਿਚ ਮਹੱਤਵਪੂਰਨ ਹੈ—ਜਿਸ ਦੇਸ਼ ਵਿਚ ਕੋਈ ਵਿਅਕਤੀ ਰਹਿੰਦਾ ਹੈ, ਉਸ ਦੇ ਕਾਨੂੰਨ, ਸਮਾਜਿਕ ਮਰਿਆਦਾਵਾਂ ਅਤੇ ਲੋਕਾਂ ਦੇ ਅਧਿਕਾਰਾਂ ਦਾ ਸਤਿਕਾਰ ਕਰਨਾ ਉਸ ਦੀ ਜ਼ਿੰਮੇਵਾਰੀ ਹੈ।

## ਆਪਣੀ ਪਹਿਚਾਣ ਵੀ, ਮੇਜ਼ਬਾਨ ਦੇਸ਼ ਦਾ ਸਤਿਕਾਰ ਵੀ

ਵਿਦੇਸ਼ ਜਾਣ ਵਾਲਾ ਹਰ ਵਿਅਕਤੀ ਆਪਣੇ ਨਾਲ ਆਪਣੀ ਭਾਸ਼ਾ, ਧਰਮ, ਪਰਿਵਾਰਕ ਪ੍ਰੰਪਰਾਵਾਂ ਅਤੇ ਸੱਭਿਆਚਾਰ ਲੈ ਕੇ ਜਾਂਦਾ ਹੈ। ਆਪਣੀ ਪਹਿਚਾਣ ਨਾਲ ਜੁੜੇ ਰਹਿਣਾ ਮਨੁੱਖੀ ਅਧਿਕਾਰਾਂ ਅਤੇ ਨਿੱਜੀ ਆਜ਼ਾਦੀ ਦਾ ਹਿੱਸਾ ਹੈ।

ਪਰ ਜਦੋਂ ਕੋਈ ਵਿਅਕਤੀ ਕਿਸੇ ਦੂਜੇ ਦੇਸ਼ ਵਿਚ ਰਹਿਣ ਲੱਗਦਾ ਹੈ, ਤਾਂ ਉਸ ਨੂੰ ਉੱਥੋਂ ਦੇ ਕਾਨੂੰਨਾਂ ਅਤੇ ਸਮਾਜਿਕ ਨਿਯਮਾਂ ਨੂੰ ਵੀ ਸਮਝਣਾ ਪੈਂਦਾ ਹੈ। ਆਪਣੀ ਪ੍ਰੰਪਰਾ ਨੂੰ ਸੰਭਾਲਣਾ ਅਤੇ ਮੇਜ਼ਬਾਨ ਦੇਸ਼ ਦੀ ਮਰਿਆਦਾ ਦਾ ਸਤਿਕਾਰ ਕਰਨਾ, ਇਹ ਦੋਵੇਂ ਗੱਲਾਂ ਇਕੱਠੀਆਂ ਚੱਲ ਸਕਦੀਆਂ ਹਨ।

## ਕਾਨੂੰਨ ਸਭ ਲਈ ਇੱਕੋ ਹੋਣਾ ਚਾਹੀਦਾ ਹੈ

ਇਮੀਗ੍ਰੇਸ਼ਨ ਦੀ ਬਹਿਸ ਵਿਚ ਸਭ ਤੋਂ ਮਹੱਤਵਪੂਰਨ ਸਿਧਾਂਤ ਇਹ ਹੋਣਾ ਚਾਹੀਦਾ ਹੈ ਕਿ ਕਾਨੂੰਨ ਸਭ ਲਈ ਬਰਾਬਰ ਹੋਵੇ। ਕੋਈ ਵਿਅਕਤੀ ਸਥਾਨਕ ਹੋਵੇ ਜਾਂ ਵਿਦੇਸ਼ੀ, ਕਿਸੇ ਵੀ ਧਰਮ ਨਾਲ ਸਬੰਧਤ ਹੋਵੇ ਜਾਂ ਕਿਸੇ ਵੀ ਦੇਸ਼ ਤੋਂ ਆਇਆ ਹੋਵੇ, ਕਾਨੂੰਨ ਦੀ ਪਾਲਣਾ ਹਰ ਕਿਸੇ ਲਈ ਲਾਜ਼ਮੀ ਹੋਣੀ ਚਾਹੀਦੀ ਹੈ।

ਇਸ ਦੇ ਨਾਲ ਹੀ ਕਾਨੂੰਨ ਦੀ ਉਲੰਘਣਾ ਕਰਨ ਵਾਲੇ ਵਿਅਕਤੀ ਖ਼ਿਲਾਫ਼ ਕਾਰਵਾਈ ਉਸ ਦੇ ਵਿਹਾਰ ਦੇ ਆਧਾਰ 'ਤੇ ਹੋਣੀ ਚਾਹੀਦੀ ਹੈ, ਨਾ ਕਿ ਉਸ ਦੀ ਕੌਮੀਅਤ ਜਾਂ ਧਾਰਮਿਕ ਪਹਿਚਾਣ ਦੇ ਆਧਾਰ 'ਤੇ।





## ਯੂਰਪ ਦੀ ਸੱਭਿਆਚਾਰਕ ਪਹਿਚਾਣ ਦਾ ਸਵਾਲ

ਯੂਰਪ ਦੀ ਪਹਿਚਾਣ ਸਦੀਆਂ ਪੁਰਾਣੇ ਇਤਿਹਾਸ, ਕਲਾ, ਸਾਹਿਤ, ਭਾਸ਼ਾਵਾਂ, ਧਾਰਮਿਕ ਵਿਰਾਸਤ ਅਤੇ ਲੋਕਤੰਤਰਕ ਸੰਸਥਾਵਾਂ ਨਾਲ ਬਣੀ ਹੈ। ਯੂਰਪੀ ਦੇਸ਼ਾਂ ਵਿਚ ਇਹ ਚਿੰਤਾ ਵੀ ਮੌਜੂਦ ਹੈ ਕਿ ਤੇਜ਼ੀ ਨਾਲ ਹੋ ਰਹੇ ਪ੍ਰਵਾਸ ਕਾਰਨ ਸਥਾਨਕ ਸਮਾਜ ਦੀ ਪਹਿਚਾਣ ਅਤੇ ਸਮਾਜਿਕ ਏਕਤਾ ਪ੍ਰਭਾਵਿਤ ਨਾ ਹੋਵੇ।

ਇਸ ਚਿੰਤਾ ਨੂੰ ਸਮਝਣ ਦੇ ਨਾਲ ਇਹ ਵੀ ਜ਼ਰੂਰੀ ਹੈ ਕਿ ਸੱਭਿਆਚਾਰ ਦੀ ਰੱਖਿਆ ਦੇ ਨਾਮ 'ਤੇ ਕਿਸੇ ਭਾਈਚਾਰੇ ਨਾਲ ਭੇਦਭਾਵ ਨਾ ਹੋਵੇ। ਇੱਕ ਮਜ਼ਬੂਤ ਲੋਕਤੰਤਰ ਵਿਚ ਆਪਣੀ ਵਿਰਾਸਤ ਦੀ ਰੱਖਿਆ ਅਤੇ ਦੂਜਿਆਂ ਦੇ ਅਧਿਕਾਰਾਂ ਦਾ ਸਤਿਕਾਰ ਦੋਵੇਂ ਇਕੱਠੇ ਚੱਲਦੇ ਹਨ।

## ਪ੍ਰਵਾਸੀਆਂ ਦੀਆਂ ਵੀ ਜ਼ਿੰਮੇਵਾਰੀਆਂ ਹਨ

ਵਿਦੇਸ਼ ਵਿਚ ਰਹਿਣ ਵਾਲੇ ਲੋਕਾਂ ਲਈ ਵੀ ਕੁਝ ਬੁਨਿਆਦੀ ਜ਼ਿੰਮੇਵਾਰੀਆਂ ਹਨ। ਸਥਾਨਕ ਕਾਨੂੰਨ ਦੀ ਪਾਲਣਾ, ਜਨਤਕ ਵਿਵਸਥਾ ਦਾ ਸਤਿਕਾਰ, ਟੈਕਸ ਅਤੇ ਹੋਰ ਕਾਨੂੰਨੀ ਜ਼ਿੰਮੇਵਾਰੀਆਂ ਪੂਰੀਆਂ ਕਰਨਾ ਅਤੇ ਸਮਾਜ ਵਿਚ ਸ਼ਾਂਤੀ ਬਣਾਈ ਰੱਖਣਾ ਕਿਸੇ ਵੀ ਜ਼ਿੰਮੇਵਾਰ ਪ੍ਰਵਾਸੀ ਦੀ ਪਹਿਚਾਣ ਹੋਣੀ ਚਾਹੀਦੀ ਹੈ।

ਇਸ ਦੇ ਨਾਲ ਮੇਜ਼ਬਾਨ ਸਮਾਜ ਦੀ ਵੀ ਜ਼ਿੰਮੇਵਾਰੀ ਹੈ ਕਿ ਕਾਨੂੰਨ ਦੀ ਪਾਲਣਾ ਕਰਨ ਵਾਲੇ ਪ੍ਰਵਾਸੀਆਂ ਨਾਲ ਭੇਦਭਾਵ ਨਾ ਕੀਤਾ ਜਾਵੇ ਅਤੇ ਉਨ੍ਹਾਂ ਨੂੰ ਸਿੱਖਿਆ, ਰੋਜ਼ਗਾਰ ਅਤੇ ਸਮਾਜਿਕ ਜੀਵਨ ਵਿਚ ਅੱਗੇ ਵਧਣ ਦੇ ਮੌਕੇ ਮਿਲਣ।

## ਅਸਲ ਹੱਲ ਟਕਰਾਅ ਨਹੀਂ, ਆਪਸੀ ਸਤਿਕਾਰ

ਯੂਰਪ ਦੀ ਇਮੀਗ੍ਰੇਸ਼ਨ ਬਹਿਸ ਨੂੰ ਸਿਰਫ਼ "ਵਿਦੇਸ਼ੀ ਬਨਾਮ ਸਥਾਨਕ" ਦੇ ਰੂਪ ਵਿਚ ਦੇਖਣਾ ਸਮੱਸਿਆ ਨੂੰ ਹੋਰ ਗੁੰਝਲਦਾਰ ਕਰ ਸਕਦਾ ਹੈ। ਅਸਲ ਹੱਲ ਇੱਕ ਅਜਿਹੀ ਵਿਵਸਥਾ ਵਿਚ ਹੈ, ਜਿਸ ਵਿਚ ਸਰਕਾਰ ਕਾਨੂੰਨ ਸਪੱਸ਼ਟ ਰੱਖੇ, ਪ੍ਰਵਾਸੀਆਂ ਨੂੰ ਆਪਣੇ ਹੱਕ ਅਤੇ ਜ਼ਿੰਮੇਵਾਰੀਆਂ ਸਮਝਾਏ ਅਤੇ ਹਰ ਵਿਅਕਤੀ ਨੂੰ ਕਾਨੂੰਨ ਦੇ ਸਾਹਮਣੇ ਬਰਾਬਰ ਮੰਨਿਆ ਜਾਵੇ। ਦੁਨੀਆਂ ਦੇ ਕਿਸੇ ਵੀ ਦੇਸ਼ ਵਿਚ ਰਹਿਣ ਲਈ ਇੱਕ ਬੁਨਿਆਦੀ ਨਿਯਮ ਸਪੱਸ਼ਟ ਹੈ, ਆਪਣੀ ਪਹਿਚਾਣ ਨਾਲ ਜੁੜੇ ਰਹੋ, ਪਰ ਜਿਸ ਸਮਾਜ ਵਿਚ ਰਹਿ ਰਹੇ ਹੋ, ਉਸ ਦੇ ਕਾਨੂੰਨ ਅਤੇ ਲੋਕਾਂ ਦੇ ਅਧਿਕਾਰਾਂ ਦਾ ਸਤਿਕਾਰ ਕਰੋ।

ਗੱਲ ਸਿਰਫ਼ ਇਟਲੀ ਜਾਂ ਡੈਨਮਾਰਕ ਦੀ ਨਹੀਂ। ਇਹ ਦੁਨੀਆਂ ਦੇ ਹਰ ਉਸ ਵਿਅਕਤੀ ਲਈ ਇੱਕ ਵੱਡਾ ਸਵਾਲ ਹੈ, ਜੋ ਆਪਣੇ ਦੇਸ਼ ਤੋਂ ਦੂਰ ਕਿਸੇ ਹੋਰ ਦੇਸ਼ ਵਿਚ ਆਪਣਾ ਭਵਿੱਖ ਬਣਾਉਣ ਜਾਂਦਾ ਹੈ। ਚੰਗਾ ਪ੍ਰਵਾਸੀ ਉਹ ਹੈ, ਜੋ ਆਪਣੇ ਸੱਭਿਆਚਾਰ ਨੂੰ ਸੰਭਾਲਦੇ ਹੋਏ ਮੇਜ਼ਬਾਨ ਦੇਸ਼ ਦੇ ਕਾਨੂੰਨ, ਲੋਕਾਂ ਅਤੇ ਸਮਾਜਿਕ ਮਰਿਆਦਾਵਾਂ ਦਾ ਵੀ ਸਤਿਕਾਰ ਕਰੇ।

ਸਫਾ 1 ਦਾ ਬਾਕੀ

## ਸਤੰਬਰ 2026 ਦੇ ਵੀਜ਼ਾ ਬੁਲੇਟਿਨ 'ਚ ਭਾਰਤੀ...

ਐੱਫ-2ਏ ਸ਼੍ਰੇਣੀ, ਜਿਸ ਵਿਚ ਗ੍ਰੀਨ ਕਾਰਡ ਧਾਰਕਾਂ ਦੇ ਜੀਵਨ ਸਾਥੀ ਅਤੇ 21 ਸਾਲ ਤੋਂ ਘੱਟ ਉਮਰ ਦੇ ਅਣਵਿਆਹੇ ਬੱਚੇ ਆਉਂਦੇ ਹਨ, ਦੀ ਫਾਈਨਲ ਐਕਸ਼ਨ ਤਰੀਕ 22 ਅਗਸਤ 2026 ਹੋ ਗਈ ਹੈ। ਅਗਸਤ ਵਿਚ ਇਹ 22 ਜੁਲਾਈ 2026 ਸੀ, ਇਸ ਲਈ ਇੱਕ ਮਹੀਨੇ ਦੀ ਤਰੱਕੀ ਹੋਈ। ਜਨਵਰੀ 2026 ਦੇ ਬੁਲੇਟਿਨ ਵਿਚ ਇਹ ਪਹਿਲੀ ਫਰਵਰੀ 2024 ਸੀ। ਜਨਵਰੀ ਨਾਲ ਤੁਲਨਾ ਕਰੀਏ, ਤਾਂ ਇਹ ਸ਼੍ਰੇਣੀ ਲਗਭਗ 31 ਮਹੀਨੇ ਅੱਗੇ ਪਹੁੰਚੀ ਹੈ।

ਗ੍ਰੀਨ ਕਾਰਡ ਧਾਰਕਾਂ ਦੇ 21 ਸਾਲ ਜਾਂ ਇਸ ਤੋਂ ਵੱਧ ਉਮਰ ਦੇ ਅਣਵਿਆਹੇ ਪੁੱਤਰ-ਧੀਆਂ ਵਾਲੀ ਐੱਫ-2ਬੀ ਸ਼੍ਰੇਣੀ ਦੀ ਫਾਈਨਲ ਐਕਸ਼ਨ ਤਰੀਕ 22 ਅਗਸਤ 2019 ਹੋ ਗਈ ਹੈ। ਅਗਸਤ ਵਿਚ ਇਹ ਪਹਿਲੀ ਜਨਵਰੀ 2018 ਸੀ। ਇਸ ਲਈ ਕੇਵਲ ਇੱਕ ਮਹੀਨੇ ਦੇ ਬੁਲੇਟਿਨ ਵਿਚ ਲਗਭਗ 20 ਮਹੀਨਿਆਂ ਦੀ ਵੱਡੀ ਛਾਲ ਲੱਗੀ ਹੈ। ਜਨਵਰੀ ਵਿਚ ਇਹ ਪਹਿਲੀ ਦਸੰਬਰ 2016 ਸੀ, ਜਿਸ ਮੁਤਾਬਕ ਸਤੰਬਰ ਤੱਕ ਲਗਭਗ ਦੋ ਸਾਲ ਨੌਂ ਮਹੀਨਿਆਂ ਦੀ ਤਰੱਕੀ ਦਰਜ ਹੋਈ ਹੈ।

ਅਮਰੀਕੀ ਨਾਗਰਿਕਾਂ ਦੇ ਵਿਆਹੇ ਪੁੱਤਰ-ਧੀਆਂ ਵਾਲੀ ਐੱਫ-3 ਸ਼੍ਰੇਣੀ ਵਿਚ ਸਭ ਤੋਂ ਵੱਡੀ ਮਹੀਨਾਵਾਰ ਤਬਦੀਲੀ ਹੋਈ ਹੈ। ਇਸ ਦੀ ਫਾਈਨਲ ਐਕਸ਼ਨ ਤਰੀਕ 22 ਅਕਤੂਬਰ 2014 ਕਰ ਦਿੱਤੀ ਗਈ ਹੈ, ਜਦਕਿ ਅਗਸਤ ਵਿਚ ਇਹ 15 ਮਈ 2012 ਸੀ। ਇਹ ਲਗਭਗ ਦੋ ਸਾਲ ਪੰਜ ਮਹੀਨਿਆਂ ਦੀ ਤਰੱਕੀ ਹੈ। ਜਨਵਰੀ ਵਿਚ ਐੱਫ-3 ਦੀ ਤਰੀਕ 8 ਸਤੰਬਰ 2011 ਸੀ, ਇਸ ਲਈ ਜਨਵਰੀ ਤੋਂ ਸਤੰਬਰ ਵਿਚਕਾਰ ਇਹ ਲਗਭਗ ਤਿੰਨ ਸਾਲ ਇੱਕ ਮਹੀਨਾ ਅੱਗੇ ਵਧੀ ਹੈ।

ਐੱਫ-4 ਸ਼੍ਰੇਣੀ ਵਿਚ ਉਡੀਕ ਕਰ ਰਹੇ ਭਾਰਤੀ ਪਰਿਵਾਰਾਂ ਲਈ ਕੋਈ ਨਵੀਂ ਰਾਹਤ ਨਹੀਂ ਮਿਲੀ। ਇਸ ਦੀ ਫਾਈਨਲ ਐਕਸ਼ਨ ਤਰੀਕ ਪਹਿਲੀ ਨਵੰਬਰ 2006 ਹੈ, ਜੋ ਅਗਸਤ ਅਤੇ ਜਨਵਰੀ ਵਿਚ ਵੀ ਇਹੀ ਸੀ। ਇਸ ਦੀ ਦਸਤਾਵੇਜ਼ ਦਾਖ਼ਲ ਕਰਨ ਵਾਲੀ ਤਰੀਕ ਵੀ 15 ਦਸੰਬਰ 2006 ਉੱਤੇ ਕਾਇਮ ਹੈ। ਅਰਥਾਤ ਜਨਵਰੀ ਤੋਂ ਸਤੰਬਰ ਤੱਕ ਐੱਫ-4 ਦੇ ਦੋਵਾਂ ਚਾਰਟਾਂ ਵਿਚ ਇੱਕ ਦਿਨ ਦੀ ਵੀ ਤਰੱਕੀ ਨਹੀਂ ਹੋਈ। ਦਸਤਾਵੇਜ਼ ਦਾਖ਼ਲ ਕਰਨ ਵਾਲੇ ਚਾਰਟ ਅਨੁਸਾਰ ਸਤੰਬਰ ਵਿਚ ਐੱਫ-1 ਦੀ ਤਰੀਕ ਪਹਿਲੀ ਫਰਵਰੀ 2020, ਐੱਫ-2ਬੀ ਦੀ ਪਹਿਲੀ ਸਤੰਬਰ 2019 ਅਤੇ ਐੱਫ-3 ਦੀ ਪਹਿਲੀ ਨਵੰਬਰ 2014 ਹੋ ਗਈ ਹੈ। ਐੱਫ-2ਏ ਦਸਤਾਵੇਜ਼ ਦਾਖ਼ਲ ਕਰਨ ਲਈ "ਕਰੰਟ" ਹੈ। ਹਾਲਾਂਕਿ "ਕਰੰਟ" ਹੋਣ ਦਾ ਮਤਲਬ ਤੁਰੰਤ ਗ੍ਰੀਨ ਕਾਰਡ ਮਿਲਣਾ ਨਹੀਂ, ਸਗੋਂ ਯੋਗ ਬਿਨੈਕਾਰ ਵੱਲੋਂ ਪ੍ਰਕਿਰਿਆ ਅੱਗੇ ਵਧਾਉਣ ਦੀ ਸੰਭਾਵਨਾ ਹੈ। ਅਮਰੀਕਾ ਅੰਦਰ ਸਟੇਟਸ ਬਦਲਣ ਵਾਲੇ ਬਿਨੈਕਾਰਾਂ ਨੂੰ ਹਰ ਮਹੀਨੇ ਯੂ.ਐੱਸ.ਸੀ.ਆਈ.ਐੱਸ. ਵੱਲੋਂ ਮਨਜ਼ੂਰ ਕੀਤਾ ਚਾਰਟ ਜ਼ਰੂਰ ਵੇਖਣਾ ਚਾਹੀਦਾ ਹੈ। ਵਿਦੇਸ਼ ਵਿਭਾਗ ਨੇ ਇਹ ਚਿਤਾਵਨੀ ਵੀ ਦਿੱਤੀ ਹੈ ਕਿ ਮੰਗ ਵਧਣ ਜਾਂ ਸਾਲਾਨਾ ਹੱਦ ਪੂਰੀ ਹੋਣ ਦੀ ਸਥਿਤੀ ਵਿਚ ਆਉਣ ਵਾਲੇ ਮਹੀਨਿਆਂ ਦੌਰਾਨ ਤਰੀਕਾਂ ਪਿੱਛੇ ਵੀ ਜਾ ਸਕਦੀਆਂ ਹਨ।

ਸਫਾ 1 ਦਾ ਬਾਕੀ

## ਅਮਰੀਕਾ ਦੋ ਲੱਖ ਟੂਰਿਸਟ ਵੀਜ਼ਾ ਕਰੇਗਾ ਰੱਦ...

ਬੁਲਾਰੇ ਨੇ ਪ੍ਰਭਾਵਿਤ ਲੋਕਾਂ ਦੀ ਅੰਤਿਮ ਗਿਣਤੀ ਦੀ ਪੁਸ਼ਟੀ ਨਹੀਂ ਕੀਤੀ। ਉਨ੍ਹਾਂ ਮੁਤਾਬਕ ਜਾਂਚ ਅਤੇ ਵੀਜ਼ਾ ਰੱਦ ਕਰਨ ਦੀ ਕਾਰਵਾਈ ਲਗਾਤਾਰ ਪੜਾਵਾਂ ਵਿਚ ਹੋ ਸਕਦੀ ਹੈ, ਇਸ ਲਈ ਅੰਕੜਾ ਬਦਲ ਸਕਦਾ ਹੈ।

ਸਭ ਤੋਂ ਮਹੱਤਵਪੂਰਨ ਗੱਲ ਇਹ ਹੈ ਕਿ ਹਾਲੇ ਦੋ ਲੱਖ ਵੀਜ਼ੇ ਰੱਦ ਨਹੀਂ ਕੀਤੇ ਗਏ। ਇਸ ਵੇਲੇ ਇਹ ਤਿਆਰ ਕੀਤੀ ਜਾ ਰਹੀ ਨੀਤੀ ਹੈ ਅਤੇ ਅੰਤਿਮ ਸਰਕਾਰੀ ਹੁਕਮ ਆਉਣਾ ਬਾਕੀ ਹੈ। ਦੂਜਾ, ਬੀ-1 ਜਾਂ ਬੀ-2 ਵੀਜ਼ਾ ਰੱਦ ਹੋਣ ਦਾ ਅਰਥ ਹਰ ਮਾਮਲੇ ਵਿਚ ਤੁਰੰਤ ਗ੍ਰਿਫ਼ਤਾਰੀ ਜਾਂ ਦੇਸ਼ ਨਿਕਾਲਾ ਨਹੀਂ ਹੋਵੇਗਾ। ਜਿਨ੍ਹਾਂ ਲੋਕਾਂ ਦੇ ਪਨਾਹ ਕੇਸ ਵਿਚਾਰ ਅਧੀਨ ਹਨ, ਉਨ੍ਹਾਂ ਦੇ ਕੇਸਾਂ ਦੀ ਸਥਿਤੀ ਵੱਖਰੇ ਇਮੀਗ੍ਰੇਸ਼ਨ ਕਾਨੂੰਨਾਂ ਅਧੀਨ ਤੈਅ ਹੋਵੇਗੀ। ਵੀਜ਼ਾ ਰੱਦ ਹੋਣ ਨਾਲ ਉਹ ਇਸ ਵੀਜ਼ੇ ਦੀ ਵਰਤੋਂ ਕਰਕੇ ਅਮਰੀਕਾ ਵਿਚ ਮੁੜ ਦਾਖ਼ਲ ਨਹੀਂ ਹੋ ਸਕਣਗੇ। ਅਮਰੀਕੀ ਵਿਦੇਸ਼ ਵਿਭਾਗ ਵੀ ਵੀਜ਼ਾ ਰੱਦ ਹੋਣ ਦਾ ਅਰਥ ਉਸਦਾ ਯਾਤਰਾ ਲਈ ਅਯੋਗ ਹੋ ਜਾਣਾ ਦੱਸਦਾ ਹੈ।

ਰਿਪੋਰਟ ਵਿਚ ਕਿਸੇ ਖ਼ਾਸ ਦੇਸ਼ ਜਾਂ ਭਾਰਤੀ ਨਾਗਰਿਕਾਂ ਦੀ ਵੱਖਰੀ ਗਿਣਤੀ ਨਹੀਂ ਦਿੱਤੀ ਗਈ। ਇਸ ਲਈ ਇਹ ਕਹਿਣਾ ਠੀਕ ਨਹੀਂ ਹੋਵੇਗਾ ਕਿ ਕਿੰਨੇ ਭਾਰਤੀ ਪ੍ਰਭਾਵਿਤ ਹੋਣਗੇ। ਸੰਭਾਵਿਤ ਕਾਰਵਾਈ ਨੂੰ ਅਦਾਲਤਾਂ ਵਿਚ ਚੁਣੌਤੀ ਮਿਲਣ ਦੀ ਵੀ ਉਮੀਦ ਹੈ। ਪ੍ਰਭਾਵਿਤ ਵਿਅਕਤੀ ਅਮਰੀਕਾ ਤੋਂ ਬਾਹਰ ਜਾਣ ਜਾਂ ਆਪਣੀ ਯਾਤਰਾ ਦੀ ਯੋਜਨਾ ਬਣਾਉਣ ਤੋਂ ਪਹਿਲਾਂ ਆਪਣੇ ਕੇਸ ਨਾਲ ਸਬੰਧਤ ਨੋਟਿਸ ਦੀ ਜਾਂਚ ਕਰਨ ਅਤੇ ਕਿਸੇ ਯੋਗ ਤੇ ਲਾਇਸੰਸਯੁਕਤ ਇਮੀਗ੍ਰੇਸ਼ਨ ਵਕੀਲ ਨਾਲ ਸਲਾਹ ਕਰਨ।

ਸਫਾ 1 ਦਾ ਬਾਕੀ

## ਇਮੀਗ੍ਰੇਸ਼ਨ ਨੂੰ ਚੋਣਾਂ ਦਾ ਮੁੱਖ ਮੁੱਦਾ ਬਣਾਏਗੀ ਰਿਪਬਲਿਕਨ ...

ਦੂਜੇ ਪਾਸੇ ਕੁਝ ਰਿਪਬਲਿਕਨ ਰਣਨੀਤੀਕਾਰ ਇਸ ਯੋਜਨਾ ਨੂੰ ਜੋਖ਼ਮ ਭਰਿਆ ਮੰਨਦੇ ਹਨ। ਰਾਇਟਰਜ਼ ਮੁਤਾਬਕ ਟਰੰਪ ਦੀ ਮਨਜ਼ੂਰੀ ਦਰ 33 ਫ਼ੀਸਦੀ ਦੇ ਕਰੀਬ ਹੈ ਅਤੇ ਵੋਟਰ ਮਹਿੰਗਾਈ, ਜੀਵਨ-ਯਾਪਨ ਦੀ ਵਧੀ ਲਾਗਤ ਅਤੇ ਇਰਾਨ ਜੰਗ ਦੇ ਆਰਥਿਕ ਪ੍ਰਭਾਵ ਤੋਂ ਚਿੰਤਤ ਹਨ। ਕੁਝ ਸਖ਼ਤ ਮੁਕਾਬਲੇ ਵਾਲੇ ਹਲਕਿਆਂ ਦੇ ਉਮੀਦਵਾਰ ਟਰੰਪ ਨਾਲ ਬਹੁਤ ਨੇੜਤਾ ਦਿਖਾਉਣ ਦੀ ਥਾਂ ਸਥਾਨਕ ਮੁੱਦਿਆਂ ਅਤੇ ਆਜ਼ਾਦ ਵੋਟਰਾਂ ਉੱਤੇ ਧਿਆਨ ਦੇਣਾ ਚਾਹੁੰਦੇ ਹਨ। ਇਹ ਕੋਈ ਨਵਾਂ ਇਮੀਗ੍ਰੇਸ਼ਨ ਕਾਨੂੰਨ ਜਾਂ ਸਰਕਾਰੀ ਹੁਕਮ ਨਹੀਂ, ਸਗੋਂ ਆਉਣ ਵਾਲੀਆਂ ਚੋਣਾਂ ਲਈ ਰਿਪਬਲਿਕਨ ਪਾਰਟੀ ਦੀ ਪ੍ਰਚਾਰ ਰਣਨੀਤੀ ਹੈ।

ਸਫਾ 1 ਦਾ ਬਾਕੀ

## ਅਮਰੀਕਾ ਅੰਦਰ ਹਵਾਈ ਅੱਡਿਆਂ 'ਤੇ ਵਧੀ ਆਈਸ ਦੀ ਕਾਰਵਾਈ...

ਪਹਿਲਾਂ ਸਾਹਮਣੇ ਆਏ ਸੰਘੀ ਅੰਕੜਿਆਂ ਮੁਤਾਬਕ ਆਈਸ ਨੇ ਟੀ.ਐੱਸ.ਏ. ਵੱਲੋਂ ਦਿੱਤੀ ਜਾਣਕਾਰੀ ਦੇ ਆਧਾਰ ਉੱਤੇ 800 ਤੋਂ ਵੱਧ ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਸੀ। ਸਭ ਤੋਂ ਮਹੱਤਵਪੂਰਨ ਗੱਲ ਇਹ ਹੈ ਕਿ ਟੀ.ਐੱਸ.ਏ. ਵੱਲੋਂ ਕੋਈ ਪਛਾਣ ਪੱਤਰ ਸਵੀਕਾਰ ਕੀਤਾ ਜਾਣਾ ਅਤੇ ਵਿਅਕਤੀ ਦਾ ਕਾਨੂੰਨੀ ਇਮੀਗ੍ਰੇਸ਼ਨ ਦਰਜਾ ਹੋਣਾ ਦੋ ਵੱਖਰੇ ਮਾਮਲੇ ਹਨ। ਟੀ.ਐੱਸ.ਏ. ਦੀ ਸਰਕਾਰੀ ਸੂਚੀ ਵਿਚ ਵਿਦੇਸ਼ੀ ਪਾਸਪੋਰਟ, ਗ੍ਰੀਨ ਕਾਰਡ ਅਤੇ ਰੁਜ਼ਗਾਰ ਅਧਿਕਾਰ ਕਾਰਡ ਮੰਨਣਯੋਗ ਪਛਾਣ ਪੱਤਰ ਹਨ। ਪਰ ਸੁਰੱਖਿਆ ਜਾਂਚ ਪਾਰ ਕਰਨ ਲਈ ਮੰਨਣਯੋਗ ਪਛਾਣ ਹੋਣ ਦਾ ਇਹ ਮਤਲਬ ਨਹੀਂ ਕਿ ਆਈਸ ਉਸ ਵਿਅਕਤੀ ਨੂੰ ਪੁੱਛਗਿੱਛ ਜਾਂ ਗ੍ਰਿਫ਼ਤਾਰੀ ਤੋਂ ਛੋਟ ਦੇਵੇਗੀ। ਵਰਕ ਪਰਮਿਟ ਵੀ ਸਿਰਫ਼ ਕੰਮ ਕਰਨ ਦੀ ਇਜਾਜ਼ਤ ਦਿੰਦਾ ਹੈ; ਇਹ ਆਪਣੇ ਆਪ ਸਥਾਈ ਕਾਨੂੰਨੀ ਦਰਜਾ ਜਾਂ ਡਿਪੋਰਟੇਸ਼ਨ ਤੋਂ ਪੂਰੀ ਸੁਰੱਖਿਆ ਨਹੀਂ ਹੈ। ਇਸੇ ਤਰ੍ਹਾਂ ਵਿਆਹ-ਆਧਾਰਿਤ ਗ੍ਰੀਨ ਕਾਰਡ, ਸ਼ਰਨ, ਦਰਜਾ ਬਦਲਣ ਜਾਂ ਕਿਸੇ ਹੋਰ ਅਰਜ਼ੀ ਦਾ ਲੰਬਿਤ ਹੋਣਾ ਵੀ ਹਰ ਕੇਸ ਵਿਚ ਗ੍ਰਿਫ਼ਤਾਰੀ ਨੂੰ ਨਹੀਂ ਰੋਕਦਾ। ਖ਼ਾਸ ਤੌਰ ਉੱਤੇ ਪੁਰਾਣਾ ਡਿਪੋਰਟੇਸ਼ਨ ਹੁਕਮ, ਮਿਆਦ ਪੁੱਗਿਆ ਦਾਖ਼ਲਾ ਰਿਕਾਰਡ ਜਾਂ ਅਣਸੁਲਝੀ ਅਦਾਲਤੀ ਕਾਰਵਾਈ ਹੋਣ ਉੱਤੇ ਖ਼ਤਰਾ ਵਧ ਸਕਦਾ ਹੈ।

ਇਸ ਲਈ ਅਨਿਸ਼ਚਿਤ ਇਮੀਗ੍ਰੇਸ਼ਨ ਦਰਜੇ ਵਾਲੇ ਵਿਅਕਤੀ ਘਰੇਲੂ ਉਡਾਣ ਬੁੱਕ ਕਰਨ ਤੋਂ ਪਹਿਲਾਂ ਆਪਣੇ ਕੇਸ ਦੇ ਸਾਰੇ ਦਸਤਾਵੇਜ਼ ਕਿਸੇ ਯੋਗ ਅਤੇ ਲਾਇਸੈਂਸਸ਼ੁਦਾ ਇਮੀਗ੍ਰੇਸ਼ਨ ਵਕੀਲ ਤੋਂ ਜਾਂਚ ਕਰਵਾਉਣ। ਇਹ ਖ਼ਬਰ ਆਮ ਜਾਣਕਾਰੀ ਲਈ ਹੈ ਅਤੇ ਨਿੱਜੀ ਕਾਨੂੰਨੀ ਸਲਾਹ ਨਹੀਂ ਹੈ।

ਸਫਾ 1 ਦਾ ਬਾਕੀ

## ਐਰੀਜ਼ੋਨਾ 'ਚ ਇਮੀਗ੍ਰੈਂਟ ਟਰੱਕ ਡਰਾਈਵਰਾਂ 'ਤੇ ਬਾਰਡਰ ਪੈਟਰੋਲ...

ਫੈਡਰਲ ਅਧਿਕਾਰੀਆਂ ਨੇ ਇਹ ਵੀ ਕਿਹਾ ਹੈ ਕਿ ਕਮਰਸ਼ੀਅਲ ਡਰਾਈਵਰਾਂ ਲਈ ਸੜਕ ਸੁਰੱਖਿਆ ਦੇ ਨਿਯਮਾਂ ਦੀ ਸਖ਼ਤ ਪਾਲਣਾ ਕਰਵਾਈ ਜਾ ਰਹੀ ਹੈ। ਇਸ ਵਿਚ ਡਰਾਈਵਰ ਦੀ ਅੰਗਰੇਜ਼ੀ ਸਮਝਣ ਦੀ ਸਮਰੱਥਾ, ਸੜਕ ਚਿੰਨ੍ਹ ਪੜ੍ਹ ਸਕਣਾ ਅਤੇ ਜਾਂਚ ਦੌਰਾਨ ਅਧਿਕਾਰੀਆਂ ਨਾਲ ਸਹੀ ਤਰੀਕੇ ਨਾਲ ਸੰਚਾਰ ਕਰਨਾ ਵੀ ਸ਼ਾਮਲ ਹੈ। ਫੈਡਰਲ ਮੋਟਰ ਕੈਰੀਅਰ ਸੇਫਟੀ ਐਡਮਿਨਿਸਟ੍ਰੇਸ਼ਨ ਵੱਲੋਂ ਇਨ੍ਹਾਂ ਨਿਯਮਾਂ ਦੀ ਲਾਗੂਅਤ ਹੋਰ ਸਖ਼ਤ ਕੀਤੇ ਜਾਣ ਤੋਂ ਬਾਅਦ ਗੈਰ-ਨਿਵਾਸੀ ਸੀ.ਡੀ.ਐੱਲ ਵਾਲੇ ਡਰਾਈਵਰਾਂ ਉੱਤੇ ਨਿਗਰਾਨੀ ਵਧੀ ਹੈ।

ਯੁਮਾ ਖੇਤਰ ਵਿਚ ਚਲਾਈ ਗਈ "ਓਪਰੇਸ਼ਨ ਚੈਕਮੇਟ" ਦੌਰਾਨ ਦਰਜਨਾਂ ਲੋਕਾਂ ਨੂੰ ਹਿਰਾਸਤ ਵਿਚ ਲਏ ਜਾਣ ਦੀ ਜਾਣਕਾਰੀ ਵੀ ਸਾਹਮਣੇ ਆਈ ਸੀ, ਜਿਨ੍ਹਾਂ ਵਿਚ ਕਈ ਕਮਰਸ਼ੀਅਲ ਟਰੱਕ ਡਰਾਈਵਰ ਸ਼ਾਮਲ ਸਨ। ਕੁਝ ਮਾਮਲਿਆਂ ਵਿਚ ਡਰਾਈਵਰਾਂ ਨੂੰ ਹਿਰਾਸਤ ਵਿਚ ਲੈਣ ਤੋਂ ਬਾਅਦ ਉਨ੍ਹਾਂ ਦੇ ਟਰੱਕ ਅਤੇ ਲੋਡ ਸੜਕ ਕਿਨਾਰੇ ਛੱਡਣੇ ਪਏ, ਜਿਸ ਨਾਲ ਟਰੱਕਿੰਗ ਕੰਪਨੀਆਂ ਨੂੰ ਵੀ ਵੱਡੀ ਆਰਥਿਕ ਮੁਸ਼ਕਲ ਪੈ ਸਕਦੀ ਹੈ। ਇਸ ਜਾਂਚ ਰਿਪੋਰਟ ਵਿਚ ਪੰਜਾਬੀ ਮੂਲ ਦੇ ਇੱਕ ਡਰਾਈਵਰ ਦਾ ਮਾਮਲਾ ਵੀ ਦਰਸਾਇਆ ਗਿਆ ਹੈ, ਜਿਸ ਨੇ ਦਾਅਵਾ ਕੀਤਾ ਕਿ ਉਸ ਕੋਲ ਕੈਲੀਫੋਰਨੀਆ ਦਾ ਵੈਧ ਸੀ.ਡੀ.ਐੱਲ ਅਤੇ ਪੈਂਡਿੰਗ ਅਸਾਇਲਮ ਕੇਸ ਨਾਲ ਜੁੜਿਆ ਵਰਕ ਪਰਮਿਟ ਹੋਣ ਦੇ ਬਾਵਜੂਦ ਉਸ ਨੂੰ ਕਿੰਗਮੈਨ ਨੇੜੇ ਰੋਕ ਕੇ ਹਿਰਾਸਤ ਵਿਚ ਲਿਆ ਗਿਆ। ਉਸਦੇ ਰੈਫ੍ਰਿਜਰੇਟਡ ਟਰੱਕ ਵਿਚ ਹਜ਼ਾਰਾਂ ਪੌਂਡ ਫਰੋਜ਼ਨ ਫੂਡ ਸੀ।

ਸਿੱਖ ਅਤੇ ਇਮੀਗ੍ਰੇਸ਼ਨ ਰਾਈਟਸ ਆਰਗੇਨਾਈਜ਼ੇਸ਼ਨ ਨੇ ਚਿੰਤਾ ਜਤਾਈ ਹੈ ਕਿ ਇਸ ਤਰ੍ਹਾਂ ਦੀ ਇਨਫੋਰਸਮੈਂਟ ਦੌਰਾਨ ਪੰਜਾਬੀ ਅਤੇ ਸਿੱਖ ਟਰੱਕ ਡਰਾਈਵਰਾਂ ਨੂੰ ਪ੍ਰੋਫਾਈਲਿੰਗ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਦੂਜੇ ਪਾਸੇ ਫੈਡਰਲ ਅਧਿਕਾਰੀ ਇਸ ਕਾਰਵਾਈ ਨੂੰ ਇਮੀਗ੍ਰੇਸ਼ਨ ਕਾਨੂੰਨਾਂ ਅਤੇ ਹਾਈਵੇਅ ਸੇਫਟੀ ਰੂਲਸ ਦੀ ਲਾਗੂਅਤ ਦਾ ਹਿੱਸਾ ਦੱਸ ਰਹੇ ਹਨ। ਇਸ ਕਾਰਵਾਈ ਨਾਲ ਅਮਰੀਕਾ ਭਰ ਦੇ ਇਮੀਗਰਾਂਟ ਟਰੱਕ ਡਰਾਈਵਰਾਂ ਵਿਚ ਚਿੰਤਾ ਵਧੀ ਹੈ ਕਿ ਵੈਧ ਵਰਕ ਪਰਮਿਟ ਅਤੇ ਸੀ.ਡੀ.ਐੱਲ. ਹੋਣ ਦੇ ਬਾਵਜੂਦ ਵੀ ਉਨ੍ਹਾਂ ਦੇ ਇਮੀਗ੍ਰੇਸ਼ ਸਟੇਟਸ ਦੀ ਜਾਂਚ ਹੋ ਸਕਦੀ ਹੈ ਅਤੇ ਕੁਝ ਹਾਲਾਤਾਂ ਵਿਚ ਡਿਟੈਨਸ਼ਨ ਜਾਂ ਹਟਾਉਣ ਦੀ ਕਾਰਵਾਈ ਦਾ ਸਾਹਮਣਾ ਕਰਨਾ ਪੈ ਸਕਦਾ ਹੈ।

## ਬਰਸੀ ’ਤੇ ਵਿਸ਼ੇਸ਼

# ਅੱਧੀ ਤੇਰੀ ਆਂ ਮੁਲ੍ਹਾਜੇਦਾਰਾ....

ਸ਼ਿਵਚਰਨ ਜੱਗੀ ਕੁੱਸਾ
ਪੰਜਾਬ ਮੇਲ USA





ਰਾਜਕੁਮਾਰੀ ਡਿਆਨਾ ਦੀ ਇੱਕ ਅਜੀਬ ਅਤੇ ਅਧੂਰੀ ਕਹਾਣੀ ਹੈ। ਜੋ ਮੇਰੇ ਅੰਦਾਜ਼ੇ ਅਨੁਸਾਰ ਕਦੇ ਵੀ ਸੰਪੂਰਨ ਨਹੀਂ ਹੋ ਸਕੇਗੀ। ਉਸ ਦੀ ਨਿੱਕੀ ਜਿਹੀ ਜ਼ਿੰਦਗੀ ਵਿਚ ਬੜੀਆਂ ਭਿਆਨਕ ਹਵਾਵਾਂ ਵਗੀਆਂ ਅਤੇ ਕਈ ਖ਼ੌਫ਼ਨਾਕ ਝੱਖੜ ਝੁੱਲੇ। ਪਰ ਫਿਰ ਵੀ ਉਹ ਕਤਰਾ-ਕਤਰਾ ਜ਼ਿੰਦਗੀ ਨੂੰ ਘੁੱਟ-ਘੁੱਟ ਕੇ ਜਿਉਂਦੀ ਰਹੀ। ਡਿਆਨਾ ਇੱਕ ਮੱਧ-ਵਰਗੀ ਪ੍ਰੀਵਾਰ ’ਚੋਂ ਉਠ ਕੇ ਕਿਸਮਤ ਆਸਰੇ “ਰਾਜਕੁਮਾਰੀ” ਬਣੀ। ਪਰ ਉਸ ਦਰਵੇਸ਼ ਕਿਸਮ ਦੀ ਡਿਆਨਾ ਨਾਲ ਜ਼ਿੰਦਗੀ ਨੇ ਕਦੇ ਵੀ ਵਫ਼ਾ ਨਾ ਕੀਤਾ। ਪ੍ਰਿੰਸ ਚਾਰਲਸ ਦੀ ਮੰਗੇਤਰ ਬਣਨ ਉਪਰੰਤ ਉਹ ਰਾਤੋ-ਰਾਤ ਸੰਸਾਰ ਪੱਧਰ ਦੇ ਮੀਡੀਆ ਵਿਚ ਚਰਚਿਤ ਹੋਈ।

ਇਤਨੇ ਵੱਡੇ ਘਰਾਣੇ ਦੀ ਨੂੰਹ ਬਣਨ ਤੋਂ ਬਾਅਦ ਵੀ ਉਹ ਪਤੀ ਦੇ ਪ੍ਰੇਮ ਵਿਚ ਭਟਕਦੀ ਰਹੀ, ਉਸ ਦੇ ਅਰਮਾਨ ਤਿੜਕ-ਤਿੜਕ ਟੁੱਟਦੇ ਰਹੇ ਅਤੇ ਭਾਵਨਾਵਾਂ ਲਹੂ-ਲੁਹਾਣ ਹੋ-ਹੋ ਕੇ ਮਰਦੀਆਂ ਰਹੀਆਂ। ਜ਼ਖਮੀ ਦਿਲ ਸਹਿਕਦਾ ਰਿਹਾ। ਤਰੇੜੋ-ਤਰੇੜੀ ਹੋਈ ਆਤਮਾ ਤੁਪਕਾ-ਤੁਪਕਾ ਹੋ ਕੇ ਚੋਂਦੀ ਰਹੀ, ਤਾਂ ਉਸ ਨੇ ਪੱਥਰ ਦੇ ਮਹੱਲਾਂ ਵਿਚੋਂ ਬਾਹਰਲੀ ਕੋਮਲ ਦੁਨੀਆਂ ਵੱਲ ਝਾਤੀ ਮਾਰਨੀ ਸ਼ੁਰੂ ਕਰ ਦਿੱਤੀ। ਪਰ ਪੱਲੇ ਫਿਰ ਵੀ ਉਸ ਦੇ ਨਿਰਾਸ਼ਾ ਹੀ ਪਈ! ਨਿਰਾਸ਼ਾ ਉਸ ਦੀ ਸਕੀ-ਸਹੇਲੀ ਸੀ ਅਤੇ ਖ਼ੁਸ਼ੀ-ਆਸ ਨਿਰੀ ਸੌਕਣ! ਹਰ ਬੰਦੇ ਨੂੰ ਜ਼ਿੰਦਗੀ ਵਿਚ ਇਸ਼ਕ-ਪ੍ਰੇਮ ਨਸੀਬ ਹੁੰਦਾ ਹੈ, ਪਰ ਕਿਸੇ ਨੂੰ ਇਸ਼ਕ ਜਾਂ ਪ੍ਰੇਮ ਕਰਨਾ ਅਤੇ ਕਿਸੇ ਨੂੰ ਕਰਵਾਉਣਾ ਨਹੀਂ ਆਉਂਦਾ। ਕੋਈ ਮਾਣ-ਮੱਤੀ, ਕੋਈ ਮੂੜ੍ਹ-ਮੱਤੀ, ਕੋਈ ਆਪ-ਮੱਤੀ ਅਤੇ ਕੋਈ ਹਉਂ-ਮੱਤੀ...! ਕਈ ਐਹੋ ਜਿਹੀਆਂ ਨਿਰ-ਮੱਤੀਆਂ ਵੀ ਹੁੰਦੀਆਂ ਹਨ, ਜਿਹੜੀਆਂ ਆਖਦੀਆਂ ਹਨ, “ਅੱਧੀ ਤੇਰੀ ਆਂ ਮੁਲ੍ਹਾਜੇਦਾਰਾ - ਅੱਧੀ ਆਂ ਗਰੀਬ ਜੱਟ ਦੀ....!” ਅਰਥਾਤ ਇੱਕੋ ਸਮੇਂ ਦੋ ਬੇੜੀਆਂ ਵਿਚ ਪੈਰ! ਪਰ ਡਿਆਨਾ ਬੜੀ ਭੋਲ਼ੀ-ਭਾਲ਼ੀ ਸੀ, ਨਿਆਣ-ਮੱਤੀ....!

ਵਿਆਹੁਤਾ ਜ਼ਿੰਦਗੀ ਦੌਰਾਨ ਦੋ ਪੁੱਤਰਾਂ ਦੀ ਆਮਦ ਨੇ ਵੀ ਉਸ ਨੂੰ ਸੰਤੁਸ਼ਟ ਨਾ ਕੀਤਾ ਅਤੇ ਮ੍ਰਿਗ-ਤ੍ਰਿਸ਼ਨਾ ਵਿਚ ਭਟਕੀ ਉਹ ਰੋਹੀ-ਬੀਆਬਾਨ ਦੇ ਔਝੜ ਰਸਤੇ ਪੈ ਗਈ, ਇੱਕ ਤਰ੍ਹਾਂ ਨਾਲ ਬਿਖੜੇ ਪੈਂਡੇ! ਜਿਸ ਬਾਹਰਲੀ ਦੁਨੀਆਂ ਨੂੰ ਉਸ ਨੇ ਕੋਮਲ ਅਤੇ ਹੁਸੀਨ ਚਿਤਵਿਆ ਸੀ, ਉਹ ਵੀ ਉਸ ਲਈ ਮਲ੍ਹੇ-ਝਾੜੀਆਂ ਹੀ ਸਿੱਧ ਹੋਏ ਅਤੇ ਉਹ ਖੰਡਰਾਂ ਦਾ ਸਫ਼ਰ ਤਹਿ ਕਰ ਕੇ, ਜਾਂ ਕਹੋ ਅਣਮਿਥੀ ਮੰਜ਼ਿਲ ਵਿਚਕਾਰ ਹੀ ਛੱਡ, 31 ਅਗਸਤ 1997 ਨੂੰ ਇਸ ਫ਼ਾਨੀ ਸੰਸਾਰ ਨੂੰ “ਅਲਵਿਦਾ” ਆਖ ਗਈ ਅਤੇ ਪਿੱਛੇ ਛੱਡ ਗਈ ਇੱਕ ਬਹੁਤ ਵੱਡਾ ਰਹੱਸ, ਜਿਹੜਾ ਸ਼ਾਇਦ “ਖੋਜੀਆਂ” ਲਈ ਇੱਕ “ਕਿਆਫ਼ਾ” ਹੀ ਬਣਿਆ ਰਹੇਗਾ! ਉਸ ਦੀ ਪ੍ਰੇਮ ਅਤੇ ਦੁਖਾਂਤ ਨਾਲ ਭਰਪੂਰ ਕਹਾਣੀ ਇੱਕੋ ਸਮੇਂ ਹੀ ਸ਼ੁਰੂ ਹੋਈ ਅਤੇ ਉਸ ਦੇ ਮਰਨ ਤੱਕ ਨਿਰੰਤਰ ਚਲਦੀ ਰਹੀ। ਉਸ ਦੇ ਤੁਰ ਜਾਣ ਤੋਂ ਬਾਅਦ ਬੜੀਆਂ ਹੀ ਹੈਰਾਨੀਜਨਕ ਗੱਲਾਂ ਸੁਣਨ ਅਤੇ ਦੇਖਣ ਨੂੰ ਮਿਲੀਆਂ।

ਡਿਆਨਾ ਦੀ ਪੱਕੀ ਦੋਸਤ ਅਤੇ ਪਾਕਿਸਤਾਨ ਦੇ ਪ੍ਰਸਿੱਧ ਕ੍ਰਿਕਟ ਖਿਡਾਰੀ ਅਤੇ ਪਾਕਿਸਤਾਨ ਦੇ ਮੌਜੂਦਾ ਪ੍ਰਧਾਨ ਮੰਤਰੀ ਇਮਰਾਨ ਖਾਨ ਦੀ (ਹੁਣ ਸਾਬਕਾ) ਪਤਨੀ ਜੇਮੀਨਾ ਗੋਲਡਸਮਿੱਥ ਦਾ ਕਹਿਣਾ ਹੈ, “ਡਿਆਨਾ ਦਾ ਇਸ਼ਕ ਇੱਕ ਪਾਕਿਸਤਾਨੀ ਮੂਲ ਦੇ ਹਾਰਟ-ਸਪੈਸ਼ਲਿਸਟ ਅਤੇ ਲੰਡਨ ਵਸਦੇ ਡਾਕਟਰ ਹਸਨਤ ਖ਼ਾਨ ਨਾਲ ਤਕਰੀਬਨ ਦੋ ਸਾਲ ਲਗਾਤਾਰ ਚੱਲਿਆ। ਡਿਆਨਾ ਉਸ ਨਾਲ ਸ਼ਾਦੀ ਕਰਨਾ ਚਾਹੁੰਦੀ ਸੀ। ਉਹ ਹਮੇਸ਼ਾ ਦਾਅਵੇ ਨਾਲ ਇਹ ਹੀ ਕਹਿੰਦੀ ਰਹੀ ਕਿ ਡਾਕਟਰ ਹਸਨਤ ਖਾਨ ਉਸ ਦੀ ਜ਼ਿੰਦਗੀ ਦਾ ਬਿਹਤਰੀਨ ਪਾਰਟਨਰ ਹੋਵੇਗਾ। ਪਰ ਅਫ਼ਸੋਸ! ਉਸ ਦੀ ਇਹ ਖ਼ਾਹਿਸ਼ ਪੂਰੀ ਨਾ ਹੋ ਸਕੀ...!”

ਡਿਆਨਾ ਨੇ ਜੇਮੀਨਾ ਗੋਲਡਸਮਿੱਥ ਨੂੰ ਇਸ ਪ੍ਰਤੀ ਅਪੀਲ ਵੀ ਕੀਤੀ ਸੀ ਕਿ ਉਹ ਡਾਕਟਰ ਹਸਨਤ ਖ਼ਾਨ ਨਾਲ ਸ਼ਾਦੀ ਬਾਰੇ ਗੱਲਬਾਤ ਕਰੇ ਅਤੇ ਲੋੜੀਂਦਾ ਸਹਿਯੋਗ ਦੇਵੇ। ਜਰਮਨੀ ਦੇ ਇੱਕ ਮਸ਼ਹੂਰ ਰਸਾਲੇ “ਬੂੰਟੇ” ਅਨੁਸਾਰ ਡਿਆਨਾ ਨੇ ਡੋਡੀ ਅਲ-ਫ਼ਾਇਦ ਨੂੰ ਸਿਰਫ਼ ਇੱਕ “ਸ਼ਤਰੰਜ” ਵਜੋਂ ਵਰਤਣਾ ਚਾਹਿਆ। ਅਰਥਾਤ ਡੋਡੀ ਅਲ-ਫ਼ਾਇਦ ਉਸ ਦਾ ਮਨ ਚਾਹਿਆ ਪ੍ਰੇਮੀ ਨਹੀਂ, ਸਗੋਂ “ਮੌਕੇ ਦਾ ਹਥਿਆਰ” ਸੀ! ਜਿਸ ਦੀ ਨੁਮਾਇਸ਼ ਕਰਕੇ ਉਹ ਡਾਕਟਰ ਖ਼ਾਨ ਨੂੰ ਆਪਣੇ ਨੇੜੇ ਲਿਆਉਣਾ ਚਾਹੁੰਦੀ ਸੀ। ਡਿਆਨਾ ਦਾ ਅਨੁਮਾਨ ਸੀ ਕਿ ਜੇ ਉਹ ਆਪਣੇ ਆਪ ਨੂੰ ਡੋਡੀ ਦੀ ਪ੍ਰੇਮਿਕਾ ਹੋਣ ਦਾ ਵਿਖਾਵਾ ਕਰੇਗੀ, ਤਾਂ ਸ਼ਾਇਦ 40 ਸਾਲਾ ਡਾਕਟਰ ਖਾਨ ਉਸ ਨਾਲ ਜਲਦੀ ਸ਼ਾਦੀ ਰਚਾ ਲਵੇਗਾ। ਪਰ ਇਸ ਹਥਿਆਰ ਨੇ ਵੀ ਉਸ ਨਾਲ ਵਫ਼ਾਈ ਨਾ ਕੀਤੀ।

ਡਿਆਨਾ ਅਤੇ ਡਾਕਟਰ ਹਸਨਤ ਖ਼ਾਨ ਦਾ ਪ੍ਰੇਮ-ਕਿੱਸਾ ਕਿਸੇ ਤੋਂ ਛੁਪਿਆ ਹੋਇਆ ਨਹੀਂ। ਉਸ ਪ੍ਰੇਮ-ਪਿਆਸੀ ਰਾਜਕੁਮਾਰੀ ਨੇ ਹਸਨਤ ਖ਼ਾਨ ਨੂੰ ਪਾਉਣ ਲਈ ਕਿਹੜੀ-ਕਿਹੜੀ ਜੱਦੋਜਹਿਦ ਨਹੀਂ ਕੀਤੀ? ਕੀ-ਕੀ ਪਾਪੜ ਨਹੀਂ ਵੇਲੇ? ਇਸ ਬਾਰੇ ਪ੍ਰਸਿੱਧ ਲੇਡੀ ਜਰਨਲਿਸਟ ਸੈਲੀ ਬੈਡਲ ਨੇ ਐਲਸਾ ਬੋਕਰ ਦੀ ਡਿਆਨਾ ਨਾਲ ਕੀਤੀ ਇੰਟਰਵਿਊ ਦਾ ਵੀ ਜ਼ਿਕਰ ਕੀਤਾ ਹੈ।

ਡਾਕਟਰ ਹਸਨਤ ਖ਼ਾਨ ਨਾਲ ਡਿਆਨਾ ਦਾ ਪ੍ਰੇਮ-ਕਿੱਸਾ ਸਤੰਬਰ 1995 ਵਿਚ ਸ਼ੁਰੂ ਹੋਇਆ। ਉਹ ਇਕ ਵਾਰ “ਰੌਇਲ ਬਰੈਂਪਟਨ ਹੌਸਪੀਟਲ ਲੰਡਨ” ਗਈ। ਉਥੇ ਉਸ ਦੀ ਬਣਦੇ-ਤਣਦੇ, ਪਰ ਸ਼ਰਮਾਕਲ ਡਾਕਟਰ ਹਸਨਤ ਖ਼ਾਨ ਨਾਲ ਜਾਣ-ਪਹਿਚਾਣ ਹੋਈ। ਇੱਕ ਅਹਿਮ ਆਪਰੇਸ਼ਨ ਦੌਰਾਨ ਡਿਆਨਾ ਆਪਰੇਸ਼ਨ-ਥੀਏਟਰ ਵਿਚ ਹਾਜ਼ਰ ਸੀ ਅਤੇ ਡਾਕਟਰ ਹਸਨਤ ਖ਼ਾਨ ਆਪਣੀ ਟੀਮ ਨਾਲ ਕਿਸੇ ਮਰੀਜ਼ ਦਾ ਆਪਰੇਸ਼ਨ ਕਰ ਰਿਹਾ ਸੀ। ਇਹ ਫ਼ੋਟੋ ਵੀ ਵਿਸ਼ਵ-ਪੱਧਰ ’ਤੇ ਮੀਡੀਆ ਵੱਲੋਂ ਦਿਖਾਈ ਗਈ ਸੀ। ਬੱਸ! ਉਥੇ ਹੀ ਉਹ ਸਿਰ ਤੋਂ ਲੈ ਕੇ ਪੈਰਾਂ ਤੱਕ ਡਾਕਟਰ ਖ਼ਾਨ ’ਤੇ ਮਰ-ਮਿਟੀ ਅਤੇ “ਨੈਟੀ” ਨੂੰ ਆਪਣਾ ਦਿਲ ਦੇ ਬੈਠੀ। ਹਸਨਤ ਖ਼ਾਨ ਨੂੰ ਉਸ ਦੇ ਯਾਰ-ਮਿੱਤਰ ਅਤੇ ਉਸ ਦੀ ਸਾਰੀ ਟੀਮ “ਨੈਟੀ” ਆਖ ਕੇ ਬੁਲਾਉਂਦੀ ਸੀ। ਜਰਮਨੀ ਦੇ ਮਾਸਿਕ ਪੱਤਰ “ਬੂੰਟੇ” ਮੁਤਾਬਿਕ, “ਕਿਉਂਕਿ ਹਸਨਤ ਉਸ ਨਾਲ ਬਹੁਤੀ ਅੱਖ ਨਹੀਂ ਮਿਲਾਉਂਦਾ ਸੀ, ਇਸ ਕਰਕੇ ਉਹ ਉਸ ਨੂੰ ਆਕਰਸ਼ਤ ਕਰਨ ਲਈ ਸਲਵਾਰ-ਕਮੀਜ਼ ਪਹਿਨ ਕੇ ਵੀ ਉਸ ਦੇ ਸਾਹਮਣੇ ਆਈ, ਤਾਂ ਕਿ ਡਾਕਟਰ ਦਾ ਧਿਆਨ-ਬਿੰਦੂ ਆਪਣੇ ਵੱਲ ਖਿੱਚਿਆ ਜਾ ਸਕੇ।”

ਜਦ ਉਹ ਡਾਕਟਰ ਖ਼ਾਨ ਨੂੰ ਆਪਣੇ ਵੱਲ ਖਿੱਚਣ ਵਿਚ ਕਾਮਯਾਬ ਹੋ ਗਈ, ਤਾਂ ਉਹ ਕਈ ਵਾਰ ਡਿਆਨਾ ਦੇ ਕਿੰਨਸਿੰਗਟਨ ਮਹੱਲ ਦੇ ਅਪਾਰਟਮੈਂਟ ਵਿਚ ਮਿਲੇ। ਇਸ ਅਪਾਰਟਮੈਂਟ ਵਿਚ ਡਾਕਟਰ ਖ਼ਾਨ ਦੀ ਹਰ “ਸੁੱਖ-ਸਹੂਲਤ” ਦਾ ਵਿਸ਼ੇਸ਼ ਤੌਰ ’ਤੇ “ਖਿਆਲ” ਰੱਖਿਆ ਗਿਆ! ਇਨ੍ਹਾਂ ਮਿਲਣੀਆਂ ਤੋਂ ਬਾਅਦ ਡਿਆਨਾ ਨੇ ਡਾਕਟਰ ਖ਼ਾਨ ਨੂੰ “ਸ਼ਹਿਦ ਵਾਂਗ ਮਿੱਠਾ” ਬਿਆਨ ਕੀਤਾ। ਐਲਸਾ ਬੋਕਰ ਨੇ ਦੱਸਿਆ; ਡਾਕਟਰ ਖ਼ਾਨ ਨੇ ਡਿਆਨਾ ਦੀਆਂ ਪ੍ਰੇਮ-ਭਾਵਨਾਵਾਂ ਦੀ ਤਰਜ਼ਮਾਨੀ ਕੀਤੀ ਅਤੇ ਉਹ ਮਾਨਸਿਕ ਤੌਰ ’ਤੇ ਪੂਰੀ ਸੰਤੁਸ਼ਟ ਅਤੇ ਹਲਕੀ-ਹਲਕੀ ਸੀ। ਐਲਸਾ ਬੋਕਰ ਨੇ ਇਹ ਵੀ ਕਿਹਾ ਕਿ ਡਿਆਨਾ ਡਾਕਟਰ ਲਈ ਸਭ ਕੁਝ ਕਰਨ ਲਈ ਤਿਆਰ ਸੀ, ਇੱਥੋਂ ਤੱਕ ਕਿ ਉਹ ਉਸ ਲਈ ਇਸਲਾਮ ਧਰਮ ਕਬੂਲ ਕਰਨ ਲਈ ਵੀ ਰਾਜ਼ੀ ਹੋ ਗਈ ਸੀ। ਡਿਆਨਾ ਨੇ ਖੁਦ ਬੋਕਰ ਨੂੰ ਦੱਸਿਆ ਕਿ ਮੈਂ ਆਪਣੀ ਜ਼ਿੰਦਗੀ ਦੀ ਮਨਚਾਹੀ ਮੰਜ਼ਿਲ ਪਾ ਲਈ ਹੈ। ਉਸ ਨੇ ਮੈਨੂੰ ਉਹ ਸਾਰਾ ਕੁਝ ਦਿੱਤਾ, ਜੋ ਮੈਨੂੰ ਚਾਹੀਦਾ ਸੀ।

ਫਿਰ ਡਿਆਨਾ ਨੇ ਇੱਕ ਘੋਰ ਵੱਡੀ ਗਲਤੀ ਕੀਤੀ। ਉਸ ਨੇ ਹਸਨਤ ਖ਼ਾਨ ਨੂੰ ਹਸਪਤਾਲ ਫ਼ੋਨ ਕੀਤਾ ਅਤੇ ਤੁਰੰਤ ਮਿਲਣ ਲਈ ਕਿਹਾ। ਉਸ ਨੇ ਇਹ ਵੀ ਦੁਹਰਾਇਆ ਕਿ ਮੈਂ ਤੇਰੇ ਨਾਲ ਹੁਣੇ ਹੀ ਮਿਲ ਕੇ ਗੱਲ ਕਰਨੀ ਹੈ, ਚਾਹੇ ਤੂੰ ਆਪਰੇਸ਼ਨ ਹੀ ਕਿਉਂ ਨਾ ਕਰ ਰਿਹਾ ਹੋਵੇਂ! ਉਸ ਨੇ ਉਸ ਨੂੰ ਪਾਗਲਪਨ ਦੀ ਹੱਦ ਤੱਕ ਪਾਉਣਾ ਚਾਹਿਆ। ਉਸ ਨੇ ਇਹ ਨਹੀਂ ਸੋਚਿਆ ਕਿ ਇਸ ਨਾਲ ਡਾਕਟਰ ਦੇ ਕੈਰੀਅਰ ’ਤੇ ਪ੍ਰਸ਼ਨ-ਚਿੰਨ੍ਹ ਲੱਗ ਸਕਦਾ ਸੀ! ਡਿਆਨਾ ਨੇ ਹਸਪਤਾਲ ਦੇ ਪ੍ਰੋਫ਼ੈਸਰ ਕਰਿਸਟੀਅਨ ਬਿਰਨਾਰਡ ਨੂੰ ਵੀ ਫ਼ੋਨ ਕਰ ਕੇ ਪੁੱਛਿਆ ਕਿ ਕੀ ਉਹ ਹਸਨਤ ਖ਼ਾਨ ਨੂੰ ਸਾਊਥ ਅਫ਼ਰੀਕਾ ਦੇ ਪ੍ਰਮੁੱਖ ਸ਼ਹਿਰ ਕੈਪਸਟਾਡ ਵਿਚ ਜੌਬ ਨਹੀਂ ਦੇ ਸਕਦਾ? ਉਥੇ ਉਸ ਵਕਤ ਡਿਆਨਾ ਦਾ ਭਰਾ ਰਹਿ ਰਿਹਾ ਸੀ। ਇਸ ਬਾਰੇ ਜਦੋਂ ਡਾਕਟਰ ਖ਼ਾਨ ਨੂੰ ਪਤਾ ਲੱਗਿਆ, ਤਾਂ ਉਸ ਨੂੰ ਡਿਆਨਾ ਦਾ ਇਹ ਬੇਹੂਦਾ ਵਤੀਰਾ ਚੰਗਾ ਨਾ ਲੱਗਿਆ।

ਡਿਆਨਾ ਨੇ ਪ੍ਰੋਫ਼ੈਸਰ ਬਿਰਨਾਰਡ ਨੂੰ ਇਹ ਵੀ ਕਿਹਾ ਕਿ ਉਹ ਡਾਕਟਰ ਖ਼ਾਨ ਨਾਲ ਸ਼ਾਦੀ ਕਰਕੇ ਕਈ ਧੀਆਂ ਜੰਮਣੀਆਂ ਚਾਹੁੰਦੀ ਹੈ। ਉਸ ਦੀਆਂ ਇਨ੍ਹਾਂ “ਕਮਲ਼ੀਆਂ ਗੱਲਾਂ” ਕਾਰਨ ਡਾਕਟਰ ਖ਼ਾਨ ਉਸ ਤੋਂ ਕਿਨਾਰਾ ਕਰਨ ਲੱਗ ਪਿਆ। ਐਲਸੇ ਬੋਕਰ ਅਨੁਸਾਰ ਡਿਆਨਾ ਦੀ ਸਭ ਤੋਂ ਵੱਡੀ ਗਲਤੀ ਇਹ ਸੀ ਕਿ ਉਹ ਮਈ 1997 ਵਿਚ ਡਾਕਟਰ ਨੂੰ ਦੱਸਣ ਤੋਂ ਬਗੈਰ ਹੀ ਪਾਕਿਸਤਾਨ ਚਲੀ ਗਈ। ਸਿਰਫ਼ ਖ਼ਾਨ ਦੇ ਮਾਂ-ਬਾਪ ਨੂੰ ਇਹ ਅਹਿਸਾਸ ਕਰਵਾਉਣ ਲਈ ਕਿ ਉਹ ਕਿਤਨੀ ਪਿਆਰੀ ਅਤੇ ਅੱਛੀ ਲੜਕੀ ਹੈ! ਉਸ ਨੇ ਪਾਕਿਸਤਾਨ ਦੇ ਰਵਾਇਤੀ ਕੱਪੜੇ ਵੀ ਬਣਵਾਏ ਅਤੇ ਉਥੋਂ ਦੇ ਸੰਸਕਾਰਾਂ ਨੂੰ ਗ੍ਰਹਿਣ ਵੀ ਕੀਤਾ। ਉਸ ਨੂੰ ਵਿਸ਼ਵਾਸ ਸੀ ਕਿ ਜੇ ਖ਼ਾਨ ਦੇ ਮਾਪੇ ਰਾਜ਼ੀ ਹੋ ਗਏ, ਤਾਂ ਉਨ੍ਹਾਂ ਦੀ ਸ਼ਾਦੀ ਦੇ ਰਾਹ ਵਿਚ ਕੋਈ ਰੋੜਾ ਨਹੀਂ ਰਹੇਗਾ। ਇਨ੍ਹਾਂ ਸਾਰੀਆਂ ਕਾਰਵਾਈਆਂ ਨੇ ਖ਼ਾਨ ਨੂੰ ਡਿਆਨਾ ਤੋਂ ਦੂਰ ਕਰ ਦਿੱਤਾ ਅਤੇ ਉਹ ਡਿਆਨਾ ਨੂੰ “ਕੌੜਨ” ਲੱਗ ਪਿਆ। ਅਤੇ ਫਿਰ, ਜਦੋਂ ਡਿਆਨਾ ਦੇ ਪਾਕਿਸਤਾਨੀ ਟੂਰ ਦੀਆਂ ਫ਼ੋਟੋਆਂ ਟੀ.ਵੀ. ਅਤੇ ਅਖ਼ਬਾਰਾਂ ਵਿਚ ਆਈਆਂ, ਤਾਂ ਡਾਕਟਰ ਖ਼ਾਨ ਲਈ ਇਹ ਸਭ ਕੁਝ ਅਸਹਿ ਹੋ ਗਿਆ ਅਤੇ ਉਸ ਨੇ ਡਿਆਨਾ ਲਈ ਆਪਣੇ ਦਰਵਾਜ਼ੇ ਹਮੇਸ਼ਾ ਲਈ ਬੰਦ ਕਰ ਦਿੱਤੇ!

ਪਰ ਡਿਆਨਾ ਨੇ ਸਾਹਸ ਦਾ ਪੱਲਾ ਨਾ ਛੱਡਿਆ। ਉਸ ਨੇ ਪ੍ਰਸਿੱਧ ਕ੍ਰਿਕਟ ਖਿਡਾਰੀ ਅਤੇ ਆਪਣੀ ਸਹੇਲੀ ਜੇਮੀਨਾ ਗੋਲਡਸਮਿੱਥ ਦੇ ਪਤੀ ਇਮਰਾਨ ਖ਼ਾਨ ਨੂੰ ਵਿਚੋਲਗਿਰੀ ਲਈ ਮਨਾ ਲਿਆ। ਇਮਰਾਨ ਖ਼ਾਨ ਨੇ ਚੈਨਲ 5 ਨੂੰ ਬੜੇ ਹੀ ਦੁਖੀ ਹਿਰਦੇ ਨਾਲ ਦੱਸਿਆ, “ਅਜੇ ਮੈਂ ਹਸਨਤ ਖ਼ਾਨ ਨਾਲ ਗੱਲਬਾਤ ਕਰਨ ਲਈ ਵਿਚਾਰ ਬਣਾ ਹੀ ਰਿਹਾ ਸਾਂ ਕਿ ਬਾਜ਼ੀ ਬੀਤ ਗਈ...!”

ਬ੍ਰਿਹਾ-ਵਿਗੁੱਚੀ, ਪ੍ਰੇਮ ਦੀ ਤਲਾਸ਼ ਵਿਚ ਭਟਕਦੀ, ਧੁਖ਼ਦੀ ਡਿਆਨਾ ਆਖਰ ਸਦਾ ਲਈ ਤੁਰ ਗਈ। ਹਰ ਸਾਲ 31 ਅਗਸਤ ਨੂੰ ਪੈਰਿਸ ਦੇ Pariser pont de I'alma ਵਿਖੇ ਡਿਆਨਾ ਦੀ ਯਾਦ ਨੂੰ ਤਾਜ਼ਾ ਕੀਤਾ ਜਾਂਦਾ ਹੈ। ਜਿੱਥੇ ਉਹ, ਡੋਡੀ ਅਲ-ਫ਼ਾਇਦ ਅਤੇ ਕਾਰ ਡਰਾਈਵਰ ਹੈਨਰੀ ਪਾਲ ਨਾਲ ਦੁਰਘਟਨਾ ਦਾ ਸ਼ਿਕਾਰ ਹੋਈ ਸੀ। 31 ਅਗਸਤ 2000 ਨੂੰ ਪੈਰਿਸ ਵਿਖੇ ਡਿਆਨਾ ’ਤੇ ਛਪੀ ਪੁਸਤਕ **Princesse du Mond** ਅਰਥਾਤ “ਦੁਨੀਆਂ ਦੀ ਰਾਜਕੁਮਾਰੀ” ਵੀ ਰਿਲੀਜ਼ ਕੀਤੀ ਗਈ ਸੀ। ਲੰਡਨ ਅਤੇ ਐਲਥੌਰਪ ਵਿਖੇ ਵੀ ਉਸ ਨੂੰ ਭਰੇ ਮਨਾਂ ਨਾਲ ਸ਼ਰਧਾਂਜਲੀ ਅਰਪਨ ਕੀਤੀ ਜਾਂਦੀ ਹੈ। ਉਹ ਦਰਵੇਸ਼ ਰਾਜਕੁਮਾਰੀ ਅਤੇ ਭੋਲ਼ੇ ਮਨ ਦੀ ਮੂਰਤ ਡਿਆਨਾ ਹਮੇਸ਼ਾ ਲੋਕਾਂ ਦੇ ਦਿਲਾਂ ਵਿਚ ਵਸਦੀ ਰਹੇਗੀ। ਅਕਾਲ ਪੁਰਖ਼ ਉਸ ਦੀ ਆਤਮਾ ਨੂੰ ਸ਼ਾਂਤੀ ਬਖ਼ਸ਼ੇ...!!

ਡਿਆਨਾ ਦੀ ਪੱਕੀ ਦੋਸਤ ਅਤੇ ਪਾਕਿਸਤਾਨ ਦੇ ਪ੍ਰਸਿੱਧ ਕ੍ਰਿਕਟ ਖਿਡਾਰੀ ਅਤੇ ਪਾਕਿਸਤਾਨ ਦੇ ਮੌਜੂਦਾ ਪ੍ਰਧਾਨ ਮੰਤਰੀ ਇਮਰਾਨ ਖਾਨ ਦੀ (ਹੁਣ ਸਾਬਕਾ) ਪਤਨੀ ਜੇਮੀਨਾ ਗੋਲਡਸਮਿੱਥ ਦਾ ਕਹਿਣਾ ਹੈ, “ਡਿਆਨਾ ਦਾ ਇਸ਼ਕ ਇੱਕ ਪਾਕਿਸਤਾਨੀ ਮੂਲ ਦੇ ਹਾਰਟ-ਸਪੈਸ਼ਲਿਸਟ ਅਤੇ ਲੰਡਨ ਵਸਦੇ ਡਾਕਟਰ ਹਸਨਤ ਖ਼ਾਨ ਨਾਲ ਤਕਰੀਬਨ ਦੋ ਸਾਲ ਲਗਾਤਾਰ ਚੱਲਿਆ। ਡਿਆਨਾ ਉਸ ਨਾਲ ਸ਼ਾਦੀ ਕਰਨਾ ਚਾਹੁੰਦੀ ਸੀ। ਉਹ ਹਮੇਸ਼ਾ ਦਾਅਵੇ ਨਾਲ ਇਹ ਹੀ ਕਹਿੰਦੀ ਰਹੀ ਕਿ ਡਾਕਟਰ ਹਸਨਤ ਖਾਨ ਉਸ ਦੀ ਜ਼ਿੰਦਗੀ ਦਾ ਬਿਹਤਰੀਨ ਪਾਰਟਨਰ ਹੋਵੇਗਾ। ਪਰ ਅਫ਼ਸੋਸ! ਉਸ ਦੀ ਇਹ ਖ਼ਾਹਿਸ਼ ਪੂਰੀ ਨਾ ਹੋ ਸਕੀ...!”

# ਪਿੰਡੋਂ ਆਇਆ ਖਤ

## ਪੁਸਤਕ ਪਹਿਲੋਂ ਕਿ ਪੁਸਤਕਕਾਲਯਾ (ਲਾਇਬ੍ਰੇਰੀ)



ਹਰਦਿਆਲ ਸਿੰਘ ਚੀਮਾ
ਸਿਆਟਲ
(ਪ੍ਰਧਾਨ) ਪੰਜਾਬੀ ਕਲਚਰਲ ਸੁਸਾਇਟੀ
206-734-0794
ਪੰਜਾਬ ਮੇਲ USA



ਢੇਰ ਬਾਈ ਸਤਿ ਸ੍ਰੀ ਅਕਾਲ, ਤੂੰ ਖੁਸ਼ ਹੋਵੇਂਗਾ ਕਿ ਆਪਣੇ ਪਿੰਡ ਦੀ ਨੌਜਵਾਨ ਸਾਹਿਤ ਸਭਾ ਨੇ ਕਾਨਫਰੰਸ ਅਤੇ ਕਵੀ ਦਰਬਾਰ ਰੱਖਿਆ। ਦੂਰ-ਦੂਰ ਤੱਕ ਸੱਦਾ ਭੇਜਿਆ, ਉੱਦਮ ਬੜਾ ਸੀ। ਸਾਰੇ ਚਾਓ ਨਾਲ ਨਾਵਲਕਾਰਾਂ, ਕਹਾਣੀਕਾਰਾਂ ਤੇ ਕਵੀਆਂ ਨੂੰ ਦੇਖਣ ਲਈ ਉਤਾਵਲੇ ਸਨ। ਆਖਿਰ ਉਹ ਦਿਨ ਆ ਗਿਆ। ਸ਼ਾਇਰ ਪਹੁੰਚਣ ਲੱਗੇ, ਚਾਹ-ਪਾਣੀ ਦਾ ਬੰਦੋਬਸਤ ਬਹੁਤ ਵਧੀਆ ਕੀਤਾ ਸੀ। ਸਾਰਿਆਂ ਵਿਚ ਬਹੁਤ ਉਤਸ਼ਾਹ ਸੀ। ਸਟੇਜ ਸਜੀ ਹੋਈ ਸੀ। ਐਤਕੀਂ ਸੁੱਖ ਨਾਲ ਪਿੰਡ ਦੇ ਸਤਵੰਤੇ ਸੱਜਣ ਤਾਂ ਪਹੁੰਚੇ ਹੀ ਸਨ, ਸਗੋਂ ਕੋਕਰੀ ਕਲਾਂ, ਦਾਇਆ ਕਲਾਂ ਤਲਵੰਡੀ ਅਤੇ ਭਿੰਡਰ ਕਲਾਂ ਤੋਂ ਵੀ ਸਰੋਤੇ ਅਤੇ ਬੁੱਧੀਜੀਵੀ ਪਹੁੰਚੇ ਸਨ। ਪਹਿਲੀ ਵਾਰ ਏਨਾ ਇਕੱਠ ਹੋਇਆ ਸੀ। ਮੈਂ ਵੀ ਪੂਰਾ ਫਿੱਟ ਹੋ ਮਗਰਲੀ ਕੁਰਸੀ 'ਤੇ ਜਾ ਬੈਠਾ। ਉਹ ਮੁੰਡਾ ਜਿਹੜਾ ਸੈਕਟਰੀ ਮਾਸਟਰ ਲੱਗਿਆ ਸੰਧੂਆਂ ਦਾ ਗੁਰਪ੍ਰੀਤ ਸਿੰਘ, ਉਸ ਨੇ ਸਾਰਿਆਂ ਨੂੰ 'ਜੀ ਆਇਆਂ' ਕਿਹਾ। ਫਿਰ ਉਸ ਨੇ ਮੰਚ ਉੱਤੇ ਪ੍ਰਧਾਨਗੀ ਮੰਡਲ ਵਿਚ ਸੱਜਣ ਲਈ, ਢੂੰਡੀ ਕਿਆਂ ਤੋਂ ਅਣਗਿਣਤ ਨਾਵਲਾਂ ਦੇ ਲੇਖਕ ਸ਼ਾਇਦ ਕੁੱਸਾ ਸਾਹਿਬ ਕਹਿੰਦੇ ਸੀ। ਉਪਰੰਤ ਖੰਨੇ ਵੱਲਦਾ ਨਾਵਲਿਸਟ ਬਿਲਿੰਗ ਸਾਹਿਬ, ਜੋ ਕਈ ਪੁਰਸਕਾਰਾਂ ਦਾ ਵਿਜੇਤਾ, ਫਿਰ ਇਕ ਬੀਬੀ ਜੋ ਨਾਵਲਿਸਟ ਹੈ, ਸ਼ਾਇਦ ਚਾਹਲਾਂ ਤੋਂ ਸੀ ਅਤੇ ਡਾ. ਮੋਹਨ ਗਿੱਲ ਮਹਾਨ ਕਵੀ, ਕਈ ਪ੍ਰਸਿੱਧ ਪੁਸਤਕਾਂ ਦੇ ਰਚੇਤਾ ਹਨ, ਕਰਮਵਾਰ ਪ੍ਰਧਾਨਗੀ ਮੰਡਲ ਵਿਚ ਸੁਸ਼ੋਭਿਤ ਹੋਣ ਲਈ ਸਤਿਕਾਰ ਸਹਿਤ ਸੱਦਾ ਦਿੱਤਾ। ਬੁਲਾਰਿਆਂ ਵਿਚ ਕਈ ਪ੍ਰੋਫੈਸਰ, ਗੀਤਕਾਰ, ਕਵੀ-ਕਵਿਤਰੀਆਂ ਵੀ ਆਪੋ-ਆਪਣੇ ਰਚਨਾਂ ਪੇਸ਼ ਕਰਨ ਲਈ ਉਤਾਵਲੀਆਂ ਸਨ। ਬਾਈ ਬਹੁਤ ਹੀ ਖੂਬਸੂਰਤ ਰੂਹਾਂ ਤੱਕ ਮਨ ਬਾਗੋ-ਬਾਗ ਹੋ ਗਿਆ। ਸੱਚੀਂ ਬਾਈ ਮੈਨੂੰ ਵੀ ਵਿਆਹ ਜਿੰਨਾ ਚਾਉ ਸੀ। ਸੈਕਟਰੀ ਨੇ ਪ੍ਰਧਾਨਗੀ ਮੰਡਲ ਵਿਚ ਸਜੇ ਲੇਖਕਾਂ ਦੀ ਸੰਖੇਪ ਜਾਣਕਾਰੀ ਦਿੰਦਿਆਂ ਪ੍ਰੋਗਰਾਮ ਦੀ ਸ਼ੁਰੂਆਤ ਕੀਤੀ। ਜਿਹੜਾ ਕਵੀ ਉੱਠੇ, ਰੰਗ ਬੰਨੀਂ ਜਾਵੇ। ਹਰ ਸ਼ਾਇਰ ਦਾ ਵਿਸ਼ਾ ਵੱਖਰਾ ਤੇ ਕਮਾਲ ਦਾ ਸੀ। ਬੀਬੀਆਂ ਨੇ ਤਰਨੱਮ ਵਿਚ ਗੀਤ ਸੁਣਾਏ। ਡਾ. ਗਿੱਲ (ਡੇਹਲੋਂ) ਨੇ ਥੋੜ੍ਹੇ ਸ਼ਬਦਾਂ ਵਿਚ ਆਪਣੀ ਕਵਿਤਾ ਰਾਹੀਂ ਸਮੇਂ ਦਾ ਸੱਚ ਪੇਸ਼ ਕੀਤਾ ਅਤੇ ਲਹਿਰੇ ਤੋਂ ਆਇਆ ਬਾਈ ਕੋਈ ਖਾਸ ਹੀ ਗੀਤਕਾਰ ਸੀ, ਜਿਸ ਨੇ ਆਪਣੀ ਸੁਰੀਲੀ ਆਵਾਜ਼ ਵਿਚ ਗੀਤ ਗਾ ਕੇ ਲੋਕਾਂ ਨੂੰ ਦੀਦਾਰ ਸੰਧੂ ਯਾਦ ਕਰਵਾ ਦਿੱਤਾ। ਲੋਕਾਂ ਤਾੜੀਆਂ ਮਾਰ-ਮਾਰ ਹਾਲ ਗੂੰਜਣ ਲਾ ਦਿੱਤਾ। ਨੌਜਵਾਨ ਸਭਾ ਦੇ ਮੈਂਬਰ ਉਤਾਵਲੇ ਸਨ ਕਿ ਕਦੋਂ ਅਸੀਂ ਕਈ ਪੁਸਤਕਾਂ ਦੇ ਰਚੇਤਾਵਾਂ ਨੂੰ ਸਨਮਾਨਿਤ ਕਰੀਏ। ਪ੍ਰੋਗਰਾਮ ਬਹੁਤ ਵਧੀਆ ਚੱਲ ਰਿਹਾ ਸੀ।

ਕਾਨਫਰੰਸ ਸ਼ੁਰੂ ਹੋਈ। ਵਿਸ਼ਾ ਸੀ "ਸਾਡੀ ਪੰਜਾਬੀ ਭਾਸ਼ਾ ਦੀ ਮੌਜੂਦਾ ਦਸ਼ਾ, ਦਿਸ਼ਾ ਅਤੇ ਸੰਭਾਵਨਾਵਾਂ"। ਕਈ ਬੁਲਾਰਿਆਂ ਨੇ ਵਿਸ਼ੇਸ਼ ਜਾਣਕਾਰੀ ਦਿੱਤੀ ਅਤੇ ਇਕ ਸੇਵਾਮੁਕਤ ਪ੍ਰਿੰਸੀਪਲ (ਬੀਬੀ) ਨੇ ਸਰਕਾਰ ਵੱਲੋਂ ਪੰਜਾਬੀ ਤੇ ਪੰਜਾਬੀਅਤ ਨਾਲ ਦਰਜੇ ਦੀ ਨਿੰਦਾ ਅਤੇ ਚਿੰਤਾ ਪ੍ਰਗਟ ਕੀਤੀ। ਜਦੋਂ ਸੈਕਟਰੀ ਨੇ ਪਟਿਆਲੇ ਤੋਂ ਵਿਸ਼ੇਸ਼ ਪਹੁੰਚੇ ਡਾ. ਖਣੀ ਕੀ ਨਾਮ ਸੀ, ਨੂੰ ਬਹੁਤ ਹੀ ਸਤਿਕਾਰ ਨਾਲ ਸਟੇਜ ਉੱਤੇ ਆਉਣ ਦਾ ਸੱਦਾ ਦਿੱਤਾ, ਤਾਂ ਡਾਕਟਰ ਸਾਬ ਕੱਛ ਵਿਚ ਲਈ ਫਾਈਲ ਸਮੇਤ ਸਟੇਜ 'ਤੇ ਪਹੁੰਚੇ, ਤਾਂ ਲੋਕਾਂ ਨੇ ਤਾੜੀਆਂ ਮਾਰ ਕੇ ਉਨ੍ਹਾਂ ਦਾ ਸੁਆਗਤ ਕੀਤਾ। ਉਸ ਸਤਿਕਾਰਯੋਗ ਬੁਲਾਰੇ ਨੇ ਆਪਣੇ ਵੀਹ ਕੁ ਮਿੰਟਾਂ ਦੇ ਭਾਸ਼ਣ ਵਿਚ ਸਿਰਫ ਇਸ ਗੱਲ 'ਤੇ ਜ਼ੋਰ ਪਾਇਆ ਕਿ "ਲੇਖਕ ਭਾਵੇਂ ਵੀਹ ਕਿਤਾਬਾਂ ਲਿਖੇ, ਭਾਵੇਂ ਤੀਹ, ਉਸ ਦਾ ਕੋਈ ਮਤਲਬ ਨਹੀਂ ਬਣਦਾ, ਜਦੋਂ ਤੱਕ ਪਾਠਕ ਨਹੀਂ ਬਣਦੇ, ਲੇਖਕ ਆਪਣੀ ਸੋਭਾ ਲਈ ਕਾਗਜ਼ ਕਾਲੇ ਕਰੀ ਜਾਂਦੇ ਹਨ"। ਜਿਨ੍ਹਾਂ ਲੇਖਕਾਂ ਬਾਰੇ ਸੁਣਿਆ ਸੀ, ਅਖਬਾਰਾਂ ਰਾਹੀਂ ਪੜ੍ਹਿਆ ਸੀ ਜਾਂ ਟੈਲੀਵਿਜ਼ਨ ਉੱਤੇ ਦੇਖਿਆ ਸੀ, ਅੱਜ ਉਹ ਸਾਡੇ ਸਾਹਮਣੇ ਵਿਰਾਜਮਾਨ ਸਨ। ਸਾਰਾ ਪਿੰਡ ਤੇ ਸਭਾ ਦੇ ਮੈਂਬਰ ਫੁੱਲੇ ਨਹੀਂ ਸਮਾਉਂਦੇ ਸਨ ਕਿ ਉਨ੍ਹਾਂ ਨੂੰ ਸਨਮਾਨਿਤ ਕਰਨ ਲਈ ਉਤਾਵਲੇ ਸਨ ਪਰ ਵਿਦਵਾਨ ਦੇ ਭਾਸ਼ਣ ਨੂੰ ਸੁਣ ਮੰਚ 'ਤੇ ਸਜੇ ਲੇਖਕਾਂ ਦੇ ਚਿਹਰਿਆਂ ਉੱਤੇ ਉਦਾਸੀ ਛਾ ਗਈ। ਸਭਾ ਦੇ ਮੈਂਬਰ ਵੀ ਉਸ ਬੁਲਾਰੇ ਨੂੰ ਸੱਦਾ ਦੇ ਕੇ ਪਛਤਾ ਰਹੇ ਸਨ। ਬਾਈ ਮੈਨੂੰ ਵੀ ਗੁੱਸਾ ਆ ਗਿਆ। ਏਹਨੂੰ ਭਲੇ ਮਾਨਸ ਨੂੰ ਕੋਈ ਪੁੱਛੇ, "ਭਾਈ ਦੱਸ, ਪਹਿਲੋਂ ਪੁਸਤਕ ਆਈ ਕਿ ਲਾਇਬ੍ਰੇਰੀ, ਪਹਿਲੋਂ ਕਿਤਾਬ ਛਪੀ ਕਿ ਜੱਜ, ਵਕੀਲ, ਡਾਕਟਰ ਬਣਿਆ, ਹੈ ਕੋਈ ਜਵਾਬ।" ਲੇਖਕਾਂ ਦੀ ਹੌਂਸਲਾ ਅਫਜ਼ਾਈ ਤਾਂ ਕੀ ਕਰਨੀ ਸੀ, ਸਗੋਂ ਉਹ ਗੱਲ ਕੀਤੀ, ਜਿਵੇਂ ਗੁਰਦੁਆਰੇ ਸਾਹਿਬਾਨਾਂ ਵਿਚ ਕਈ ਸੰਤ, ਕਥਾਵਾਚਕ, ਮੂਹਰਲੀ ਕਤਾਰ ਵਿਚ ਸਜੇ ਦਾੜ੍ਹੀ ਮੁੰਨੀ ਵਾਲੇ ਜਾਂ ਕੇਸ ਕੱਟਿਆਂ ਵਾਲਿਆਂ ਦੀ ਸ਼ਰਾਬੀ, ਕਬਾਬੀ, ਮੋਨੇ-ਘੋਨੇ ਕਹਿ ਉਨ੍ਹਾਂ ਨੂੰ ਉੱਠਣ ਲਈ ਮਜਬੂਰ ਕਰ ਦਿੰਦੇ ਹਨ। ਚਾਹੀਦਾ ਪਿਆਰ ਨਾਲ ਠਿੱਠ ਜਿਹਾ ਕਰ ਸਮਝਾਉਣਾ, ਭਟਕੇ ਨੂੰ ਸਿੱਧੇ ਰਾਹੇ ਪਾਉਣਾ। ਬਾਈ ਏਹਦਾ ਭਾਸ਼ਨ ਤਾਂ ਮੈਨੂੰ ਇਨ੍ਹਾਂ ਸਾਧਾਂ ਕਥਾਵਾਚਕਾਂ ਤੋਂ ਵੀ ਵੱਧ ਬੇਤੁਕਾ ਲੱਗਿਆ। ਨਾਲੇ ਬਾਈ ਹੋਰ ਸੁਣ ਲੈ, ਜਾਣ ਲੱਗਿਆ ਆਪਣੇ ਨਾਲ ਲਿਆਂਦੀਆਂ ਪੁਸਤਕਾਂ ਵੀ ਪੰਜ-ਪੰਜ ਸੌ ਨੂੰ ਵੇਚ ਗਿਆ। ਕੋਈ ਪੁੱਛੇ ਜੇ ਪਾਠਕ ਨਹੀਂ, ਤਾਂ ਤੂੰ ਕਿਤਾਬਾਂ ਕਿਸ ਨੂੰ ਵੇਚ ਰਿਹਾਂ। "ਬਾਈ ਲੁਧਿਆਣੇ 'ਚ, ਜਲੰਧਰ ਵਿਚ, ਸ੍ਰੀ ਅੰਮ੍ਰਿਤਸਰ ਵਿਚ ਅਤੇ ਹੋਰ ਵੀ ਕਈ ਵੱਡੇ ਸ਼ਹਿਰਾਂ ਵਿਚ ਪ੍ਰਕਾਸ਼ਕ ਆਪਣਾ ਰੁਜ਼ਗਾਰ ਵਧੀਆ ਚਲਾ ਰਹੇ। ਇਸ ਦਾ ਮਤਲਬ ਪਾਠਕ ਪੁਸਤਕਾਂ ਖਰੀਦ ਰਹੇ ਹਨ। ਚੱਲ ਬਾਈ ਅਖੀਰ 'ਚ ਸਭਾ ਨੇ ਫੈਸਲਾ ਲਿਆ ਕਿ ਐਸੇ ਬੁਲਾਰੇ ਨਾਲੋਂ ਉਂਝ ਹੀ ਚੰਗੇ ਹਾਂ। ਬਾਈ ਇਸ ਬੁਲਾਰੇ ਨੇ ਸਭਾ ਦਾ ਤੇ ਪਿੰਡ ਵਾਸੀਆਂ ਦਾ ਮਨ ਮਿਜਾਜ਼ ਖਰਾਬ ਕਰ ਦਿੱਤਾ। ਠੀਕ ਹੈ ਬਾਈ ਫੋਨ ਮਿਲਦਾ ਨਹੀਂ ਸੀ, ਤਾਂ ਮੈਂ ਖਤ ਲਿਖ ਦਿੱਤਾ। ਸਤਿ ਸ੍ਰੀ ਅਕਾਲ!!

# ਸਿੱਖੀ ਸਿੱਖਿਆ ਗੁਰ ਵੀਚਾਰਿ



ਮਾਸਟਰ ਨਿਰਮਲ ਸਿੰਘ ਲਾਲੀ
ਯੂਬਾ ਸਿਟੀ
ਪੰਜਾਬ ਮੇਲ USA

ਉਪਰੋਕਤ ਮਹਾਂਵਾਕ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਉਚਾਰਿਆ ਹੋਇਆ ਹੈ। ਇਸ ਮਹਾਂਵਾਕ ਦੇ ਸ਼ਬਦੀ ਅਰਥ ਹਨ ਕਿ ਸਿੱਖਣਾ, ਭਾਵ ਸਿੱਖ ਉਹ ਹੈ, ਜਿਹੜਾ ਸਿੱਖਿਆਰਥੀ ਹੈ। ਸਿੱਖਦੇ ਰਹਿਣਾ ਹੀ ਸਿੱਖੀ ਜੀਵਨ ਹੈ, ਪਰ ਅਫਸੋਸ ਦੀ ਗੱਲ ਹੈ ਕਿ ਸਿੱਖ ਧਰਮ ਦੀ ਸਥਾਪਤੀ ਨੂੰ ਸਦੀਆਂ ਹੀ ਬੀਤ ਗਈਆਂ, ਅਜੇ ਇਸ ਵਿਸ਼ੇ ਬਾਰੇ ਛਿੱਕੂ ਵਿਚੋਂ ਇਕ ਪੂਣੀ ਵੀ ਨਹੀਂ ਕੱਤੀ। ਜਿਸ ਦਾ ਸਿੱਟਾ ਇਹ ਹੈ ਕਿ ਗੁਰੂ ਅਰਜਨ ਦੇਵ ਜੀ ਦੇ ਵੇਲੇ ਦੇ ਸਮਾਜ ਤੇ ਵਰਤਮਾਨ ਸਮਾਜ ਵਿਚ ਕੋਈ ਅੰਤਰ ਨਹੀਂ ਆਇਆ। ਕਿਉਂਕਿ ਅਸੀਂ ਧਰਮ ਨੂੰ ਅੱਜ ਤੱਕ ਸਮਝ ਹੀ ਨਹੀਂ ਸਕੇ। ਅਸੀਂ ਗੁਰਬਾਣੀ ਪੜ੍ਹਦੇ ਹਾਂ, ਗੁਰੂ ਘਰ ਵੀ ਜਾਂਦੇ ਹਾਂ, ਕੀਰਤਨ ਤੇ ਕਥਾ ਵੀ ਸੁਣਦੇ ਹਾਂ, ਪਰ ਸਿੱਖਦੇ ਕੁਝ ਵੀ ਨਹੀਂ। ਭਾਵ ਗੁਰਬਾਣੀ ਮਨੁੱਖ ਨੂੰ ਸਿੱਖਿਆ ਕੀ ਦਿੰਦੀ ਹੈ। ਮਨੁੱਖ ਨੇ ਕਰਨਾ ਕੀ ਹੈ ਅਤੇ ਮਨੁੱਖ ਕਰ ਕੀ ਰਿਹਾ ਹੈ। ਇਹ ਦਸ਼ਾ ਇਕ ਸਾਧਾਰਨ ਸਿੱਖ ਦੀ ਹੀ ਨਹੀਂ, ਸਗੋਂ ਸਾਡੇ ਪ੍ਰਚਾਰਕਾਂ, ਧਾਰਮਿਕ ਆਗੂਆਂ ਅਤੇ ਗੁਰੂ ਘਰਾਂ ਦੇ ਪ੍ਰਬੰਧਕਾਂ ਦੀ ਵੀ ਇਹੋ ਦਸ਼ਾ ਹੈ।

ਕੇਸ ਦਾੜ੍ਹੀ ਰੱਖਣ ਅਤੇ ਅੰਮ੍ਰਿਤ ਛਕਣ ਨਾਲ ਕੋਈ ਮਨੁੱਖ ਧਰਮੀ ਨਹੀਂ ਬਣ ਜਾਂਦਾ, ਪਰ ਅਸੀਂ ਇਸ ਨੂੰ ਹੀ ਧਰਮ ਸਮਝਿਆ। ਇਹ ਤਾਂ ਸਿੱਖੀ ਸਰੂਪ ਹੈ ਅਤੇ ਜਿੰਨੀ ਦੇਰ ਸਿੱਖੀ ਕਿਰਦਾਰ ਦਾ ਮਨੁੱਖ ਨਹੀਂ ਬਣ ਸਕਦਾ ਹੈ। ਤੁਸੀਂ ਕੀ ਹੋ? ਤੁਹਾਡੇ ਪਾਸ ਕੀ ਹੈ? ਇਹ ਜੀਵਨ ਦੇ ਦੋ ਪਹਿਲੂ ਹਨ। ਅਸੀਂ ਜਾਇਦਾਦ ਬਣਾਉਣ, ਡਾਕਟਰ ਬਣਨ, ਅਧਿਆਪਕ ਬਣਨ ਦਾ ਯਤਨ ਕਰਦੇ ਹਾਂ ਅਤੇ ਬੱਚਿਆਂ ਨੂੰ ਇਸ ਦੀ ਸਿੱਖਿਆ ਦਿੰਦੇ ਹਾਂ, ਪਰ ਅਸੀਂ ਇਹ ਕਦੀ ਨਹੀਂ ਸੋਚਿਆ ਕਿ ਅਸੀਂ ਚੰਗੇ ਮਨੁੱਖ ਵੀ ਬਣਨਾ ਹੈ। ਇਕ ਚੰਗਾ ਡਾਕਟਰ ਬਣਨਾ, ਇਕ ਚੰਗਾ ਲੇਖਕ ਬਣਨਾ, ਇਕ ਚੰਗਾ ਅਧਿਆਪਕ ਬਣਨਾ ਵੱਖਰੀ ਗੱਲ ਹੈ ਅਤੇ ਇਕ ਚੰਗਾ ਮਨੁੱਖ ਬਣਨਾ ਦੂਜੀ ਗੱਲ ਹੈ। ਅੱਜ ਸਮਾਜ ਦੀ



ਧਾਰਮਿਕ, ਰਾਜਨੀਤਿਕ, ਵਿਦਿਅਕ, ਸੱਭਿਆਚਾਰ, ਮਨੁੱਖੀ ਤੇ ਨੈਤਿਕ ਕਦਰਾਂ-ਕੀਮਤਾਂ ਭੁੱਲਦੇ ਜਾ ਰਹੇ ਹਾਂ। ਅੱਜ ਦਾ ਮਨੁੱਖ ਏਨਾ ਪਦਾਰਥਵਾਦੀ ਹੋ ਗਿਆ ਹੈ ਕਿ ਉਸ ਨੂੰ ਪੈਸੇ ਬਿਨਾਂ ਕੁਝ ਵੀ ਹੋਰ ਨਜ਼ਰ ਨਹੀਂ ਆਉਂਦਾ। ਅੱਜ ਅਸੀਂ ਪਰਿਵਾਰਕ ਰਿਸ਼ਤਿਆਂ ਦੀ ਅਹਿਮੀਅਤ ਨੂੰ ਭੁੱਲ ਗਏ ਹਾਂ। ਕਦੀ ਸਮਾਂ ਹੁੰਦਾ ਸੀ ਕਿ ਪਰਿਵਾਰਕ ਰਿਸ਼ਤਿਆਂ ਵਿਚ ਕਿੰਨਾ ਨਿੱਘ ਹੁੰਦਾ ਸੀ, ਭਾਵ ਚਾਚਾ, ਤਾਇਆ, ਮਾਮਾ, ਫੁੱਫੜ ਆਦਿ ਸ਼ਬਦ ਮਨੁੱਖੀ ਮਨ ਨੂੰ ਕਿੰਨਾ ਸਕੂਨ ਦਿੰਦੇ ਸੀ। ਪਰ ਅੱਜਕੱਲ੍ਹ ਆਂਟੀ ਤੇ ਅੰਕਲ ਹੀ ਰਹਿ ਗਿਆ ਹੈ। ਅਸੀਂ ਲੇਖ ਦਾ ਆਰੰਭ ਸਿੱਖਣ ਤੋਂ ਕੀਤਾ ਸੀ। ਸਿੱਖ ਧਰਮ ਦਾ ਆਰੰਭ ਵੀ ਸਿੱਖਣ ਤੋਂ ਹੀ ਹੋਇਆ ਸੀ। ਉਸ ਵੇਲੇ ਸਮਾਜ ਵਿਚ ਬਹੁਤ ਊਣਤਾਈਆਂ ਸਨ, ਭਾਵ ਮਨੁੱਖ, ਮਨੁੱਖ ਨੂੰ ਮਨੁੱਖ ਨਹੀਂ ਸਮਝਦਾ ਸੀ। ਊਚ-ਨੀਚ, ਜਾਤਾਂ-ਪਾਤਾਂ, ਅਮੀਰੀ-ਗਰੀਬੀ ਦਾ ਬੋਲਬਾਲਾ ਸੀ। ਰਾਜੇ ਹੀ ਆਪਣੀ ਪਰਜਾ ਉੱਤੇ ਅਕਹਿ ਅਤੇ ਅਸਹਿ ਜ਼ੁਲਮ ਕਰਦੇ ਸਨ, ਜਿਵੇਂ ਸ੍ਰੀ ਗੁਰੂ ਨਾਨਕ ਦੇਵ ਜੀ ਫੁਰਮਾਉਂਦੇ ਹਨ:

"ਰਾਜੇ ਸੀਹ ਮੁਕਦਮ ਕੁਤੇ॥"

ਧਰਮ ਦਾ ਵੀ ਇਹੋ ਹਾਲ ਸੀ। ਇਸਤਰੀ ਜਾਤੀ ਦੀ ਦਸ਼ਾ ਵੀ ਬਿਆਨ ਤੋਂ ਬਾਹਰ ਸੀ, ਜਿਸ ਕਰਕੇ ਗੁਰੂ ਜੀ ਨੇ ਫੁਰਮਾਇਆ ਸੀ: "ਸੋ ਕਿਉ ਮੰਦਾ ਆਖੀਐ, ਜਿਤੁ ਜੰਮਹਿ ਰਾਜਾਨ॥"

ਗੁਰਬਾਣੀ ਪੜ੍ਹਨਾ, ਸਿਮਰਨ ਕਰਨਾ ਅਤੇ ਅੰਮ੍ਰਿਤ ਛਕਣਾ, ਇਹ ਚੰਗੇ ਮਨੁੱਖ ਬਣਨ ਦੇ ਸਾਧਨ ਹਨ, ਨਾ ਕਿ ਮਨੋਰਥ। ਸਿੱਖ ਧਰਮ ਅਤੇ ਗੁਰਬਾਣੀ ਮਨੁੱਖ ਨੂੰ ਪੂਰਨ ਮਨੁੱਖ ਬਣਨ ਦੀ ਸਿੱਖਿਆ ਦਿੰਦੀ ਹੈ। ਸਿੱਖ ਧਰਮ ਤੋਂ ਪਹਿਲੇ ਵੀ ਧਰਮ ਤਾਂ ਸਨ ਪਰ ਉਹ ਮਨੁੱਖਤਾ 'ਤੇ ਪੂਰੇ ਨਹੀਂ ਉਤਰਦੇ ਸਨ, ਜਿਵੇਂ ਨਿਰਧਨਾਂ ਨੂੰ ਤਾਂ ਮੰਦਰਾਂ ਵਿਚ ਜਾਣ ਦੀ ਵੀ ਆਗਿਆ ਨਹੀਂ ਸੀ ਅਤੇ ਅਮੀਰ ਗਰੀਬਾਂ 'ਤੇ ਜ਼ੁਲਮ ਕਰਦੇ ਸਨ। ਗੁਰੂ ਜੀ ਨੇ ਸਿੱਖ ਧਰਮ ਦੀ ਸਥਾਪਨਾ ਹੀ ਇਸ ਲਈ ਕੀਤੀ ਸੀ ਕਿ ਮਨੁੱਖ ਪੂਰਨ ਮਨੁੱਖ ਬਣੇ ਅਤੇ ਸੇਵਾ ਸਿਮਰਨ ਦਾ ਧਾਰਨੀ ਬਣੇ। ਗੁਰੂ ਜੀ ਨੇ ਮਨੁੱਖ ਨੂੰ ਚੰਗਾ ਮਨੁੱਖ ਬਣਕੇ ਸ਼ੁੱਭ ਕੰਮ ਕਰਨ 'ਤੇ ਜ਼ੋਰ ਦਿੱਤਾ, ਜਿਵੇਂ ਗੁਰੂ ਜੀ ਫੁਰਮਾਉਂਦੇ ਹਨ, "ਅਮਲਾਂ 'ਤੇ ਹੋਣੇ ਨੇ ਨਿਬੇੜੇ ਤੇ ਜਾਤ ਕਿਸੇ ਪੁੱਛਣੀ ਨਹੀਂ।" ਜਦੋਂ ਗੁਰੂ ਜੀ ਨੂੰ ਪੁੱਛਿਆ ਗਿਆ ਸੀ ਕਿ ਹਿੰਦੂ ਵੱਡਾ ਕਿ ਮੁਸਲਮਾਨ, ਤਾਂ ਗੁਰੂ ਜੀ ਦਾ ਉੱਤਰ ਸੀ, "ਸ਼ੁਭ ਅਮਲਾਂ ਬਾਝੋਂ ਦੋਨੋ ਰੋਇ॥"

ਸੋ ਅੰਤ ਵਿਚ ਜਦੋਂ ਤੱਕ ਮਨੁੱਖ ਦੇ ਸੁਭਾਅ ਵਿਚ ਬੇਨੇਮੀ ਤੇ ਵਹਿਸ਼ੀਪੁਣੇ ਦੀ ਲਕੀਰ ਮਿਟ ਨਹੀਂ ਜਾਂਦੀ, ਭਾਵ ਮਨੁੱਖ ਪੂਰਨ ਮਨੁੱਖ ਨਹੀਂ ਬਣ ਜਾਂਦਾ, ਤਾਂ ਸਮਾਜ ਦਾ ਸੁਧਾਰ ਨਹੀਂ ਹੋ ਸਕਦਾ। ਦੂਸਰੀ ਗੱਲ, ਜਦੋਂ ਤੱਕ ਅਸੀਂ ਗੁਰਬਾਣੀ ਦੇ ਅਨੁਸਰ ਭਾਵ ਗੁਰੂ ਜੀ ਦੀ ਸਿੱਖਿਆ, ਉਪਦੇਸ਼ਾਂ ਤੇ ਸਿਧਾਂਤਾਂ ਦੇ ਅਨੁਸਾਰ, ਆਪਣਾ ਜੀਵਨ ਨਹੀਂ ਗੁਜ਼ਾਰਦੇ, ਮਨੁੱਖ ਜੀਵਨ ਸੁੱਖਮਈ, ਸ਼ਾਂਤ, ਸੰਤੁਸ਼ਟ ਤੇ ਖੁਸ਼ਹਾਲ ਨਹੀਂ ਹੋ ਸਕਦਾ। ਤੀਜੀ ਗੱਲ, ਚੰਗੇ ਸਮਾਜ ਦੀ ਸਿਰਜਣਾ ਨਹੀਂ ਹੋ ਸਕਦੀ, ਜਦੋਂ ਤੱਕ ਘੱਟੋ-ਘੱਟ ਵਿਸ਼ੇਸ਼ ਵਿਅਕਤੀ ਭਾਵ ਧਾਰਮਿਕ ਆਗੂ, ਰਾਜਨੀਤਿਕ, ਪੱਤਰਕਾਰ, ਸਾਹਿਤਕਾਰ ਅਤੇ ਅਧਿਆਪਕ ਚੰਗੇ, ਸੱਚੇ ਤੇ ਸੁੱਚੇ ਕਿਰਦਾਰ ਵਾਲੇ ਨਹੀਂ ਹੁੰਦੇ।

ਮਨੁੱਖ ਨੇ ਸਿੱਖਣਾ ਕੀ ਹੈ? ਸਾਰੀ ਉਮਰ ਮਨੁੱਖ ਸਿੱਖਦਾ ਹੈ, ਜਿਹੜਾ ਸਿੱਖਣਾ ਚਾਹੁੰਦਾ ਹੈ, ਕਿਉਂਕਿ ਗਿਆਨ ਕਦੀ ਵੀ ਸਮਾਪਤ ਨਹੀਂ ਹੁੰਦੀ।

ਮਨੁੱਖ ਘੱਟੋ-ਘੱਟ ਕਾਮ, ਕ੍ਰੋਧ, ਲੋਭ, ਅਹੰਕਾਰ ਤੇ ਈਰਖਾ ਦਾ ਤਿਆਗ ਕਰੇ ਅਤੇ ਹਮਦਰਦੀ, ਦਇਆ, ਪਿਆਰ, ਸਤਿਕਾਰ, ਸਹਿਣਸ਼ੀਲਤਾ ਤੇ ਨਿਮਰਤਾ ਦਾ ਧਾਰਨੀ ਬਣੇ। ਕਿਸੇ ਦਾ ਬੁਰਾ ਨਾ ਕਰੋ। ਕਿਸੇ ਦਾ ਦਿਲ ਨਾ ਦੁਖਾਉ। ਕਿਸੇ ਨਾਲ ਧੋਖਾ ਨਾ ਕਰੋ। ਕਿਸੇ ਦਾ ਹੱਕ ਨਾ ਖਾਓ। ਜਿਵੇਂ ਗੁਰੂ ਜੀ ਫੁਰਮਾਉਂਦੇ ਹਨ "ਹੱਕ ਪਰਾਇਆ, ਨਾਨਕਾ ਉਸ ਸੂਅਰ ਉਸ ਗਾਇ॥" ਗਲਤ ਕੰਮ ਨਾ ਕਰੋ, ਜਿਵੇਂ ਗੁਰੂ ਅਮਰਦਾਸ ਜੀ ਫੁਰਮਾਉਂਦੇ ਹਨ, "ਐਸਾ ਕੰਮੁ ਮੂਲੇ ਨਾ ਕੀਚੈ ਜਿਤੁ ਅੰਤਿ ਪਛੋਤਾਈਐ॥" ਗੁਰੂ ਜੀ ਨੇ ਸਿੱਖ ਧਰਮ ਵਿਚ ਨਿਮਰਤਾ ਨੂੰ ਬਹੁਤ ਮਹਾਨਤਾ ਦਿੱਤੀ ਹੈ, ਜਿਵੇਂ ਗੁਰੂ ਜੀ ਫੁਰਮਾਉਂਦੇ ਹਨ, "ਮਿਠਤੁ ਨੀਵੀ ਨਾਨਕਾ ਗੁਣ ਚੰਗਿਆਈਆ ਤਤੁ॥" ਜੇ ਤੁਸੀਂ ਬੰਦੇ ਨਹੀਂ ਬਣ ਸਕਦੇ, ਤਾਂ ਪਸ਼ੂ ਵੀ ਨਾ ਬਣੋ, ਭਾਵ ਜੇ ਤੁਸੀਂ ਕਿਸੇ ਦਾ ਭਲਾ ਨਹੀਂ ਕਰ ਸਕਦੇ, ਤਾਂ ਬੁਰਾ ਵੀ ਨਾ ਕਰੋ। ਪਰਉਪਕਾਰੀ, ਕਲਿਆਣਕਾਰੀ ਅਤੇ ਮਾਨਵਵਾਦੀ ਬਣੋ। ਭੈੜੀ ਸੰਗਤ ਤੋਂ ਬਚੋ, ਕਿਉਂਕਿ ਜੈਸੀ ਸੰਗਤ ਵੈਸੀ ਰੰਗਤ।

ਸਿੱਖ ਕੌਮ ਜਾਂ ਸਿੱਖ ਭਾਈਚਾਰੇ ਲਈ ਸਭ ਤੋਂ ਜ਼ਰੂਰੀ ਗੱਲ ਸਿੱਖਣ ਵਾਲੀ ਇਹ ਹੈ ਕਿ ਕੌਮ ਨੂੰ ਏਕਤਾ ਦੀ ਲੋੜ ਹੈ। ਕੌਮ ਦੀ ਵਰਤਮਾਨ ਦਸ਼ਾ ਬਹੁਤ ਚਿੰਤਾ ਦਾ ਵਿਸ਼ਾ ਹੈ। ਪ੍ਰਾਪਤੀ ਕਿਸੇ ਵੀ ਪ੍ਰਕਾਰ ਦੀ ਹੋਵੇ, ਉਸ ਵਾਸਤੇ ਅਨੁਸ਼ਾਸਨ ਤੇ ਏਕਤਾ ਦੀ ਲੋੜ ਹੁੰਦੀ ਹੈ, ਜਿਵੇਂ ਸ੍ਰੀ ਗੁਰੂ ਨਾਨਕ ਦੇਵ ਜੀ ਫੁਰਮਾਉਂਦੇ ਹਨ:

"ਹੋਇ ਇਕਤ੍ਰ ਮਿਲਹੁ ਮੇਰੇ ਭਾਈ,
ਦੁਬਿਧਾ ਦੂਰਿ ਕਰਹੁ ਲਿਵ ਲਾਇ॥
ਹਰਿ ਨਾਮੈ ਕੇ ਹੋਵਹੁ ਜੋੜੀ, ਗੁਰਮੁਖਿ ਬੈਸਹੁ ਸਫਾ ਵਿਛਾਇ॥੧॥
ਜਬ ਲਗ ਦੁਨੀਆਂ ਰਹੀਐ, ਨਾਨਕ
ਕਿਛੁ ਸੁਣੀਐ, ਕਿਛੁ ਕਹੀਐ"॥

# PUNJAB MAIL USA

TV Channel, Newspaper, Radio




24 Hours
7 Days

## All over America, Canada, Australia & Europe

- IP TV (24 Hours)
- App: Punjab Mail USA (24 Hours)
- Youtube : Punjab Mail USA
- Facebook Page : Punjab Mail USA
- Instagram : Punjab Mail USA
- Website: punjabmailusa.com
- E-mail: punjabmailtv@gmail.com

*Gold # 2867, Gem # 375, TV Zon # 6888, Glow TV # 1828, Tashan # 131, Real TV etc.*

For any Information & Advertisement Call at

**+1-916-320-9444**



## FOR SALE & PURCHASE OF ANY KIND OF PROPERTY



RE/MAX
Outstanding Agents
Outstanding Results®
DRE Lic. # 01215931 (Broker)

# Gurjatinder S. Randhawa

REALTOR CA DRE licence # 01490567

**916-320-9444**